Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
DRE#02021283
I can help you every step of the way.
No Pressure, No Obligation.
Fluent in Punjabi and Hindi.

Twentieth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 20, Issue 46, November 16, 2019
20451 N. Plum Grove Rd., Palatine, IL 60074
Ph:847-359-0746, Fax:847-705-9388

# ਪ੍ਰਕਾਸ਼ ਪੁਰਬ ਮੌਕੇ ਛਿੜਿਆ ਮੁਹੱਬਤ ਦਾ ਰਾਗ

## ਕਰਤਾਰਪੁਰ ਲਾਂਘੇ ਨੇ ਕੁੜੱਤਣ ਕਾਫੂਰ ਕੀਤੀ

**ਚੰਡੀਗੜ੍ਹ:** ਪਾਕਿਸਤਾਨ ਅਤੇ ਭਾਰਤ ਨੇ ਨਫਰਤਾਂ ਦੇ ਬਾਵਜੂਦ ਕਰਤਾਰਪੁਰ ਲਾਂਘੇ ਰਾਹੀਂ ਮੁੜ ਮੁਹੱਬਤ ਅਤੇ ਪਿਆਰ ਦੀ ਬਾਤ ਛੇੜੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮ ਦੋਵਾਂ ਦੇਸ਼ਾਂ ਵਿਚਾਲੇ ਪੁਲ ਬਣੇ ਹਨ। 72 ਵਰ੍ਹਿਆਂ ਬਾਅਦ ਕਰਤਾਰਪੁਰ ਸਾਹਿਬ ਦੇ ਲਾਂਘਾ ਰਾਹੀਂ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚਕਾਰ ਉਸਾਰੀ ਗਈ ਕੰਧ ਵਿਚ ਬਾਰੀ ਖੁੱਲ੍ਹੀ ਹੈ।



ਸੰਗਤ ਨੇ ਤਕਰੀਬਨ ਸੱਤ ਦਹਾਕਿਆਂ ਬਾਅਦ ਬਾਬੇ ਨਾਨਕ ਦੀ ਕਰਮ ਭੂਮੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਕੀਤੇ। ਦੋਵਾਂ ਦੇਸ਼ਾਂ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਗੁਰਪੁਰਬ ਮਨਾਇਆ ਗਿਆ। ਸੰਗਤ ਨੇ ਵਿਛੜੇ ਗੁਰਧਾਮਾਂ ਦੇ ਦਰਸ਼ਨ ਕੀਤੇ। ਭਾਰਤ ਅਤੇ ਪਾਕਿਸਤਾਨ ਦਰਮਿਆਨ ਸਬੰਧ ਸੁਖਾਵੇਂ ਨਾ ਹੋਣ ਦੇ ਬਾਵਜੂਦ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਲਾਂਘੇ ਦਾ ਖੁੱਲ੍ਹਣਾ ਇਤਿਹਾਸ ਦੇ ਸੁਨਹਿਰੀ ਪੰਨੇ ਵਿਚ ਦਰਜ ਹੋ ਚੁੱਕਾ ਹੈ ਪਰ ਇਸ ਨੂੰ ਚਾਲੂ ਰੱਖਣ ਲਈ ਮੁਸ਼ੱਕਤ ਜਾਰੀ ਰੱਖਣੀ ਪਵੇਗੀ। ਸਿਆਸੀ ਆਗੂਆਂ ਵੱਲੋਂ ਲਾਂਘੇ ਨੂੰ ਖੋਲ੍ਹਣ ਸਮੇਂ ਕੀਤੀਆਂ ਤਕਰੀਰਾਂ ਇਹੀ ਸੰਦੇਸ਼ ਦਿੰਦੀਆਂ ਹਨ ਕਿ ਇਹ ਲਾਂਘਾ ਹੋਰ ਮੋਕਲਾ ਹੋਵੇਗਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਵਲੋਂ ਦਿੱਤੇ ਸੰਕੇਤ ਭਵਿਖ ਵਿਚ ਦੋਵਾਂ ਪੰਜਾਬਾਂ ਦੇ ਲੋਕਾਂ ਲਈ ਕੁਝ ਚੰਗਾ ਹੋਣ ਵੱਲ ਇਸ਼ਾਰਾ ਕਰਦੇ ਹਨ।

ਲਾਂਘੇ ਦੇ ਉਦਘਾਟਨ ਮੌਕੇ ਪਾਕਿਸਤਾਨ ਗਏ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਕਰਤਾਰਪੁਰ ਲਾਂਘੇ ਵਾਂਗ ਵਾਹਗਾ ਸਰਹੱਦ ਰਾਹੀਂ ਕਾਰੋਬਾਰ ਵਧਾਉਣ ਦੇ ਚੁੱਕੇ ਮੁੱਦੇ ਉਤੇ ਇਮਰਾਨ ਖਾਨ ਨੇ ਹਾਂਪੱਖੀ ਹੁੰਗਾਰਾ ਭਰਿਆ ਹੈ। ਸਿੱਧੂ ਨੇ ਪਾਕਿਸਤਾਨ ਸਰਕਾਰ ਅੱਗੇ ਖੁੱਲ੍ਹ ਕੇ ਮੰਗ ਰੱਖੀ ਕਿ ਪੰਜਾਬ ਦੇ ਲੋਕ ਹੁਣ ਉਹ ਦਿਨ ਦੇਖਣਾ ਚਾਹੁੰਦੇ ਹਨ, ਜਦੋਂ ਉਹ ਸਵੇਰੇ ਅੰਮ੍ਰਿਤਸਰੋਂ ਮੱਕੀ ਤੇ ਰੋਟੀ ਦੇ ਸਾਗ ਖਾ ਕੇ ਲਾਹੌਰ ਲਈ ਤੁਰਨ ਅਤੇ ਇਥੇ ਆਪਣਾ ਕੰਮ ਧੰਦਾ ਨਿਬੇੜ, ਬਰਿਆਨੀ ਖਾ ਸ਼ਾਮ ਨੂੰ ਮੁੜ ਵਤਨ ਪਰਤ ਆਉਣ। ਇਸ ਬਾਰੇ ਇਮਰਾਨ ਖਾਨ ਵਲੋਂ ਦਿੱਤਾ ਭਰੋਸਾ ਤਸੱਲੀ ਵਾਲਾ ਹੈ ਜਿਨ੍ਹਾਂ ਨੇ ਸਾਫ ਆਖ ਦਿੱਤਾ ਕਿ ਉਨ੍ਹਾਂ ਵਲੋਂ ਕੋਈ ਢਿੱਲ ਨਹੀਂ ਰਹੇਗੀ।

ਉਧਰ, ਲਾਂਘੇ ਰਾਹੀਂ ਕਰਤਾਰਪੁਰ ਦੇ ਦਰਸ਼ਨ ਕਰਕੇ ਪਰਤੇ ਪੰਜਾਬ ਦੇ ਸਿਆਸੀ ਆਗੂਆਂ ਦੇ ਰੁਖ ਵੀ ਕੁਝ ਬਦਲੇ-ਬਦਲੇ ਨਜ਼ਰ ਆ ਰਹੇ ਹਨ। ਗੱਲ-ਗੱਲ ਉਤੇ ਗੁਆਂਢੀ ਮੁਲਕ ਨੂੰ ਭੰਡਣ ਵਾਲੇ ਕੈਪਟਨ ਅਤੇ ਉਨ੍ਹਾਂ ਦੇ ਮੰਤਰੀਆਂ ਦੇ ਮੂੰਹੋਂ ਇਹੀ ਨਿਕਲਿਆ ਕਿ ਉਨ੍ਹਾਂ ਦੇ ਬੜੇ ਭੁਲੇਖੇ ਦੂਰ ਹੋ ਗਏ ਹਨ। ਇਥੋਂ ਤੱਕ ਕਿ ਭਾਰਤ ਵਾਲੇ ਪਾਸੇ ਲਾਂਘੇ ਦਾ ਉਦਘਾਟਨ ਕਰਨ ਵੇਲੇ ਪਾਕਿਸਤਾਨ ਨੂੰ ਵੰਗਾਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੁਆਂਢੀ ਮੁਲਕ ਤੋਂ ਪਰਤਦਿਆਂ ਹੀ ਇਮਰਾਨ ਖਾਨ ਦੀਆਂ ਤਰੀਫਾਂ ਦੇ ਪੁਲ ਬੰਨ੍ਹਣ ਲੱਗੇ। ਉਧਰ, ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਕੋਲ ਸਿੱਖਾਂ ਵਾਸਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਦਾ ਲਾਂਘਾ ਖੋਲ੍ਹਣ ਦਾ ਮੁੱਦਾ ਚੁੱਕਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਿਵੇਂ ਭਾਰਤੀ ਸਿੱਖਾਂ ਵਾਸਤੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਦੀਦਾਰਿਆਂ ਵਾਸਤੇ ਲਾਂਘਾ ਖੋਲ੍ਹਿਆ ਗਿਆ ਹੈ, ਉਸੇ ਤਰ੍ਹਾਂ ਪਾਕਿਸਤਾਨ ਵਿਚ ਵੱਸਦੇ ਸਿੱਖਾਂ ਵਾਸਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਿਆ ਜਾਵੇ।

ਕੁੱਲ ਮਿਲਾ ਕੇ ਇਸ ਲਾਂਘੇ ਨੂੰ ਦੋਵਾਂ ਮੁਲਕਾਂ ਵਿਚ ਪਈਆਂ ਦੂਰੀਆਂ ਘਟਾਉਣ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ ਹੈ। ਦੋਵਾਂ ਮੁਲਕਾਂ ਵਿਚਾਲੇ ਸਮਝੌਤੇ ਮੁਤਾਬਕ ਕਿਸੇ ਵੀ ਧਰਮ ਵਿਸ਼ਵਾਸ ਨਾਲ ਜੁੜਿਆ ਭਾਰਤੀ ਸ਼ਰਧਾਲੂ ਲਾਂਘੇ ਰਾਹੀਂ ਆ-ਜਾ ਸਕਦਾ ਹੈ। ਭਾਰਤੀ ਮੂਲ ਦੇ ਮੁਲਕ ਤੋਂ ਬਾਹਰ ਰਹਿੰਦੇ ਲੋਕ ਵੀ ਲਾਂਘਾ ਵਰਤ ਸਕਦੇ ਹਨ। ਯਾਤਰਾ ਲਈ ਵੀਜ਼ੇ ਦੀ ਲੋੜ ਨਹੀਂ ਹੋਵੇਗੀ ਪਰ ਸ਼ਰਧਾਲੂਆਂ ਨੂੰ ਪਾਸਪੋਰਟ ਲਿਜਾਣਾ ਪਵੇਗਾ।

ਯਾਦ ਰਹੇ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਵਧੀਆਂ ਦੂਰੀਆਂ ਦਾ ਸਭ ਤੋਂ ਵੱਧ ਖਮਿਆਜ਼ਾ ਪੰਜਾਬੀਆਂ ਨੂੰ ਭੁਗਤਣਾ ਪੈ ਰਿਹਾ ਹੈ। ਖਾਸਕਰ ਪੁਲਵਾਮਾ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਵਿਚ ਵਪਾਰ ਤਕਰੀਬਨ ਬੰਦ ਹੋ ਗਿਆ ਹੈ। ਪੰਜਾਬ ਵਿਚ ਹਜ਼ਾਰਾਂ ਵਪਾਰੀ ਤੇ ਉਨ੍ਹਾਂ ਨਾਲ ਕੰਮ ਕਰਦੇ ਲੋਕ ਬੇਰੁਜ਼ਗਾਰ ਹੋ ਗਏ ਹਨ। ਹੁਣ ਇਨ੍ਹਾਂ ਲੋਕਾਂ ਦੀ ਉਮੀਦ ਇਕ ਵਾਰ ਫਿਰ ਜਾਗੀ

(ਬਾਕੀ ਸਫਾ 6 ਉਤੇ)

## ਜਦੋਂ ਪਹਿਲੀ ਵਾਰ ਉਭਰਿਆ ਸੀ ਮਸਲਾ...

ਕੌਮਾਂਤਰੀ ਪੱਧਰ ਉਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਮੁੱਦਾ ਪਹਿਲੀ ਵਾਰ ਸੰਨ 1999 ਵਿਚ ਉਦੋਂ ਉਭਰਿਆ ਜਦੋਂ ਦਿੱਲੀ-ਲਾਹੌਰ ਬੱਸ ਸੇਵਾ ਦੀ ਸ਼ੁਰੂਆਤ ਉਤੇ ਭਾਰਤ ਦੇ ਤਤਕਾਲੀਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਦੌਰੇ ਉਤੇ ਗਏ। ਨਵੰਬਰ 2000 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਉਤੇ ਲਾਹੌਰ 'ਚ ਹੋਏ ਸੈਮੀਨਾਰ 'ਚ ਐਲਾਨ ਕੀਤਾ ਗਿਆ ਕਿ ਪਾਕਿਸਤਾਨ ਸਰਕਾਰ ਸ੍ਰੀ ਕਰਤਾਰਪੁਰ ਸਾਹਿਬ ਤਰਫੋਂ ਡੇਰਾ ਬਾਬਾ ਨਾਨਕ ਲਈ ਸਾਂਝਾ ਲਾਂਘਾ ਬਣਾਉਣ ਲਈ ਤਿਆਰ ਹੈ ਪਰ ਇਹ ਕਾਰਜ ਭਾਰਤ ਸਰਕਾਰ ਵਲੋਂ ਹਾਂ-ਪੱਖੀ ਹੁੰਗਾਰਾ ਮਿਲਣ ਉਤੇ ਹੀ ਸੰਭਵ ਹੋ ਸਕੇਗਾ।

ਸਾਲ 2001 ਵਿਚ ਜਥੇਦਾਰ ਕੁਲਦੀਪ ਸਿੰਘ ਵਡਾਲਾ ਨੇ 'ਕਰਤਾਰਪੁਰ ਸਾਹਿਬ-ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ' ਕਾਇਮ ਕਰ ਕੇ ਇਸ ਮੁੱਦੇ ਨੂੰ ਵਿਸ਼ਾਲ ਪੱਧਰ ਉਤੇ ਉਭਾਰਿਆ ਤੇ ਲਾਂਘੇ ਲਈ ਅਰਦਾਸਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਪਾਕਿਸਤਾਨ ਵਲੋਂ ਸ੍ਰੀ ਕਰਤਾਰਪੁਰ ਸਾਹਿਬ ਲਈ ਸਾਂਝਾ ਲਾਂਘਾ ਬਣਾਏ ਜਾਣ ਲਈ ਸਹਿਮਤੀ ਪ੍ਰਗਟ ਕਰਨ ਦੇ 18 ਵਰ੍ਹੇ ਬਾਅਦ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਫੇਰੀ ਦੌਰਾਨ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ ਸੀ ਜਿਸ ਦੇ ਬਾਅਦ 26 ਨਵੰਬਰ ਨੂੰ ਭਾਰਤ ਪਾਸੇ ਡੇਰਾ ਬਾਬਾ ਨਾਨਕ ਤੇ 28 ਨਵੰਬਰ ਨੂੰ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਇਸ ਸਾਂਝੇ ਲਾਂਘੇ ਦਾ ਨੀਂਹ ਪੱਥਰ ਰੱਖਿਆ ਗਿਆ।

100 SPIRITUAL
PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਕਰਤਾਰਪੁਰ ਦੇ ਖੁੱਲ੍ਹੇ ਦਰਸ਼ਨ-ਦੀਦਾਰੇ, ਸੰਗਤਾਂ ਨੇ ਘੱਤੀਆਂ ਵਹੀਰਾਂ

## ਪਾਕਿਸਤਾਨ ਦੇ ਪ੍ਰਬੰਧ ਵੇਖ ਕੇ ਗਦਗਦ ਹੋਏ ਸਿੱਖ ਸ਼ਰਧਾਲੂ



**ਕਰਤਾਰਪੁਰ ਸਾਹਿਬ:** ਲਾਂਘਾ ਖੁੱਲ੍ਹਣ ਤੋਂ ਬਾਅਦ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਨੇ ਵਹੀਰਾਂ ਘੱਤੀਆਂ ਹੋਈਆਂ ਹਨ। ਗੁਰਦੁਆਰਾ ਸਾਹਿਬ ਵਿਚ ਭਾਰਤੀ ਸ਼ਰਧਾਲੂਆਂ ਤੋਂ ਇਲਾਵਾ ਇਥੋਂ ਦੇ (ਪਾਕਿਸਤਾਨ) ਸਥਾਨਕ ਸ਼ਰਧਾਲੂ ਵੱਡੀ ਗਿਣਤੀ ਵਿਚ ਪੁੱਜ ਰਹੇ ਹਨ। ਬਹੁ-ਗਿਣਤੀ ਸ਼ਰਧਾਲੂ ਪਿਸ਼ਾਵਰ, ਸਿੰਧ ਤੇ ਪਾਕਿ ਦੇ ਹੋਰਨਾਂ ਸਥਾਨਾਂ ਤੋਂ ਪੁੱਜ ਰਹੇ ਹਨ। ਸਿੱਖ ਸੰਗਤ ਵੱਲੋਂ ਪਾਕਿਸਤਾਨ ਸਰਕਾਰ ਵੱਲੋਂ ਕੀਤੇ ਪ੍ਰਬੰਧਾਂ ਦੀ ਰੱਜ ਕੇ ਤਰੀਫ ਕੀਤੀ ਜਾ ਰਹੀ ਹੈ।

ਗੁਰਦੁਆਰਾ ਸਾਹਿਬ ਦਾ ਗਲਿਆਰਾ ਇੰਨਾ ਵੱਡਾ ਹੈ ਕਿ ਸੰਗਤਾਂ ਪੂਰਾ ਗਲਿਆਰਾ, ਖੰਡਾ ਸਾਹਿਬ, ਅੰਗੀਠਾ ਸਾਹਿਬ, ਲੰਗਰ ਹਾਲ, ਪਾਕਿਸਤਾਨ ਦੇ ਕਲਾਕਾਰਾਂ ਵੱਲੋਂ ਬਣਾਈਆਂ ਗਈਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਪੇਂਟਿੰਗਾਂ, ਸਰਾਂ ਤੇ ਹੋਰ ਆਲੀਸ਼ਾਨ ਤਰੀਕੇ ਨਾਲ ਬਣਾਏ ਸਥਾਨ ਵੇਖ ਕੇ ਅਸ਼-ਅਸ਼ ਕਰ ਉੱਠੀਆਂ।

ਗੁਰਦੁਆਰਾ ਸਾਹਿਬ ਦੀ ਹਦੂਦ 'ਚ ਗੁਰੂ ਨਾਨਕ ਦੇਵ ਜੀ ਵੱਲੋਂ ਆਪਣੇ ਖੇਤਾਂ ਨੂੰ ਪਾਣੀ ਦੇਣ ਲਈ ਲਾਏ ਗਏ ਖੂਹ ਦੀਆਂ ਟਿੰਡਾਂ ਅਜੇ ਵੀ ਪਾਣੀ ਕੱਢ ਰਹੀਆਂ ਹਨ। ਭਾਵੇਂ ਇਹ ਖੂਹ ਬਿਜਲੀ ਦੀ ਮੋਟਰ ਨਾਲ ਚਲਾਇਆ ਜਾ ਰਿਹਾ ਹੈ, ਜਦ ਕਿ ਇਸ ਖੂਹ 'ਚੋਂ ਨਿਕਲਣ ਵਾਲੇ ਪਾਣੀ ਵਿਚੋਂ ਅਜੇ ਵੀ ਖੁਸ਼ਬੂ ਆਉਂਦੀ ਹੈ, ਜਿਸ ਨੂੰ ਸੰਗਤ ਅੰਮ੍ਰਿਤ ਰੂਪ ਜਲ ਲਈ ਘਰਾਂ ਨੂੰ ਲਿਜਾਂਦੀ ਹੈ। ਸ਼ਰਧਾਲੂ ਆਪਣੇ ਦੇਸ਼ ਤੇ ਪਾਕਿਸਤਾਨ ਵੱਲੋਂ ਕੀਤੀ ਜਾਂਦੀ ਸਰਲ ਕਾਗਜ਼ੀ ਕਾਰਵਾਈ ਤੇ ਪ੍ਰਬੰਧਾਂ ਤੋਂ ਬਹੁਤ ਖੁਸ਼ ਹੋਏ, ਕਿਉਂਕਿ ਪਹਿਲਾਂ ਸ਼ਰਧਾਲੂ ਸੋਚਦੇ ਸਨ ਕਿ ਸ਼ਾਇਦ ਪਾਕਿਸਤਾਨ ਜਾਣ ਲਈ ਮੋਬਾਈਲ ਦੀ ਵਰਤੋਂ ਨਹੀਂ ਕਰ ਸਕਣਗੇ, ਪਰ ਕਈ ਸ਼ਰਧਾਲੂਆਂ ਕੋਲ ਇਕ ਤੋਂ ਵੱਧ ਮੋਬਾਈਲ ਵੀ ਸਨ ਤੇ ਵੱਡੇ ਕੈਮਰੇ ਵੀ ਸਨ। ਪਾਕਿਸਤਾਨ ਸਰਕਾਰ ਵੱਲੋਂ ਕੀਤੀ ਜਾਂਦੀ ਸਾਮਾਨ ਦੀ ਸਕੈਨਿੰਗ 'ਚ ਕਿਸੇ ਕਿਸਮ ਦੀ ਕੋਈ ਵੀ ਸਮੱਸਿਆ ਨੂੰ ਤੁਰਤ ਹੱਲ ਕਰ ਦੇਣ ਤੇ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਉਨ੍ਹਾਂ ਵੱਲੋਂ ਬਣਾਏ ਇਮੀਗ੍ਰੇਸ਼ਨ ਕੇਂਦਰ 'ਚ ਹਰ ਤਰ੍ਹਾਂ ਦੀ ਸਹੂਲਤ ਭਾਰਤ ਦੀ ਤਰ੍ਹਾਂ ਹੀ ਹੈ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੀ ਸੰਗਤ ਵੱਲੋਂ ਪਾਕਿ ਇਮੀਗ੍ਰੇਸ਼ਨ ਵਿਭਾਗ ਨੂੰ ਦਿੱਤੀ ਜਾਣ ਵਾਲੀ 20 ਡਾਲਰ ਫੀਸ ਲਈ ਭਾਰਤ ਤੇ ਪਾਕਿਸਤਾਨ ਵਾਲੇ ਪਾਸੇ ਸਥਿਤ ਇਮੀਗ੍ਰੇਸ਼ਨ ਕੇਂਦਰਾਂ 'ਚ ਬੈਂਕ ਸਥਾਪਿਤ ਕੀਤੇ ਗਏ ਹਨ, ਜਿਥੇ ਪਾਕਿਸਤਾਨ ਵਾਲੇ ਪਾਸੇ ਭਾਰਤੀ ਕਰੰਸੀ, ਡਾਲਰ ਤੇ ਪਾਕਿ ਕਰੰਸੀ ਵਿਚ ਤਬਦੀਲ ਹੋ ਜਾਂਦੀ ਹੈ, ਉਥੇ ਹੀ ਜੇਕਰ ਕਿਸੇ ਨੇ ਭਾਰਤ ਵਾਲੇ ਪਾਸਿਉਂ ਕਰੰਸੀ ਤਬਦੀਲ ਕਰਵਾਉਣੀ ਹੋਵੇ ਤਾਂ ਉਹ ਭਾਰਤੀ ਟਰਮੀਨਲ 'ਤੇ ਸਥਾਪਿਤ ਬੈਂਕ ਵਿਚੋਂ ਕਰਵਾ ਸਕਦਾ ਹੈ। ਭਾਰਤੀ ਯਾਤਰੀ ਟਰਮੀਨਲ 'ਚੋਂ ਕਾਗਜ਼ੀ ਕਾਰਵਾਈ ਕਰਨ ਉਪਰੰਤ ਜਦੋਂ ਸ਼ਰਧਾਲੂ ਭਾਰਤ-ਪਾਕਿ ਜ਼ੀਰੋ ਲਾਇਨ ਪਾਰ ਕਰਕੇ ਪਾਕਿ ਵੱਲ ਦਾਖਲ ਹੁੰਦੇ ਹਨ ਤਾਂ ਉਥੇ ਸੁਰੱਖਿਆ ਲਈ ਤਾਇਨਾਤ ਅਮਲੇ ਵੱਲੋਂ ਪਿਆਰ ਦੀ ਭਾਵਨਾ ਵਧਾਉਣ ਲਈ ਇਨ੍ਹਾਂ ਸ਼ਰਧਾਲੂਆਂ ਨੂੰ ਸਤਿ ਸ੍ਰੀ ਅਕਾਲ ਕਹਿਣ ਤੋਂ ਇਲਾਵਾ 'ਜੀ ਆਇਆਂ ਨੂੰ' ਕਹਿ ਕੇ ਸਵਾਗਤ ਕੀਤਾ ਜਾਂਦਾ ਹੈ।

ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਭਾਵੇਂ ਪਾਕਿ ਪੁਲਿਸ ਵੱਲੋਂ ਗੁਰਦੁਆਰਾ ਸਾਹਿਬ ਦੇ ਚੌਗਿਰਦੇ 'ਚ 8 ਫੁੱਟ ਤੋਂ ਉੱਚੀ ਕੰਡਿਆਲੀ ਤਾਰ ਲਾਈ ਹੋਈ ਹੈ ਤੇ ਇਸ ਦੀ ਸੁਰੱਖਿਆ ਲਈ ਸੁਰੱਖਿਆ ਦਸਤੇ ਵੀ ਘੁੰਮਦੇ ਰਹਿੰਦੇ ਹਨ, ਜਦ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਕੋਈ ਵੀ ਪੁਲਿਸ ਅਧਿਕਾਰੀ ਘੁੰਮਦਾ ਨਜ਼ਰੀਂ ਨਹੀਂ ਪਿਆ ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਤੋਂ ਇਲਾਵਾ ਵੀਜ਼ਾ ਲੈ ਕੇ ਤੇ ਪਾਕਿ ਦੇ ਪਹੁੰਚੇ ਸ਼ਰਧਾਲੂਆਂ ਵੱਲੋਂ ਆਜ਼ਾਦੀ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਗਏ। ਭਾਰਤੀ ਸਰਹੱਦ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਚੌਗਿਰਦੇ 'ਚ ਪਹੁੰਚਣ ਲਈ ਸੰਗਤ ਦੀ ਸੁਰੱਖਿਆ ਲਈ ਵੀ ਪਾਕਿ ਪੁਲਿਸ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਸ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂ ਸਿਰਫ ਚੌਗਿਰਦੇ 'ਚ ਹੀ ਘੁੰਮ ਸਕਦੇ ਹਨ।

ਗੁਰਦੁਆਰਾ ਸਾਹਿਬ ਦੇ ਬਾਹਰ ਤਿਆਰ ਕੀਤੇ ਵਿਸ਼ੇਸ਼ ਬਾਜ਼ਾਰ 'ਚ ਲੱਗੀਆਂ ਵੱਖ-ਵੱਖ ਸਾਮਾਨ ਦੀਆਂ ਦੁਕਾਨਾਂ ਤੋਂ ਸ਼ਰਧਾਲੂਆਂ ਵੱਲੋਂ ਖਰੀਦਦਾਰੀ 'ਚ ਦਿਲਚਸਪੀ ਵਿਖਾਈ ਗਈ। ਇਥੇ ਲੱਗੇ ਬਾਜ਼ਾਰਾਂ ਦੀਆਂ ਦੁਕਾਨਾਂ 'ਚੋਂ ਸ਼ਰਧਾਲੂਆਂ ਵੱਲੋਂ ਪਾਕਿਸਤਾਨ ਦੇ ਕੱਪੜੇ, ਜੁੱਤੀਆਂ ਤੇ ਹੋਰ ਸਜਾਵਟੀ ਸਾਮਾਨ ਖਰੀਦਿਆ ਗਿਆ। ਦਰਸ਼ਨਾਂ ਲਈ ਗਈ ਸੰਗਤ ਵੱਲੋਂ ਆਪਣੇ ਮੋਬਾਈਲ ਤੇ ਡਿਜੀਟਲ ਕੈਮਰਿਆਂ ਨਾਲ ਜਿਥੇ ਗੁਰੂ ਦੀਆਂ ਯਾਦਗਾਰੀ ਤਸਵੀਰਾਂ ਲਈਆਂ ਗਈਆਂ, ਉਥੇ ਹੀ ਸ਼ਰਧਾਲੂਆਂ ਵੱਲੋਂ ਪਾਕਿ ਫੌਜ ਨਾਲ ਵੀ ਸੈਲਫੀਆਂ ਤੇ ਤਸਵੀਰਾਂ ਖਿਚਵਾਈਆਂ ਗਈਆਂ। ਪਾਕਿ ਫੌਜ ਅਧਿਕਾਰੀਆਂ ਵੱਲੋਂ ਵੀ ਖੁਸ਼ਗਵਾਰ ਮਾਹੌਲ 'ਚ ਭਾਰਤੀ ਸ਼ਰਧਾਲੂਆਂ ਨਾਲ ਪਿਆਰ ਤੇ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਸੁਨੇਹਾ ਦਿੱਤਾ ਗਿਆ।

## 550 ਰੁਪਏ ਦਾ ਸਿੱਕਾ ਤੇ ਡਾਕ ਟਿਕਟਾਂ ਜਾਰੀ

**ਡੇਰਾ ਬਾਬਾ ਨਾਨਕ:** ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 550 ਰੁਪਏ ਦਾ ਸਿੱਕਾ ਅਤੇ ਡਾਕ ਟਿਕਟਾਂ ਜਾਰੀ ਕੀਤੀਆਂ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਨੂੰ 'ਕੌਮੀ ਸੇਵਾ ਐਵਾਰਡ' ਨਾਲ ਸਨਮਾਨਿਤ ਕੀਤਾ।

ਡੇਰਾ ਬਾਬਾ ਨਾਨਕ ਨੇੜੇ ਪਿੰਡ ਸ਼ਿਕਾਰ ਮਾਛੀਆਂ ਵਿਚ ਕੀਤੇ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖਿਆ ਕਿ ਅੱਜ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਦੀ ਸ਼ੁਰੂਆਤ ਕਰਨ ਵੇਲੇ ਉਨ੍ਹਾਂ ਦੇ ਮਨ ਵਿਚ ਉਹੀ ਭਾਵ ਹਨ, ਜੋ ਹਰ ਸ਼ਰਧਾਲੂ ਦੇ ਮਨ ਵਿਚ ਕਾਰ ਸੇਵਾ ਵੇਲੇ ਹੁੰਦੇ ਹਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਉਸਤਤ ਕਰਦਿਆਂ ਲੋਕਾਂ ਨੂੰ ਉਨ੍ਹਾਂ ਵੱਲੋਂ ਦਿਖਾਏ ਮਾਰਗ ਉਤੇ ਚੱਲਣ ਲਈ ਪ੍ਰੇਰਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਾਂਝੇ ਤੌਰ ਉਤੇ ਪ੍ਰਧਾਨ ਮੰਤਰੀ ਨੂੰ 'ਕੌਮੀ ਸੇਵਾ ਐਵਾਰਡ' ਦਿੱਤਾ।

## ਸਿਆਸੀ ਆਗੂਆਂ ਵੱਲੋਂ ਵੀ ਪਾਕਿਸਤਾਨ ਦੇ ਗੁਣਗਾਨ

ਗੁਰਦੁਆਰਾ ਕਰਤਾਰਪੁਰ ਲਾਂਘਾ ਖੁੱਲ੍ਹਣ ਮਗਰੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਦੇ ਬਿਨਾਂ ਵੀਜ਼ਾ ਪਹਿਲੀ ਵਾਰ ਦਰਸ਼ਨ ਦੀਦਾਰ ਕਰ ਕੇ ਪਰਤੇ ਸਿੱਖ ਸ਼ਰਧਾਲੂਆਂ ਨੇ ਪਾਕਿਸਤਾਨ ਵਿਚ ਕੀਤੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਹੈ। ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਕੇ ਪਰਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਾਪਸੀ ਮੌਕੇ ਆਖਿਆ ਕਿ ਇਹ ਪਹਿਲਾ ਮੌਕਾ ਸੀ ਜਦੋਂ ਉਹ ਬਿਨਾਂ ਵੀਜ਼ਾ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕੇ ਹਨ। ਉਨ੍ਹਾਂ ਆਖਿਆ ਕਿ ਪਾਕਿਸਤਾਨ ਵਾਲੇ ਪਾਸੇ ਕੀਤੇ ਗਏ ਪ੍ਰਬੰਧ ਸ਼ਲਾਘਾਯੋਗ ਹਨ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਦੀਦਾਰ ਕਰਨ ਮਗਰੋਂ ਦੋਵਾਂ ਸਰਕਾਰਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

ਪਾਕਿਸਤਾਨ ਸਰਕਾਰ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਨੂੰ ਇਸ ਉਦਘਾਟਨੀ ਸਮਾਗਮ ਲਈ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਸੀ ਪਰ ਉਨ੍ਹਾਂ ਨੇ ਮੁੱਖ ਮਹਿਮਾਨ ਦੀ ਥਾਂ ਨਿਮਾਣੇ ਸਿੱਖ ਵਜੋਂ ਜਾਣ ਨੂੰ ਤਰਜੀਹ ਦਿੱਤੀ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਖਿਆ ਕਿ ਅੱਜ ਗੁਰਦੁਆਰਾ ਕਰਤਾਰਪੁਰ ਦੇ ਖੁੱਲ੍ਹੇ ਦਰਸ਼ਨ ਕਰ ਕੇ ਉਹ ਪ੍ਰਸੰਨ ਹਨ। ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਖਿਆ ਕਿ ਉਧਰ ਉਦਘਾਟਨੀ ਸਮਾਗਮ ਲਈ ਸ਼ਲਾਘਾਯੋਗ ਪ੍ਰਬੰਧ ਕੀਤੇ ਗਏ ਸਨ।

## ਸਿੱਖ ਸ਼ਰਧਾਲੂਆਂ ਨੂੰ ਪਾਸਪੋਰਟ ਦੀ ਲੋੜ ਨਹੀਂ: ਪਾਕਿਸਤਾਨ

**ਇਸਲਾਮਾਬਾਦ:** ਪਾਕਿਸਤਾਨੀ ਫੌਜ ਦੇ ਤਰਜਮਾਨ ਵੱਲੋਂ ਕਰਤਾਰਪੁਰ ਲਾਂਘੇ ਰਾਹੀਂ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਲਾਜ਼ਮੀ ਕਰਾਰ ਦਿੱਤੇ ਜਾਣ ਦੇ ਬਿਆਨ ਕਰਕੇ ਬਣੀ ਦੁਚਿੱਤੀ ਨੂੰ ਦੂਰ ਕਰਦਿਆਂ ਪਾਕਿ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਪਾਸਪੋਰਟ ਦੀ ਲੋੜ ਨਹੀਂ ਹੈ। ਮੰਤਰਾਲੇ ਦੇ ਤਰਜਮਾਨ ਮੁਹੰਮਦ ਫੈਸਲ ਨੇ ਕਿਹਾ ਕਿ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਆਉਣ ਵਾਲੇ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਇਕ ਸਾਲ ਲਈ ਪਾਸਪੋਰਟ ਦੀ ਸ਼ਰਤ ਤੋਂ ਛੋਟ ਦਿੱਤੀ ਹੈ। ਇਸ ਤੋਂ ਪਹਿਲਾਂ ਪਾਕਿ ਫੌਜ ਦੇ ਤਰਜਮਾਨ ਮੇਜਰ ਜਨਰਲ ਆਸਿਫ ਗਫ਼ੂਰ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਕਰਤਾਰਪੁਰ ਲਾਂਘੇ ਰਾਹੀਂ ਆਉਣ ਵਾਲੇ ਭਾਰਤੀ ਸ਼ਰਧਾਲੂਆਂ ਲਈ ਪਾਸਪੋਰਟ ਹਰ ਹਾਲ ਲੋੜੀਂਦਾ ਹੋਵੇਗਾ।

## ਗੁਰਦੁਆਰਾ ਵੈਸਟ ਸੈਕਰਾਮੈਂਟੋ ਵਲੋਂ ਗੁਰਪੁਰਬ ਸਬੰਧੀ ਕਵੀ ਦਰਬਾਰ 16 ਨੂੰ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਵੈਸਟ ਸੈਕਰਾਮੈਂਟੋ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਕਵੀ ਦਰਬਾਰ 16 ਨਵੰਬਰ, ਸ਼ਾਮ 6 ਵਜੇ ਤੋਂ 7 ਵਜੇ ਤੱਕ ਕਰਵਾਇਆ ਜਾਵੇਗਾ।

ਪ੍ਰਬੰਧਕਾਂ ਨੇ ਸਮੂਹ ਪੰਜਾਬੀ ਸਾਹਿਤ ਸਭਾਵਾਂ ਨੂੰ ਕਵੀ ਦਰਬਾਰ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਅਪੀਲ ਕੀਤੀ ਹੈ ਕਿ ਸਾਰੇ ਸਾਹਿਤ ਪ੍ਰੇਮੀ ਸਿੱਖ ਫਲਸਫੇ ਅਤੇ ਗੁਰੂ ਨਾਨਕ ਦੇਵ ਜੀ ਦੇ ਮੁਢਲੇ ਯੋਗਦਾਨ ਨਾਲ ਸਬੰਧਿਤ ਕਵਿਤਾਵਾਂ ਪੇਸ਼ ਕਰਨ। ਸੰਗਤ ਨੂੰ ਵੀ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਗਈ ਹੈ। ਹੋਰ ਜਾਣਕਾਰੀ ਲਈ ਬਲਬੀਰ ਸਿੰਘ ਢਿੱਲੋਂ ਨਾਲ ਫੋਨ: 916-919-6196 ਜਾਂ ਭਾਈ ਹਰਪ੍ਰੀਤ ਸਿੰਘ ਨਾਲ ਫੋਨ: 916-240-3441 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸੈਨ ਹੋਜ਼ੇ ਸਿਟੀ ਵਲੋਂ 'ਸਿੱਖ ਚੇਤਨਾ ਮਹੀਨਾ' ਮਨਾਉਣ ਬਾਰੇ ਮਤਾ

**ਸੈਨ ਹੋਜ਼ੇ (ਬਿਊਰੋ):** ਸੈਨ ਹੋਜ਼ੇ ਸਿਟੀ ਵਲੋਂ ਸਿੱਖ ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਨਵੰਬਰ ਮਹੀਨੇ ਨੂੰ ਸਿੱਖ ਚੇਤਨਾ ਮਹੀਨੇ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਦੀ ਕਾਪੀ ਸੈਨ ਹੋਜ਼ੇ ਦੇ ਮੇਅਰ ਅਤੇ ਸਿਟੀ ਕੌਂਸਲ ਨੇ ਗੁਰਦੁਆਰਾ ਸੈਨ ਹੋਜ਼ੇ ਦੀ ਕਮੇਟੀ ਨੂੰ ਸੌਂਪੀ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਬਾਰੇ ਮਤਾ ਪਾਸ ਕੀਤਾ ਜਾ ਚੁਕਾ ਹੈ। ਇਹ ਮਤਾ 10 ਨਵੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਦੀ ਤਰਫੋਂ ਅਸੈਂਬਲੀ ਮੈਂਬਰ ਕਾਨਸੇਨ ਚੂ ਅਤੇ ਐਸ਼ ਕਾਲੜਾ ਨੇ ਪੇਸ਼ ਕੀਤਾ। ਇਸੇ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਵਿਚ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ ਨਿਊ ਜਰਸੀ ਦੇ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੇ ਸੰਗਤ ਨੂੰ ਸੰਬੋਧਨ ਕੀਤਾ। 12 ਨਵੰਬਰ ਨੂੰ ਸਾਰਾ ਦਿਨ ਕੀਰਤਨੀ ਜਥਿਆਂ, ਕਥਾਵਾਚਕਾਂ ਅਤੇ ਢਾਡੀ ਜਥਿਆਂ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਕੀਰਤਨ ਦਰਬਾਰ ਸਜਾਇਆ ਗਿਆ।











# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ

## ਰੱਬ ਨੂੰ ਤੈਂ ਕੀ ਦਰਦ ਨਾ ਆਇਆ ਦਾ ਉਲ੍ਹਾਮਾ ਦੇਣ ਵਾਲੇ ਅਤੇ ਮੋਦੀਖਾਨੇ ਵਿਚ ਤੇਰਾ ਤੇਰਾ ਦਾ ਹੋਕਾ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਅਯੁਧਿਆ ਸਲਵਾਨ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ

## ਪੰਜਾਬ ਟਾਈਮਜ਼

### ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

**Published simultaneously from Chicago, California & New York.**

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਬਾਬੇ ਨਾਨਕ ਦਾ ਸਾਂਝੀਵਾਲਤਾ ਦਾ ਸੁਨੇਹਾ ਚਾਰ-ਚੁਫੇਰੇ ਗੂੰਜਿਆ

**ਡੇਰਾ ਬਾਬਾ ਨਾਨਕ:** ਪਿਛਲੇ 72 ਵਰ੍ਹਿਆਂ ਤੋਂ ਸੰਸਾਰ ਭਰ ਦੀ ਨਾਨਕ ਨਾਮ ਲੇਵਾ ਸੰਗਤ ਤੇ ਵਿਸ਼ੇਸ਼ ਤੌਰ ਉਤੇ ਸਿੱਖ ਕੌਮ ਵੱਲੋਂ ਪੰਥ ਤੋਂ ਵਿਛੋੜੇ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਅਕਾਲ ਪੁਰਖ ਦੇ ਹਜ਼ੂਰ 'ਚ ਨਿੱਤ ਕੀਤੀ ਜਾ ਰਹੀ ਅਰਦਾਸ ਉਸ ਵੇਲੇ ਪੂਰੀ ਹੋਈ ਜਦੋਂ ਭਾਰਤ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਵਲੋਂ ਇਮਰਾਨ ਖਾਨ ਕਰਤਾਰਪੁਰ ਲਾਂਘੇ ਦਾ ਉਦਘਾਟਨ ਕੀਤਾ ਗਿਆ ਜਿਸ ਦੇ ਬਾਅਦ ਹੁਣ ਸੰਗਤ ਬਿਨਾਂ ਵੀਜ਼ਾ ਸਰਹੱਦ ਪਾਰ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕੇਗੀ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਂਘੇ ਦੇ ਉਦਘਾਟਨ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਨੇੜੇ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਾਰ-ਵਾਰ ਗੁਰੂ ਨਾਨਕ ਦੇਵ ਦੇ ਫਲਸਫੇ ਤੇ ਸਿਖਿਆਵਾਂ ਦਾ ਵਰਨਣ ਕੀਤਾ। ਉਨ੍ਹਾਂ ਆਪਣੇ ਪਾਕਿਸਤਾਨੀ ਹਮਰੁਤਬਾ ਇਮਰਾਨ ਖਾਨ ਦਾ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਧੰਨਵਾਦ ਕੀਤਾ। ਦੂਜੇ ਪਾਸੇ ਪਾਕਿਸਤਾਨੀ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਗੁਰਦੁਆਰਾ ਕਰਤਾਰਪੁਰ ਦੇ ਵਿਹੜੇ ਵਿਚ ਬਣਾਈ ਗਈ ਇਕ ਵੱਡੀ ਸ੍ਰੀ ਸਾਹਿਬ ਅਤੇ ਪੱਥਰ ਤੋਂ ਪਰਦਾ ਹਟਾ ਕੇ ਉਦਘਾਟਨ ਦੀ ਰਸਮ ਨੂੰ ਪੂਰਾ ਕੀਤਾ। ਆਪਣੇ ਸੰਬੋਧਨ 'ਚ ਉਨ੍ਹਾਂ ਆਖਿਆ ਕਿ ਕਰਤਾਰਪੁਰ ਲਾਂਘਾ ਸ਼ੁਰੂ ਹੋਣ ਨਾਲ ਸਿੱਖ ਆਪਣੇ 'ਮਦੀਨੇ' ਦੇ ਖੁੱਲ੍ਹੇ ਦਰਸ਼ਨ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਥੇ ਹਾਜ਼ਰ ਸਿੱਖਾਂ ਦੇ ਚਿਹਰੇ ਤੋਂ ਝਲਕਦੀ ਖੁਸ਼ੀ ਨੂੰ ਵੇਖ ਕੇ ਉਨ੍ਹਾਂ ਦਾ ਮਨ ਵੀ ਵਧੇਰੇ ਖੁਸ਼ ਹੈ। ਵਜ਼ੀਰੇ ਆਜ਼ਮ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਦੀ ਸਿੱਖ ਕੌਮ ਵਾਸਤੇ ਅਹਿਮੀਅਤ ਦਾ ਪਤਾ ਉਨ੍ਹਾਂ ਨੂੰ ਇਕ ਵਰ੍ਹੇ ਪਹਿਲਾਂ ਲੱਗਾ ਸੀ ਅਤੇ ਉਨ੍ਹਾਂ ਇਸ ਲਾਂਘੇ ਨੂੰ ਖੋਲ੍ਹਣ ਦਾ ਨਿਰਣਾ ਲਿਆ ਸੀ। ਉਨ੍ਹਾਂ ਕਿਹਾ ਕਿ ਕਰੀਬ ਇਕ ਸਾਲ ਦੇ ਵਕਫੇ ਵਿਚ ਪਾਕਿਸਤਾਨੀਆਂ ਨੇ ਇਥੇ ਵੱਡੇ ਵਿਕਾਸ ਦੀ ਤਸਵੀਰ ਪੇਸ਼ ਕੀਤੀ ਹੈ। ਭਾਰਤੀ ਪ੍ਰਧਾਨ ਮੰਤਰੀ ਦਾ ਨਾਮ ਲਏ ਬਿਨਾਂ ਉਨ੍ਹਾਂ ਆਖਿਆ ਕਿ ਲੀਡਰ ਉਹੀ ਹੁੰਦਾ ਹੈ, ਜੋ ਇਨਸਾਨਾਂ ਨੂੰ ਇਕੱਠਾ ਕਰਦਾ ਹੈ, ਉਨ੍ਹਾਂ ਵਿਚ ਨਫਰਤ ਨਹੀਂ ਫੈਲਾਉਂਦਾ ਹੈ ਅਤੇ ਨਫਰਤ ਫੈਲਾ ਕੇ ਵੋਟਾਂ ਨਹੀਂ ਮੰਗਦਾ ਹੈ।

ਦੱਖਣੀ ਅਫਰੀਕਾ ਦੇ ਆਗੂ ਨੈਲਸਨ ਮੰਡੇਲਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਉਸ ਨੇ 26 ਸਾਲ ਜੇਲ੍ਹ ਵਿਚ ਰਹਿ ਕੇ ਤਸ਼ੱਦਦ ਝੱਲਣ ਦੇ ਬਾਵਜੂਦ ਤਸ਼ੱਦਦ ਕਰਨ ਵਾਲਿਆਂ ਨੂੰ ਮੁਆਫ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪੀਰ ਪੈਗੰਬਰਾਂ ਨੇ ਵੀ ਇਨਸਾਨੀਅਤ ਦੀ ਗੱਲ ਕੀਤੀ ਹੈ। ਜਦੋਂ ਮੈਂ ਵਜ਼ੀਰੇ ਆਜ਼ਮ ਬਣਿਆ ਸੀ ਤਾਂ ਆਪਣੇ ਹਮਰੁਤਬਾ ਨਰਿੰਦਰ ਮੋਦੀ ਨੂੰ ਦੋਵਾਂ ਦੇਸ਼ਾਂ ਵਿਚਾਲੇ ਸੁਖਾਲੇ ਸਬੰਧ ਬਣਾਉਣ ਦਾ ਹੋਕਾ ਦਿੱਤਾ ਸੀ। ਉਨ੍ਹਾਂ ਕਸ਼ਮੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਥੇ ਵੱਡੀ ਗਿਣਤੀ ਵਿਚ ਤਾਇਨਾਤ ਭਾਰਤੀ ਫੌਜ ਵੱਲੋਂ ਕਸ਼ਮੀਰੀਆਂ ਦੇ ਹੱਕਾਂ ਨੂੰ ਦਬਾਇਆ ਜਾ ਰਿਹਾ ਹੈ।

ਡੇਰਾ ਬਾਬਾ ਨਾਨਕ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਗੁਰੂ ਨਾਨਕ ਦੇਵ ਦੀ ਬਾਣੀ ਕੇਵਲ ਭਾਰਤ ਦੀ ਧਰੋਹਰ ਨਹੀਂ ਸਗੋਂ ਪੂਰੀ ਮਾਨਵਤਾ ਲਈ ਪ੍ਰੇਰਣਾ ਸਰੋਤ ਹੈ। ਕਾਰੀਡੋਰ ਅਤੇ ਚੈੱਕਪੋਸਟ ਦੋਹਰੀਆਂ ਖੁਸ਼ੀਆਂ ਲੈ ਕੇ ਆਇਆ ਹੈ ਅਤੇ ਕਰਤਾਰਪੁਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਆਸਾਨ ਹੋ ਜਾਣਗੇ।" ਕਰਤਾਰਪੁਰ ਦੀ ਧਰਤੀ ਨੂੰ ਬਾਬਾ ਨਾਨਕ ਦੀ ਕਰਮੀ ਭੂਮੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਸੀਨੇ ਅਤੇ ਹਵਾ ਵਿਚ ਬਾਣੀ ਦੀ ਮਹਿਕ ਘੁਲੀ ਹੋਈ ਹੈ। 'ਇਸ ਧਰਤੀ ਤੋਂ ਬਾਬੇ ਨੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੀ ਰੀਤ ਸ਼ੁਰੂ ਕੀਤੀ ਸੀ। ਉਨ੍ਹਾਂ ਦੀ ਬਾਣੀ ਸਾਡੇ ਜੀਵਨ ਦਾ ਮਾਰਗ ਦਰਸ਼ਨ ਹੈ। ਬਾਬਾ ਨਾਨਕ ਦੇ ਸਾਥੀ ਭਾਈ ਮਰਦਾਨਾ ਅਤੇ ਲਾਲੋ ਸਨ, ਜਿਨ੍ਹਾਂ ਦੇ ਸਾਥ ਤੋਂ ਸਪੱਸ਼ਟ ਹੈ ਕਿ ਉਹ ਅਮੀਰ ਤੇ ਗਰੀਬ ਵਿਚਾਲੇ ਵਿਤਕਰਾ ਜਾਂ ਫਰਕ ਨਹੀਂ ਕਰਦੇ ਸਨ।'

ਪ੍ਰਧਾਨ ਮੰਤਰੀ ਨੇ ਕਿਹਾ ਕਿ ਬਾਬਾ ਨਾਨਕ ਨੇ 500 ਸਾਲ ਪਹਿਲਾਂ ਪੌਣ, ਪਾਣੀ ਅਤੇ ਧਰਤੀ ਬਾਰੇ ਆਪਣੀ ਚਿੰਤਾ ਜ਼ਾਹਿਰ ਕਰ ਦਿੱਤੀ ਸੀ ਜਦੋਂ ਕਿ ਉਸ ਵੇਲੇ ਪਾਣੀ ਆਦਿ ਦੀ ਕੋਈ ਘਾਟ ਨਹੀਂ ਸੀ ਪਰ ਅੱਜ ਵਾਤਾਵਰਣ ਨੂੰ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਇਸ ਸੰਦਰਭ ਵਿਚ ਬਾਬਾ ਨਾਨਕ ਦੀ ਬਾਣੀ ਉਨੀ ਹੀ ਤਰਕਸੰਗਤ ਹੈ, ਜਿੰਨੀ 550 ਸਾਲ ਪਹਿਲਾਂ ਸੀ। ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿੱਖ ਹੁਣ ਜੰਮੂ ਕਸ਼ਮੀਰ ਵਿਚ ਜ਼ਮੀਨ ਖਰੀਦ ਸਕਦੇ ਹਨ ਅਤੇ ਇਸ ਦੇ ਨਾਲ ਉਨ੍ਹਾਂ ਨੂੰ ਹੋਰ ਵੀ ਸਾਰੇ ਅਧਿਕਾਰ ਮਿਲ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ 'ਕੌਮੀ ਸੇਵਾ ਐਵਾਰਡ' ਨੂੰ ਉਨ੍ਹਾਂ ਪੀਰਾਂ ਪੈਗੰਬਰਾਂ ਦੇ ਗੌਰਵ, ਪਿਆਰ ਅਤੇ ਤਪੱਸਿਆ ਦਾ ਪ੍ਰਸਾਦ ਆਖਿਆ, ਜਿਸ ਨੂੰ ਉਨ੍ਹਾਂ ਗੁਰੂ ਚਰਨਾਂ ਵਿਚ ਸਮਰਪਿਤ ਕੀਤਾ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ 550ਵੇਂ ਪ੍ਰਕਾਸ਼ ਪੁਰਬ ਨੂੰ ਬੜੇ ਸ਼ਰਧਾ ਭਾਵ ਨਾਲ ਮਨਾ ਰਹੀ ਹੈ ਅਤੇ ਇਸ ਮੌਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮੁੱਚੇ ਵਿਸ਼ਵ ਵਿਚ ਪ੍ਰਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਯੂਨੈਸਕੋ ਦੀ ਮਦਦ ਨਾਲ ਗੁਰੂ ਸਾਹਿਬ ਦੀ ਬਾਣੀ ਦਾ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾ ਰਿਹਾ ਹੈ।

ਬਰਤਾਨੀਆ ਵਿਚ ਇਕ ਯੂਨੀਵਰਸਿਟੀ ਵਿਚ ਗੁਰੂ ਸਾਹਿਬ ਦੇ ਨਾਂ ਦੀ ਚੇਅਰ ਸਥਾਪਤ ਕੀਤੀ ਗਈ ਹੈ ਅਤੇ ਕੈਨੇਡਾ ਵਿਚ ਵੀ ਇਸੇ ਤਰ੍ਹਾਂ ਕੀਤਾ ਜਾ ਰਿਹਾ ਹੈ। ਜਦੋਂ ਜਥਾ ਕੁਝ ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਪੁੱਜਾ ਤਾਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ। ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਅਮਨ ਦਾ ਪੈਗਾਮ ਦਿੱਤਾ ਸੀ। ਉਸੇ ਤਹਿਤ ਹੀ ਅੱਜ ਪਾਕਿਸਤਾਨ ਵਿਚ ਸਮੁੱਚੇ ਸਿੱਖ ਭਾਈਚਾਰੇ ਨੂੰ ਖੁਸ਼ਆਮਦੀਦ ਆਖਿਆ ਗਿਆ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਲਾਂਘੇ ਰਾਹੀਂ ਭਾਰਤ ਸਮੇਤ ਬਰਤਾਨੀਆ, ਕੈਨੇਡਾ, ਅਮਰੀਕਾ, ਨਿਊਜ਼ੀਲੈਂਡ ਤੇ ਹੋਰ ਮੁਲਕਾਂ ਵਿਚ ਬੈਠੇ ਸਮੂਹ ਸਿੱਖਾਂ ਲਈ ਪਾਕਿਸਤਾਨ ਦਾ ਰਸਤਾ ਖੋਲ੍ਹ ਦਿੱਤਾ ਗਿਆ ਹੈ।

## ਅਮਰੀਕਾ ਵੱਲੋਂ ਲਾਂਘਾ ਖੋਲ੍ਹੇ ਜਾਣ ਦਾ ਸਵਾਗਤ


**ਸੰਯੁਕਤ ਰਾਸ਼ਟਰ/ਵਾਸ਼ਿੰਗਟਨ:** ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦਾ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਅਤੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਲਾਂਘੇ ਰਾਹੀਂ ਦੋਵੇਂ ਮੁਲਕਾਂ ਵਿਚਕਾਰ ਆਪਸੀ ਸਮਝ ਵਧੇਗੀ ਅਤੇ ਧਰਮਾਂ ਵਿਚਕਾਰ ਸਦਭਾਵਨਾ ਦਾ ਮਾਹੌਲ ਬਣੇਗਾ। ਅਮਰੀਕੀ ਵਿਦੇਸ਼ ਵਿਭਾਗ ਦੀ ਤਰਜਮਾਨ ਮੋਰਗਨ ਓਰਟਾਗਸ ਨੇ ਟਵਿੱਟਰ ਉਤੇ ਪਾਈ ਪੋਸਟ 'ਚ ਦੋਵੇਂ ਮੁਲਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਗੁਆਂਢੀ ਮੁਲਕਾਂ ਵਿਚਕਾਰ ਆਪਸੀ ਲਾਹੇ ਲਈ ਰਲ ਕੇ ਕੰਮ ਕਰਨ ਦੀ ਹਾਂ-ਪੱਖੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਵਾਂ ਲਾਂਘਾ ਧਾਰਮਿਕ ਆਜ਼ਾਦੀ ਨੂੰ ਹੁਲਾਰਾ ਦੇਣ ਲਈ ਉਠਾਇਆ ਗਿਆ ਵੱਡਾ ਕਦਮ ਹੈ।

## ਹਰ ਫਿਰਕੇ ਨਾਲ ਜੁੜਿਆ ਭਾਰਤੀ ਵਰਤ ਸਕੇਗਾ ਲਾਂਘਾ

**ਡੇਰਾ ਬਾਬਾ ਨਾਨਕ:** ਕਰਤਾਰਪੁਰ ਲਾਂਘੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਂਝੀ ਚੈੱਕ ਪੋਸਟ (ਆਈ.ਸੀ.ਪੀ.) ਦਾ ਉਦਘਾਟਨ ਕੀਤਾ ਗਿਆ ਹੈ ਜੋ ਕਿ ਭਾਰਤੀ ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਮੌਕੇ ਮਦਦਗਾਰ ਸਾਬਤ ਹੋਵੇਗੀ। ਇਸ ਤੋਂ ਪਹਿਲਾਂ ਸ਼ਰਧਾਲੂ ਵੱਲੋਂ ਰਜਿਸਟਰੇਸ਼ਨ ਜ਼ਰੂਰੀ ਹੋਵੇਗੀ। ਲਾਂਘੇ ਸਬੰਧੀ ਭਾਰਤ-ਪਾਕਿ ਵਿਚਾਲੇ 24 ਅਕਤੂਬਰ ਨੂੰ ਸਮਝੌਤਾ ਹੋਇਆ ਸੀ ਤੇ ਇਸੇ ਤਹਿਤ ਕੌਮਾਂਤਰੀ ਸਰਹੱਦ ਉਤੇ ਜ਼ੀਰੋ ਲਾਈਨ ਉਤੇ ਉਸਾਰੇ ਲਾਂਘੇ ਰਾਹੀਂ ਆਵਾਜਾਈ ਹੋਵੇਗੀ। ਸਮਝੌਤੇ ਮੁਤਾਬਕ ਕਿਸੇ ਵੀ ਧਰਮ ਵਿਸ਼ਵਾਸ ਨਾਲ ਜੁੜਿਆ ਭਾਰਤੀ ਸ਼ਰਧਾਲੂ ਲਾਂਘੇ ਰਾਹੀਂ ਆ-ਜਾ ਸਕਦਾ ਹੈ। ਭਾਰਤੀ ਮੂਲ ਦੇ ਮੁਲਕ ਤੋਂ ਬਾਹਰ ਰਹਿੰਦੇ ਵਿਅਕਤੀ ਵੀ ਲਾਂਘਾ ਵਰਤ ਸਕਦੇ ਹਨ। ਯਾਤਰਾ ਲਈ ਵੀਜ਼ਾ ਦੀ ਲੋੜ ਨਹੀਂ ਹੋਵੇਗੀ ਪਰ ਸ਼ਰਧਾਲੂਆਂ ਨੂੰ ਪਾਸਪੋਰਟ ਲਿਜਾਣਾ ਪਵੇਗਾ। ਭਾਰਤੀ ਮੂਲ ਦੇ ਮੁਲਕ ਤੋਂ ਬਾਹਰ ਰਹਿੰਦੇ ਵਿਅਕਤੀਆਂ ਨੂੰ ਓ.ਸੀ.ਆਈ. ਕਾਰਡ ਲਿਜਾਣਾ ਪਵੇਗਾ ਤੇ ਜਿਸ ਮੁਲਕ ਵਿਚ ਉਹ ਰਹਿ ਰਹੇ ਹਨ, ਉਥੋਂ ਦਾ ਪਾਸਪੋਰਟ ਦਿਖਾਉਣਾ ਪਵੇਗਾ। ਸ਼ਰਧਾਲੂਆਂ ਨੂੰ ਆਨਲਾਈਨ ਪੋਰਟਲ ਬਗ਼ਾ ਉਤੇ ਰਜਿਸਟਰ ਕਰਨਾ ਹੋਵੇਗਾ। ਸ਼ਰਧਾਲੂਆਂ ਨੂੰ ਤਿੰਨ ਜਾਂ ਚਾਰ ਦਿਨ ਪਹਿਲਾਂ ਯਾਤਰਾ ਲਈ ਪ੍ਰਵਾਨਗੀ ਮਿਲਣ ਬਾਰੇ ਜਾਣਕਾਰੀ ਦੇ ਦਿੱਤੀ ਜਾਵੇਗੀ।

## ਭਾਰਤੀ ਮਹਿਮਾਨਾਂ ਵਿਚੋਂ ਨਵਜੋਤ ਸਿੰਘ ਸਿੱਧੂ ਬਣੇ ਖਿੱਚ ਦਾ ਕੇਂਦਰ

**ਕਰਤਾਰਪੁਰ ਸਾਹਿਬ:** ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮ ਵਿਚ ਦੋਹਾਂ ਮੁਲਕਾਂ ਦੇ ਹੀਰੋ ਨਜ਼ਰ ਆ ਰਹੇ ਸਨ। ਉਨ੍ਹਾਂ ਜਿਉਂ ਹੀ ਆਪਣਾ ਭਾਸ਼ਣ ਸ਼ੁਰੂ ਕੀਤਾ ਸ਼ਰਧਾਲੂਆਂ ਨੇ 'ਬੋਲੇ ਸੋ ਨਿਹਾਲ' ਅਤੇ ਨਵਜੋਤ ਸਿੰਘ ਸਿੱਧੂ ਜ਼ਿੰਦਾਬਾਦ ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ।



ਉਨ੍ਹਾਂ ਆਪਣੇ 16 ਮਿੰਟ ਦੇ ਲੱਛੇਦਾਰ ਭਾਸ਼ਣ ਵਿਚ ਇਮਰਾਨ ਲਈ 10-12 ਸ਼ੇਅਰ ਸੁਣਾ ਕੇ ਖੂਬ ਤਾੜੀਆਂ ਬਟੋਰੀਆਂ। ਇਸ ਮੌਕੇ ਸਾਰੇ ਮਹਿਮਾਨਾਂ ਵਿਚੋਂ ਸਿਰਫ ਸਿੱਧੂ ਹੀ ਚਰਚਾ ਦਾ ਵਿਸ਼ਾ ਬਣੇ ਹੋਏ ਸਨ।

ਇਸ ਤੋਂ ਪਹਿਲਾਂ ਸ੍ਰੀ ਸਿੱਧੂ ਜਦੋਂ ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਜਾਣ ਲੱਗੇ ਤਾਂ ਉਥੇ ਮੌਜੂਦ ਸੰਗਤ ਨੇ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ। ਸ਼ਾਮ ਨੂੰ ਜਦੋਂ ਉਹ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਮਗਰੋਂ ਡੇਰਾ ਬਾਬਾ ਨਾਨਕ ਪਹੁੰਚੇ ਤਾਂ ਲਾਂਘੇ ਕੋਲ ਲੋਕਾਂ ਨੇ ਸਿੱਧੂ ਦੇ ਪੱਖ 'ਚ ਨਾਅਰੇਬਾਜ਼ੀ ਕੀਤੀ।

ਲੋਕਾਂ ਨੇ ਸਿੱਧੂ ਨੂੰ ਅਮਨ ਦਾ ਨੁਮਾਇੰਦਾ ਦੱਸਦਿਆਂ ਜੈਕਾਰੇ ਵੀ ਛੱਡੇ। ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਜਦੋਂ ਇਮਰਾਨ ਖਾਨ ਦੇ ਵਜ਼ੀਰੇ ਆਜ਼ਮ ਵਜੋਂ ਹਲਫ ਲੈਣ ਵਾਲੇ ਸਮਾਗਮ ਲਈ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਗੱਲ ਕੀਤੀ ਸੀ। ਲੋਕਾਂ ਦਾ ਮੰਨਣਾ ਹੈ ਕਿ ਸਿੱਧੂ ਦੇ ਲਾਂਘਾ ਖੁਲ੍ਹਵਾਉਣ ਦੇ ਯਤਨਾਂ ਕਰਕੇ ਹੀ ਅੱਜ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਨੂੰ ਮਿਲੇ ਹਨ।

## ਤਿੰਨ ਪੜਾਵੀ ਉਚ ਪੱਧਰੀ ਗੱਲਬਾਤ ਮਗਰੋਂ ਖੁੱਲ੍ਹਿਆ ਕਰਤਾਰਪੁਰ ਲਾਂਘਾ

**ਨਵੀਂ ਦਿੱਲੀ:** ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਵਾਸਤੇ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਪਹਿਲਾਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਯੁਕਤ ਸਕੱਤਰ ਪੱਧਰ 'ਤੇ ਤਿੰਨ ਪੜਾਵੀ ਗੱਲਬਾਤ ਮਗਰੋਂ ਸਮਝੌਤੇ ਉਤੇ ਦਸਤਖਤ ਕੀਤੇ ਗਏ ਸਨ।

ਬਾਬਾ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਭਾਰਤ ਅਤੇ ਪਾਕਿਸਤਾਨ ਵੱਲੋਂ ਨਵੰਬਰ 2018 ਵਿਚ ਆਪੋ-ਆਪਣੇ ਪਾਸੇ ਕਰਤਾਰਪੁਰ ਲਾਂਘੇ ਦਾ ਨਿਰਮਾਣ ਕਰਨ ਦਾ ਫੈਸਲਾ ਕੀਤਾ ਗਿਆ ਸੀ। ਕਰਤਾਰਪੁਰ ਲਾਂਘਾ ਖੋਲ੍ਹਣ ਬਾਰੇ ਪਹਿਲੇ ਪੜਾਅ ਦੀ ਗੱਲਬਾਤ ਪੁਲਵਾਮਾ ਅਤਿਵਾਦੀ ਹਮਲੇ ਤੋਂ ਇਕ ਮਹੀਨੇ ਬਾਅਦ ਅਟਾਰੀ-ਵਾਹਗਾ ਬਾਰਡਰ ਉਤੇ ਭਾਰਤ ਵਾਲੇ ਪਾਸੇ 14 ਮਾਰਚ 2019 ਨੂੰ ਕੀਤੀ ਗਈ ਸੀ।

ਅਟਾਰੀ-ਵਾਹਗਾ ਬਾਰਡਰ ਉਤੇ ਹੀ ਪਾਕਿਸਤਾਨ ਵਾਲੇ ਪਾਸੇ ਦੂਜੇ ਗੇੜ ਦੀ ਗੱਲਬਾਤ ਦੌਰਾਨ 14 ਜੁਲਾਈ ਨੂੰ ਪਾਕਿਸਤਾਨ ਵੱਲੋਂ ਪਾਸਪੋਰਟ ਨਾਲ ਰੋਜ਼ਾਨਾ 5 ਹਜ਼ਾਰ ਭਾਰਤੀ ਸ਼ਰਧਾਲੂਆਂ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਸਬੰਧੀ ਸਹਿਮਤੀ ਦਿੱਤੀ ਗਈ। ਦੂਜੇ ਗੇੜ ਦੀ ਗੱਲਬਾਤ ਪਹਿਲਾਂ 2 ਅਪਰੈਲ ਨੂੰ ਹੋਣੀ ਸੀ। ਪਰ ਭਾਰਤ ਨੇ ਖਾਲਿਸਤਾਨ ਪੱਖੀ ਆਗੂ ਗੋਪਾਲ ਸਿੰਘ ਚਾਵਲਾ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮੌਜੂਦਗੀ ਦਾ ਹਵਾਲਾ ਦਿੰਦਿਆਂ ਰੱਦ ਕਰ ਦਿੱਤੀ ਸੀ। ਜਿਸ ਉਤੇ ਪਾਕਿਸਤਾਨ ਵੱਲੋਂ ਪੀ.ਐਸ.ਜੀ.ਪੀ.ਸੀ. ਦਾ 10 ਮੈਂਬਰੀ ਨਵਾਂ ਪੈਨਲ ਬਣਾ ਦਿੱਤਾ ਗਿਆ ਸੀ। ਗੱਲਬਾਤ ਦੌਰਾਨ ਭਾਰਤ ਵੱਲੋਂ ਸੌਂਪੇ ਡੋਜ਼ੀਅਰ 'ਚ ਇਸ ਬਾਰੇ ਇਤਰਾਜ਼ ਵੀ ਉਠਾਏ ਸਨ।

ਅਟਾਰੀ ਵਿਚ 4 ਸਤੰਬਰ ਹੋਈ ਵਿਚ ਹੋਈ ਸੰਯੁਕਤ ਸਕੱਤਰ ਪੱਧਰੀ ਤੀਜੇ ਗੇੜ ਦੀ ਗੱਲਬਾਤ 'ਚ ਪਾਕਿਸਤਾਨ ਦਾ 20 ਮੈਂਬਰੀ ਵਫਦ ਸ਼ਾਮਲ ਹੋਇਆ ਕਰਤਾਰਪੁਰ ਲਾਂਘੇ ਨੂੰ ਚਾਲੂ ਕਰਨ ਸਮਝੌਤੇ ਦਾ ਮਸੌਦਾ ਤਿਆਰ ਕੀਤਾ ਗਿਆ। ਇਸ ਮੌਕੇ ਪਾਕਿਸਤਾਨ ਨੇ 20 ਡਾਲਰ ਫੀਸ ਦੇ ਮੁੱਦੇ 'ਤੇ ਜ਼ੋਰ ਦਿੱਤਾ ਪਰ ਭਾਰਤ ਵੱਲੋਂ ਇਹ ਮੁਆਫ ਕਰਨ ਦੀ ਅਪੀਲ ਕੀਤੀ ਗਈ। ਇਸ ਮਗਰੋਂ ਦੋਵਾਂ ਦੇਸ਼ਾਂ ਵੱਲੋਂ 24 ਅਕਤੂਬਰ ਨੂੰ 'ਜ਼ੀਰੋ ਪੁਆਇੰਟ' ਉਤੇ ਸਮਝੌਤੇ ਉਤੇ ਦਸਤਖਤ ਕੀਤੇ ਗਏ ਅਤੇ 9 ਨਵੰਬਰ ਨੂੰ ਲਾਂਘਾ ਚਾਲੂ ਕਰ ਦਿੱਤਾ ਗਿਆ।

## ਇਮਰਾਨ ਖਾਨ ਦੀ ਤਕਰੀਰ ਨੇ ਜਿੱਤਿਆ ਸਭ ਦਾ ਦਿਲ



**ਅੰਮ੍ਰਿਤਸਰ:** ਲਾਂਘੇ ਦੇ ਉਦਘਾਟਨ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਉਨ੍ਹਾਂ ਨੂੰ ਇਕ ਸਾਲ ਪਹਿਲਾਂ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਪਾਕਿ ਦੇ ਜ਼ਿਲ੍ਹਾ ਨਾਰੋਵਾਲ 'ਚ ਸਥਾਪਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੀ ਸਿੱਖ ਕੌਮ ਲਈ ਕੀ ਮਹੱਤਤਾ ਹੈ ਪਰ ਜਦੋਂ ਉਨ੍ਹਾਂ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਹੁੰ ਚੁੱਕ ਸਮਾਰੋਹ 'ਚ ਪਹੁੰਚੇ ਭਾਰਤੀ ਸਿਆਸੀ ਆਗੂ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਨੇ ਉਕਤ ਅਸਥਾਨ ਦੀ ਮਹੱਤਤਾ ਦੱਸੀ ਤਾਂ ਉਨ੍ਹਾਂ ਨਿਸ਼ਚਾ ਕੀਤਾ ਕਿ ਉਹ ਸਿੱਖ ਕੌਮ ਨੂੰ ਇਹ ਤੋਹਫਾ ਜ਼ਰੂਰ ਭੇਟ ਕਰਨਗੇ।

ਉਨ੍ਹਾਂ ਕਿਹਾ ਕਿ ਮੈਂ ਮੁਸਲਮਾਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਨਾਲ ਉਹ ਮਦੀਨਾ ਨੂੰ 4-5 ਕਿਲੋਮੀਟਰ ਦੂਰ ਤੋਂ ਵੇਖ ਸਕਣ ਪਰ ਕੋਲ ਜਾਣ ਦੀ ਇਜਾਜ਼ਤ ਨਾ ਹੋਵੇ ਤਾਂ ਉਨ੍ਹਾਂ ਦੇ ਦਿਲ-ਦਿਮਾਗ 'ਤੇ ਇਸ ਦਾ ਜੋ ਅਸਰ ਹੋਵੇਗਾ, ਸਿੱਖ ਕੌਮ 'ਤੇ ਉਹੀ ਅਸਰ 72 ਵਰ੍ਹਿਆਂ ਤੋਂ ਸਰਹੱਦ ਪਾਰ ਤੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਮੌਕੇ ਹੋ ਰਿਹਾ ਸੀ।

ਉਨ੍ਹਾਂ ਲਾਂਘੇ ਦੀ ਉਸਾਰੀ ਕਰਵਾਉਣ ਵਾਲੀ ਫਰੰਟੀਅਰ ਵਰਕਰਜ਼ ਆਰਗੇਨਾਈਜ਼ੇਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਕਦੇ ਵੀ ਸੋਚ ਨਹੀਂ ਸਕਦੇ ਸਨ ਕਿ ਕਈ ਵਰ੍ਹਿਆਂ 'ਚ ਮੁਕੰਮਲ ਹੋਣ ਵਾਲਾ ਉਸਾਰੀ ਦਾ ਇਹ ਆਲੀਸ਼ਾਨ ਕੰਮ ਸਿਰਫ 11 ਮਹੀਨਿਆਂ 'ਚ ਮੁਕੰਮਲ ਕਰ ਲਿਆ ਜਾਵੇਗਾ। ਕਸ਼ਮੀਰ ਦੀ ਆਜ਼ਾਦੀ ਤੇ ਕਸ਼ਮੀਰੀਆਂ ਦੇ ਹੱਕਾਂ ਦੀ ਦੁਹਾਈ ਦਿੰਦਿਆਂ ਇਮਰਾਨ ਖਾਨ ਨੇ ਕਿਹਾ ਕਿ ਜੇਕਰ ਭਾਰਤ ਕਸ਼ਮੀਰ ਨੂੰ ਆਜ਼ਾਦ ਕਰਕੇ ਪਾਕਿਸਤਾਨ ਨਾਲ ਚੰਗੇ ਮਾਹੌਲ 'ਚ ਬੈਠ ਕੇ ਗੱਲਬਾਤ ਕਰੇ ਤਾਂ ਇਸ ਨਾਲ ਦੋਵਾਂ ਮੁਲਕਾਂ ਦੀ ਨਫਰਤ ਹਮੇਸ਼ਾ ਲਈ ਖਤਮ ਹੋ ਜਾਵੇਗੀ ਅਤੇ ਦੋਵਾਂ ਮੁਲਕਾਂ 'ਚ ਵਪਾਰਕ ਤੇ ਭਾਈਚਾਰਕ ਸਾਂਝ ਵਧੇਗੀ।

## ਕੈਪਟਨ ਵਲੋਂ ਪਾਕਿ ਨੂੰ ਦੋ-ਦੋ ਹੱਥ ਕਰਨ ਦੀ ਚਿਤਾਵਨੀ


**ਚੰਡੀਗੜ੍ਹ:** 550 ਸਾਲਾ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਵਿਖੇ ਕਰਵਾਏ ਸਮਾਗਮ 'ਚ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੌਕਾ-ਮੇਲ ਦੀ ਮਹੱਤਤਾ ਤੇ ਨਜ਼ਾਕਤ ਨੂੰ ਸਮਝਦਿਆਂ ਭਾਵਪੂਰਤ ਤੇ ਸੰਕੋਚਵੇਂ ਸ਼ਬਦਾਂ ਨਾਲ ਲਾਂਘਾ ਖੁੱਲ੍ਹਣ ਦਾ ਸਵਾਗਤ ਕੀਤਾ, ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਭਾਸ਼ਣ ਦੇ ਵੱਡੇ ਹਿੱਸੇ 'ਚ ਪਾਕਿਸਤਾਨ ਨੂੰ ਭੰਡਣ ਤੇ ਉਸ ਨਾਲ ਦੋ-ਦੋ ਹੱਥ ਕਰਨ ਦੀਆਂ ਚਿਤਾਵਨੀਆਂ ਸਿੱਖ ਮਨਾਂ ਨੂੰ ਗਹਿਰੀ ਠੇਸ ਪਹੁੰਚਾ ਗਈਆਂ। ਮੁੱਖ ਮੰਤਰੀ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਸਰਕਾਰ ਖਾਸ ਕਰ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਦਿਖਾਈ ਦਰਿਆ ਦਿਲੀ ਦੀ ਦਾਦ ਦੇਣ ਦੀ ਥਾਂ ਬੜੇ ਹੀ ਢੰਗ ਨਾਲ ਪਹਿਲਾਂ ਭਾਰਤ ਤੇ ਪਾਕਿਸਤਾਨ ਦੇ ਵਿਕਾਸ ਦੀ ਤੁਲਨਾ ਕਰਦੇ ਰਹੇ ਤੇ ਫਿਰ ਕਹਿਣ ਲੱਗੇ ਕਿ ਉਹ ਦੇਸ਼ ਖੁਦ ਭੁੱਖਮਰੀ ਦਾ ਸ਼ਿਕਾਰ ਹੈ, ਸਾਡੀ ਕੀ ਰੀਸ ਕਰੇਗਾ? ਮੁੱਖ ਮੰਤਰੀ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਜੇਕਰ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਇਆ ਤਾਂ ਸਾਡੇ ਕਿਹੜਾ ਚੂੜੀਆਂ ਪਾਈਆਂ ਹਨ।

# ਗਿਆਰਾਂ ਯੂਨੀਵਰਸਿਟੀਆਂ ਵਿਚ ਬਣੇਗੀ ਗੁਰੂ ਨਾਨਕ ਚੇਅਰ

**ਕਪੂਰਥਲਾ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੇ ਪਾਤਿਸ਼ਾਹ ਦੇ ਨਾਂ ਉਤੇ 11 ਯੂਨੀਵਰਸਿਟੀਆਂ ਵਿਚ ਚੇਅਰ ਸਥਾਪਿਤ ਕਰਨ ਦਾ ਐਲਾਨ ਕੀਤਾ। ਇਨ੍ਹਾਂ ਵਿਚ ਇਕ 'ਵਰਸਿਟੀ ਇਰਾਨ ਦੀ ਹੈ। ਜਦਕਿ ਸੱਤ ਪੰਜਾਬ ਦੀਆਂ ਤੇ 3 ਭਾਰਤ ਦੇ ਵੱਖ-ਵੱਖ ਰਾਜਾਂ ਦੀਆਂ ਹਨ।

ਇਨ੍ਹਾਂ ਰਾਹੀਂ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਫਲਸਫੇ ਬਾਰੇ ਖੋਜ ਕੀਤੀ ਜਾਵੇਗੀ। ਪੰਜਾਬ ਤਕਨੀਕੀ ਯੂਨੀਵਰਸਿਟੀ 'ਚ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਦੇਸ਼-ਵਿਦੇਸ਼ ਦੀਆਂ 400 ਨਾਨਕ ਨਾਮਲੇਵਾ ਪੰਜਾਬੀ ਸ਼ਖਸੀਅਤਾਂ ਦਾ ਵੱਖੋ-ਵੱਖਰੇ ਖੇਤਰਾਂ ਵਿਚ ਯੋਗਦਾਨ ਲਈ ਸਨਮਾਨ ਵੀ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਕੇ ਦੇਸ਼ ਅਤੇ ਸੂਬੇ ਦੀ ਬਿਹਤਰੀ ਵਿਚ ਯੋਗਦਾਨ ਪਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਅੱਗੇ ਵਧਣ ਦੇ ਮੌਕੇ ਮੁਹੱਈਆ ਕਰਵਾਉਣ 'ਚ ਯੋਗਦਾਨ ਪਾਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਅਗਲੀ ਪੀੜ੍ਹੀ ਨੂੰ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਅਤੇ ਬਾਣੀ ਨਾਲ ਜੋੜਨ ਦੇ ਯਤਨ ਕਰਨੇ ਚਾਹੀਦੇ ਹਨ। ਕੈਪਟਨ ਨੇ ਇਸ ਮੌਕੇ ਪਾਣੀ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਿਸਕਦਾ ਜਾ ਰਿਹਾ ਹੈ। ਇਸ ਦਾ ਹੱਲ ਲੱਭਣਾ ਸਾਡੀ ਸਾਰਿਆਂ ਦੀ ਸਾਂਝੀ




ਜ਼ਿੰਮੇਵਾਰੀ ਹੈ। ਉਨ੍ਹਾਂ ਵਾਤਾਵਰਨ ਪ੍ਰਦੂਸ਼ਣ ਤੋਂ ਬਚਾਅ ਲਈ ਝੋਨੇ ਦੀ ਪਰਾਲੀ ਸਾੜਨਾ ਬੰਦ ਕਰਨ ਸਬੰਧੀ ਇਕੱਠਿਆਂ ਹੋ ਕੇ ਹੰਭਲਾ ਮਾਰਨ ਉਤੇ ਜ਼ੋਰ ਦਿੱਤਾ। ਇਸ ਮੌਕੇ ਮੁੱਖ ਮੰਤਰੀ ਵੱਲੋਂ ਦਲਬੀਰ ਸਿੰਘ ਪੰਨੂ ਦੀ ਕਿਤਾਬ 'ਦਿ ਸਿੱਖ ਹੈਰੀਟੇਜ ਬਿਓਂਡ ਬਾਰਡਰ' ਤੇ ਇਰਾਨੀ ਲੇਖਕ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਲਿਖੀ ਇਕ ਪੁਸਤਕ ਵੀ ਰਿਲੀਜ਼ ਕੀਤੀ ਗਈ। ਇਸ ਤੋਂ ਪਹਿਲਾ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਖ-ਵੱਖ ਸ਼ਖਸੀਅਤਾਂ ਦਾ ਸਨਮਾਨ ਕਰਦਿਆਂ ਮਾਣ ਮਹਿਸੂਸ ਕਰਦੀ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਚੇਅਰ ਪੰਜਾਬੀ ਯੂਨੀਵਰਸਿਟੀ (ਪਟਿਆਲਾ), ਆਈਕੇ ਗੁਜਰਾਲ ਪੀਟੀਯੂ (ਕਪੂਰਥਲਾ), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਬਠਿੰਡਾ), ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਫਗਵਾੜਾ), ਚੰਡੀਗੜ੍ਹ ਯੂਨੀਵਰਸਿਟੀ (ਘੜੂੰਆਂ), ਚਿਤਕਾਰਾ ਯੂਨੀਵਰਸਿਟੀ (ਰਾਜਪੁਰਾ), ਅਕਾਲ ਯੂਨੀਵਰਸਿਟੀ (ਤਲਵੰਡੀ ਸਾਬੋ) ਤੋਂ ਇਲਾਵਾ ਆਈ.ਟੀ.ਐਮ. ਯੂਨੀਵਰਸਿਟੀ (ਗਵਾਲੀਅਰ), ਆਰ.ਡੀ.ਕੇ.ਐਫ. ਯੂਨੀਵਰਸਿਟੀ (ਭੁਪਾਲ), ਜੇ.ਆਈ.ਐਸ. ਯੂਨੀਵਰਸਿਟੀ (ਪੱਛਮੀ ਬੰਗਾਲ) ਅਤੇ ਯੂਨੀਵਰਸਿਟੀ ਆਫ ਰਿਲੀਜਨ (ਇਰਾਨ) ਵਿਚ ਸਥਾਪਿਤ ਕੀਤੀ ਜਾਵੇਗੀ।

## ਰਸਾਲਿਆਂ ਦਾ ਨਵੰਬਰ ਅੰਕ ਗੁਰੂ ਨਾਨਕ ਨੂੰ ਸਮਰਪਿਤ

**ਸੁਲਤਾਨਪੁਰ ਲੋਧੀ:** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਮੈਗਜ਼ੀਨਾਂ ਦਾ ਨਵੰਬਰ ਦਾ ਅੰਕ ਗੁਰੂ ਸਾਹਿਬ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਵਿਚ ਪਹਿਲੀ ਪਾਤਸ਼ਾਹੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਤਤਕਾਲੀ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਵੱਲੋਂ ਦਿੱਤਾ ਭਾਸ਼ਣ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਾਬਕਾ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਅਤੇ ਹੋਰ ਵਿਦਵਾਨਾਂ ਵੱਲੋਂ ਗੁਰੂ ਨਾਨਕ ਦੇਵ ਜੀ ਬਾਰੇ ਸਮੇਂ-ਸਮੇਂ ਉਤੇ ਲਿਖੇ ਵਿਚਾਰਾਂ ਦਾ ਅਨੁਵਾਦ ਕਰ ਕੇ ਛਾਪਿਆ ਗਿਆ ਹੈ। ਇਸ ਵਿਸ਼ੇਸ਼ ਅੰਕ ਵਿਚ ਸਿੱਖ ਇਤਿਹਾਸ ਵਿਚ ਰਾਗ ਆਧਾਰਤ ਗੁਰਬਾਣੀ ਗਾਇਨ ਦੇ ਆਧਾਰ 'ਰਬਾਬ' ਬਾਰੇ ਲੇਖਕ ਰਵੀ ਪੰਧੇਰ ਵੱਲੋਂ ਲਿਖਿਆ ਖੋਜ ਭਰਪੂਰ ਲੇਖ ਵੀ ਸ਼ਾਮਲ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ 'ਚ ਪ੍ਰਕਾਸ਼ਿਤ ਇਹ ਰਸਾਲੇ ਸੁਲਤਾਨਪੁਰ ਲੋਧੀ ਵਿਚ ਸੰਗਤ ਨੂੰ ਮੁਫਤ ਵੰਡੇ ਜਾ ਰਹੇ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਪੰਥਕ ਸ਼ਖਸੀਅਤਾਂ ਦਾ ਸਨਮਾਨ

**ਜਲੰਧਰ (ਸੁਲਤਾਨਪੁਰ ਲੋਧੀ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਖੇਤਰਾਂ 'ਚ ਨਾਮਣਾ ਖੱਟਣ ਵਾਲੀਆਂ ਸਿੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ ਵਿਖੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਸਨਮਾਨਤ ਸ਼ਖਸੀਅਤਾਂ 'ਚ ਅਲੱਗ ਸ਼ਬਦ ਯਗ ਟਰੱਸਟ ਦੇ ਡਾ. ਸਰੂਪ ਸਿੰਘ ਅਲੱਗ, ਸੁਕ੍ਰਿਤ ਟਰੱਸਟ ਦੇ ਸਰਬਜੀਤ ਸਿੰਘ ਰੇਣੂਕਾ, ਸਿੱਖ ਮਿਸ਼ਨਰੀ ਕਾਲਜ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਸੁਰਿੰਦਰ ਸਿੰਘ, ਬੀਬੀ ਕੌਲਾਂ ਜੀ ਭਲਾਈ ਟਰੱਸਟ ਦੇ ਭਾਈ ਗੁਰਇਕਬਾਲ ਸਿੰਘ, ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਤੋਂ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ, ਭਾਈ ਗੁਰਦਾਸ ਇੰਸਟੀਚਿਊਟ ਆਫ ਐਡਵਾਂਸ ਸਿੱਖ ਸਟੱਡੀਜ਼ ਤੋਂ ਭਾਈ ਹਰਸਿਮਰਨ ਸਿੰਘ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਹਰਭਜਨ ਸਿੰਘ, ਸਤਿਨਾਮੁ ਸਰਬ ਕਲਿਆਣ ਟਰੱਸਟ ਤੋਂ ਹਰਦਿਆਲ ਸਿੰਘ ਅਤੇ ਸੁਖਮਨੀ ਸੇਵਾ ਸੁਸਾਇਟੀ ਲੁਧਿਆਣਾ ਦੇ ਕੰਵਲਜੀਤ ਸਿੰਘ ਆਦਿ ਸ਼ਾਮਲ ਹਨ।

# ਬਾਬੇ ਨਾਨਕ ਦਾ ਪੈਗਾਮ ਸਾਰੀ ਦੁਨੀਆਂ ਨਾਲ ਸਾਂਝਾ ਕਰਨ ਦਾ ਸੱਦਾ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ 'ਏਕ-ਨੂਰ-ਅੰਤਰ ਧਰਮ ਸੰਮੇਲਨ' ਵਿਚ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਅਪਨਾਉਣ ਉਤੇ ਜ਼ੋਰ ਦਿੱਤਾ।

ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੇ ਅੰਤਰ-ਧਰਮ ਸੰਵਾਦ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵਿਹਾਰਿਕ ਰੂਪ ਵਿਚ ਅਪਣਾਇਆ ਜਾਵੇ। ਬੁੱਧ ਧਰਮ ਦੇ ਮੁਖੀ ਦਲਾਈਲਾਮਾ ਨੇ ਕਿਹਾ ਕਿ ਜਿਸ ਤਰ੍ਹਾਂ ਸਮਾਜ ਵਿਚੋਂ ਜਗੀਰਦਾਰੀ ਪ੍ਰਥਾ ਦਾ ਖਾਤਮਾ ਹੋਇਆ ਸੀ, ਉਸੇ ਤਰ੍ਹਾਂ ਜਾਤ-ਪਾਤ ਦਾ ਵੀ ਖਾਤਮਾ ਹੋਣਾ ਚਾਹੀਦਾ ਹੈ, ਜਿਸ ਦਾ ਗੁਰੂ ਨਾਨਕ ਦੇਵ ਨੇ ਸੰਦੇਸ਼ ਦਿੱਤਾ ਸੀ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਅੰਤਰ ਧਰਮ ਸੰਵਾਦ ਨੂੰ ਧਾਰਮਿਕ ਸਦਭਾਵਨਾ ਦਾ ਪ੍ਰਤੀਕ ਮੰਨਦਿਆਂ ਕਿਹਾ ਕਿ 'ਏਕ ਨੂਰ' ਨੂੰ ਵਿਹਾਰਿਕ ਰੂਪ ਵਿਚ ਅਪਣਾਉਣਾ ਚਾਹੀਦਾ ਹੈ। ਭਾਰਤ ਦੀ ਮੌਜੂਦਾ ਸਿੱਖਿਆ ਪ੍ਰਣਾਲੀ ਬਾਰੇ ਦਲਾਈਲਾਮਾ ਨੇ ਕਿਹਾ ਕਿ ਇਸ ਨੇ ਪਦਾਰਥਵਾਦੀ ਬਣਾਇਆ ਹੈ ਪਰ ਇਸ ਦੇ ਨਾਲ ਆਪਣੀਆਂ ਰਵਾਇਤਾਂ ਅਤੇ ਕਦਰਾਂ-ਕੀਮਤਾਂ ਉਤੇ ਵੀ ਪਹਿਰਾ ਦੇਣਾ ਚਾਹੀਦਾ ਹੈ, ਜੋ ਕਿ ਸਾਨੂੰ ਚੰਗਾ ਇਨਸਾਨ ਬਣਨ ਲਈ ਪ੍ਰੇਰਿਤ ਕਰਦੀਆਂ ਹਨ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਗੁਰੂ ਸਾਹਿਬ ਦਾ ਪੈਗਾਮ ਸਾਰੀ ਦੁਨੀਆਂ ਨਾਲ ਸਾਂਝਾ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਗੁਰੂ ਨਾਨਕ ਨਾ ਹੁੰਦੇ ਤਾਂ ਅੱਜ ਦਾ ਇਤਿਹਾਸ ਹੋਰ ਹੁੰਦਾ। ਰਾਮਾਕ੍ਰਿਸ਼ਨਾ ਮਿਸ਼ਨ ਦੇ ਪ੍ਰਤੀਨਿਧੀ ਸੁਆਮੀ ਸ਼ੁਧਿਦਾਨੰਦ ਨੇ ਕਿਹਾ ਕਿ ਗੁਰੂ ਨਾਨਕ ਵੱਲੋਂ ਦਿੱਤਾ ਏਕ ਨੂਰ ਦਾ ਸੰਦੇਸ਼ ਅਪਣਾਉਣਾ ਅੱਜ ਦੀ ਵੱਡੀ ਲੋੜ ਹੈ। ਮੌਲਾਨਾ ਸੱਯਦ ਅਤਹਰ ਹੁਸੈਨ ਦੇਹਲਵੀ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਏ ਲੰਗਰ ਨੂੰ ਸਮਾਜਿਕ ਬਰਾਬਰੀ ਦੀ ਬੁਨਿਆਦ ਦੱਸਦਿਆਂ ਕਿਹਾ ਕਿ ਬਾਬੇ ਨਾਨਕ ਵੱਲੋਂ ਸਿਖਾਈ ਧਰਮ ਨਿਰਪੱਖਤਾ ਨਿਭਾਉਣ ਦੀ ਲੋੜ ਹੈ।



ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਧਰਮ ਚਾਨਣ ਹੈ ਅਤੇ ਹਰ ਵਿਅਕਤੀ ਨੂੰ ਚੰਗਾ ਕਿਰਦਾਰ ਦਿੰਦਾ ਹੈ। ਇਸ ਲਈ ਸਾਰਿਆਂ ਨੂੰ ਇਕ-ਦੂਸਰੇ ਨਾਲ ਪ੍ਰੇਮ ਕਰਨ ਤੇ ਨਫਰਤ ਦੀ ਕੰਧ ਤੋੜਨੀ ਚਾਹੀਦੀ ਹੈ। ਬਿਸ਼ਪ ਸਾਮੰਤਾਰਾਏ ਨੇ ਕਿਹਾ ਕਿ ਗੁਰੂ ਨਾਨਕ ਦੀ ਸਿੱਖਿਆ ਅੱਜ ਵੀ ਪਹਿਲਾਂ ਜਿੰਨੀ ਹੀ ਵਿਹਾਰਕ ਹੈ। ਬ੍ਰਹਮਕੁਮਾਰੀ ਬੀਕੇ ਊਸ਼ਾ ਨੇ ਕਿਹਾ ਕਿ ਸਾਰੇ ਧਰਮ ਇਕ ਨਿਰੰਕਾਰ ਵੱਲ ਇਸ਼ਾਰਾ ਕਰਦੇ ਹਨ। ਅਹਿਮਦੀਆ ਭਾਈਚਾਰੇ ਤੋਂ ਤਨਵੀਰ ਅਹਿਮਦ ਖ਼ਾਦਿਮ ਤੇ ਅਰਬਿੰਦੋ ਆਸ਼ਰਮ ਦੀ ਪ੍ਰਤੀਨਿਧ ਡਾ. ਮੋਨਿਕਾ ਗੁਪਤਾ ਨੇ ਵੀ ਗੁਰੂ ਨਾਨਕ ਦੇਵ ਦੇ ਜੀਵਨ ਤੋਂ ਪ੍ਰੇਰਨਾ ਲੈਣ ਉਤੇ ਜ਼ੋਰ ਦਿੱਤਾ।

ਜੈਨ ਧਰਮ ਦੇ ਪ੍ਰਤੀਨਿਧ ਅਚਾਰੀਆ ਡਾ. ਲੋਕੇਸ਼ ਮੁਨੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਕਿਸੇ ਇਕ ਵਰਗ ਦੇ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਗੁਰੂ ਸਨ, ਜਿਨ੍ਹਾਂ ਨੇ ਸੱਚ ਧਰਮ ਦਾ ਉਪਦੇਸ਼ ਦਿੱਤਾ। ਗੁਲਾਮ ਹੈਦਰ ਅਲੀ ਕਾਦਰੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਅੰਦਰ ਦਿੱਤੀਆਂ ਸੇਧਾਂ ਮਨੁੱਖ ਮਾਤਰ ਜੀਵਨ ਦਾ ਅਸਲ ਸੂਤਰ ਹਨ। ਕਸ਼ੱਤਰੀ ਸਨਾਤਨ ਧਰਮ ਦੇ ਗਜਿੰਦਰ ਸੋਲੰਕੀ ਨੇ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਿਖਾਇਆ ਸੇਵਾ ਦਾ ਮਾਰਗ ਸਮਾਜ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਬੋਧੀ ਪ੍ਰਤੀਨਿਧ ਸ਼ਵੇਤਾ ਰਾਇ ਤਲਵਾਰ ਨੇ ਗੁਰੂ ਨੂੰ ਵਿਸ਼ਵ ਸ਼ਾਂਤੀ ਦਾ ਪ੍ਰਤੀਕ, ਈਸਾਈ ਧਰਮ ਵੱਲੋਂ ਬਿਸ਼ਪ ਐਗਨਲੋ ਦੇ ਪ੍ਰਤੀਨਿਧ ਵਜੋਂ ਜੌਹਨ ਤੇਜਾ ਨੇ ਕਿਹਾ ਕਿ ਗੁਰੂ ਸਾਹਿਬ ਏਕਤਾ ਦੇ ਮਾਰਗ ਦਰਸ਼ਕ ਦੱਸਿਆ। ਅਹਿਮਦੀਆ ਜਮਾਤ ਕਾਦੀਆ ਤੋਂ ਪੁੱਜੇ ਡਾ. ਗਿਆਨੀ ਤਨਵੀਰ ਅਹਿਮਦ ਨੇ ਕਿਹਾ ਕਿ ਗੁਰੂ ਸਾਹਿਬ ਹੱਕ ਸੱਚ ਦੇ ਲਖਾਇਕ ਸਨ।

# ਹੋਰ ਧਾਰਮਿਕ ਲਾਂਘਿਆਂ ਉਤੇ ਵੀ ਲੱਗਦੀ ਹੈ ਫੀਸ

**ਜਲੰਧਰ:** ਕਰਤਾਰਪੁਰ ਲਾਂਘੇ ਵਾਂਗ ਹੋਰ ਵੀ ਅਨੇਕਾਂ ਦੇਸ਼ਾਂ ਵਿਚ ਧਾਰਮਿਕ ਲਾਂਘੇ ਖੁੱਲ੍ਹੇ ਹਨ ਤੇ ਇਨ੍ਹਾਂ ਲਾਂਘਿਆਂ ਉਤੇ ਵੀ ਹਰ ਥਾਂ ਫੀਸ ਵਸੂਲੀ ਜਾਂਦੀ ਹੈ। ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਲਾਂਘੇ ਰਾਹੀਂ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਤੋਂ 20 ਡਾਲਰ (1400 ਰੁਪਏ) ਦੀ ਫੀਸ ਵਸੂਲਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਉਤੇ ਕਾਫੀ ਵਾਵੇਲਾ ਖੜ੍ਹਾ ਕੀਤਾ ਜਾ ਰਿਹਾ ਹੈ। 1400 ਰੁਪਏ ਦੀ ਫੀਸ ਵਿਚ ਯਾਤਰੀਆਂ ਨੂੰ ਬੱਸਾਂ ਰਾਹੀਂ ਦਰਬਾਰ ਸਾਹਿਬ ਤੱਕ ਲਿਜਾਣ ਤੇ ਵਾਪਸ ਛੱਡਣ, ਆਰਾਮ ਲਈ ਕਮਰੇ ਮੁਹੱਈਆ ਕਰਵਾਉਣ ਤੇ ਹੋਰ ਅਨੇਕ ਤਰ੍ਹਾਂ ਦੀਆਂ ਸਹੂਲਤਾਂ ਸ਼ਾਮਲ ਹਨ।

ਤਿੱਬਤ ਵਿਚਲੇ ਕੈਲਾਸ਼ ਮਾਨਸਰੋਵਰ ਲਈ ਭਾਰਤ ਤੇ ਚੀਨ ਵੱਲੋਂ ਦਿੱਤੇ ਲਾਂਘੇ ਲਈ ਫੀਸ 2500 ਰੁਪਏ ਹੈ ਤੇ ਕਈ ਹੋਰ ਤਰ੍ਹਾਂ ਦੀਆਂ ਸਹੂਲਤਾਂ ਲਈ ਵੱਖਰੇ ਪੈਸੇ ਲਏ ਜਾਂਦੇ ਹਨ। ਇਸੇ ਤਰ੍ਹਾਂ ਅਜਮੇਰ ਸ਼ਰੀਫ ਤੇ ਹੋਰ ਥਾਂਵਾਂ ਉਤੇ ਵੱਖ-ਵੱਖ ਦੇਸ਼ਾਂ ਤੋਂ ਆਉਣ ਵਾਲੇ ਸ਼ਰਧਾਲੂਆਂ ਤੋਂ ਵੀਜ਼ਾ ਫੀਸ ਵਸੂਲੀ ਜਾਂਦੀ ਹੈ।

ਹੱਜ ਕਰਨ ਜਾਣ ਵਾਲੇ ਮੁਸਲਿਮ ਸ਼ਰਧਾਲੂਆਂ ਨੂੰ 800 ਅਮਰੀਕੀ ਡਾਲਰ ਵੀਜ਼ਾ ਫੀਸ ਵਜੋਂ ਤਾਰਨੀ ਪੈਂਦੀ ਹੈ। ਅਹਿਮਦੀਆ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿਚ ਪੰਜਾਬ ਦੇ ਕਾਦੀਆਂ ਵਿਖੇ ਆਉਂਦੇ ਹਨ ਤੇ ਉਨ੍ਹਾਂ ਸਾਰਿਆਂ ਨੂੰ ਭਾਰਤੀ ਵੀਜ਼ਾ ਫੀਸ ਦੇਣੀ ਪੈਂਦੀ ਹੈ। ਸਵਾਲ ਇਹ ਉੱਠ ਰਿਹਾ ਹੈ ਕਿ ਬਾਕੀ ਧਰਮਾਂ ਦੇ ਸ਼ਰਧਾਲੂਆਂ ਨੂੰ ਵੀ ਫੀਸ ਤਾਰਨੀ ਪੈਂਦੀ ਹੈ, ਫਿਰ ਸਿੱਖਾਂ ਦੇ ਧਾਰਮਿਕ ਅਸਥਾਨ ਲਈ ਲਾਂਘਾ ਖੁੱਲ੍ਹਣ ਸਮੇਂ ਲਗਾਈ ਫੀਸ ਉਤੇ ਵਿਵਾਦ ਕਿਉਂ ਖੜ੍ਹਾ ਹੋ ਰਿਹਾ ਹੈ?

ਬਹੁਤ ਸਾਰੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਇੰਨੇ ਚਿਰਾਂ ਦੀਆਂ ਅਰਦਾਸਾਂ ਬਾਅਦ ਬਾਬੇ ਨਾਨਕ ਦੀ ਧਰਤੀ ਨਤਮਸਤਕ ਹੋਣ ਦਾ ਰਾਹ ਖੁੱਲ੍ਹਿਆ ਹੈ ਤੇ ਫੀਸ ਨਾਲੋਂ ਪਵਿੱਤਰ ਅਸਥਾਨ ਦੇ ਦਰਸ਼ਨਾਂ ਦੀ ਉਮੰਗ ਪੂਰੀ ਹੋਣ ਦੀ ਵਧੇਰੇ ਖੁਸ਼ੀ ਹੈ। ਕੁਝ ਲੋਕ ਆਪਸੀ ਚੌਧਰ ਜਮਾਉਣ ਵਿਚ ਹੀ ਲਾਂਘੇ ਲਈ ਲਗਾਈ ਫੀਸ ਦਾ ਵਿਰੋਧ ਕਰਨ ਤੁਰੇ ਹੋਏ ਹਨ।

## ਸੰਜੈ ਗੁਪਤਾ ਭਾਰਤ 'ਚ ਗੂਗਲ ਦੇ ਮੈਨੇਜਰ ਨਿਯੁਕਤ

**ਨਵੀਂ ਦਿੱਲੀ:** ਗੂਗਲ ਨੇ ਸੰਜੈ ਗੁਪਤਾ ਨੂੰ ਭਾਰਤ ਦਾ ਮੈਨੇਜਰ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਸੰਜੈ ਗੁਪਤਾ ਨੂੰ ਦੇਸ਼ ਵਿਚ ਸੇਲਜ਼ ਤੇ ਆਪਰੇਸ਼ਨ ਸਬੰਧੀ ਵਿਭਾਗ ਦਾ ਉਪ-ਪ੍ਰਧਾਨ ਵੀ ਲਾਇਆ ਗਿਆ ਹੈ। ਏ.ਪੀ.ਏ.ਸੀ. (ਗੂਗਲ) ਦੇ ਪ੍ਰਧਾਨ ਸਕੌਟ ਬਿਊਮੌਂਟ ਨੇ ਦੱਸਿਆ ਕਿ ਸੰਜੈ ਗੁਪਤਾ ਅਗਲੇ ਸਾਲ ਦੀ ਸ਼ੁਰੂਆਤ 'ਚ ਆਪਣਾ ਕਾਰਜਭਾਰ ਸੰਭਾਲ ਲੈਣਗੇ ਅਤੇ ਮੁੰਬਈ ਤੋਂ ਗੁਰੂਗ੍ਰਾਮ, ਹੈਦਰਾਬਾਦ ਅਤੇ ਬੰਗਲੂਰੂ ਦੀਆਂ ਟੀਮਾਂ ਨਾਲ ਮਿਲ ਕੇ ਕੰਮ ਕਰਨਗੇ।

# ਭਾਰਤ ਨੂੰ ਪਾਕਿ 'ਚ ਖਾਲਿਸਤਾਨੀਆਂ ਦੀ ਮੌਜੂਦਗੀ ਦੀ ਚਿੰਤਾ

**ਨਵੀਂ ਦਿੱਲੀ:** ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਤੋਂ ਆਉਣ ਵਾਲੇ ਵੱਖਵਾਦੀਆਂ ਸਮੇਤ ਪਾਕਿਸਤਾਨ 'ਚ ਖਾਲਿਸਤਾਨ ਪੱਖੀ ਆਗੂਆਂ ਦੀ ਮੌਜੂਦਗੀ ਨੇ ਭਾਰਤ ਨੂੰ ਡੂੰਘੇ ਫਿਕਰਾਂ ਵਿਚ ਪਾ ਦਿੱਤਾ ਹੈ। ਭਾਰਤ ਤੋਂ ਕਰਤਾਰਪੁਰ ਸਾਹਿਬ ਜਾਣ ਵਾਲੇ ਸਿੱਖ ਸ਼ਰਧਾਲੂਆਂ ਨਾਲ ਉਨ੍ਹਾਂ ਦੇ ਰਲ ਜਾਣ ਦੀ ਸੰਭਾਵਨਾ ਨੂੰ ਦੇਖਦਿਆਂ ਖੁਫੀਆ ਏਜੰਸੀਆਂ ਵੀ ਚੌਕਸ ਹੋ ਗਈਆਂ ਹਨ।

ਖੁਫੀਆ ਏਜੰਸੀਆਂ ਨੇ ਖਬਰਦਾਰ ਕੀਤਾ ਹੈ ਕਿ ਸਿੱਖਸ ਫਾਰ ਜਸਟਿਸ ਵਰਗੀਆਂ ਸਿੱਖ ਕੱਟੜਵਾਦੀ ਜਥੇਬੰਦੀਆਂ ਨੇ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਹੈ। ਏਜੰਸੀਆਂ ਦਾ ਦਾਅਵਾ ਹੈ ਕਿ ਐਸ.ਐਫ.ਜੇ. ਨੂੰ ਪਾਕਿ ਆਧਾਰਿਤ ਆਕਾਵਾਂ ਵੱਲੋਂ ਪੰਜਾਬ 'ਚ ਦਹਿਸ਼ਤਗਰਦਾਂ ਨੂੰ ਪੈਸੇ ਅਤੇ ਹੋਰ ਸਹਾਇਤਾ ਮੁਹੱਈਆ ਕਰਾਉਣ ਲਈ ਵਰਤਿਆ ਜਾ ਰਿਹਾ ਹੈ ਤਾਂ ਜੋ ਉਥੇ ਦਹਿਸ਼ਤੀ ਕਾਰਵਾਈਆਂ ਨੂੰ ਅੰਜਾਮ ਦਿੱਤਾ ਜਾ ਸਕੇ। ਭਾਰਤ ਮੁਤਾਬਕ ਪਾਕਿਸਤਾਨ 'ਚ ਕਈ ਗੁਰਦੁਆਰਿਆਂ ਨੂੰ ਖਾਲਿਸਤਾਨ ਪੱਖੀ ਸੁਨੇਹਿਆਂ ਲਈ ਵਰਤਿਆ ਜਾ ਰਿਹਾ ਹੈ ਅਤੇ ਉਨ੍ਹਾਂ ਇਹ ਜਾਣਕਾਰੀ ਸਾਂਝੀ ਕੀਤੀ ਹੈ ਕਿ 'ਸਿੱਖ ਰਾਇਸ਼ੁਮਾਰੀ 2020' ਦੇ ਪਰਚੇ ਵੰਡੇ ਜਾ ਰਹੇ ਹਨ।

ਖੁਫੀਆ ਏਜੰਸੀਆਂ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਪੰਜਾਬ 'ਚ ਭੇਜੇ ਜਾ ਰਹੇ ਹਥਿਆਰਾਂ ਤੋਂ ਵੀ ਫਿਕਰਮੰਦ ਹਨ। ਭਾਰਤ ਨੇ ਵੱਖਵਾਦੀ ਅਤੇ ਅਤਿਵਾਦੀ ਹਾਫਿਜ਼ ਸਈਦ ਦੇ ਸਾਥੀ ਗੋਪਾਲ ਸਿੰਘ ਚਾਵਲਾ ਦੇ ਕਰਤਾਰਪੁਰ ਸਾਹਿਬ ਲਾਂਘੇ ਦੀ ਪ੍ਰਬੰਧਕੀ ਕਮੇਟੀ 'ਚ ਸ਼ਾਮਲ ਕੀਤੇ ਜਾਣ ਉਤੇ ਵੀ ਇਤਰਾਜ਼ ਪ੍ਰਗਟਾਇਆ ਸੀ। ਪਾਕਿਸਤਾਨ ਵੱਲੋਂ ਕਰਤਾਰਪੁਰ ਸਾਹਿਬ ਬਾਰੇ ਜਾਰੀ ਵੀਡੀਓ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਸ਼ਬੇਗ ਸਿੰਘ ਸਮੇਤ ਹੋਰਾਂ ਦੀਆਂ ਤਸਵੀਰਾਂ ਦਿਖਾਏ ਜਾਣ ਉਤੇ ਭਾਰਤ ਨੇ ਵਿਰੋਧ ਦਰਜ ਕਰਵਾਇਆ ਹੈ। ਕਰਤਾਰਪੁਰ 'ਚ ਗੁਰਦੁਆਰਾ ਦਰਬਾਰ ਸਾਹਿਬ ਨੇੜੇ 'ਭਾਰਤੀ ਬੰਬ' ਬਾਰੇ ਪੋਸਟਰ ਨੇ ਵੀ ਸ਼ੰਕੇ ਖੜ੍ਹੇ ਕੀਤੇ ਹਨ। ਪਾਕਿਸਤਾਨੀ ਅਧਿਕਾਰੀਆਂ ਵੱਲੋਂ ਉਥੇ ਲਾਏ ਗਏ ਬੋਰਡ ਉਤੇ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਹਵਾਈ ਸੈਨਾ ਨੇ 1971 ਦੀ ਜੰਗ ਵੇਲੇ ਗੁਰਦੁਆਰੇ 'ਤੇ ਬੰਬ ਸੁੱਟਿਆ ਸੀ। ਪੋਸਟਰ 'ਤੇ ਉਰਦੂ, ਗੁਰਮੁਖੀ ਅਤੇ ਅੰਗਰੇਜ਼ੀ 'ਚ ਸਤਰਾਂ ਲਿਖੀਆਂ ਗਈਆਂ ਹਨ ਜਿਸ ਦਾ ਸਿਰਲੇਖ 'ਵਾਹਿਗੁਰੂ ਜੀ ਦੀ ਕਰਾਮਾਤ' ਹੈ। ਪੋਸਟਰ ਮੁਤਾਬਕ ਵਾਹਿਗੁਰੂ ਜੀ ਦੇ ਆਸ਼ੀਰਵਾਦ ਕਾਰਨ ਬੰਬ ਖੂਹ 'ਚ ਡਿੱਗਿਆ ਸੀ ਅਤੇ ਦਰਬਾਰ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਸੀ। ਭਾਰਤ ਵੱਲੋਂ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਪਾਕਿਸਤਾਨ ਲਾਂਘੇ ਦੀ ਵਰਤੋਂ ਕਰਕੇ ਸਿੱਖਾਂ ਨੂੰ ਭਰਮਾਉਣਾ ਚਾਹੁੰਦਾ ਹੈ।

## ਭਾਜਪਾ ਸਿੱਧੂ 'ਤੇ ਭੜਕੀ

**ਨਵੀਂ ਦਿੱਲੀ:** ਭਾਜਪਾ ਨੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਸਰਹੱਦ ਪਾਰ ਕਰਤਾਰਪੁਰ ਲਾਂਘੇ ਦੇ ਉਦਘਾਟਨ ਮੌਕੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪ੍ਰਸ਼ੰਸਾ ਕਰਨ ਅਤੇ ਪਾਕਿਸਤਾਨੀ ਲੀਡਰਸ਼ਿਪ ਨੂੰ ਭਾਰਤ ਨਾਲੋਂ ਉਚ ਦਰਜੇ 'ਤੇ ਪੇਸ਼ ਕਰਨ ਲਈ ਨਿਖੇਧੀ ਕੀਤੀ। ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਇਸ ਮਸਲੇ 'ਤੇ ਸਿੱਧੂ ਦੀ ਆਲੋਚਨਾ ਕੀਤੀ। ਕਾਬਲੇਗੌਰ ਹੈ ਕਿ ਸਿੱਧੂ ਨੇ ਕਿਹਾ ਸੀ, "ਸਿਕੰਦਰ ਨੇ ਡਰ ਨਾਲ ਦੁਨੀਆ ਨੂੰ ਜਿੱਤਿਆ ਅਤੇ ਤੁਸੀਂ ਪੂਰੀ ਦੁਨੀਆਂ ਦਾ ਦਿਲ ਜਿੱਤ ਲਿਆ ਹੈ।" ਪਾਤਰਾ ਨੇ ਦੋਸ਼ ਲਾਇਆ ਕਿ ਇਹ ਟਿੱਪਣੀ ਕਰ ਕੇ ਸਿੱਧੂ ਨੇ ਪਾਕਿਸਤਾਨ ਤੇ ਇਮਰਾਨ ਨੂੰ ਭਾਰਤ ਨਾਲੋਂ ਉੱਚਾ ਦਿਖਾਉਣ ਦੀ ਕੋਸ਼ਿਸ਼ ਕੀਤੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸ਼ਰਧਾ ਦਾ ਸੈਲਾਬ

**ਸੁਲਤਾਨਪੁਰ ਲੋਧੀ:** ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਕਰਤਾਰਪੁਰ ਲਾਂਘਾ ਖੁੱਲ੍ਹਣ ਕਾਰਨ ਇਸ ਵਾਰ ਸੰਗਤਾਂ ਵਿਚ ਵੱਡੀ ਖੁਸ਼ੀ ਦਾ ਮਾਹੌਲ ਸੀ। ਵੱਡੀ ਗਿਣਤੀ ਸੰਗਤ ਨੇ ਪਾਕਿਸਤਾਨ ਵਾਲੇ ਪਾਸੇ ਕਰਤਾਰਪੁਰ ਸਾਹਿਬ ਜਾ ਕੇ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ।

ਇਧਰ, ਗੁਰਦੁਆਰਾ ਸ੍ਰੀ ਬੇਰ ਸਾਹਿਬ ਸਣੇ ਕਈ ਧਾਰਮਿਕ ਥਾਂਵਾਂ ਉਤੇ ਸੰਗਤਾਂ ਦਾ ਸੈਲਾਬ ਆਇਆ ਹੋਇਆ ਸੀ। ਇਸ ਦੇ ਨਾਲ ਹੀ ਦੇਸ਼ ਦੇ ਵੱਖ-ਵੱਖ ਗੁਰਦੁਆਰੇ ਖੂਬਸੂਰਤ ਤਰੀਕੇ ਨਾਲ ਸਜਾਏ ਹੋਏ ਹਨ। ਦੇਸ਼ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੀ ਸੁਲਤਾਨਪੁਰ ਲੋਧੀ ਪਹੁੰਚੇ ਜਿਥੇ ਉਨ੍ਹਾਂ ਨੇ ਬੇਰ ਸਾਹਿਬ 'ਚ ਮੱਥਾ ਟੇਕਿਆ। ਇਸ ਤੋਂ ਬਾਅਦ ਉਨ੍ਹਾਂ ਨੇ ਇਥੇ ਸਮਾਗਮ 'ਚ ਸ਼ਿਰਕਤ ਕਰਕੇ ਲੋਕਾਂ ਨੂੰ ਸੰਬੋਧਨ ਕੀਤਾ। ਆਪਣੇ ਭਾਸ਼ਣ 'ਚ ਰਾਸ਼ਟਰਪਤੀ ਨੇ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਸਿੱਖਿਆਵਾਂ, ਕਲਿਆਣ ਦੇ ਕੰਮ ਕਰਨ ਤੇ ਇਨਸਾਨੀਅਤ ਦੀ ਰਾਹ 'ਤੇ ਚੱਲਣ ਦੀ ਸਲਾਹ ਦਿੱਤੀ। ਪ੍ਰਕਾਸ਼ ਪੁਰਬ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਦਿੱਤਾ ਹੈ।

ਗੁਰੂ ਨਾਨਕ ਸਟੇਡੀਅਮ ਵਿਖੇ ਸਮਾਗਮ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਦੇ ਨਾਂ ਸੰਦੇਸ਼ ਦਿੰਦਿਆਂ ਸਿੱਖ ਪੰਥ ਦੇ ਅਜੋਕੇ ਹਾਲਾਤ, ਵਿਸ਼ਵ ਸਰੋਕਾਰਾਂ ਤੇ ਵਿਸ਼ਵ ਪ੍ਰਸੰਗ ਵਿਚ ਸਿੱਖ ਫਲਸਫੇ ਦੀ ਅਹਿਮੀਅਤ ਨੂੰ ਉਭਾਰਿਆ। ਉਨ੍ਹਾਂ ਨੇ ਆਪਣੇ ਸੰਦੇਸ਼ ਦੀ ਸ਼ੁਰੂਆਤ 550 ਸਾਲਾ ਪ੍ਰਕਾਸ਼ ਪੁਰਬ ਦੇ ਮੁਬਾਰਕ ਮੌਕੇ ਉਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ 'ਤੇ ਖੁਸ਼ੀ ਦੇ ਪ੍ਰਗਟਾਵੇ ਨਾਲ ਕਰਦਿਆਂ ਪਿਛਲੇ ਸਾਢੇ ਪੰਜ ਸੌ ਸਾਲਾਂ ਦੌਰਾਨ ਸਿੱਖ ਪੰਥ ਦੇ ਇਤਿਹਾਸਕ ਸਫਰ ਤੇ ਮੌਜੂਦਾ ਦਸ਼ਾ ਦੇ ਮੱਦੇਨਜ਼ਰ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਲੋੜ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਭਵਿੱਖ ਬਾਰੇ ਸੇਧ ਲੈਣ ਲਈ ਅਰਧ ਸ਼ਤਾਬਦੀ ਪੁਰਬ ਨੂੰ ਪ੍ਰੇਰਨਾ ਵਜੋਂ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਵਿਆਪਕ ਪ੍ਰਸੰਗ ਵਿਚ ਗੱਲ ਕਰਦਿਆਂ ਕਿਹਾ ਕਿ ਸਿਰਫ ਸਿੱਖ ਕੌਮ ਹੀ ਨਹੀਂ, ਅੱਜ ਸਮੁੱਚੇ ਸੰਸਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਜੀਵਨ ਮਾਰਗ ਦੀ ਤਾਂਘ ਹੈ।

ਸਿੰਘ ਸਾਹਿਬ ਨੇ ਜਾਤ-ਪਾਤ, ਊਚ-ਨੀਚ, ਇਸਤਰੀ ਨਾਲ ਵਿਤਕਰਾ ਤੇ ਆਲਮੀ ਤਪਸ਼ ਵਰਗੇ ਮਨੁੱਖਤਾ ਨੂੰ ਦਰਪੇਸ਼ ਸੰਕਟਾਂ ਦੇ ਹੱਲ ਲਈ ਗੁਰਮਤਿ ਦੇ ਫਲਸਫੇ ਨੂੰ ਨਵੀਆਂ ਅੰਤਰਦ੍ਰਿਸ਼ਟੀਆਂ ਤੋਂ ਖੋਲ੍ਹਣ ਦੀ ਲੋੜ ਦੱਸੀ। ਉਨ੍ਹਾਂ ਪੰਜਾਬੀਆਂ ਵਿਚ ਮਾਂ ਬੋਲੀ ਪ੍ਰਤੀ ਬੇਮੁਖਤਾਈ ਦੇ ਰੁਝਾਨ ਬਾਰੇ ਚਿੰਤਾ ਪ੍ਰਗਟ ਕਰਦਿਆਂ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਹਰ ਪੰਜਾਬੀ ਆਪਣੇ ਘਰ ਨੂੰ ਪੰਜਾਬੀ ਬੋਲੀ ਦੀ ਟਕਸਾਲ ਬਣਾਵੇ।

# ਆਜ਼ਾਦ ਹਿੰਦ ਫੌਜ ਦੇ 103 ਸਾਲਾ ਨਾਇਕ ਕਰਨੈਲ ਸਿੰਘ ਦਾ ਦੇਹਾਂਤ

**ਸਮਾਲਸਰ:** ਆਜ਼ਾਦ ਹਿੰਦ ਫੌਜ ਦੇ ਨਾਇਕ ਕਰਨੈਲ ਸਿੰਘ ਸਰਾਂ ਦਾ ਦੇਹਾਂਤ ਹੋ ਗਿਆ। ਉਹ 103 ਸਾਲਾਂ ਦੇ ਸਨ ਅਤੇ ਉਹ ਪਿੰਡ ਲੰਡੇ ਦੇ ਵਸਨੀਕ ਸਨ। ਉਨ੍ਹਾਂ ਨੂੰ ਆਜ਼ਾਦ ਹਿੰਦ ਫੌਜ ਦੇ ਬਾਨੀ ਸੁਭਾਸ਼ ਚੰਦਰ ਬੋਸ ਨੂੰ ਸਾਹਮਣੇ ਤੱਕਣ ਤੇ ਗੱਲ ਕਰਨ ਦਾ ਮਾਣ ਪ੍ਰਾਪਤ ਸੀ। ਉਨ੍ਹਾਂ ਇਲਾਕੇ 'ਚ ਸਭ ਤੋਂ ਵੱਧ ਸਮਾਂ ਕਰੀਬ 56 ਸਾਲ ਪੈਨਸ਼ਨ ਲਈ ਅਤੇ ਉਨ੍ਹਾਂ ਨੂੰ ਕੋਈ ਗੰਭੀਰ ਬਿਮਾਰੀ ਨਹੀਂ ਸੀ। ਉਨ੍ਹਾਂ ਦੇ ਪੁੱਤਰ ਦਿਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਕਰਨੈਲ ਸਿੰਘ ਦਾ ਜਨਮ ਮਈ 1916 'ਚ ਹੋਇਆ ਸੀ।

ਉਨ੍ਹਾਂ ਮੁਢਲੀ ਸਿੱਖਿਆ ਮਦਰੱਸੇ ਤੋਂ ਹਾਸਲ ਕੀਤੀ ਸੀ। ਉਰਦੂ ਤੇ ਫਾਰਸੀ ਦੀਆਂ ਚਾਰ ਕਲਾਸਾਂ ਪੜ੍ਹ ਕੇ ਕਰਨੈਲ ਸਿੰਘ 14 ਜੂਨ 1941 ਨੂੰ 16 ਰੁਪਏ ਪ੍ਰਤੀ ਮਹੀਨਾ ਤਨਖਾਹ ਉਤੇ ਅੰਗਰੇਜ਼ੀ ਫੌਜ ਵਿਚ ਟੈਂਕ ਰਸਾਲਾ ਨੰਬਰ 6 ਵਿਚ ਭਰਤੀ ਹੋ ਗਿਆ ਸੀ। ਕਰਨੈਲ ਸਿੰਘ 1941-42 ਤੱਕ ਰੰਗਰੂਟ ਰਿਹਾ। ਸਾਲ 1942 'ਚ ਉਹ ਦੂਜੀ ਸੰਸਾਰ ਜੰਗ ਵੇਲੇ ਬਰਮਾ ਵਿਚ ਜਾਪਾਨੀ ਫੌਜ ਖਿਲਾਫ ਤਿੰਨ ਸਾਲ ਲੜਿਆ। 3 ਅਕਤੂਬਰ 1964 ਨੂੰ 44 ਰੁਪਏ ਦੀ ਪੈਨਸ਼ਨ ਨਾਲ ਉਹ ਸੇਵਾਮੁਕਤ ਹੋਇਆ ਸੀ। ਉਨ੍ਹਾਂ ਨੂੰ ਪੈਨਸ਼ਨ ਲੈਂਦਿਆਂ 56 ਸਾਲ ਦੇ ਕਰੀਬ ਹੋ ਗਏ ਸਨ। ਕਰਨੈਲ ਸਿੰਘ ਨੇ ਚਾਰ ਪੀੜ੍ਹੀਆਂ ਦੇ ਪਰਿਵਾਰ ਨੂੰ ਇਕ ਲੜੀ ਵਿਚ ਪਰੋ ਕੇ ਰੱਖਿਆ।

# ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਬਦਲੀ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਬੇਅੰਤ ਸਿੰਘ ਹੱਤਿਆ ਮਾਮਲੇ ਵਿਚ ਫਾਂਸੀ ਦੀ ਸਜ਼ਾਯਾਫਤਾ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰਕੈਦ ਵਿਚ ਤਬਦੀਲ ਕਰਨ ਦੀ ਜਾਣਕਾਰੀ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਹੈ। ਰਾਜੋਆਣਾ ਬੇਅੰਤ ਸਿੰਘ ਹੱਤਿਆਕਾਂਡ ਦੇ ਸਾਜਿਸ਼ਘਾੜਿਆਂ ਵਿਚੋਂ ਇਕ ਹੈ ਤੇ ਉਹ ਬੱਬਰ ਖਾਲਸਾ ਨਾਲ ਸਬੰਧਤ ਹੈ।

ਜੇਲ੍ਹ ਵਿਭਾਗ ਦੇ ਸੂਤਰਾਂ ਅਨੁਸਾਰ ਰਾਜੋਆਣਾ ਨਾਲ ਸਬੰਧਤ ਫਾਈਲ ਮੁੱਖ ਮੰਤਰੀ ਦਫਤਰ ਨੂੰ ਭੇਜ ਦਿੱਤੀ ਗਈ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਦੇ ਮੱਦੇਨਜ਼ਰ ਸਿੱਖ ਬੰਦੀਆਂ ਪ੍ਰਤੀ ਨਰਮੀ ਦਾ ਰੁਖ ਅਪਨਾਉਣ ਦੇ ਨਜ਼ਰੀਏ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਐਨ.ਡੀ.ਏ. ਸਰਕਾਰ ਨੇ ਖਾੜਕੂਆਂ ਪ੍ਰਤੀ ਨਰਮੀ ਦਾ ਵਤੀਰਾ ਅਪਣਾਇਆ ਸੀ। ਉਸ ਵੇਲੇ ਵੱਸਣ ਸਿੰਘ ਜ਼ੱਫਰਵਾਲ ਅਤੇ ਜਗਜੀਤ ਸਿੰਘ ਚੌਹਾਨ ਨੂੰ ਦੇਸ਼ ਆਉਣ ਦੀ ਆਗਿਆ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਰਾਜੋਆਣਾ ਪੰਜਾਬ ਪੁਲਿਸ ਦਾ ਸਿਪਾਹੀ ਸੀ ਜਿਸ ਨੂੰ ਉਸ ਵੇਲੇ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿਚ ਫਾਂਸੀ ਦੀ ਸਜ਼ਾ ਹੋਈ ਸੀ। ਬੇਅੰਤ ਸਿੰਘ ਦੀ ਹੱਤਿਆ 31 ਅਗਸਤ 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਸਾਹਮਣੇ ਮਨੁੱਖੀ ਬੰਬ ਧਮਾਕਾ ਕਰ ਕੇ ਕੀਤੀ ਗਈ ਸੀ। ਉਸ ਧਮਾਕੇ ਵਿਚ ਮੁੱਖ ਮੰਤਰੀ ਦੇ ਨਾਲ ਮਨੁੱਖੀ ਬੰਬ ਦਿਲਾਵਰ ਸਿੰਘ ਵੀ ਮਾਰਿਆ ਗਿਆ ਸੀ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸੂਬੇ ਦੇ ਲਗਭਗ 240 ਕੈਦੀਆਂ ਦੀਆਂ ਸਜ਼ਾਵਾਂ ਮੁਆਫ ਕੀਤੀਆਂ ਹਨ।

# ਜਪੁਜੀ ਸਾਹਿਬ ਦਾ ਸੰਸਾਰ ਦੀਆਂ 19 ਭਾਸ਼ਾਵਾਂ ਵਿਚ ਅਨੁਵਾਦ

**ਅੰਮ੍ਰਿਤਸਰ:** ਅਮਰੀਕਾ ਵਿਚ ਵੱਸਦੇ ਸਿੱਖਾਂ ਦੀ ਜਥੇਬੰਦੀ 'ਸਿੱਖ ਧਰਮ ਇੰਟਰਨੈਸ਼ਨਲ' ਵੱਲੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਦਾ ਵਿਸ਼ਵ ਦੀਆਂ 19 ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਇਸ ਨੂੰ ਪੋਥੀ ਦੇ ਰੂਪ ਵਿਚ ਤਿਆਰ ਕੀਤਾ ਗਿਆ ਹੈ।

ਇਸ ਨੂੰ 'ਜਪੁਜੀ ਸਾਹਿਬ-ਵਿਸ਼ਵ ਲਈ ਗੁਰੂ ਨਾਨਕ ਦਾ ਪ੍ਰਕਾਸ਼' ਨਾਂ ਦਿੱਤਾ ਗਿਆ ਹੈ। ਜਪੁਜੀ ਸਾਹਿਬ ਦਾ ਅਨੁਵਾਦ ਜਿਨ੍ਹਾਂ 19 ਭਾਸ਼ਾਵਾਂ ਵਿਚ ਕੀਤਾ ਗਿਆ ਹੈ, ਉਨ੍ਹਾਂ ਵਿਚ ਅੰਗਰੇਜ਼ੀ, ਜਰਮਨ, ਡੱਚ, ਇਟਾਲੀਅਨ, ਸਪੈਨਿਸ਼, ਪੋਲਿਸ਼, ਨਾਰਵੇਇਨ, ਸਵੀਡਿਸ਼, ਫਿਨਿਸ਼, ਫਰੈਂਚ, ਪੁਰਤਗਾਲ, ਗੁਰੈਨੀ, ਰਸ਼ੀਅਨ, ਐਸਟੋਨੀਅਨ, ਮਲੇਸ਼ੀਅਨ, ਚੀਨੀ, ਜਾਪਾਨੀ, ਹਿਬਰਿਊ ਅਤੇ ਤੁਰਕਸਤਾਨੀ ਸ਼ਾਮਲ ਹਨ। ਲਗਭਗ 400 ਪੰਨਿਆਂ ਦੀ ਇਸ ਪੋਥੀ ਦੀ ਜਿਲਦ ਚਾਂਦੀ ਦੀ ਹੈ ਅਤੇ ਇਸ ਵਿਚ ਰਤਨ ਜੜ੍ਹੇ ਹੋਏ ਹਨ। ਜਥੇਬੰਦੀ ਵੱਲੋਂ ਇਹ ਪੋਥੀ ਭਲਕੇ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਜਾਵੇਗੀ ਤਾਂ ਜੋ ਇਸ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਰੱਖਿਆ ਜਾ ਸਕੇ।

ਇਸ ਪੋਥੀ ਦਾ ਡਿਜ਼ਾਈਨ ਤਿਆਰ ਕਰਨ ਵਾਲੇ ਕੈਲੀਫੋਰਨੀਆ ਵਾਸੀ ਜੀਵਨ ਰਣਧੀਰ ਸਿੰਘ ਨੇ ਦੱਸਿਆ ਕਿ ਪੋਥੀ ਦੇ ਹਰ ਪੰਨੇ ਨੂੰ ਨਿਵੇਕਲੇ ਢੰਗ ਨਾਲ ਤਿਆਰ ਕੀਤਾ ਗਿਆ ਹੈ। ਪੰਨਿਆਂ ਉਤੇ ਵੱਖ ਵੱਖ ਦੇਸ਼ਾਂ ਦੇ ਫੁੱਲ ਵੀ ਦਿਖਾਏ ਗਏ ਹਨ, ਜੋ ਉਥੋਂ ਦੀ ਭਾਸ਼ਾ ਨੂੰ ਚਿੰਨ੍ਹਤ ਕਰਦੇ ਹਨ। ਉਨ੍ਹਾਂ ਆਖਿਆ ਕਿ ਜਪੁਜੀ ਸਾਹਿਬ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕਰਨ ਦਾ ਮੁੱਖ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵਿਸ਼ਵ ਵਿਚ ਵੱਖ-ਵੱਖ ਮੁਲਕਾਂ 'ਚ ਉਥੋਂ ਦੀ ਭਾਸ਼ਾ ਵਿਚ ਪ੍ਰਚਾਰ ਕਰਨਾ ਹੈ। ਜਥੇਬੰਦੀ ਦੇ ਮੁਖੀ ਕੁਲਬੀਰ ਸਿੰਘ ਖਾਲਸਾ ਨੇ ਆਖਿਆ ਕਿ ਜਪੁਜੀ ਸਾਹਿਬ ਦਾ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕਰਨ ਸਮੇਂ ਇਸ ਦੇ ਅਰਥਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਗਿਆ ਹੈ ਤਾਂ ਜੋ ਇਸ ਦਾ ਮੂਲ ਮੰਤਵ ਬਣਿਆ ਰਹੇ। ਇਸ ਦਾ ਅਨੁਵਾਦ ਜਥੇਬੰਦੀ ਦੇ ਮੈਂਬਰਾਂ ਵੱਲੋਂ ਕੀਤਾ ਗਿਆ ਹੈ।

# ਸਵਿਸ ਬੈਂਕਾਂ 'ਚ ਭਾਰਤੀਆਂ ਦੇ ਬੰਦ ਪਏ ਖਾਤਿਆਂ ਦਾ ਕੋਈ 'ਵਾਰਸ' ਨਹੀਂ

**ਨਵੀਂ ਦਿੱਲੀ:** ਸਵਿਟਜ਼ਰਲੈਂਡ ਦੀਆਂ ਬੈਂਕਾਂ ਵਿਚ ਭਾਰਤੀਆਂ ਦੇ ਕਰੀਬ ਇਕ ਦਰਜਨ ਬੰਦ ਪਏ ਖਾਤਿਆਂ ਦਾ ਕੋਈ ਦਾਅਵੇਦਾਰ ਸਾਹਮਣੇ ਨਹੀਂ ਆਇਆ। ਅਜਿਹੇ 'ਚ ਇਨ੍ਹਾਂ ਖਾਤਿਆਂ ਵਿਚ ਪਈ ਰਕਮ ਸਵਿਟਜ਼ਰਲੈਂਡ ਸਰਕਾਰ ਨੂੰ ਟਰਾਂਸਫਰ ਹੋ ਸਕਦੀ ਹੈ। ਸਵਿਟਜ਼ਰਲੈਂਡ ਸਰਕਾਰ ਵੱਲੋਂ 2015 ਵਿਚ ਬੰਦ ਪਏ ਖਾਤਿਆਂ ਬਾਰੇ ਵੇਰਵੇ ਜਨਤਕ ਕਰਨੇ ਸ਼ੁਰੂ ਕੀਤੇ ਗਏ ਸਨ, ਜਿਸ ਤਹਿਤ ਇਨ੍ਹਾਂ ਖਾਤਿਆਂ ਦੇ ਦਾਅਵੇਦਾਰਾਂ ਨੂੰ ਇਨ੍ਹਾਂ ਖਾਤਿਆਂ 'ਚ ਪਈ ਰਕਮ ਨੂੰ ਹਾਸਲ ਕਰਨ ਲਈ ਜ਼ਰੂਰੀ ਸਬੂਤ ਉਪਲਬਧ ਕਰਵਾਉਣੇ ਸਨ।

ਸਵਿਟਜ਼ਰਲੈਂਡ ਦੀਆਂ ਬੈਂਕਾਂ 'ਚ ਬੰਦ ਪਏ ਕਰੀਬ 2,600 ਖਾਤਿਆਂ ਵਿਚੋਂ 10 ਖਾਤੇ ਭਾਰਤੀਆਂ ਦੇ ਹਨ, ਜਿਨ੍ਹਾਂ 'ਚੋਂ ਕੁਝ ਨਾਗਰਿਕ ਭਾਰਤ 'ਚ ਬ੍ਰਿਟਿਸ਼ ਸ਼ਾਸਨ ਨਾਲ ਸਬੰਧਤ ਹਨ। ਸਵਿਟਜ਼ਰਲੈਂਡ ਅਥਾਰਟੀਆਂ ਮੁਤਾਬਕ ਉਨ੍ਹਾਂ ਨੂੰ ਪਿਛਲੇ 6 ਸਾਲਾਂ ਦੌਰਾਨ ਇਨ੍ਹਾਂ ਬੰਦ ਪਏ ਖਾਤਿਆਂ ਵਾਲੇ ਭਾਰਤੀਆਂ ਦਾ ਕੋਈ ਵਾਰਸ ਨਹੀਂ ਮਿਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਵਿਚੋਂ 2 ਖਾਤੇ ਕੋਲਕਾਤਾ, 2 ਮੁੰਬਈ, ਇਕ ਦੇਹਰਾਦੂਨ ਨਾਲ ਸਬੰਧਿਤ ਹਨ, ਜਦਕਿ ਬਾਕੀ ਖਾਤਿਆਂ ਦੇ ਮਾਲਕ ਹੁਣ ਫਰਾਂਸ ਜਾਂ ਯੂ.ਕੇ. ਵਿਚ ਰਹਿ ਰਹੇ ਹਨ। ਇਨ੍ਹਾਂ ਵਿਚੋਂ ਕੁਝ ਖਾਤਿਆਂ ਉਤੇ ਦਸੰਬਰ 2019 ਤੱਕ, ਜਦਕਿ ਕੁਝ ਹੋਰਾਂ 'ਤੇ 2020 ਦੇ ਅੰਤ ਤੱਕ ਦਾਅਵਾ ਕੀਤਾ ਜਾ ਸਕਦਾ ਹੈ। ਸਵਿਟਜ਼ਰਲੈਂਡ ਵੱਲੋਂ 2015 ਸਰਵਜਨਕ ਕੀਤੇ 2,600 ਖਾਤਿਆਂ 'ਚ 4.5 ਕਰੋੜ ਫਰੈਂਕ (ਕਰੀਬ 300 ਕਰੋੜ ਰੁਪਏ) ਦੀ ਰਕਮ ਪਈ ਹੈ।

# ਪ੍ਰਕਾਸ਼ ਪੁਰਬ ਮੌਕੇ ਛਿੜਿਆ ਮੁਹੱਬਤ ਦਾ ਰਾਗ

*(ਸਫਾ ਇਕ ਦੀ ਬਾਕੀ)*

ਹੈ।

ਇਹ ਲਾਂਘਾ ਸਿਰਫ ਭਾਰਤੀ ਯਾਤਰੂਆਂ ਤੇ ਵਿਸ਼ੇਸ਼ ਤੌਰ ਉਤੇ ਸਿੱਖ ਭਾਈਚਾਰੇ ਨੂੰ ਸਰਹੱਦ ਪਾਰ ਸਥਿਤ ਸਿੱਖ ਧਰਮ ਦੀ ਅਕੀਦਤ ਦੇ ਕੇਂਦਰ ਤੇ ਹਿੰਦੂ, ਮੁਸਲਿਮ ਤੇ ਸਿੱਖਾਂ ਦੀ ਆਪਸੀ ਸਾਂਝ ਦੇ ਪ੍ਰਤੀਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਦੇ ਖੁੱਲ੍ਹੇ ਦਰਸ਼ਨ-ਦੀਦਾਰ ਹੀ ਨਹੀਂ ਕਰਵਾਏਗਾ ਸਗੋਂ ਦੋਵਾਂ ਮੁਲਕਾਂ ਵਿਚਾਲੇ ਲੰਬੇ ਸਮੇਂ ਤੋਂ ਬਣੀਆਂ ਆ ਰਹੀਆਂ ਸਰਹੱਦੀ ਤੇ ਸਿਆਸੀ ਤਲਖੀਆਂ ਨੂੰ ਵੀ ਖਤਮ ਕਰਨ 'ਚ ਸਹਾਇਕ ਸਾਬਤ ਹੋਵੇਗਾ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਉਹ ਮੁਕੱਦਸ ਸਥਾਨ ਹੈ ਜਿਥੋਂ ਜਾਤ-ਪਾਤ ਤੇ ਊਚ-ਨੀਚ ਦੇ ਹਨੇਰੇ ਵਿਚ ਡੁੱਬੇ ਇਸ ਸੰਸਾਰ ਨੂੰ ਚਾਨਣ ਦਾ ਰਾਹ ਦਿਖਾ ਕੇ ਸਤਿਨਾਮ ਦੀ ਪ੍ਰਚਾਰ ਫੇਰੀ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ 70 ਸਾਲ 4 ਮਹੀਨੇ ਦੀ ਉਮਰ ਭੋਗੀ ਪਰ ਦੋਵਾਂ ਮੁਲਕਾਂ ਵਿਚਾਲੇ ਵੰਡ ਨੇ ਇਹ ਧਾਰਮਿਕ ਸਥਾਨ ਵੀ ਸਿੱਖਾਂ ਤੋਂ ਵਿਛੋੜ ਦਿੱਤਾ।

ਤਿੰਨ ਜੂਨ, 1947 ਨੂੰ ਹੋਏ ਐਲਾਨ ਮੁਤਾਬਕ ਗੁਰਦਾਸਪੁਰ ਦੀ ਹੱਦਬੰਦੀ ਕਰਨ ਵਾਲੇ ਅੰਗਰੇਜ਼ ਅਧਿਕਾਰੀ ਨੇ ਪੂਰੇ ਦਾ ਪੂਰਾ ਗੁਰਦਾਸਪੁਰ ਜ਼ਿਲ੍ਹਾ ਹੀ ਪਾਕਿਸਤਾਨ 'ਚ ਪਾ ਦਿੱਤਾ ਪਰ ਬਾਅਦ 'ਚ ਸਿਆਸੀ ਆਗੂਆਂ ਦੀਆਂ ਕੋਸ਼ਿਸ਼ਾਂ ਸਦਕਾ ਇਸ ਉਤੇ ਦੁਬਾਰਾ ਵਿਚਾਰ ਹੋਈ ਤਾਂ ਗੁਰਦਾਸਪੁਰ ਦੇ ਦੋ ਟੋਟੇ ਕੀਤੇ ਗਏ, ਇਕ ਹਿੱਸਾ ਪਾਕਿਸਤਾਨ 'ਚ ਚਲਾ ਗਿਆ ਅਤੇ ਇਕ ਹਿੰਦੁਸਤਾਨ ਵਿਚ ਰਹਿ ਗਿਆ। ਮੁੜ ਹੋਈ ਹੱਦਬੰਦੀ ਨਾਲ ਕਰਤਾਰਪੁਰ ਐਨ ਸਰਹੱਦ ਦੇ ਉਪਰ ਪਾਕਿਸਤਾਨ ਦੀ ਤਰਫ ਚਲਾ ਗਿਆ। ਕਰੋੜਾਂ ਦੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਸੰਗਤ 1947 ਤੋਂ ਬਾਅਦ ਰੋਜ਼ਾਨਾ ਦੀ ਅਰਦਾਸ 'ਚ ਸ਼ਾਮਲ, ਪੰਥ ਤੋਂ ਵਿਛੋੜੇ ਗਏ ਗੁਰਦੁਆਰਿਆਂ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਬਖਸ਼ਣ ਦੀਆਂ ਅਰਦਾਸਾਂ ਕਰਦੇ ਆ ਰਹੇ ਹਨ, ਉਨ੍ਹਾਂ ਵਿਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਵਿਸ਼ੇਸ਼ ਸਥਾਨ ਹੈ। ਸੰਗਤ ਦੋਵੇਂ ਪਾਸੇ ਦੀਆਂ ਸਰਕਾਰਾਂ ਤੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬਿਨਾ ਪਾਸਪੋਰਟ-ਵੀਜ਼ਾ ਦੇ ਇਥੋਂ ਇਕ ਸਾਂਝਾ ਲਾਂਘਾ ਬਣਾਏ ਜਾਣ ਦੀ ਲੰਬੇ ਸਮੇਂ ਤੋਂ ਪੁਰਜ਼ੋਰ ਮੰਗ ਕਰਦੀ ਆ ਰਹੀ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਸਰਕਾਰ ਨੇ ਗਾਂਧੀ ਪਰਿਵਾਰ ਤੋਂ ਐਸ. ਪੀ. ਜੀ. ਸੁਰੱਖਿਆ ਵਾਪਸ ਲਈ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪੁੱਤਰ ਰਾਹੁਲ ਅਤੇ ਧੀ ਪ੍ਰਿਅੰਕਾ ਨੂੰ ਦਿੱਤੀ ਗਈ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐਸ.ਪੀ.ਜੀ.)



ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਗਾਂਧੀ ਪਰਿਵਾਰ ਦੀ ਸੁਰੱਖਿਆ 'ਚ ਸੀ.ਆਰ.ਪੀ.ਐਫ. ਦੀ ਜ਼ੈਡ-ਪਲੱਸ ਸੁਰੱਖਿਆ ਤਾਇਨਾਤ ਕੀਤੀ ਗਈ ਹੈ।

ਇਸ ਤਹਿਤ ਨੀਮ ਫੌਜੀ ਬਲ ਦੇ ਕਮਾਂਡੋ ਉਨ੍ਹਾਂ ਨਾਲ ਰਹਿਣਗੇ। ਇਸ ਤੋਂ ਇਲਾਵਾ ਉਨ੍ਹਾਂ ਦੇ ਘਰਾਂ ਅਤੇ ਮੁਲਕ ਦੇ ਹੋਰ ਹਿੱਸਿਆਂ 'ਚ ਸਫਰ ਦੌਰਾਨ ਵੀ ਉਹ ਸੁਰੱਖਿਆ ਕਰਦੇ ਰਹਿਣਗੇ। ਪਿਛਲੇ 28 ਵਰ੍ਹਿਆਂ 'ਚ ਪਹਿਲੀ ਵਾਰ ਹੈ ਕਿ ਗਾਂਧੀ ਪਰਿਵਾਰ ਤੋਂ ਐਸ.ਪੀ.ਜੀ. ਦੀ ਸੁਰੱਖਿਆ ਵਾਪਸ ਲਈ ਗਈ ਹੈ। ਅਗਸਤ 'ਚ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਐਸ.ਪੀ.ਜੀ. ਸੁਰੱਖਿਆ ਨੂੰ ਵਾਪਸ ਲੈ ਲਿਆ ਸੀ। ਗ੍ਰਹਿ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਗਾਂਧੀ ਪਰਿਵਾਰ ਤੋਂ ਐਸ.ਪੀ.ਜੀ. ਸੁਰੱਖਿਆ ਵਾਪਸ ਲਏ ਜਾਣ ਦਾ ਫੈਸਲਾ ਵਿਆਪਕ ਮੁਲਾਂਕਣ ਮਗਰੋਂ ਲਿਆ ਗਿਆ ਹੈ।

ਅਧਿਕਾਰੀਆਂ ਮੁਤਾਬਕ ਗਾਂਧੀ ਪਰਿਵਾਰ ਨੇ ਕਈ ਸਾਲਾਂ ਤੋਂ ਸੈਂਕੜੇ ਮੌਕਿਆਂ ਉਤੇ ਬੁਲੇਟ ਪਰੂਫ ਵਾਹਨ ਨਹੀਂ ਵਰਤੇ ਅਤੇ ਜ਼ਿਆਦਾਤਰ ਵਿਦੇਸ਼ੀ ਦੌਰਿਆਂ 'ਤੇ ਉਹ ਐਸ.ਪੀ.ਜੀ. ਕਮਾਂਡੋ ਵੀ ਨਾਲ ਲੈ ਕੇ ਨਹੀਂ ਗਏ। ਇਕ ਹੋਰ ਅਧਿਕਾਰੀ ਮੁਤਾਬਕ ਪਰਿਵਾਰ ਦੀ ਸੁਰੱਖਿਆ ਨੂੰ ਕੋਈ ਗੰਭੀਰ ਖਤਰਾ ਨਾ ਹੋਣ ਕਰਕੇ ਐਸ.ਪੀ.ਜੀ. ਹਟਾਉਣ ਦਾ ਫੈਸਲਾ ਕੀਤਾ ਗਿਆ ਹੈ। ਅਹਿਮ ਹਸਤੀਆਂ ਦੀ ਸੁਰੱਖਿਆ ਦਾ ਸਮੇਂ ਸਮੇਂ 'ਤੇ ਜਾਇਜ਼ਾ ਲਿਆ ਜਾਂਦਾ ਹੈ ਅਤੇ ਵੱਖ-ਵੱਖ ਸੁਰੱਖਿਆ ਏਜੰਸੀਆਂ ਵੱਲੋਂ ਉਨ੍ਹਾਂ ਨੂੰ ਮਿਲੀਆਂ ਧਮਕੀਆਂ ਦੇ ਆਧਾਰ ਉਤੇ ਸਿਫਾਰਸ਼ਾਂ ਕੀਤੀਆਂ ਜਾਂਦੀਆਂ ਹਨ।

## ਮੋਦੀ-ਸ਼ਾਹ 'ਤੇ ਸਿਆਸੀ ਬਦਲਾਖੋਰੀ ਭਾਰੂ: ਕਾਂਗਰਸ

**ਨਵੀਂ ਦਿੱਲੀ:** ਗਾਂਧੀ ਪਰਿਵਾਰ ਤੋਂ ਐਸ.ਪੀ.ਜੀ. ਸੁਰੱਖਿਆ ਹਟਾ ਲਏ ਜਾਣ ਮਗਰੋਂ ਕਾਂਗਰਸ ਨੇ ਭਾਜਪਾ ਸਰਕਾਰ ਉਤੇ ਨਿੱਜੀ ਬਦਲਾਖੋਰੀ ਦਾ ਦੋਸ਼ ਲਾਇਆ ਹੈ। ਕਾਂਗਰਸ ਦੇ ਸੀਨੀਅਰ ਤਰਜਮਾਨ ਆਨੰਦ ਸ਼ਰਮਾ ਨੇ ਕਿਹਾ ਕਿ ਸੋਨੀਆ ਗਾਂਧੀ, ਰਾਹੁਲ ਅਤੇ ਪ੍ਰਿਅੰਕਾ ਗਾਂਧੀ ਦੀ ਸੁਰੱਖਿਆ ਹਟਾਏ ਜਾਣ ਦਾ ਫੈਸਲਾ ਹੈਰਾਨ ਕਰਨ ਅਤੇ ਬਦਲਾਖੋਰੀ ਵਾਲਾ ਹੈ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀ ਪ੍ਰਧਾਨ ਮੰਤਰੀ ਰਹਿੰਦਿਆਂ ਹੱਤਿਆ ਕਰ ਦਿੱਤੀ ਗਈ ਸੀ ਅਤੇ ਹੁਣ ਵੀ ਪਰਿਵਾਰ ਨੂੰ ਖਤਰਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਯੂਪੀਏ ਸਰਕਾਰ ਨੇ ਅਟਲ ਬਿਹਾਰੀ ਵਾਜਪਾਈ ਦੀ ਸੁਰੱਖਿਆ ਕਦੇ ਵੀ ਵਾਪਸ ਨਹੀਂ ਲਈ ਸੀ ਅਤੇ ਉਨ੍ਹਾਂ ਦੀ ਮੌਤ ਤੱਕ ਇਹ ਮੋਦੀ ਸਰਕਾਰ ਵੱਲੋਂ ਜਾਰੀ ਰੱਖੀ ਗਈ ਸੀ।

# ਨੋਟਬੰਦੀ: ਤਿੰਨ ਸਾਲ ਪਿੱਛੋਂ ਵੀ ਪੈਰਾਂ ਸਿਰ ਨਹੀਂ ਹੋ ਸਕੀ ਸਨਅਤ

**ਲੁਧਿਆਣਾ:** ਨੋਟਬੰਦੀ ਦੇ ਤਿੰਨ ਸਾਲ ਬੀਤਣ ਮਗਰੋਂ ਵੀ ਸਨਅਤਕਾਰ ਇਸ ਦੇ ਦਿੱਤੇ 'ਜ਼ਖਮਾਂ' ਨੂੰ ਭੁਲਾ ਨਹੀਂ ਸਕੇ, ਜਦੋਂਕਿ ਸਨਅਤੀ ਸ਼ਹਿਰ ਦਾ ਕਾਰੋਬਾਰ ਲੀਹ ਉਤੇ ਨਹੀਂ ਪਰਤ ਸਕਿਆ। ਬਾਜ਼ਾਰ ਵਿਚ ਹਾਲੇ ਵੀ ਨਗਦੀ ਦੀ ਭਾਰੀ ਕਮੀ ਹੈ। ਕਾਰੋਬਾਰ ਵਿਚ 40 ਫੀਸਦੀ ਕਮੀ ਆਈ ਹੋਈ ਹੈ। ਸਨਅਤਕਾਰਾਂ ਤੇ ਕਾਰੋਬਾਰੀਆਂ ਦਾ ਮੰਨਣਾ ਹੈ ਕਿ ਸਨਅਤ ਨੂੰ ਪੈਰਾਂ-ਸਿਰ ਕਰਨ ਲਈ ਕੇਂਦਰ ਸਰਕਾਰ ਕੁਝ ਰਾਹਤ ਪੈਕੇਜ ਦੇਵੇ ਅਤੇ ਨਾਲ ਹੀ ਟੈਕਸ ਘਟਾ ਕੇ ਲੋਕਾਂ ਦੀ ਖਰੀਦ ਸ਼ਕਤੀ ਵਧਾਵੇ।

ਫੈਡਰੇਸ਼ਨ ਆਫ ਸਮਾਲ ਇੰਟਰਪ੍ਰਾਇਜ਼ਜ਼ ਐਸੋਸੀਏਸ਼ਨ ਆਫ ਇੰਡੀਆ ਦੇ ਚੇਅਰਮੈਨ ਬਦੀਸ਼ ਜਿੰਦਲ ਨੇ ਕਿਹਾ ਕਿ ਨੋਟਬੰਦੀ, ਮੋਦੀ ਸਰਕਾਰ ਦੀ ਸਭ ਤੋਂ ਵੱਡੀ ਇਤਿਹਾਸਕ ਭੁੱਲ ਹੈ, ਜਿਸ ਕਾਰਨ ਸਨਅਤਕਾਰਾਂ ਦਾ ਬੁਰਾ ਹਾਲ ਹੋ ਗਿਆ, ਕਈ ਸਨਅਤਾਂ ਬੰਦ ਹੋ ਗਈਆਂ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ। ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕਾਂ ਦੀ ਜੋੜੀ ਪਾਈ-ਪਾਈ ਵੀ ਕਢਵਾ ਲਈ, ਜਿਸ ਕਾਰਨ ਉਨ੍ਹਾਂ ਦੀ ਖਰੀਦ ਸ਼ਕਤੀ ਵਿਚ ਵੱਡੀ ਕਮੀ ਆਈ ਹੈ। ਚੈਂਬਰ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗ ਦੇ ਮੌਜੂਦਾ ਪ੍ਰਧਾਨ ਉਪਕਾਰ ਸਿੰਘ ਆਹੂਜਾ ਦਾ ਕਹਿਣਾ ਹੈ ਕਿ ਸਿਰਫ ਨੋਟਬੰਦੀ ਹੀ ਨਹੀਂ, ਜੀ.ਐਸ.ਟੀ. ਕਾਰਨ ਵੀ ਬਾਜ਼ਾਰ ਵਿਚ ਇਸ ਵੇਲੇ ਕਾਫੀ ਮੰਦੀ ਹੈ।

## ਰਿਜ਼ਰਵ ਬੈਂਕ ਵੱਲੋਂ ਝੋਨੇ ਦੀ ਖਰੀਦ ਲਈ ਨਗਦ ਕਰਜ਼ਾ ਹੱਦ ਦੀ ਬਾਕੀ ਰਾਸ਼ੀ ਜਾਰੀ

**ਚੰਡੀਗੜ੍ਹ:** ਭਾਰਤੀ ਰਿਜ਼ਰਵ ਬੈਂਕ ਨੇ ਪੰਜਾਬ 'ਚ ਝੋਨੇ ਦੀ ਖਰੀਦ ਦੇ ਚੱਲ ਰਹੇ ਸੀਜ਼ਨ ਲਈ 30 ਨਵੰਬਰ, 2019 ਤੱਕ ਨਗਦ ਕਰਜ਼ਾ ਹੱਦ (ਸੀ.ਸੀ.ਐਲ.) ਵਧਾ ਦਿੱਤੀ ਹੈ। 6 ਨਵੰਬਰ, 2019 ਤੱਕ ਸੂਬਾ ਸਰਕਾਰ ਨੇ ਕਿਸਾਨਾਂ ਨੂੰ 16721.23 ਕਰੋੜ ਰੁਪਏ ਦੀ ਰਿਕਾਰਡ ਅਦਾਇਗੀ ਕਰ



ਦਿੱਤੀ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਿਜ਼ਰਵ ਬੈਂਕ ਨੇ ਨਵੰਬਰ ਦੇ ਅੰਤ ਤੱਕ 6623.46 ਕਰੋੜ ਰੁਪਏ ਦੀ ਕਰਜ਼ਾ ਹੱਦ ਵਧਾ ਦਿੱਤੀ ਹੈ। ਇਸ ਨਾਲ ਅਕਤੂਬਰ, 2019 ਲਈ ਪ੍ਰਵਾਨਿਤ ਕੀਤੀ ਗਈ 26707.50 ਕਰੋੜ ਰੁਪਏ ਦੀ ਕਰਜ਼ਾ ਹੱਦ ਹੁਣ 30 ਨਵੰਬਰ, 2019 ਤੱਕ ਵਧ ਕੇ 33,330.96 ਕਰੋੜ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸੀਜ਼ਨ ਦੌਰਾਨ ਝੋਨੇ ਦੀ ਹੁਣ ਤੱਕ 135.88 ਲੱਖ ਮੀਟਰਕ ਟਨ ਕੁਲ ਖਰੀਦ ਕੀਤੀ ਗਈ ਹੈ। ਇਸ 'ਚੋਂ 134.97 ਲੱਖ ਮੀਟਰਕ ਟਨ ਝੋਨਾ 6 ਨਵੰਬਰ, 2019 ਤੱਕ ਸੂਬੇ ਦੀਆਂ ਖਰੀਦ ਏਜੰਸੀਆਂ ਵੱਲੋਂ ਖਰੀਦਿਆ ਜਾ ਚੁਕਾ ਹੈ ਤੇ 116.64 ਲੱਖ ਮੀਟਰਕ ਟਨ ਝੋਨਾ ਮੰਡੀਆਂ 'ਚੋਂ ਚੁੱਕ ਲਿਆ ਗਿਆ ਹੈ।

# ਜੀ. ਐਚ. ਜੀ. ਅਕਾਦਮੀ ਵੱਲੋਂ ਕੀਰਤਨ ਅਤੇ ਭਾਸ਼ਣ ਮੁਕਾਬਲੇ 16 ਨੂੰ

**ਫਰਿਜ਼ਨੋ (ਬਿਊਰੋ):** ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕਾਦਮੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੱਚਿਆਂ ਦੇ ਕੀਰਤਨ ਅਤੇ ਭਾਸ਼ਣ ਮੁਕਾਬਲੇ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ 16 ਨਵੰਬਰ, ਸਨਿਚਰਵਾਰ ਨੂੰ ਕਰਵਾਏ ਜਾਣਗੇ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਡਾ. ਹਰਜਿੰਦਰ ਕੌਰ ਪਹੁੰਚਣਗੇ, ਜੋ ਬੱਚਿਆਂ ਨਾਲ ਗੁਰਸਿੱਖੀ ਦੇ ਫਲਸਫੇ ਸਬੰਧੀ ਵਿਚਾਰ-ਵਟਾਂਦਰਾ ਕਰਨਗੇ।

ਸੰਸਥਾ ਅਨੁਸਾਰ ਕੀਰਤਨ ਮੁਕਾਬਲੇ 6 ਤੋਂ 18 ਸਾਲ ਉਮਰ ਵਰਗ ਦੇ ਬੱਚਿਆਂ ਦੇ ਹੋਣਗੇ, ਜਿਨ੍ਹਾਂ ਨੂੰ ਕ੍ਰਮਵਾਰ 500, 300 ਅਤੇ 250 ਡਾਲਰ ਦੇ ਇਨਾਮ ਦਿੱਤੇ ਜਾਣਗੇ। ਭਾਸ਼ਣ ਮੁਕਾਬਲੇ ਬੱਚਿਆਂ ਦੇ ਦੋ ਵੱਖ-ਵੱਖ ਉਮਰ ਵਰਗ ਗਰੁਪਾਂ ਵਿਚ ਹੋਣਗੇ, ਜਿਸ ਵਿਚ ਪਹਿਲਾ 10 ਤੋਂ 14 ਸਾਲ ਅਤੇ ਦੂਜਾ ਗਰੁਪ 14 ਤੋਂ 18 ਸਾਲ ਉਮਰ ਦੇ ਬੱਚਿਆਂ ਦਾ ਹੋਵੇਗਾ। ਜੇਤੂਆਂ ਨੂੰ ਕ੍ਰਮਵਾਰ 300, 200 ਅਤੇ 100 ਡਾਲਰ ਦੇ ਇਨਾਮ ਦਿਤੇ ਜਾਣਗੇ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਵਜੋਂ ਯਾਦਗਾਰੀ ਮੈਡਲ ਅਤੇ ਗੁਟਕਾ ਸਾਹਿਬ ਭੇਟ ਕੀਤਾ ਜਾਵੇਗਾ।

ਪ੍ਰੋਗਰਾਮ ਵਿਚ ਹਿੱਸਾ ਲੈਣ ਅਤੇ ਆਪਣਾ ਨਾਂ ਰਜਿਸਟਰ ਕਰਨ ਸਬੰਧੀ ਉਦੈਦੀਪ ਸਿੰਘ ਸਿੱਧੂ ਨਾਲ ਫੋਨ: 559-355-4065 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# Matrimonials

### ਲੜਕੀ ਦੀ ਲੋੜ ਹੈ

Jatt Sikh Sangha parents seeking match for their US Citizen son, 26 years, 6'-2'', Vegetarian, non-drinker, working as Software Engineer in Boing, Doing Masters. PL Contact, Ph: 636-577-5615 or E-mail: sangha@charter.net. 46-1

### ਲੜਕੇ ਦੀ ਲੋੜ ਹੈ

Wanted suitable boy for US green card holder Jatt Sikh, 25 years, 5'-6" educated girl, doing job in Michigan. Boy should be us citizen or green card holder, Contact, Ph: 734-927-2674 45-48

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 45-48


ਰਾਮਗੜ੍ਹੀਆ ਸਿੱਖ, ਉਮਰ 29 ਸਾਲ, ਕੱਦ 6 ਫੁੱਟ, ਇੰਡੀਆ ਤੋਂ ਪੜ੍ਹੇ ਬੀ.ਟੈਕ ਮਕੈਨੀਕਲ ਮਾਸਟਰ ਇਨ ਡਿਜ਼ਾਇਨਿੰਗ, ਗਰੀਨ ਕਾਰਡ ਹੋਲਡਰ, ਟਰੱਕ ਡਰਾਈਵਰ ਲੜਕੇ ਲਈ ਲੜਕੀ (ਕੱਦ 5'-5" ਜਾਂ ਵੱਧ) ਦੀ ਲੋੜ ਹੈ। ਇੰਡੀਆ ਤੋਂ ਨਵੇਂ ਆਏ ਪਰਿਵਾਰ ਨੂੰ ਪਹਿਲ। ਸੰਪਰਕ ਕਰੋ, ਫੋਨ: 331-551-3111 44-47

# 'ਸਹਾਇਤਾ' ਵੱਲੋਂ ਫੰਡ ਰੇਜ਼ਰ 16 ਨੂੰ

**ਫਰਿਜ਼ਨੋ (ਬਿਊਰੋ):** ਮਨੁੱਖਤਾ ਦੀ ਸੇਵਾ ਨੂੰ ਸਮਰਪਿਤ 'ਸਹਾਇਤਾ' ਸੰਸਥਾ ਵਲੋਂ ਪੀ. ਸੀ. ਏ. ਦੇ ਸਹਿਯੋਗ ਨਾਲ ਸਥਾਨਕ ਇੰਡੀਆ ਕਬਾਬ ਪੈਲੇਸ ਰੈਸਟੋਰੈਂਟ ਵਿਚ 'ਸਹਾਇਤਾ ਨਾਈਟ' ਪ੍ਰੋਗਰਾਮ ਤਹਿਤ 16 ਨਵੰਬਰ, ਸਨਿਚਰਵਾਰ ਨੂੰ ਸ਼ਾਮ 6 ਤੋਂ 9 ਵਜੇ ਦਰਮਿਆਨ ਫੰਡ ਰੇਜ਼ਰ ਕੀਤਾ ਜਾਵੇਗਾ।

ਪ੍ਰਬੰਧਕਾਂ ਅਨੁਸਾਰ ਸੰਸਥਾ ਨੇ ਦੀਨ ਦੁਖੀਆਂ ਦੀ ਮਦਦ ਲਈ ਪੰਜਾਬ ਭਰ ਵਿਚ ਉਪਰਾਲੇ ਵਿੱਢੇ ਹੋਏ ਹਨ, ਜਿਨ੍ਹਾਂ ਲਈ ਸੰਸਥਾ ਵਲੋਂ ਦਾਨੀ ਸੱਜਣਾਂ ਤੱਕ ਪਹੁੰਚ ਬਣਾਉਣ ਲਈ ਪੂਰੇ ਕੈਲੀਫੋਰਨੀਆ ਵਿਚ ਫੰਡ ਰੇਜ਼ਰ ਪ੍ਰੋਗਰਾਮ ਕੀਤੇ ਜਾ ਰਹੇ ਹਨ। ਹੋਰ ਜਾਣਕਾਰੀ ਲਈ Info@sahita.org 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Men's Facials
*Custom Designing
*Line-ups
*Custom Text
*Hair Coler
*Shave & Mundan
*Head Massage


ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)





Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ





ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਔਰਤਾਂ ਨੂੰ ਦਰਬਾਰ ਸਾਹਿਬ 'ਚ ਕੀਰਤਨ ਦੀ ਆਗਿਆ ਬਾਰੇ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿਚ ਮਤਾ ਪੇਸ਼ ਕਰ ਕੇ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੱਚਖੰਡ ਦਰਬਾਰ ਸਾਹਿਬ ਵਿਖੇ ਸਿੱਖ ਔਰਤਾਂ ਨੂੰ ਕੀਰਤਨ ਦੀ ਸੇਵਾ ਨਿਭਾਉਣ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ ਹੈ।

ਇਹ ਮਤਾ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਦਨ ਵਿਚ ਪੇਸ਼ ਕੀਤਾ। ਮਤਾ ਪੇਸ਼ ਕਰਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੁੱਚੇ ਜੀਵਨ ਦੌਰਾਨ ਜਾਤ-ਪਾਤ/ਪੁਰਸ਼-ਨਾਰੀ ਦੇ ਆਧਾਰ ਉਤੇ ਵਿਤਕਰੇ ਦਾ ਡਟ ਕੇ ਵਿਰੋਧ ਕੀਤਾ ਅਤੇ ਅਧਿਕਾਰਾਂ ਤੇ ਹੱਕਾਂ ਦੇ ਜਮਹੂਰੀਕਰਨ ਦੇ ਆਧਾਰ ਉਤੇ ਬਰਾਬਰੀ ਵਾਲੇ ਸਮਾਜ ਨੂੰ ਪ੍ਰਫੁੱਲਿਤ ਕਰਨ ਦਾ ਸੰਦੇਸ਼ ਦਿੱਤਾ। ਸਿੱਖ ਔਰਤਾਂ ਨੂੰ ਕੀਰਤਨ ਦੀ ਸੇਵਾ ਨਿਭਾਉਣ ਦੀ ਆਗਿਆ ਨਾ ਦੇਣ ਉਤੇ ਦੁੱਖ ਜ਼ਾਹਰ ਕਰਦਿਆਂ ਮੰਤਰੀ ਨੇ ਕਿਹਾ ਕਿ ਸਿੱਖ ਇਤਿਹਾਸ ਵਿਚ ਔਰਤਾਂ ਨਾਲ ਵਿਤਕਰੇ ਦੀ ਕਿਧਰੇ ਵੀ ਕੋਈ ਮਿਸਾਲ ਨਹੀਂ ਮਿਲਦੀ। ਪਰ ਦੁਖ ਦੀ ਗੱਲ ਹੈ ਕਿ ਸਿੱਖੀ ਦੇ ਸਭ ਤੋਂ ਵੱਡੇ ਕੇਂਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਬੀਬੀਆਂ ਨੂੰ ਕੀਰਤਨ ਕਰਨ ਦੀ ਇਜਾਜ਼ਤ ਨਹੀਂ ਹੈ। ਪੰਜਾਬ ਵਿਧਾਨ ਸਭਾ ਦਾ ਇਹ ਸਦਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਦਾ ਹੈ ਕਿ ਬਾਣੀ ਸਿਧਾਂਤ ਵਿਰੋਧੀ ਇਸ ਪ੍ਰਥਾ ਨੂੰ ਖਤਮ ਕਰ ਕੇ ਸਿੱਖ ਬੀਬੀਆਂ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਕੀਰਤਨ ਕਰਨ ਦੀ ਇਜਾਜ਼ਤ ਦੇਵੇ।



ਸਪੀਕਰ ਨੇ ਇਹ ਮਤਾ ਸਰਬਸੰਮਤੀ ਨਾਲ ਪਾਸ ਕਰਨ ਦਾ ਐਲਾਨ ਕੀਤਾ। ਪੰਚਾਇਤ ਮੰਤਰੀ ਵੱਲੋਂ ਪੇਸ਼ ਇਸ ਮਤੇ ਦਾ ਅਕਾਲੀ ਦਲ ਵਿਧਾਇਕ ਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਨੇ ਵਿਰੋਧ ਕੀਤਾ। ਉਨ੍ਹਾਂ ਦਲੀਲ ਦਿੱਤੀ ਕਿ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਸਬੰਧੀ ਸ਼ੰਕੇ ਖੜ੍ਹੇ ਨਹੀਂ ਕੀਤੇ ਜਾਣੇ ਚਾਹੀਦੇ। ਅਕਾਲੀ ਵਿਧਾਇਕ ਦੀਆਂ ਦਲੀਲਾਂ ਦਾ ਜਵਾਬ ਦਿੰਦਿਆਂ ਲੋਕ ਇਨਸਾਫ ਪਾਰਟੀ, ਕਾਂਗਰਸ ਅਤੇ 'ਆਪ' ਵਿਧਾਇਕਾਂ ਨੇ ਕਿਹਾ ਕਿ ਗੁਰਬਾਣੀ 'ਚ ਇਹ ਗੱਲ ਕਿਤੇ ਵੀ ਦਰਜ ਨਹੀਂ ਕਿ ਔਰਤਾਂ ਨਾਲ ਅਜਿਹਾ ਵਿਤਕਰਾ ਕੀਤਾ ਜਾਵੇ। ਮਤੇ ਦੇ ਹੱਕ 'ਚ ਬੋਲ ਰਹੇ ਵਿਧਾਇਕਾਂ ਨੇ ਕਿਹਾ ਕਿ ਰਹਿਤ ਮਰਿਆਦਾ ਵਿਚ ਪਹਿਲੀ ਗੱਲ ਤਾਂ ਅਜਿਹਾ ਕੁਝ ਵੀ ਦਰਜ ਨਹੀਂ ਹੈ, ਤੇ ਜੇਕਰ ਹੈ ਵੀ ਤਾਂ ਸੋਧ ਕੀਤੀ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਉਹ ਅਕਾਲ ਤਖਤ ਜਾਂ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਨੂੰ ਚੁਣੌਤੀ ਨਹੀਂ ਦੇ ਰਹੇ, ਬਲਕਿ ਸਿੱਖਾਂ ਦੀਆਂ ਦੋਵੇਂ ਸਿਰਮੌਰ ਸੰਸਥਾਵਾਂ ਨੂੰ ਬੇਨਤੀ ਕੀਤੀ ਜਾ ਰਹੀ ਹੈ। ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਰਾਜਸੀ ਵਿਅਕਤੀਆਂ ਦੀਆਂ ਦਲੀਲਾਂ ਤੋਂ ਸਾਫ ਹੈ ਕਿ ਕਿ 'ਅਸੀਂ ਬਾਬਾ ਨਾਨਕ ਨੂੰ ਤਾਂ ਮੰਨਦੇ ਹਾਂ, ਪਰ ਬਾਬਾ ਨਾਨਕ ਦੀ ਗੱਲ ਅਤੇ ਸਿਧਾਂਤ ਨੂੰ ਮੰਨਣ ਲਈ ਤਿਆਰ ਨਹੀਂ।' ਬਲਵਿੰਦਰ ਸਿੰਘ ਬੈਂਸ, ਜੋ ਖੁਦ ਸ਼੍ਰੋਮਣੀ ਕਮੇਟੀ ਮੈਂਬਰ ਵੀ ਹਨ, ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਮਹਿਜ਼ ਖਾਨਾਪੂਰਤੀ ਬਣ ਕੇ ਰਹਿ ਗਏ ਹਨ ਤੇ ਇਜਲਾਸ ਦੌਰਾਨ ਕੋਈ ਬਹਿਸ ਜਾਂ ਚਰਚਾ ਨਹੀਂ ਹੁੰਦੀ।

### ਪ੍ਰਵਾਨਗੀ ਬਾਰੇ ਮਤਾ ਮਿਲਣ ਪਿਛੋਂ ਵਿਚਾਰਾਂਗੇ: ਜਥੇਦਾਰ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਦਿਨਾ ਵਿਸ਼ੇਸ਼ ਇਜਲਾਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਔਰਤਾਂ ਨੂੰ ਗੁਰਬਾਣੀ ਦਾ ਕੀਰਤਨ ਕਰਨ ਦੀ ਪ੍ਰਵਾਨਗੀ ਦੇਣ ਸਬੰਧੀ ਇਕ ਮਤਾ ਪਾਸ ਕੀਤਾ ਗਿਆ ਹੈ, ਜਿਸ ਬਾਰੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਮਤੇ ਦੀ ਕਾਪੀ ਮਿਲਣ ਮਗਰੋਂ ਇਸ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਵਿਚਾਰਿਆ ਜਾਵੇਗਾ। ਵਿਧਾਨ ਸਭਾ ਵੱਲੋਂ ਪਾਸ ਕੀਤੇ ਇਸ ਮਤੇ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਇਸ ਦੀ ਕੋਈ ਕਾਪੀ ਮਿਲੀ ਹੈ।

### ਸਿੱਖ ਵਿਦਵਾਨਾਂ ਵਲੋਂ ਇਤਰਾਜ਼ ਪ੍ਰਗਟ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪਾਸ ਕਰ ਕੇ ਦਰਬਾਰ ਸਾਹਿਬ ਵਿਚ ਔਰਤਾਂ ਨੂੰ ਕੀਰਤਨ ਦੀ ਮਨਜ਼ੂਰੀ ਦੇਣ ਸਬੰਧੀ ਕੀਤੀ ਮੰਗ ਬਾਰੇ ਸਿੱਖ ਵਿਦਵਾਨਾਂ ਦੀ ਰਾਇ ਹੈ ਕਿ ਇਹ ਮੰਗ ਗਲਤ ਮੰਚ ਤੋਂ ਗਲਤ ਸਮੇਂ ਕੀਤੀ ਗਈ ਹੈ। ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮੰਗ ਬਾਰੇ ਆਖਿਆ ਕਿ ਇਹ ਮਾਮਲਾ ਖਾਲਸਾ ਪੰਥ ਦਾ ਅੰਦਰੂਨੀ ਮਾਮਲਾ ਹੈ, ਜਿਸ ਨੂੰ ਸਿਆਸੀ ਮੰਚ ਤੋਂ ਵਿਚਾਰਨ ਦੀ ਅਪੀਲ ਕਰਨਾ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਆਸੀ ਮੰਚ ਤੋਂ ਅਜਿਹੀ ਅਪੀਲ ਦਰਬਾਰ ਸਾਹਿਬ ਦੀ ਮਰਿਆਦਾ ਅਤੇ ਸਿੱਖ ਧਰਮ ਵਿਚ ਦਖਲਅੰਦਾਜ਼ੀ ਹੈ।

ਉਨ੍ਹਾਂ ਆਖਿਆ ਕਿ ਹੁਣ ਜਦੋਂ ਸਮੁੱਚੀ ਕੌਮ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਮਨਾ ਰਹੀ ਹੈ ਤਾਂ ਇਸ ਵੇਲੇ ਅਜਿਹੀ ਮੰਗ ਕਰਨਾ ਸਿੱਖ ਕੌਮ ਨੂੰ ਦੋ ਹਿੱਸਿਆਂ ਵਿਚ ਵੰਡਣ ਦੀ ਸਾਜ਼ਿਸ਼ ਹੈ। ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਭਾਵੇਂ ਇਸ ਮੰਗ ਦਾ ਸਮਰਥਨ ਕੀਤਾ ਹੈ ਅਤੇ ਆਖਿਆ ਕਿ ਲਿੰਗ ਭੇਦਭਾਵ ਨਹੀਂ ਹੋਣਾ ਚਾਹੀਦਾ ਪਰ ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਇਹ ਮਾਮਲਾ ਵਿਧਾਨ ਸਭਾ ਦੇ ਮੰਚ ਤੋਂ ਉਭਾਰਨ ਵਾਲਾ ਨਹੀਂ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਵੀ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਇਸ ਮਤੇ ਰਾਹੀਂ ਕੀਤੀ ਗਈ ਮੰਗ ਨੂੰ ਗਲਤ ਮੰਚ ਤੋਂ ਬੇਵਕਤੀ ਮੰਗ ਕਰਾਰ ਦੇ ਚੁੱਕੇ ਹਨ।

## ਲਾਭ ਵਾਲੇ ਅਹੁਦਿਆਂ ਬਾਰੇ ਸੋਧ ਬਿੱਲ 'ਤੇ ਮੋਹਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਵਾਲੇ ਕਾਨੂੰਨ ਵਿਚ ਸੋਧ ਦੇ ਮੁੱਦੇ ਉਤੇ ਹਾਕਮ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਦਰਮਿਆਨ ਤਿੱਖੀਆਂ ਝੜਪਾਂ ਹੋਈਆਂ। ਸਦਨ ਦੇ ਅਨਮਿਥੇ ਸਮੇਂ ਲਈ ਮੁਲਤਵੀ ਹੋਣ ਮਗਰੋਂ ਮੁੱਖ ਮੰਤਰੀ ਦੇ ਨਵ ਨਿਯੁਕਤ ਸਲਾਹਕਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੇ ਇਕ ਦੂਜੇ ਨੂੰ ਲਲਕਾਰਿਆ ਤੇ ਹੋਰਨਾਂ ਵਿਧਾਇਕਾਂ ਦੇ ਦਖਲ ਮਗਰੋਂ ਹੱਥੋਪਾਈ ਹੋਣ ਤੋਂ ਬਚੇ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ 'ਦਿ ਪੰਜਾਬ ਸਟੇਟ ਲੈਜਿਸਲੇਚਰ (ਪ੍ਰੀਵੈਨਸ਼ਨ ਆਫ ਡਿਸਕੁਆਲੀਫਿਕੇਸ਼ਨ) ਸੋਧ ਬਿੱਲ-2019 ਪੇਸ਼ ਕੀਤਾ ਤਾਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ। 'ਆਪ' ਵਿਧਾਇਕਾਂ ਨੇ ਸਦਨ ਦੇ ਵਿਚਕਾਰ ਸਪੀਕਰ ਦੇ ਆਸਣ ਸਾਹਮਣੇ ਆ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਮਗਰੋਂ ਵਾਕਆਊਟ ਕਰ ਗਏ। ਇਹ ਬਿਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਨਾਲ ਨਿਯੁਕਤ ਕੀਤੇ 6 ਕਾਂਗਰਸੀ ਵਿਧਾਇਕਾਂ ਅਮਰਿੰਦਰ ਸਿੰਘ ਰਾਜਾ ਵੜਿੰਗ, ਕੁਸ਼ਲਦੀਪ ਸਿੰਘ ਢਿੱਲੋਂ, ਕੁਲਜੀਤ ਸਿੰਘ ਨਾਗਰਾ ਅਤੇ ਹੋਰਨਾਂ ਨੂੰ 'ਲਾਭ ਦੇ ਅਹੁਦੇ' ਤੋਂ ਬਾਹਰ ਕੱਢ ਕੇ ਸਹੂਲਤ ਦੇਣ ਨਾਲ ਸਬੰਧਤ ਸੀ। 'ਆਪ' ਵਿਧਾਇਕਾਂ ਵੱਲੋਂ ਵਾਕਆਊਟ ਕਰਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ ਅਤੇ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੇ ਵੀ ਬਿਲ ਦਾ ਤਿੱਖਾ ਵਿਰੋਧ ਕੀਤਾ ਅਤੇ ਇਹ ਬਿਲ ਵਾਪਸ ਲੈਣ ਦੀ ਮੰਗ ਕੀਤੀ।

ਸਦਨ ਵੱਲੋਂ ਕੁੱਲ ਤਿੰਨ ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਗਈ, ਜਿਨ੍ਹਾਂ ਵਿਚ ਨਿੱਜੀ ਸਕੂਲਾਂ ਵੱਲੋਂ ਬੱਚਿਆਂ ਤੋਂ ਵਸੂਲ ਕੀਤੀਆਂ ਜਾਂਦੀਆਂ ਫੀਸਾਂ ਨੂੰ ਸਰਕਾਰੀ ਨਿਗਰਾਨੀ ਹੇਠ ਲਿਆਉਣ ਅਤੇ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਦੀ ਸੇਵਾ ਮੁਕਤੀ ਉਮਰ 72 ਸਾਲ ਕਰਨਾ ਸ਼ਾਮਲ ਸੀ। ਐਸ.ਸੀ. ਐਕਟ ਵਿਚ ਸੋਧ ਬਿਲ ਉਤੇ ਵੀ 'ਆਪ' ਨੇ ਵਿਰੋਧ ਦਰਜ ਕਰਾਇਆ। ਪੰਜਾਬ ਵਿਧਾਨ ਸਭਾ ਵਿਚ ਵਿਧਾਇਕਾਂ ਨੂੰ ਸਲਾਹਕਾਰ ਲਾਉਣ ਦਾ ਕਾਨੂੰਨੀ ਰਾਹ ਖੋਲ੍ਹਣ ਲਈ ਲਿਆਂਦੇ ਸੋਧ ਬਿਲ ਦਾ 'ਆਪ', ਲੋਕ ਇਨਸਾਫ ਪਾਰਟੀ ਅਤੇ ਅਕਾਲੀ ਦਲ ਦੇ ਵਿਧਾਇਕਾਂ ਨੇ ਤਿੱਖਾ ਵਿਰੋਧ ਕੀਤਾ। ਸਪੀਕਰ ਰਾਣਾ ਕੇ.ਪੀ. ਸਿੰਘ ਨੇ ਹਾਲਾਂਕਿ ਇਨ੍ਹਾਂ ਵਿਧਾਇਕਾਂ ਨੂੰ ਵਿਰੋਧ ਨਾ ਕਰਨ ਦੀ ਦਲੀਲ ਦਿੰਦਿਆਂ ਕਿਹਾ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਦਲੀਲਾਂ ਦਾ ਜਵਾਬ ਦੇਣਗੇ।

ਸਪੀਕਰ ਵੱਲੋਂ ਦਿੱਤੀ ਸਲਾਹ ਨੂੰ ਦਰਕਿਨਾਰ ਕਰਦਿਆਂ ਨਵੇਂ ਸਲਾਹਕਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣਾ ਪੱਖ ਖੁਦ ਰੱਖਦਿਆਂ ਅਕਾਲੀ ਸਰਕਾਰ ਅਤੇ ਬਾਦਲ ਪਰਿਵਾਰ ਵੱਲੋਂ ਹੈਲੀਕਾਪਟਰ ਉਤੇ ਕੀਤੇ ਖਰਚਿਆਂ ਦੇ ਮਾਮਲੇ ਉਤੇ ਅਕਾਲੀ ਵਿਧਾਇਕਾਂ ਨੂੰ ਘੇਰਨ ਦਾ ਯਤਨ ਕੀਤਾ। ਕੁਲਜੀਤ ਸਿੰਘ ਨਾਗਰਾ ਨੇ ਵੀ ਸਰਕਾਰ ਦੇ ਬਚਾਅ ਵਿਚ ਦਲੀਲਾਂ ਦਿੱਤੀਆਂ। ਕੁਸ਼ਲਦੀਪ ਸਿੰਘ ਢਿੱਲੋਂ ਵੀ ਸੀਟ ਉਤੇ ਬੈਠੇ ਹੀ ਵਿਰੋਧੀਆਂ ਨੂੰ ਜਵਾਬ ਦਿੰਦੇ ਦਿੱਸੇ। ਸਿਮਰਜੀਤ ਸਿੰਘ ਬੈਂਸ ਨੇ ਬਿਲ ਉਤੇ ਬੋਲਦਿਆਂ ਕਿਹਾ ਕਿ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਤਨਖਾਹਾਂ ਦਿੱਤੀਆਂ ਨਹੀਂ ਜਾ ਰਹੀਆਂ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਗੈਰ ਵਿਧਾਨਕ ਬਿਲ ਹੈ, ਇਸ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ।

### ਚੈਨਲਾਂ ਤੋਂ ਗੁਰਬਾਣੀ ਦੇ ਪ੍ਰਸਾਰਣ ਬਾਰੇ ਮਤਾ

**ਚੰਡੀਗੜ੍ਹ:** ਗੁਰਬਾਣੀ ਦੇ 'ਸਿੱਧੇ ਪ੍ਰਸਾਰਣ' ਦੇ ਰਾਈਟ ਸਾਰੇ ਟੀ.ਵੀ. ਚੈਨਲਾਂ ਨੂੰ ਦੇਣ ਬਾਰੇ ਵਿਧਾਨ ਸਭਾ ਵੱਲੋਂ ਮਤਾ ਪਾਸ ਕਰ ਦਿੱਤਾ ਗਿਆ ਹੈ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਗੁਰਬਾਣੀ ਨੂੰ ਦੁਨੀਆਂ ਦੇ ਕੋਨੇ ਕੋਨੇ ਪਹੁੰਚਾਉਣਾ ਚਾਹੀਦਾ ਹੈ ਅਤੇ ਇਹ ਤਾਂ ਹੋ ਸਕਦਾ ਹੈ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਹੁੰਦਾ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਣ ਹਰ ਟੀ.ਵੀ ਚੈਨਲ ਤੇ ਰੇਡੀਓ ਉਤੇ ਵੀ ਹੋਵੇ। ਬਾਜਵਾ ਨੇ ਇਸ ਸਬੰਧੀ ਸਦਨ ਅੱਗੇ ਮਤਾ ਪੇਸ਼ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਦਨ ਵੱਲੋਂ ਬੇਨਤੀ ਕੀਤੀ ਜਾਵੇ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ 'ਸਿੱਧੇ ਪ੍ਰਸਾਰਣ' ਦੇ ਰਾਈਟ ਸਾਰੇ ਟੀ.ਵੀ. ਚੈਨਲਾਂ ਅਤੇ ਰੇਡੀਓ ਸਟੇਸ਼ਨ ਨੂੰ ਵੀ ਦਿੱਤੇ ਜਾਣ। ਬਾਜਵਾ ਵੱਲੋਂ ਪੇਸ਼ ਕੀਤਾ ਇਹ ਮਤਾ ਸਦਨ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਉਨ੍ਹਾਂ ਐਲਾਨ ਕੀਤਾ ਕਿ ਸਾਰੇ ਸਾਈਨ ਬੋਰਡ ਭਾਵੇਂ ਉਹ ਸਰਕਾਰੀ ਵਿਭਾਗਾਂ ਦੇ ਹੋਣ ਜਾਂ ਪ੍ਰਾਈਵੇਟ ਸੰਸਥਾਵਾਂ ਦੇ, ਉਤੇ ਸਭ ਤੋਂ ਪਹਿਲਾਂ ਸੰਸਥਾ ਦਾ ਨਾਂ ਗੁਰਮੁਖੀ ਲਿਪੀ ਵਿਚ ਲਿਖਿਆ ਜਾਵੇਗਾ।

### *ਸਿੱਖ ਰੈਫਰੈਂਸ ਲਾਇਬ੍ਰੇਰੀ ਬਾਰੇ ਸ਼੍ਰੋਮਣੀ ਕਮੇਟੀ ਨੂੰ ਨੋਟਿਸ*

**ਚੰਡੀਗੜ੍ਹ:** ਆਪ੍ਰੇਸ਼ਨ ਬਲਿਊ ਸਟਾਰ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਚ ਕੇਂਦਰੀ ਸਿੱਖ ਅਜਾਇਬਘਰ ਦੇ ਤੋਸ਼ਖਾਨੇ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ 'ਚੋਂ ਲਿਜਾਈਆਂ ਗਈਆਂ ਸਿੱਖ ਧਰਮ ਦੀਆਂ ਹਸਤ ਲਿਖਤਾਂ, ਸਾਹਿਤ ਤੇ ਕਲਾਕ੍ਰਿਤਾਂ ਮੁੜ ਲਾਇਬ੍ਰੇਰੀ 'ਚ ਸੁਸ਼ੋਭਿਤ ਕਰਕੇ ਸੰਗਤਾਂ ਦੇ ਦਰਸ਼ਨ ਲਈ ਰੱਖਣ ਦੀ ਮੰਗ ਨੂੰ ਲੈ ਕੇ ਹਾਈਕੋਰਟ ਵਿਚ ਦਾਖਲ ਇਕ ਪਟੀਸ਼ਨ ਉਤੇ ਸ਼੍ਰੋਮਣੀ ਕਮੇਟੀ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਮਾਮਲੇ ਦੀ ਸੁਣਵਾਈ ਹੁਣ 11 ਦਸੰਬਰ ਨੂੰ ਹੋਵੇਗੀ।

ਪਟੀਸ਼ਨ 'ਚ ਕਿਹਾ ਗਿਆ ਹੈ ਕਿ ਇਹ ਅਹਿਮ ਲਿਖਤਾਂ ਤੇ ਕ੍ਰਿਤਾਂ ਆਰਮੀ, ਸੀ.ਬੀ.ਆਈ. ਅਤੇ ਕੇਂਦਰ ਸਰਕਾਰ ਵੱਲੋਂ ਸ਼ੱਕ ਵਜੋਂ 7 ਜੂਨ 1984 ਨੂੰ ਲਾਇਬ੍ਰੇਰੀਆਂ 'ਚੋਂ ਕਬਜ਼ੇ ਵਿਚ ਲਈਆਂ ਸੀ ਪਰ ਅਜੇ ਤੱਕ ਇਨ੍ਹਾਂ ਲਿਖਤਾਂ ਤੇ ਕ੍ਰਿਤਾਂ ਦੀ ਵਾਪਸੀ ਬਾਰੇ ਭੰਬਲਭੂਸਾ ਬਰਕਰਾਰ ਹੈ, ਹਾਲਾਂਕਿ ਸੀ.ਬੀ.ਆਈ., ਆਰਮੀ ਤੇ ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ ਕਿ ਇਹ ਲਿਖਤਾਂ ਤੇ ਕ੍ਰਿਤਾਂ ਸਮੇਂ-ਸਮੇਂ ਸਿਰ ਵਾਪਸ ਕਰ ਦਿੱਤੀਆਂ ਗਈਆਂ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਲਿਖਤਾਂ ਤੇ ਕ੍ਰਿਤਾਂ ਦੀ ਵਾਪਸੀ ਬਾਰੇ ਅਤੇ ਕਿੰਨੀਆਂ ਲਿਖਤਾਂ ਤੇ ਕ੍ਰਿਤਾਂ ਲਾਇਬ੍ਰੇਰੀ ਵਿਚ ਮੌਜੂਦ ਸਨ, ਬਾਰੇ ਕਮੇਟੀ ਬਣਾਈ ਗਈ ਹੈ।

## ਪੰਜਾਬ ਸਰਕਾਰ ਵਲੋਂ ਸੋਨੇ ਤੇ ਚਾਂਦੀ ਦੇ 3500 ਸਿੱਕੇ ਜਾਰੀ

**ਸੁਲਤਾਨਪੁਰ ਲੋਧੀ:** ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ੁੱਧ ਸੋਨੇ ਅਤੇ ਚਾਂਦੀ ਦੇ ਵਿਸ਼ੇਸ਼ ਸਿੱਕੇ ਤਿਆਰ ਕਰਵਾਏ ਗਏ ਹਨ, ਜੋ ਸ਼ਰਧਾਲੂਆਂ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪੰਜਾਬ ਸਮਾਲ ਇੰਡਸਟਰੀ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀ.ਐਸ.ਆਈ.ਈ.ਸੀ.) ਵੱਲੋਂ ਸੁਲਤਾਨਪੁਰ ਲੋਧੀ ਵਿਚ 5 ਤੋਂ 15 ਨਵੰਬਰ ਤੱਕ ਲਗਾਈ ਗਈ ਪ੍ਰਦਰਸ਼ਨੀ ਦੌਰਾਨ ਇਹ ਸਿੱਕੇ ਸ਼ਰਧਾਲੂਆਂ ਵੱਲੋਂ ਖਰੀਦੇ ਜਾ ਰਹੇ ਹਨ।

ਪੀ.ਐਸ.ਆਈ.ਈ.ਸੀ. ਵੱਲੋਂ ਇਹ ਸਿੱਕੇ ਮੈਟਲ ਐਂਡ ਮਿਨਰਲ ਕਾਰਪੋਰੇਸ਼ਨ ਆਫ ਇੰਡੀਆ ਤੋਂ ਤਿਆਰ ਕਰਵਾਏ ਗਏ ਹਨ, ਜੋ ਭਾਰਤ ਸਰਕਾਰ ਦੀ ਏਜੰਸੀ ਹੈ। ਸੋਨੇ ਵਿਚ 5 ਅਤੇ 10 ਗ੍ਰਾਮ ਦੇ ਅਤੇ ਚਾਂਦੀ ਦੇ 50 ਗ੍ਰਾਮ ਦੇ ਲਗਭਗ 3500 ਸਿੱਕੇ ਤਿਆਰ ਕਰਵਾਏ ਗਏ ਹਨ, ਜਿਨ੍ਹਾਂ ਉਤੇ ਪੰਜਾਬ ਸਰਕਾਰ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਤਿਆਰ ਕਰਵਾਇਆ ਲੋਗੋ ਉਕਰਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦੀ ਸਰਟੀਫਿਕੇਸ਼ਨ ਵੀ ਕੀਤੀ ਗਈ ਹੈ। ਕਾਰਪੋਰੇਸ਼ਨ ਦੇ ਐਮ.ਡੀ. ਸਿਬਿਨ ਸੀ ਨੇ ਦੱਸਿਆ ਕਿ ਇਹ ਸਿੱਕੇ 99.9 ਫੀਸਦ ਸ਼ੁੱਧ ਸੋਨੇ ਅਤੇ ਚਾਂਦੀ ਦੇ ਬਣੇ ਹੋਏ ਹਨ ਅਤੇ ਇਨ੍ਹਾਂ ਦੀ ਪੈਕਿੰਗ ਉੱਪਰ ਹੀ ਇਨ੍ਹਾਂ ਦੀ ਸ਼ੁੱਧਤਾ ਦਾ ਸਰਟੀਫਿਕੇਟ ਵੀ ਲਗਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ 5 ਗ੍ਰਾਮ ਦੇ ਸੋਨੇ ਦੇ ਸਿੱਕੇ ਦੀ ਕੀਮਤ 22,500 ਰੁਪਏ ਅਤੇ 10 ਗ੍ਰਾਮ ਦੇ ਸੋਨੇ ਦੇ ਸਿੱਕੇ ਦੀ ਕੀਮਤ 45,000 ਰੁਪਏ ਰੱਖੀ ਗਈ ਹੈ ਜਦਕਿ ਚਾਂਦੀ ਦੇ 50 ਗ੍ਰਾਮ ਦੇ ਸਿੱਕੇ ਦੀ ਕੀਮਤ 3300 ਰੁਪਏ ਨਿਯਤ ਕੀਤੀ ਗਈ ਹੈ। ਪ੍ਰਦਰਸ਼ਨੀ ਤੋਂ ਇਲਾਵਾ ਇਹ ਸਿੱਕੇ ਵਿਕਰੀ ਲਈ ਪੰਜਾਬ ਭਰ ਵਿਚ ਡਾਕਖਾਨਿਆਂ, ਪੀ.ਐਸ.ਆਈ.ਈ.ਸੀ. ਦੇ ਫੁਲਕਾਰੀ ਐਂਪੋਰੀਅਮ ਤੇ ਐਮਾਜ਼ੋਨ ਤੋਂ ਵੀ ਖਰੀਦੇ ਜਾ ਸਕਦੇ ਹਨ। ਪ੍ਰਦਰਸ਼ਨੀ ਵਿਚ ਸਭ ਤੋਂ ਪਹਿਲਾਂ 50 ਗ੍ਰਾਮ ਦਾ ਚਾਂਦੀ ਦਾ ਸਿੱਕਾ ਮੁਕਤਸਰ ਦੇ ਤ੍ਰਿਪਤਜੀਤ ਸਿੰਘ ਨੇ ਖਰੀਦਿਆ।

### *ਇਰਾਨ 'ਚ ਕੱਚੇ ਤੇਲ ਦੇ ਖੂਹ ਮਿਲੇ*

**ਤਹਿਰਾਨ:** ਇਰਾਨ ਦੇ ਰਾਸ਼ਟਰਪਤੀ ਕਿਹਾ ਕਿ ਦੇਸ਼ ਦੇ ਦੱਖਣੀ ਹਿੱਸੇ ਵਿਚ ਤਕਰੀਬਨ 50 ਬਿਲੀਅਨ ਬੈਰਲ ਵਾਲੇ ਕੱਚੇ ਤੇਲ ਦੇ ਖੂਹਾਂ ਦੀ ਖੋਜ ਕੀਤੀ ਗਈ ਹੈ। ਯਾਜ਼ੇਦ ਸ਼ਹਿਰ ਵਿਚ ਹਸਨ ਰੂਹਾਨੀ ਨੇ ਕਿਹਾ ਇਹ ਖੂਹ ਇਰਾਨ ਦੇ ਖੁਜ਼ਸਤਾਨ ਜ਼ਿਲ੍ਹੇ ਵਿਚ ਮਿਲੇ ਹਨ।

## ਰੇਲਵੇ ਨੇ ਸੁਲਤਾਨਪੁਰ ਲੋਧੀ ਲਈ ਚਲਾਈਆਂ 14 ਰੇਲਾਂ

**ਪਟਿਆਲਾ:** ਭਾਰਤੀ ਰੇਲਵੇ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੇ ਮੱਦੇਨਜ਼ਰ 14 ਵਿਸ਼ੇਸ਼ ਰੇਲਾਂ ਚਲਾਉਣ ਦਾ ਪ੍ਰੋਗਰਾਮ ਜਾਰੀ ਕੀਤਾ ਹੈ। ਵੱਖ-ਵੱਖ ਸਮੇਂ ਉਤੇ ਚੱਲਣ ਵਾਲੀਆਂ ਇਹ ਰੇਲਾਂ ਵੱਖ-ਵੱਖ ਥਾਂਵਾਂ ਤੋਂ ਵੱਖ ਟਰੈਕਾਂ ਰਾਹੀਂ ਲੋਹੀਆਂ ਖਾਸ ਪੁੱਜਣਗੀਆਂ।

ਰੇਲ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪਟਿਆਲਾ ਤੋਂ ਲੋਹੀਆਂ ਖਾਸ ਲਈ ਰੇਲਾਂ ਐਤਵਾਰ, ਸੋਮਵਾਰ, ਮੰਗਲਵਾਰ ਤੇ ਬੁੱਧਵਾਰ ਨੂੰ ਚੱਲਣਗੀਆਂ। ਇਹੀ ਰੂਟ ਵਾਪਸੀ ਲਈ ਲੋਹੀਆਂ ਖਾਸ ਤੋਂ ਪਟਿਆਲਾ ਲਈ ਵੀ ਹੋਣਗੇ। ਡੀਜ਼ਲ ਇੰਜਨ ਨਾਲ ਚੱਲਣ ਵਾਲੀ ਇਸ ਐਕਸਪ੍ਰੈਸ ਰੇਲ ਦੇ 11 ਕੋਚਾਂ ਦੇ ਚਾਰ ਚਾਰ ਟਰਿੱਪ ਹੋਣਗੇ। ਇਸੇ ਤਰ੍ਹਾਂ ਨੰਗਲ ਡੈਮ ਤੋਂ ਸੋਮਵਾਰ ਤੇ ਮੰਗਲਵਾਰ ਨੂੰ ਲੋਹੀਆਂ ਖਾਸ ਲਈ ਰੇਲਾਂ ਚੱਲਣਗੀਆਂ, ਇਨ੍ਹਾਂ ਦੀ ਵਾਪਸੀ ਮੰਗਲਵਾਰ ਤੇ ਬੁੱਧਵਾਰ ਨੂੰ ਹੋਵੇਗੀ, ਨੰਗਲ ਡੈਮ ਤੋਂ ਡੀਜ਼ਲ ਇੰਜਨ ਨਾਲ ਚੱਲਣ ਵਾਲੀ ਐਕਸਪ੍ਰੈਸ ਰੇਲ ਦੇ 15 ਕੋਚ ਹੋਣਗੇ ਤੇ ਇਨ੍ਹਾਂ ਦੇ ਦੋ ਦੋ ਟਰਿੱਪ ਹੋਣਗੇ।

ਇਸੇ ਤਰ੍ਹਾਂ ਦਿੱਲੀ ਤੋਂ ਲੋਹੀਆਂ ਖਾਸ ਲਈ ਸੋਮਵਾਰ, ਵੀਰਵਾਰ ਤੇ ਸਨਿਚਰਵਾਰ ਨੂੰ ਰੇਲਾਂ ਚੱਲਣਗੀਆਂ ਤੇ ਵਾਪਸ ਮੰਗਲਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਹੋਣਗੀਆਂ। 16 ਕੋਚਾਂ ਵਾਲੀ ਡੀਜ਼ਲ ਇੰਜਨ ਨਾਲ ਚੱਲਣ ਵਾਲੀ ਇਸ ਐਕਸਪ੍ਰੈਸ ਰੇਲ ਦੇ 20-20 ਟਰਿੱਪ ਹੋਣਗੇ। ਇਹ ਰੇਲਾਂ ਦਿੱਲੀ, ਅੰਬਾਲਾ ਕੈਂਟ, ਅੰਬਾਲਾ ਸਿਟੀ, ਰਾਜਪੁਰਾ, ਸਰਹਿੰਦ, ਮੰਡੀ ਗੋਬਿੰਦਗੜ੍ਹ, ਖੰਨਾ, ਲੁਧਿਆਣਾ, ਫਿਲੌਰ, ਨਕੋਦਰ ਅਤੇ ਲੋਹੀਆਂ ਖਾਸ ਤੱਕ ਜਾਣਗੀਆਂ। ਇਸੇ ਤਰ੍ਹਾਂ ਦਰਭੰਗਾ ਤੋਂ ਫਿਰੋਜ਼ਪੁਰ ਅਤੇ ਪਟਨਾ ਤੋਂ ਫਿਰੋਜ਼ਪੁਰ ਐਕਸਪ੍ਰੈੱਸ ਰੇਲਾਂ 20-20 ਕੋਚ ਲੈ ਕੇ ਚੱਲਣਗੀਆਂ।

### ਈ.ਡੀ. ਅਦਾਲਤ ਨੇ ਹੁੱਡਾ ਤੇ ਵੋਰਾ ਨੂੰ ਜ਼ਮਾਨਤ ਦਿੱਤੀ

**ਚੰਡੀਗੜ੍ਹ (ਬਿਊਰੋ):** ਐਸੋਸੀਏਟਡ ਜਰਨਲਜ਼ ਲਿਮਟਿਡ ਜ਼ਮੀਨ ਅਲਾਟਮੈਂਟ (ਏ.ਜੀ.ਐਲ.) ਕੇਸ 'ਚ ਨਾਮਜ਼ਦ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਕਾਂਗਰਸੀ ਨੇਤਾ ਮੋਤੀਲਾਲ ਵੋਰਾ ਨੂੰ ਪੰਚਕੂਲਾ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਵਿਸ਼ੇਸ਼ ਅਦਾਲਤ ਨੇ ਪੱਕੀ ਜ਼ਮਾਨਤ ਦੇ ਦਿੱਤੀ ਹੈ।

ਹੁੱਡਾ ਦੇ ਵਕੀਲ ਅਨੁਸਾਰ ਵਿਸ਼ੇਸ਼ ਜੱਜ ਜਗਦੀਪ ਸਿੰਘ ਨੇ ਇਸ ਕੇਸ ਦੀ ਅਗਲੀ ਸੁਣਵਾਈ 10 ਦਸੰਬਰ ਨੂੰ ਨਿਰਧਾਰਿਤ ਕੀਤੀ ਹੈ। ਪਿਛਲੀ ਸੁਣਵਾਈ ਦੌਰਾਨ 30 ਅਕਤੂਬਰ ਨੂੰ ਅਦਾਲਤ ਨੇ ਉਨ੍ਹਾਂ ਨੂੰ 6 ਨਵੰਬਰ ਤੱਕ ਅੰਤਰਿਮ ਜ਼ਮਾਨਤ ਦਿੱਤੀ ਸੀ। ਪੰਚਕੂਲਾ 'ਚ ਏ.ਜੀ.ਐਲ. ਨੂੰ ਜ਼ਮੀਨ ਅਲਾਟਮੈਂਟ 'ਚ ਕਥਿਤ ਬੇਨਿਯਮੀਆਂ ਵਰਤਣ ਦੇ ਦੋਸ਼ 'ਚ ਈਡੀ ਨੇ ਇਸ ਸਾਲ ਅਗਸਤ ਮਹੀਨੇ ਹੁੱਡਾ ਅਤੇ ਵੋਰਾ ਖਿਲਾਫ ਪਹਿਲਾ ਦੋਸ਼ ਪੱਤਰ ਦਾਖਲ ਕੀਤਾ ਸੀ।

# ਸੁਪਰੀਮ ਕੋਰਟ ਵਲੋਂ ਰਾਮ ਮੰਦਿਰ ਦੇ ਹੱਕ 'ਚ ਫੈਸਲਾ

**ਨਵੀਂ ਦਿੱਲੀ:** ਭਾਰਤ ਦੀ ਸੁਪਰੀਮ ਕੋਰਟ ਨੇ ਸਦੀ ਤੋਂ ਵੱਧ ਪੁਰਾਣੇ ਤੇ ਵਿਵਾਦਾਂ ਦੀ ਜੜ੍ਹ ਅਯੁੱਧਿਆ ਮੁੱਦੇ ਦਾ ਇਤਿਹਾਸਕ ਨਿਬੇੜਾ ਕਰਦਿਆਂ ਵਿਵਾਦਤ ਥਾਂ ਉਤੇ ਰਾਮ ਮੰਦਰ ਦੀ ਉਸਾਰੀ ਦੇ ਹੱਕ 'ਚ ਫੈਸਲਾ ਸੁਣਾਇਆ ਹੈ। ਅਦਾਲਤ ਨੇ ਅਯੁੱਧਿਆ ਵਿਚ ਹੀ ਮਸਜਿਦ ਦੀ ਉਸਾਰੀ ਲਈ ਬਦਲਵੀਂ ਥਾਂ ਉਤੇ ਪੰਜ ਏਕੜ ਪਲਾਟ ਦੇਣ ਦਾ ਹੁਕਮ ਵੀ ਸੁਣਾਇਆ ਹੈ।

ਵਿਵਾਦਤ ਥਾਂ ਉਤੇ ਟਰੱਸਟ ਵੱਲੋਂ ਮੰਦਰ ਉਸਾਰਿਆ ਜਾਵੇਗਾ। ਮੁਲਕ ਦਾ ਲੰਮੇ ਸਮੇਂ ਤੱਕ ਧਰੁਵੀਕਰਨ ਕਰਨ ਵਾਲੇ ਇਸ ਮਾਮਲੇ ਉਤੇ ਸੁਪਰੀਮ ਕੋਰਟ ਦੇ ਬੈਂਚ ਨੇ ਇਕਮੱਤ ਹੋ ਕੇ ਫੈਸਲਾ ਦਿੱਤਾ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਹਿੰਦੂਆਂ ਦੇ ਇਸ ਵਿਸ਼ਵਾਸ ਕਿ ਭਗਵਾਨ ਰਾਮ ਦਾ ਜਨਮ ਅਯੁੱਧਿਆ ਵਿਚ ਹੋਇਆ, ਬਾਰੇ ਕੋਈ ਦੋ ਰਾਇ ਨਹੀਂ ਹੈ ਤੇ ਸੰਕੇਤਕ ਤੌਰ 'ਤੇ ਉਹ ਜ਼ਮੀਨ ਦਾ ਮਾਲਕਾਨਾ ਹੱਕ ਰੱਖਦੇ ਹਨ। ਇਸ ਦੇ ਬਾਵਜੂਦ ਇਹ ਸਪੱਸ਼ਟ ਹੈ ਕਿ 16ਵੀਂ ਸਦੀ ਦੇ ਇਸ ਤਿੰਨ ਗੁੰਬਦਾਂ ਵਾਲੇ ਢਾਂਚੇ ਨੂੰ ਹਿੰਦੂ ਕਾਰ ਸੇਵਕਾਂ ਵੱਲੋਂ ਮੰਦਰ ਦੀ ਉਸਾਰੀ ਲਈ ਛੇ ਦਸੰਬਰ, 1992 ਨੂੰ ਢਾਹਿਆ ਜਾਣਾ ਗਲਤੀ ਸੀ ਤੇ 'ਇਸ ਨੂੰ ਸੁਧਾਰਨ ਦੀ ਲੋੜ ਹੈ।'

ਮਸਜਿਦ ਢਾਹੇ ਜਾਣ ਮਗਰੋਂ ਕਈ ਥਾਂਵਾਂ ਉਤੇ ਹਿੰਦੂ-ਮੁਸਲਿਮ ਫਸਾਦ ਹੋਏ ਤੇ 1993 ਵਿਚ ਹੋਏ ਮੁੰਬਈ ਧਮਾਕਿਆਂ 'ਚ ਸੈਂਕੜੇ ਲੋਕ ਮਾਰੇ ਗਏ। ਦੱਸਣਯੋਗ ਹੈ ਕਿ ਹਿੰਦੂ ਦਲੀਲ ਦਿੰਦੇ ਆਏ ਹਨ ਕਿ ਮੁਸਲਿਮ ਬਾਦਸ਼ਾਹ ਬਾਬਰ ਦੀ ਸ਼ਹਿ 'ਤੇ ਮੁਸਲਿਮ ਫੌਜ ਨੇ ਰਾਮ ਮੰਦਰ ਨੂੰ 16ਵੀਂ ਸਦੀ 'ਚ ਢਾਹ ਕੇ ਮਸਜਿਦ ਦੀ ਉਸਾਰੀ ਕੀਤੀ ਸੀ। 1885 ਵਿਚ ਇਹ ਮਾਮਲਾ ਉਸ ਵੇਲੇ ਕਾਨੂੰਨੀ ਰੂਪ ਧਾਰ ਗਿਆ ਜਦ ਇਕ ਮਹੰਤ ਨੇ ਮਸਜਿਦ ਦੇ ਅੰਦਰ ਤੰਬੂ ਲਾਉਣ ਲਈ ਅਦਾਲਤ ਦਾ ਬੂਹਾ ਖੜਕਾਇਆ। ਉਸ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਗਿਆ।

ਦਸੰਬਰ 1949 ਵਿਚ ਅਣਪਛਾਤੇ ਵਿਅਕਤੀਆਂ ਨੇ ਮਸਜਿਦ ਦੇ ਅੰਦਰ ਭਗਵਾਨ ਰਾਮ ਦੀ ਮੂਰਤੀ ਸਥਾਪਿਤ ਕਰ ਦਿੱਤੀ। ਅਦਾਲਤ ਨੇ ਆਪਣੇ ਫੈਸਲੇ 'ਚ ਕਿਹਾ ਕਿ ਸੰਵਿਧਾਨ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਜੋ ਹੋਇਆ ਗਲਤ ਹੋਇਆ ਤੇ ਉਸ ਨੂੰ ਸੁਧਾਰਿਆ ਜਾਵੇ। ਜੇ ਅਦਾਲਤ ਮੁਸਲਿਮ ਭਾਈਚਾਰੇ ਦੇ ਹੱਕ ਨੂੰ ਅੱਖੋਂ-ਪਰੋਖੇ ਕਰਦੀ ਹੈ ਜਿਨ੍ਹਾਂ ਨੂੰ ਮਸਜਿਦ ਤੋਂ ਵਿਰਵੇ ਕਰ ਦਿੱਤਾ ਗਿਆ, ਉਹ ਵੀ ਅਜਿਹੇ ਢੰਗ ਵਰਤ ਕੇ ਜੋ ਇਸ ਧਰਮ ਨਿਰਪੱਖ ਦੇਸ਼ ਦੇ ਕਾਨੂੰਨੀ ਦਾਇਰੇ ਵਿਚ ਨਹੀਂ ਹਨ, ਤਾਂ ਇਹ ਨਿਆਂ ਨਹੀਂ ਹੋਵੇਗਾ। ਅਦਾਲਤ ਨੇ ਉੱਤਰ ਪ੍ਰਦੇਸ਼ ਦੀ ਪਵਿੱਤਰ ਨਗਰੀ ਅਯੁੱਧਿਆ ਵਿਚ ਸਰਕਾਰ ਨੂੰ ਕਿਸੇ 'ਮਹੱਤਵਪੂਰਨ' ਥਾਂ ਉਤੇ ਨਵੀਂ ਮਸਜਿਦ ਉਸਾਰਨ ਲਈ ਪੰਜ ਏਕੜ ਪਲਾਟ ਦੇਣ ਦਾ ਹੁਕਮ ਦਿੱਤਾ ਹੈ। ਇਸ ਤੋਂ ਇਲਾਵਾ ਅਦਾਲਤ ਦੇ ਫੈਸਲੇ 'ਚ ਜ਼ਿਕਰ ਕੀਤਾ ਗਿਆ ਹੈ ਕਿ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਹਿੰਦੂ ਵਿਵਾਦਤ ਢਾਂਚੇ ਦੇ ਬਾਹਰਲੇ ਵਿਹੜੇ ਵਿਚ 1857 ਤੋਂ ਪਹਿਲਾਂ ਤੱਕ ਪੂਜਾ ਕਰਦੇ ਰਹੇ ਹਨ, ਅਵਧ ਖਿੱਤੇ ਨੂੰ ਵੰਡੇ ਜਾਣ ਤੋਂ ਵੀ ਪਹਿਲਾਂ ਤੱਕ।

ਜਦਕਿ ਮੁਸਲਿਮ ਧਿਰਾਂ ਇਸ ਗੱਲ ਦਾ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀਆਂ ਹਨ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੋਵੇ ਕਿ 1857 ਤੋਂ ਪਹਿਲਾਂ ਇਸ ਦੀ ਮਾਲਕੀ ਸਿਰਫ ਉਨ੍ਹਾਂ ਕੋਲ ਹੀ ਸੀ। ਇਤਿਹਾਸਕ ਫੈਸਲਾ 1,045 ਸਫਿਆਂ ਦਾ ਹੈ। ਫੈਸਲਾ ਦੇਣ ਵਾਲੇ ਬੈਂਚ 'ਚ ਜਸਟਿਸ ਗੋਗੋਈ ਤੋਂ ਇਲਾਵਾ ਜਸਟਿਸ ਐਸ.ਏ. ਬੋਬੜੇ, ਡੀ.ਵਾਈ ਚੰਦਰਚੂੜ, ਅਸ਼ੋਕ ਭੂਸ਼ਨ ਤੇ ਐੱਸ. ਅਬਦੁੱਲ ਨਜ਼ੀਰ ਸ਼ਾਮਲ ਹਨ। ਜਸਟਿਸ ਗੋਗਈ 17 ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ। ਇਸ ਮਾਮਲੇ 'ਚ ਅਲਾਹਾਬਾਦ ਹਾਈ ਕੋਰਟ ਦੇ 2010 ਦੇ ਫੈਸਲੇ ਖਿਲਾਫ 14 ਅਰਜ਼ੀਆਂ ਪਾਈਆਂ ਗਈਆਂ ਸਨ। ਹਾਈ ਕੋਰਟ ਨੇ 2.77 ਏਕੜ ਜ਼ਮੀਨ ਨੂੰ ਤਿੰਨ ਧਿਰਾਂ 'ਚ ਬਰਾਬਰ ਵੰਡ ਦਿੱਤਾ ਸੀ।

## ਨਿਰਮੋਹੀ ਅਖਾੜੇ ਦਾ ਦਾਅਵਾ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਯੁੱਧਿਆ ਕੇਸ ਬਾਰੇ ਫੈਸਲਾ ਸੁਣਾਉਂਦਿਆਂ ਜ਼ਿਕਰ ਕੀਤਾ ਕਿ ਨਿਰਮੋਹੀ ਅਖਾੜੇ ਕੋਲ ਅਧਿਕਾਰਤ ਤੌਰ 'ਤੇ ਰਾਮ ਲੱਲਾ ਦਾ ਸੇਵਕ (ਰਾਮ ਜਨਮ ਅਸਥਾਨ ਦਾ ਪ੍ਰਬੰਧਕ) ਹੋਣ ਦਾ ਹੱਕ ਨਹੀਂ ਹੈ। ਇਸ ਦੇ ਨਾਲ ਹੀ ਅਦਾਲਤ ਨੇ ਰਾਮ ਜਨਮਭੂਮੀ-ਬਾਬਰੀ ਮਸਜਿਦ ਕੇਸ ਵਿਚ ਅਖਾੜੇ ਵੱਲੋਂ ਦਾਇਰ ਕੇਸ ਰੱਦ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਅਖਾੜੇ ਵੱਲੋਂ ਦਾਇਰ ਕੇਸ ਤੈਅ ਸਮੇਂ ਮੁਤਾਬਕ ਦਾਖਲ ਨਹੀਂ ਕੀਤਾ ਗਿਆ ਸੀ। ਨਿਰਮੋਹੀ ਅਖਾੜੇ ਨੇ ਅਦਾਲਤ ਵਿਚ ਇਸ ਸਬੰਧੀ ਦਾਅਵਾ ਕੀਤਾ ਸੀ ਤੇ ਦਲੀਲ ਦਿੱਤੀ ਸੀ ਕਿ ਮੰਦਰ ਦੀ ਮੁਰੰਮਤ ਤੇ ਮੁੜ ਉਸਾਰੀ ਦਾ ਹੱਕ ਸਿਰਫ ਉਸ ਕੋਲ ਹੈ। ਇਸ ਦੇ ਉਲਟ 1959 ਵਿਚ ਇਕ ਅਦਾਲਤੀ ਫੈਸਲੇ ਰਾਹੀਂ ਜਨਮ ਅਸਥਾਨ ਉਤੇ ਰਿਸੀਵਰ ਨਿਯੁਕਤ ਕਰ ਦਿੱਤਾ ਗਿਆ ਸੀ।

## ਪੰਜ ਏਕੜ ਦੀ ਖੈਰਾਤ ਨਹੀਂ ਲਵਾਂਗੇ: ਓਵੈਸੀ

**ਹੈਦਰਾਬਾਦ:** ਏ.ਆਈ.ਐਮ.ਆਈ.ਐਮ. ਦੇ ਮੁਖੀ ਅਸਦੂਦੀਨ ਓਵੈਸੀ ਨੇ ਸੁਪਰੀਮ ਕੋਰਟ ਵੱਲੋਂ ਅਯੁੱਧਿਆ ਕੇਸ 'ਚ ਸੁਣਾਏ ਗਏ ਫੈਸਲੇ ਉਤੇ ਸਵਾਲ ਖੜ੍ਹਾ ਕੀਤਾ ਹੈ। ਓਵੈਸੀ ਨੇ ਕਿਹਾ, 'ਜੇਕਰ ਬਾਬਰੀ ਮਸਜਿਦ ਹੋਂਦ ਵਿਚ ਸੀ ਤਾਂ ਇਸ ਦੀ ਜ਼ਮੀਨ ਉਨ੍ਹਾਂ ਨੂੰ ਕਿਉਂ ਸੌਂਪ ਦਿੱਤੀ ਗਈ ਜਿਨ੍ਹਾਂ ਇਸ ਨੂੰ ਢਾਹਿਆ ਸੀ। ਜੇਕਰ ਇਹ ਹੋਂਦ ਵਿਚ ਨਹੀਂ ਸੀ ਤਾਂ ਇਸ ਨੂੰ ਢਾਹੁਣ ਦਾ ਕੇਸ ਕਿਉਂ ਚੱਲਿਆ ਤੇ ਇਸ ਕੇਸ ਵਿਚੋਂ ਲਾਲ ਕ੍ਰਿਸ਼ਨ ਅਡਵਾਨੀ ਦਾ ਨਾਂ ਵਾਪਸ ਕਿਉਂ ਲਿਆ ਗਿਆ ਅਤੇ ਜੇਕਰ ਬਾਬਰੀ ਮਸਜਿਦ ਸੀ ਤਾਂ ਇਸ ਦੀ ਜ਼ਮੀਨ ਮੈਨੂੰ ਦਿੱਤੀ ਜਾਵੇ।'

ਓਵੈਸੀ ਨੇ ਸੁਪਰੀਮ ਕੋਰਟ ਦੇ ਫੈਸਲੇ ਉਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ, 'ਇਹ ਬੁਨਿਆਦੀ ਸਵਾਲ ਹੈ। ਅਸੀਂ ਫੈਸਲੇ ਤੋਂ ਸੰਤੁਸ਼ਟ ਨਹੀਂ ਹਾਂ। ਬਾਬਰੀ ਮਸਜਿਦ ਮੇਰਾ ਕਾਨੂੰਨੀ ਅਧਿਕਾਰ ਹੈ। ਮੈਂ ਮਸਜਦ ਲਈ ਲੜ ਰਿਹਾ ਹਾਂ ਨਾ ਕਿ ਜ਼ਮੀਨ ਲਈ।' ਓਵੈਸੀ ਟਵੀਟ ਕੀਤਾ, 'ਹੁਣ ਮੁਸਲਿਮ ਉਥੇ ਕੀ ਦੇਖਣਗੇ? ਜਿਥੇ ਕਈ ਸਾਲਾਂ ਤੋਂ ਇਕ ਮਸਜਦ ਬਣੀ ਹੋਈ ਸੀ ਤੇ ਉਹ ਹੁਣ ਢਾਹੀ ਜਾ ਚੁੱਕੀ ਹੈ। ਹੁਣ ਅਦਾਲਤ ਨੇ ਇਹ ਕਹਿੰਦਿਆਂ ਇਥੇ ਉਸਾਰੀ ਦੀ ਇਜਾਜ਼ਤ ਦੇ ਦਿੱਤੀ ਹੈ ਕਿ ਇਹ ਜ਼ਮੀਨ ਰਾਮ ਲੱਲਾ ਨਾਲ ਸਬੰਧਤ ਹੈ।'

## ਅਦਾਲਤ ਨੇ ਦਿੱਤਾ ਬਾਬੇ ਨਾਨਕ ਦੀ ਅਯੁੱਧਿਆ ਫੇਰੀ ਦਾ ਹਵਾਲਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਯੁੱਧਿਆ ਕੇਸ ਦਾ ਨਿਬੇੜਾ ਕਰਦਿਆਂ ਗੁਰੂ ਨਾਨਕ ਦੇ ਅਯੁੱਧਿਆ ਜਾਣ ਦਾ ਵੀ ਹਵਾਲਾ ਦਿੱਤਾ ਹੈ, ਜਿਥੇ ਉਨ੍ਹਾਂ 1510-11 ਈਸਵੀ 'ਚ ਭਗਵਾਨ ਰਾਮ ਦੀ ਜਨਮਭੂਮੀ ਉਤੇ ਚਰਨ ਪਾਏ ਸਨ। ਸੁਪਰੀਮ ਕੋਰਟ ਮੁਤਾਬਕ ਇਹ ਹਵਾਲਾ ਹਿੰਦੂਆਂ ਦੇ ਵਿਸ਼ਵਾਸ ਕਿ ਵਿਵਾਦਤ ਥਾਂ ਭਗਵਾਨ ਰਾਮ ਦੇ ਜਨਮ ਅਸਥਾਨ ਨਾਲ ਸਬੰਧਤ ਹੈ, ਦੀ ਪੁਸ਼ਟੀ ਕਰਦਾ ਹੈ। ਗੁਰੂ ਨਾਨਕ ਦੇ ਅਯੁੱਧਿਆ ਦੌਰੇ ਦਾ ਜ਼ਿਕਰ ਉਦੋਂ ਹੋ ਰਿਹਾ ਹੈ, ਜਦੋਂ ਉਨ੍ਹਾਂ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਜਨਮ ਸਾਖੀਆਂ 'ਚ ਜ਼ਿਕਰ ਹੈ ਕਿ ਗੁਰੂ ਨਾਨਕ ਦੇਵ ਜੀ ਅਯੁੱਧਿਆ ਗਏ ਸਨ, ਜਿਥੇ ਉਨ੍ਹਾਂ ਭਗਵਾਨ ਰਾਮ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ। ਜ਼ਿਕਰਯੋਗ ਹੈ ਕਿ ਚਾਰ ਨੰਬਰ ਮੁਕੱਦਮੇ ਦੇ ਇਕ ਗਵਾਹ ਨੇ ਸਿੱਖ ਧਰਮ ਨਾਲ ਸਬੰਧਤ ਕਈ ਇਤਿਹਾਸਕ ਵੇਰਵਿਆਂ ਅਤੇ ਜਨਮ ਸਾਖੀਆਂ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਬਾਬਾ ਨਾਨਕ ਨੇ ਅਯੁੱਧਿਆ 'ਚ ਸ੍ਰੀ ਰਾਮ ਜਨਮਭੂਮੀ ਮੰਦਰ ਦੇ ਦਰਸ਼ਨ ਕੀਤੇ ਸਨ।

**ਲਾਂਘੇ ਦੇ ਉਦਘਾਟਨ ਵਾਲੇ ਦਿਨ ਹੀ ਫੈਸਲਾ ਕਿਉਂ?** ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਵਾਲੇ ਦਿਨ ਅਯੁੱਧਿਆ ਮਾਮਲੇ ਦੇ ਆਏ ਫੈਸਲੇ ਉਤੇ ਸਵਾਲ ਉਠੇ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਵਾਲੇ ਦਿਨ ਅਯੁੱਧਿਆ ਮਾਮਲੇ ਦੇ ਆਏ ਫੈਸਲੇ ਉਤੇ ਸਵਾਲ ਉਠਾਉਂਦਿਆਂ ਕਿਹਾ ਕਿ ਉਹ ਇਸ ਖੁਸ਼ੀ ਦੇ ਮੌਕੇ 'ਤੇ ਦਿਖਾਈ, 'ਅਸੰਵੇਦਨਸ਼ੀਲਤਾ' ਤੋਂ ਬਹੁਤ ਦੁਖੀ ਹਨ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਕਰਤਾਰਪੁਰ ਲਾਂਘੇ ਦੇ ਸਿਰਮੌਰ?

ਇਹ ਗੱਲ ਸਿਰਫ ਚੜ੍ਹਦੇ ਪੰਜਾਬ ਵਿਚ ਹੀ ਨਹੀਂ, ਸਗੋ ਲਹਿੰਦੇ ਪੰਜਾਬ ਵਿਚ ਵੀ ਇਹੋ ਕੂਕ ਪਈ ਗੂੰਜਦੀ ਏ ਕਿ ਨਵਜੋਤ ਸਿੰਘ ਸਿੱਧੂ ਕਰਤਾਰਪੁਰ ਸਾਹਿਬ ਦਾ ਲਾਂਘਾ ਪਾਕਿਸਤਾਨ ਤੋਂ ਲੈ ਕੇ ਗਿਆ ਹੈ; ਪਰ ਹਕੀਕਤ ਇਸ ਤੋਂ ਕੁਝ ਵੱਖਰੀ ਏ। ਨਵਜੋਤ ਸਿੰਘ ਸਿੱਧੂ ਨੇ ਇਮਰਾਨ ਖਾਨ ਦੇ ਬੁਲਾਵੇ 'ਤੇ ਜਾਣਾ ਸੀ। ਖੁਦ ਇਮਰਾਨ ਖਾਨ ਨੇ ਹਾਲੇ ਪ੍ਰਧਾਨ ਮੰਤਰੀ ਦੀ ਸਹੁੰ ਵੀ ਨਹੀਂ ਸੀ ਚੁਕੀ ਤੇ ਪ੍ਰਧਾਨ ਮੰਤਰੀ ਬਣਿਆ ਵੀ ਨਹੀਂ ਸੀ ਤੇ ਏਡਾ ਵੱਡਾ ਫੈਸਲਾ ਉਹ ਕਿਵੇਂ ਕਰ ਸਕਦਾ ਸੀ? ਉਹ ਨਹੀਂ ਸੀ ਕਰ ਸਕਦਾ। ਇਮਰਾਨ ਖਾਨ ਉਂਜ ਵੀ ਇਸ ਤਰ੍ਹਾਂ ਦੀ ਸੋਚ ਨਹੀਂ ਰਖਦਾ, ਨਾਲੇ ਸਾਰੀ ਉਮਰ ਉਹ ਬਾਹਰ ਦੇ ਮੁਲਕਾਂ ਵਿਚ




**ਡਾ. ਗੁਲਾਮ ਮੁਸਤਫਾ ਡੋਗਰ**
Kotroy@hotmail.co.uk
ਫੋਨ: 0044-7878132208
---
**ਲਿਪੀਅੰਤਰ: ਜੇ. ਐਸ. ਭੱਟੀ**
jsdhaiwal21@gmail.com
ਫੋਨ: +91- 7986037268


ਰਿਹਾ ਏ, ਤੇ ਪੰਜਾਬੀ ਲੋਕਾਂ ਦੇ ਮਸਲਿਆਂ ਦਾ ਉਸ ਨੂੰ ਏਡਾ ਇਲਮ ਨਹੀਂ। ਫਿਰ ਬਿਲਕੁਲ ਚੜ੍ਹਦੇ ਪੰਜਾਬ ਦਾ ਮਸਲਾ, ਕਰਤਾਰਪੁਰ ਸਾਹਿਬ ਦਾ, ਉਹ ਉਹਨੂੰ ਕਿਥੋਂ ਪਤਾ ਹੋਣਾ ਸੀ! ਅਜੇ ਤੇ ਉਹ ਰਾਜਨੀਤੀ ਸਿੱਖ ਰਿਹਾ, ਹੁਣ ਵੀ।

ਨਵਜੋਤ ਸਿੰਘ ਸਿੱਧੂ ਦੀ ਮਸ਼ਹੂਰ-ਏ-ਆਮ ਜਨਰਲ ਬਾਜਵਾ ਨਾਲ ਜੋ ਜੱਫੀ ਏ, ਉਹ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਦੀ ਸਹੁੰ ਚੁਕਣ ਤੋਂ ਪਹਿਲਾਂ ਪੈ ਗਈ ਸੀ ਤੇ ਜਨਰਲ ਕਮਰ ਜਾਵੇਦ ਬਾਜਵਾ ਨੇ ਉਸ ਦੇ ਕੰਨ ਵਿਚ ਖੁਸ਼ਖਬਰੀ ਪਾ ਦਿੱਤੀ ਸੀ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਅਸੀਂ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਪੁਰਵ 'ਤੇ ਖੋਲ੍ਹ ਦੇਣਾ ਏ। ਸਿੱਧੂ ਨੇ ਤਾਂ ਕੁਝ ਮੰਗਿਆ ਹੀ ਨਹੀਂ ਸੀ, ਤੇ ਨਾ ਹੀ ਉਸ ਦੇ ਦਿਮਾਗ ਵਿਚ ਕੋਈ ਅਜਿਹੀ ਸੋਚ ਸੀ। ਜੇ ਹੁੰਦੀ ਤਾਂ ਅਸੀਂ ਪੰਜਾਬੀ ਬੜੇ ਬੜਬੋਲੇ ਹਾਂ, ਅਸੀਂ ਕੰਮ ਘੱਟ ਕਰਦੇ ਹਾਂ ਤੇ ਖੱਪ ਬਹੁਤੀ ਪਾਉਂਦੇ ਆਂ। ਸਾਡੇ ਸਿਆਸੀ ਲੀਡਰ, ਉਹ ਤਾਂ ਪਾਉਂਦੇ ਹੀ ਖੱਪ ਨੇ, ਕੰਮ ਤਾਂ ਸ਼ਾਇਦ ਹੀ ਕਦੀ ਹੁੰਦਾ ਹੈ। ਸਿੱਧੂ ਦੇ ਚੜ੍ਹਦੇ ਪੰਜਾਬ ਤੋਂ ਜਾਣ ਤੋਂ ਪਹਿਲਾਂ ਜੇ ਉਸ ਦੇ ਦਿਮਾਗ ਵਿਚ ਕੋਈ ਐਸੀ ਗੱਲ ਹੁੰਦੀ ਤਾਂ ਉਹ ਕੋਈ ਬਿਆਨ ਦਿੰਦਾ ਕਿ ਉਹ ਐਸਾ ਕੰਮ ਕਰਨ ਜਾ ਰਿਹਾ ਹੈ; ਪਰ ਐਸੀ ਗੱਲ ਕੋਈ ਸਾਹਮਣੇ ਨਹੀਂ ਆਈ।

ਇਹ ਤਾਂ ਸਾਰੇ ਲੋਕਾਂ ਨੂੰ ਪਤਾ ਏ ਕਿ ਕਰਤਾਰਪੁਰ ਸਾਹਿਬ ਕੋਰੀਡੋਰ ਖੁੱਲ੍ਹਣ ਦੀ ਜਦੋਜਾਹਿਦ ਭਬੀਸ਼ਨ ਸਿੰਘ (ਬੀ. ਐਸ.) ਗੋਰਾਇਆ ਨਾਂ ਦੇ ਬੰਦੇ ਨੇ ਸ਼ੁਰੂ ਕੀਤੀ ਸੀ ਤੇ ਜਿਸ ਦੇ ਨਾਲ ਬਾਅਦ ਇਸ ਚੰਗੇ ਕੰਮ ਵਿਚ ਗੁਰਿੰਦਰ ਸਿੰਘ ਬਾਜਵਾ, ਕੁਲਦੀਪ ਸਿੰਘ ਵਡਾਲਾ, ਜਸਬੀਰ ਸਿੰਘ ਜਫਰਵਾਲ ਤੇ ਉਦਮ ਸਿੰਘ ਔਲਖ ਵਰਗੇ ਲੋਕ ਸ਼ਾਮਿਲ ਹੋਏ ਤੇ ਪਿਛਲੇ 20 ਸਾਲਾਂ ਤੋਂ ਅਰਦਾਸਾਂ ਕਰਦੇ ਆਏ। ਆਮ ਸਿੱਖ ਲੋਕ ਵੀ ਇਨ੍ਹਾਂ ਅਰਦਾਸਾਂ ਵਿਚ ਸ਼ਾਮਿਲ ਹੁੰਦੇ ਰਹੇ।

ਨਵਜੋਤ ਸਿੰਘ ਸਿੱਧੂ ਬਾਰੇ ਇਕ ਗੱਲ ਹੀ ਕਹੀ ਜਾ ਸਕਦੀ ਹੈ ਕਿ ਉਸ ਉਤੇ ਬਾਬੇ ਨਾਨਕ ਦੀ ਕਿਰਪਾ ਤੇ ਰੱਬ ਦੀ ਮਿਹਰਬਾਨੀ ਹੋਈ ਏ। ਤੇ ਬਾਕੀ ਆਗੂ ਲੋਕਾਂ ਦੇ ਨਾਂ ਤਾਂ ਲਏ ਗਏ ਹਨ, ਉਨ੍ਹਾਂ ਬਾਰੇ ਇਹੋ ਹੀ ਕਿਹਾ ਜਾ ਸਕਦਾ ਹੈ, "ਵੋਹ ਮੇਰੇ ਨਸੀਬ ਕੀ ਬਾਰਿਸ਼ੇਂ ਕਿਸੀ ਔਰ ਛਤ ਪਰ ਬਰਸ ਗਈਂ।" ਚੂਰੀ ਹੋਰ ਕੁੱਟਦੇ ਰਹੇ ਤੇ ਹਿੱਸੇ ਨਵਜੋਤ ਸਿੰਘ ਸਿੱਧੂ ਦੇ ਆ ਗਈ। ਜੇ ਥੋੜ੍ਹੇ ਜਿਹੇ ਧਿਆਨ ਨਾਲ ਦੇਖੀਏ ਤਾਂ ਪਤਾ ਲੱਗ ਜਾਂਦਾ ਏ ਕਿ ਗੁਰੂ ਦੀ ਕਿਰਪਾ ਸਿਰਫ ਨਵਜੋਤ ਸਿੰਘ ਸਿੱਧੂ 'ਤੇ ਨਹੀਂ ਸੀ, ਸਗੋਂ ਇਮਰਾਨ ਖਾਨ 'ਤੇ ਵੀ ਸੀ। ਇਮਰਾਨ ਖਾਨ ਦੀ ਇਸ ਸਾਰੇ ਕੰਮ ਵਿਚ ਜੋ ਮਿਹਨਤ ਹੈ, ਉਹ ਸਿਰਫ ਲਾਂਘੇ ਦਾ ਫੀਤਾ ਕੱਟਣਾ ਹੀ ਏ। ਉਸ ਨੂੰ ਲਾਂਘੇ ਦਾ ਪਤਾ ਵੀ ਨਹੀਂ ਸੀ। ਸਿੱਧੂ ਤੇ ਇਮਰਾਨ ਉਂਜ ਵੀ ਦੋਵੇਂ ਦੋਸਤ ਹਨ ਤੇ ਇਨ੍ਹਾਂ ਦੋਹਾਂ 'ਤੇ ਰੱਬ ਨੇ ਇੰਨੀ ਬਖਸ਼ਿਸ਼ ਕੀਤੀ ਕੇ ਇਨ੍ਹਾਂ ਨੂੰ ਪੱਕੀ ਪਕਾਈ ਖੀਰ ਮਿਲ ਗਈ।

ਸਿੱਧੂ ਬਾਰੇ ਜੋ ਮਰਜੀ ਕਹੋ, ਉਹ ਉਥੇ ਗਿਆ ਤੇ ਜਨਰਲ ਬਾਜਵਾ ਨਾਲ ਉਸ ਦੀ ਜੱਫੀ ਪੈ ਗਈ, ਤੇ ਜਿਹੜੀ ਸ਼ੈਅ ਉਸ ਨੇ ਮੰਗੀ ਨਹੀਂ ਸੀ, ਉਹ ਉਸ ਨੂੰ ਮਿਲ ਗਈ, ਪਰ ਇਸ ਗੱਲ ਨੂੰ ਭੁਲਾਇਆ ਨਹੀਂ ਜਾ ਸਕਦਾ ਕਿ ਇਮਰਾਨ ਖਾਨ ਪਿਛਲੇ 22 ਸਾਲ ਤੋਂ ਰਾਜਨੀਤੀ ਵਿਚ ਧੱਕੇ ਖਾ ਰਿਹਾ ਸੀ ਤੇ ਫਿਰ ਉਹ ਇਸ ਮੁਕਾਮ 'ਤੇ ਆਇਆ ਕਿ ਉਹ ਕਰਤਾਰਪੁਰ ਸਾਹਿਬ ਕੋਰੀਡੋਰ ਦਾ ਫੀਤਾ ਕੱਟ ਸਕਿਆ; ਪਰ ਸਿੱਧੂ ਦਾ ਜੋ ਕੰਮ ਏ, ਉਹ ਇਸ ਤੋਂ ਉਲਟ ਏ। ਇਮਰਾਨ ਖਾਨ ਨੇ ਜੋ ਧੱਕੇ ਫੀਤਾ ਕੱਟਣ ਤੋਂ ਪਹਿਲਾ ਖਾਧੇ, ਸਿੱਧੂ ਨੂੰ ਸਿਆਸੀ ਧੱਕੇ ਉਹ ਜਫੀ ਪਾਉਣ ਤੋਂ, ਫੀਤਾ ਕੱਟਣ ਪਿਛੋਂ ਪੈਣੇ ਸ਼ੁਰੂ ਹੋਏ ਹਨ। ਸਿੱਧੂ ਨੂੰ ਕਰਤਾਰਪੁਰ ਸਾਹਿਬ ਕੋਰੀਡੋਰ ਤੇ ਇਸ ਜੱਫੀ ਦੀ ਕੀਮਤ ਦੇਣੀ ਪਈ ਤੇ ਅੱਗੋਂ ਵੀ ਦੇਣੀ ਪਏਗੀ; ਪਰ ਮੈਨੂੰ ਪੂਰੀ ਉਮੀਦ ਏ ਕਿ ਰੱਬ ਨੇ ਸਿੱਧੂ ਕੋਲੋ ਕੋਈ ਵੱਡਾ ਕੰਮ ਲੈਣਾ ਏ ਜਿਵੇਂ ਇਮਰਾਨ ਖਾਨ ਨੂੰ 22 ਸਾਲਾਂ ਦੇ ਧੱਕਿਆਂ ਤੋਂ ਬਾਅਦ ਅਜਿਹਾ ਕੰਮ ਰੱਬ ਨੇ ਲਿਆ ਏ।

ਸੋਚਣ ਵਾਲੀ ਗੱਲ ਇਹ ਹੈ, ਜੇ ਇਮਰਾਨ ਖਾਨ ਤੇ ਸਿੱਧੂ ਨੇ ਕਰਤਾਰਪੁਰ ਸਾਹਿਬ ਲਾਂਘੇ ਦਾ ਫੈਸਲਾ ਨਹੀਂ ਕੀਤਾ ਤੇ ਫਿਰ ਇਸ ਦਾ ਫੈਸਲਾ ਕਿਸ ਨੇ ਕੀਤਾ ਤੇ ਇਸ ਨੂੰ ਬਣਾਉਣ ਦਾ ਜਿੰਮੇਵਾਰ ਕੌਣ ਏ? ਗੱਲ ਬੜੀ ਸਿੱਧੀ ਏ ਤੇ ਉਹ ਹੈ, ਜਨਰਲ ਬਾਜਵਾ, ਪਰ ਇਹ ਵੀ ਨਾਲ ਹੈ ਕਿ ਜਨਰਲ ਬਾਜਵਾ ਇਹ ਕੰਮ ਇਕਲਿਆਂ ਨਹੀਂ ਕਰ ਸਕਦਾ, ਉਸ ਦੇ ਪਿਛੇ ਪੂਰੀ ਫੌਜ ਏ, ਤੇ ਫੌਜ ਬਤੌਰ ਸੰਗਠਨ ਕੰਮ ਕਰਦੀ ਹੈ ਤੇ ਉਥੇ ਕੋਈ ਇਕਲਾ ਕੰਮ ਨਹੀਂ ਕਰ ਸਕਦਾ। ਦੂਜੀ ਗੱਲ ਇਹ ਹੈ ਕਿ ਇਸ ਕੰਮ ਨੂੰ ਕਰਨ ਲਈ ਕਈ ਸਾਲ ਸੋਚ ਵਿਚਾਰ ਕੀਤਾ ਗਿਆ ਹੋਵੇਗਾ। ਇਹ ਕੰਮ ਇਸ ਤਰ੍ਹਾਂ ਨਹੀਂ ਹੋਇਆ ਕਿ ਝੱਟ ਮੰਗਣੀ ਤੇ ਪਟ ਵਿਆਹ। ਜਨਰਲ ਬਾਜਵਾ ਨੇ ਸਿੱਧੂ ਦੇ ਕੰਨ ਵਿਚ ਜੋ ਫੂਕ ਮਾਰੀ ਸੀ, ਉਸ ਪਿਛੇ ਕਈ ਸਾਲਾਂ ਦੀ ਤੇ ਕਈ ਲੋਕਾਂ ਦੀ ਤਪਸਿਆ ਏ, ਪਰ ਇਹ ਗੱਲ ਯਾਦ ਰੱਖਣੀ ਚਾਹੀਦੀ ਏ ਕਿ ਜੇ ਜਨਰਲ ਬਾਜਵਾ ਇਹ ਗੱਲ ਨਾ ਚਾਹੁੰਦਾ, ਫਿਰ ਭਾਵੇਂ ਥੱਲੇ 100 ਬੰਦਾ ਸੋਚਦਾ, 100 ਬੰਦਾ ਗੱਲ ਕਰਦਾ, ਇਹ ਕੰਮ ਨਹੀਂ ਸੀ ਹੋ ਸਕਦਾ। ਇਸ ਗੱਲ ਨੂੰ ਸਮਝਣ ਲਈ ਸਾਨੂੰ ਜਨਰਲ ਬਾਜਵਾ ਦਾ ਪਿਛੋਕੜ ਫਰੋਲਣਾ ਚਾਹੀਦਾ ਹੈ, ਫਿਰ ਪਤਾ ਲੱਗੇਗਾ ਕਿ ਉਨ੍ਹਾਂ ਦੀ ਕਰਤਾਰਪੁਰ ਸਾਹਿਬ ਨਾਲ ਜਾਣਕਾਰੀ ਕਿਵੇਂ ਸੀ? ਕੀ ਵਜ੍ਹਾ ਹੋਈ ਕਿ ਇਹ ਕੰਮ ਉਨ੍ਹਾਂ ਹੀ ਕੀਤਾ, ਜੋ ਪਿਛਲੇ 70 ਸਾਲਾਂ ਵਿਚ ਨਹੀਂ ਹੋਇਆ?

ਕਈ ਕਾਰਨ ਹਨ ਇਸ ਵਿਚ ਕਿ ਜਨਰਲ ਬਾਜਵਾ ਦਾ ਜੱਦੀ ਪਿੰਡ ਦਾ ਨਾਂ ਕਾਲਾ ਪਹਾੜ ਹੈ। ਕਾਲਾ ਪਹਾੜ ਤੇ ਉਚਾ ਪਹਾੜ ਦੋ ਪਿੰਡ ਹਨ, ਜੋ ਇਕੱਠੇ ਹਨ। ਨਾਂ ਇਕੱਠਾ ਬੋਲਿਆ ਜਾਂਦਾ ਏ। ਦੋਹਾਂ ਵਿਚ ਫਾਸਲਾ ਥੋੜ੍ਹਾ ਏ, ਤੇ ਦੋਵੇਂ ਬਾਜਵਿਆਂ ਦੇ ਪਿੰਡ ਹਨ। ਦੋਵੇਂ ਪਿੰਡ ਨਾਰੋਵਾਲ ਸ਼ਹਿਰ ਤੋਂ ਦੂਰ ਨਹੀਂ। ਨਾਰੋਵਾਲ ਸ਼ਹਿਰ ਤੋਂ ਜੋ ਸੜਕ ਜਾਂਦੀ ਏ ਪਸਰੂਰ ਸ਼ਹਿਰ ਨੂੰ, ਉਸ ਉਤੇ ਹਨ, ਤੇ ਨਾਲਾ ਡੇਕ ਦੇ ਕੋਲ ਹਨ। ਜਨਰਲ ਬਾਜਵਾ ਦੇ ਪਿੰਡ ਤੋਂ ਕਰਤਾਰਪੁਰ ਸਾਹਿਬ ਦਾ ਫਾਸਲਾ ਮੁਸ਼ਕਿਲ ਨਾਲ 40 ਮੀਲ ਏ। ਜਦੋਂ ਬਾਰਾਂ ਆਬਾਦ ਹੋਈਆਂ, ਉਸ ਵਕਤ ਜਨਰਲ ਬਾਜਵਾ ਦੇ ਬਜੁਰਗ ਸਨ, ਉਹ ਇਸ ਪਿੰਡੋਂ ਉਠ ਕੇ ਲਾਇਲਪੁਰ ਦੇ ਇਲਾਕੇ ਚਲੇ ਗਏ, ਉਨ੍ਹਾਂ ਬਾਰਾਂ ਵਿਚ। ਉਸ ਪਿਛੋਂ ਜਦੋਂ ਜਨਰਲ ਬਾਜਵਾ ਦੇ ਪਿਤਾ ਕਰਨਲ ਇਕਬਾਲ ਬਾਜਵਾ ਫੌਜ ਵਿਚ ਭਰਤੀ ਹੋਏ ਤੇ ਉਹ ਵੀ ਪਿੰਡ ਛੱਡ ਗਏ।



*ਜਨਰਲ ਕਮਰ ਜਾਵੇਦ ਬਾਜਵਾ*

ਖੁਦ ਜਨਰਲ ਕਮਰ ਜਾਵੇਦ ਬਾਜਵਾ ਕਰਾਚੀ ਵਿਚ ਪੈਦਾ ਹੋਏ। ਜਦੋਂ ਉਹ 6 ਸਾਲ ਦੇ ਸਨ, ਪਿਤਾ ਕਰਨਲ ਬਾਜਵਾ ਦੀ ਮੌਤ ਹੋ ਗਈ। ਉਨ੍ਹਾਂ ਦਾ ਖਾਨਦਾਨ ਗਖੜ, ਜਿਲਾ ਗੁਜਰਾਂਵਾਲਾ ਵਿਚ ਆਬਾਦ ਏ। ਇਹ ਗੱਲ ਯਾਦ ਰਖਣ ਵਾਲੀ ਏ ਕਿ ਪਾਕਿਸਤਾਨੀ ਫੌਜ ਵਿਚ ਜਾਂ ਤਾਂ ਪੰਜਾਬੀ ਨੇ ਜਾਂ ਪਠਾਨ; ਸਿੰਧੀ ਤੇ ਬਲੋਚੀ ਬੜੇ ਘੱਟ ਹਨ। ਹਾਂ, ਕਰਾਚੀ ਦੇ ਮੁਹਾਜ਼ਿਰ ਵੀ ਕੁਝ ਹਨ। ਪਾਕਿਸਤਾਨੀ



*ਇਮਰਾਨ ਖਾਨ ਅਤੇ ਨਵਜੋਤ ਸਿੰਘ ਸਿੱਧੂ*

ਫੌਜ ਵਿਚ ਅੱਜ ਤੱਕ ਆਣ ਵਾਲੇ ਚੀਫ ਜਾਂ ਤਾਂ ਪਠਾਨ ਸਨ ਜਾਂ ਪੰਜਾਬੀ ਜੱਟ ਜਾਂ ਰਾਜਪੂਤ; ਪਰ ਇਨ੍ਹਾਂ ਸਭ ਦਾ ਸਬੰਧ ਜਿਲਾ ਗੁਜਰਾਤ ਤੋਂ ਪਿਛੇ ਲਹਿੰਦੇ ਪਾਸੇ ਸੀ। ਜਿਲਾ ਗੁਜਰਾਤ ਤੋਂ ਲੈ ਕੇ ਪਿਛੇ ਪਿੰਡੀ ਚੱਕਵਾਲ ਤੇ ਪਰਲਾ ਇਲਾਕਾ ਸੀ, ਉਧਰ ਦੇ ਲੋਕ ਸਨ। ਪਿਛਲੇ ਆਰਮੀ ਚੀਫ ਰਾਇਲ ਸ਼ਾਰੀਫ ਜਿਲਾ ਗੁਜਰਾਤ ਦੇ ਸ਼ਹਿਰ ਕੁੰਜਾਹ ਦੇ ਰਾਜਪੂਤ ਤੇ ਉਸ ਤੋਂ ਪਹਿਲਾ ਜਨਰਲ ਕਿਆਨੀ ਰਾਵਲਪਿੰਡੀ ਦੇ ਰਾਜਪੂਤ ਸਨ। ਜਨਰਲ ਬਾਜਵਾ ਗੁਜਰਾਤ ਤੋਂ ਚੜ੍ਹਦੇ ਵਾਲੇ ਪਾਸੇ ਸਿਆਲ ਕੋਟ ਦੇ ਜੱਟਾਂ ਤੇ ਬਾਜਵਿਆਂ ਦੇ ਪਹਿਲੇ ਪਾਕਿਸਤਾਨੀ ਆਰਮੀ ਚੀਫ ਹਨ। ਜੱਟ ਹੋਣ ਤੇ ਕਰਤਾਰਪੁਰ ਸਾਹਿਬ ਦੇ ਨੇੜੇ ਹੋਣ ਦੀ ਵਜ੍ਹਾ ਨਾਲ ਜਿੰਨਾ ਗਿਆਨ ਜਨਰਲ ਬਾਜਵਾ ਨੂੰ ਬਾਬੇ ਨਾਨਕ ਦਾ ਹੋ ਸਕਦਾ ਹੈ, ਉਹ ਕਿਸੇ ਨੂੰ ਨਹੀਂ ਹੋ ਸਕਦਾ।

ਦੂਜੀ ਵਜ੍ਹਾ ਇਹ ਵੀ ਏ ਕਿ ਬਾਜਵਿਆਂ ਦੀ ਲਗਭਗ ਅੱਧੀ ਗਿਣਤੀ ਸਿੱਖ ਏ ਜਾਂ ਉਹ ਹਿੰਦੂ ਏ। ਇਸ ਦਾ ਹਿਸਾਬ ਤੁਸੀਂ ਇਥੋਂ ਲਾ ਲਓ ਕਿ ਬਾਜਵੇ ਜੱਟਾਂ ਦੀ ਕੁਲ ਆਬਾਦੀ 1901 ਵਿਚ 42,683 ਸੀ ਤੇ ਇਸ ਵਿਚੋਂ ਦੋ ਹਿੱਸੇ ਆਬਾਦੀ ਯਾਨਿ 66% ਆਬਾਦੀ ਜਿਲਾ ਸਿਆਲਕੋਟ ਵਿਚ ਸੀ। ਇਸ 42,683 ਵਿਚੋਂ 27,844 ਜਿਲਾ ਸਿਆਲਕੋਟ ਵਿਚ ਸੀ। ਜਿਹਦੇ ਵਿਚੋਂ ਜਿਲਾ ਨਾਰੋਵਾਲ ਅੱਜ ਕੱਲ ਵਖਰਾ ਕੀਤਾ ਗਿਆ ਹੈ। ਸਿਆਲਕੋਟ ਵਿਚ ਇਨ੍ਹਾਂ ਬਾਜਵੇ ਜੱਟਾਂ ਦੀ ਆਬਾਦੀ ਵਿਚੋਂ 13,727 ਮੁਸਲਮਾਨ ਸਨ, ਜੋ 49.30% ਬਣਦੇ ਹਨ; 10,038 ਸਿੱਖ ਸਨ, ਜੋ 36.81% ਬਣਦੇ ਹਨ ਅਤੇ 4,079 ਹਿੰਦੂ ਸਨ, ਜੋ 11.33% ਬਣਦੇ ਹਨ।

ਇਸ 42,683 ਆਬਾਦੀ ਵਿਚੋਂ 22,136 ਮੁਸਲਮਾਨ ਸਨ, ਜੋ 52% ਬਣਦੇ ਹਨ; 15,712 ਸਿੱਖ ਸਨ, ਜੋ 37% ਬਣਦੇ ਹਨ ਅਤੇ 4,835 ਹਿੰਦੂ ਸਨ, ਜੋ 11% ਬਣਦੇ ਸਨ। ਯਾਨਿ ਹਿੰਦੂ ਬਾਜਵੇ ਸਾਰੇ ਦੇ ਸਾਰੇ ਜਿਲਾ ਸਿਆਲਕੋਟ ਵਿਚ ਵਸਦੇ ਸਨ। ਜਿਲਾ ਸਿਆਲਕੋਟ ਵਿਚ ਜੋ 27,844 ਬਾਜਵੇ ਸਨ, ਉਨ੍ਹਾਂ ਵਿਚੋਂ ਜੇ ਤਹਿਸੀਲ ਵਾਰ ਕਰੀਏ ਤਾਂ 7800 ਸਿਆਲਕੋਟ ਤਹਿਸੀਲ, 7780 ਪਸਰੂਰ ਤਹਿਸੀਲ ਵਿਚ, 7351 ਰਈਆ ਤੇ 4285 ਜਫਰਵਾਲ ਤਹਿਸੀਲ ਵਿਚ ਅਤੇ ਡੱਸਕੇ ਵਿਚ 627 ਬਾਜਵੇ ਆਬਾਦ ਸਨ। ਕਰਤਾਰਪੁਰ ਸਾਹਿਬ ਦੇ ਚਾਰ ਚੁਫੇਰੇ ਦੇ ਜਿਲਿਆਂ ਵਿਚ ਬਾਜਵੇ ਜੱਟ ਵਸਦੇ ਸਨ। ਭਾਵੇਂ ਉਹ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ ਜਾਂ ਜਲੰਧਰ ਹੋਵੇ।

ਇਕ ਹੋਰ ਪੱਖ ਇਹ ਹੈ ਕਿ ਜਨਰਲ ਬਾਜਵਾ ਆਪਣੀ ਜ਼ਿੰਦਗੀ ਵਿਚ ਜੱਟ ਤੇ ਰਾਜਪੂਤਾਂ ਵਿਚ ਖੁਭੇ ਹੋਏ ਹਨ, ਜੋ ਪੰਜਾਬੀ ਜੱਟ ਤੇ ਰਾਜਪੂਤ ਹਨ। ਉਨ੍ਹਾਂ ਦੇ ਸਹੁਰੇ ਸਾਹਿਬ ਜਨਰਲ ਇਜ਼ਾਜ਼ ਅਹਿਮਦ ਜੰਜੂਆ ਰਾਜਪੂਤ ਹਨ। ਉਨ੍ਹਾਂ ਦੇ ਇਕ ਸਾਂਢੂ ਦਾ ਨਾਂ ਹੈ, ਬ੍ਰਿਗੇਡੀਅਰ ਇਮਤਿਆਜ਼ ਅਹਿਮਦ ਵੜੈਚ। ਇਨ੍ਹਾਂ ਦੇ ਜੋ ਰਿਸ਼ਤੇਦਾਰ ਹਨ, ਉਨ੍ਹਾਂ ਵਿਚ ਵੀ ਬਹੁਤੇ ਫੌਜੀ ਜਰਨੈਲ ਹਨ। ਉਨ੍ਹਾਂ ਵਿਚੋਂ ਮੇਜਰ ਜਨਰਲ ਅਨੀਸ਼ ਅਹਿਮਦ ਬਾਜਵਾ, ਮੇਜਰ ਜਨਰਲ ਮੁਮਤਾਜ ਅਹਿਮਦ ਬਾਜਵਾ ਤੇ ਹੁਣੇ ਰਿਟਾਇਰ ਹੋਣ ਵਾਲੇ ਲੈਫਟੀਨੈਂਟ ਜਨਰਲ ਆਸਮ ਸਲੀਮ ਬਾਜਵਾ, ਜੋ ਬਲੋਚਿਸਤਾਨ ਵਿਚ ਕੋਰ ਕਮਾਂਡਰ ਸਨ। ਇਕ ਹੋਰ ਮੇਜਰ ਜਨਰਲ ਅਜ਼ੀਮ ਬਾਜਵਾ, ਬ੍ਰਿਗੇਡੀਅਰ ਅਸ਼ਰਫ ਬਾਜਵਾ ਤੇ ਆਮਿਰ ਮੁਸਤਫਾ ਬਾਜਵਾ। ਇਹ ਉਹ ਅਫਸਰ ਹਨ, ਜੋ ਮੇਰੀ ਜਾਣਕਾਰੀ ਵਿਚ ਹਨ। ਹੋਰ ਵੀ ਰਿਸ਼ਤੇਦਾਰ ਅਫਸਰ ਹੋ ਸਕਦੇ ਹਨ ਫੌਜ ਵਿਚ।

ਜਿਸ ਤਰ੍ਹਾਂ ਪਹਿਲਾਂ ਲਿਖਿਆ ਜਾ ਚੁਕਾ ਹੈ ਕਿ ਜਨਰਲ ਬਾਜਵਾ ਦਾ ਪਿੰਡ ਕਰਤਾਰਪੁਰ ਸਾਹਿਬ ਤੋਂ ਕਰੀਬ 40 ਮੀਲ ਦੂਰ ਹੈ ਤੇ ਇਹ ਕੋਈ ਬਹੁਤਾ ਫਾਸਲਾ ਨਹੀਂ। ਇਸ ਲਈ ਜੋ ਜਮੀਨੀ ਹਕੀਕਤਾਂ ਹਨ, ਉਨ੍ਹਾਂ ਨੂੰ ਜਿਨ੍ਹਾਂ ਜਨਰਲ ਬਾਜਵਾ ਕਰਤਾਰਪੁਰ ਸਾਹਿਬ ਦੇ ਹਵਾਲੇ ਨਾਲ ਨੇੜੇ ਤੋਂ ਜਾਣਦੇ ਹੋਣਗੇ, ਹੋਰ ਕੋਈ ਪਿਛੇ ਰਿਹਾ ਜਰਨੈਲ ਨਹੀਂ ਸਮਝ ਸਕਿਆ ਤੇ ਨਾ ਹੀ ਇਮਰਾਨ ਖਾਨ।

ਕਰਤਾਰਪੁਰ ਕੋਰੀਡੋਰ ਦੇ ਨਿਰਮਾਣ ਲਈ ਜਨਰਲ ਬਾਵਜਾ ਦੀ ਦਿਲਚਸਪੀ ਇੰਨੀ ਵੱਧ ਸੀ ਕਿ ਉਨ੍ਹਾਂ ਨੇ ਕੋਰੀਡੋਰ ਬਣਾਉਣ ਦਾ ਜਦੋਂ ਐਲਾਨ ਕੀਤਾ ਤਾਂ ਪ੍ਰਾਈਵੇਟ ਕੰਪਨੀਆਂ ਨੇ ਇਸ ਨੂੰ ਬਣਾਉਣ ਲਈ ਪੰਜ ਸਾਲ ਦਾ ਸਮਾਂ ਦਸਿਆ। ਕਿਉਂਕਿ ਜਨਰਲ ਬਾਜਵਾ ਨਵੰਬਰ ਵਿਚ ਰਿਟਾਇਰ ਹੋ ਰਹੇ ਸਨ, ਇਸ ਲਈ ਉਨ੍ਹਾਂ ਸੋਚਿਆ ਕਿ ਇਹ ਉਨ੍ਹਾਂ ਦੇ ਕਾਰਜ ਕਾਲ ਵਿਚ ਪੂਰਾ ਨਹੀਂ ਹੋਏਗਾ, ਇਸ ਲਈ ਉਨ੍ਹਾਂ ਇਸ ਕੰਮ ਦਾ ਠੇਕਾ ਇਕ ਅਜਿਹੀ ਕੰਪਨੀ ਨੂੰ ਦਿੱਤਾ, ਜਿਸ ਦਾ ਨਾਂ ਫਰੰਟੀਅਰ ਵਰਕਸ ਆਰਗੇਨਾਈਜੇਸ਼ਨ (ਐਫ. ਡਬਲਯੂ. ਓ.) ਹੈ। ਇਹ ਫੌਜ ਦੀ ਹੀ ਕੰਪਨੀ ਏ ਤੇ ਫੌਜ ਦੇ ਅਧੀਨ ਕੰਮ ਕਰਦੀ ਹੈ। ਇਸ ਵਿਚ ਰਿਟਾਇਡ ਫੌਜੀ ਹੁੰਦੇ ਹਨ। ਇਹ ਸੜਕਾਂ ਤੇ ਇਮਾਰਤਾਂ ਬਣਾਉਂਦੀ ਏ। ਜਨਰਲ ਬਾਜਵਾ ਨੇ ਇਸ ਕੰਪਨੀ ਨੂੰ ਆਦੇਸ਼ ਦਿੱਤਾ ਕਿ ਕਰਤਾਰਪੁਰ ਸਾਹਿਬ ਕੋਰੀਡੋਰ ਨੂੰ ਇਕ ਸਾਲ ਵਿਚ ਮੁਕੰਮਲ ਕਰਨਾ ਹੈ, ਤੇ ਇਸ 'ਤੇ ਲੋੜੀਂਦੇ ਖਰਚ ਦੀ ਕੋਈ ਕੰਮੀ ਨਹੀਂ ਹੋਵੇਗੀ। ਨਤੀਜੇ ਵਜੋਂ 15 ਤੋਂ 20 ਬਿਲੀਅਨ ਪਾਕਿਸਤਾਨੀ ਰੁਪਿਆ ਫੌਜ ਰਾਹੀ ਫਰੰਟੀਅਰ ਵਰਕਸ ਆਰਗੇਨਾਈਜੇਸ਼ਨ ਨੂੰ ਮਿਲਿਆ ਤੇ ਉਨ੍ਹਾਂ ਨੇ ਤਿੰਨ ਸ਼ਿਫਟਾਂ ਵਿਚ 24 ਘੰਟੇ ਕੰਮ ਕੀਤਾ। ਜੋ ਕੰਮ ਪ੍ਰਾਈਵੇਟ ਕੰਪਨੀ ਨੇ 5 ਸਾਲ ਵਿਚ ਪੂਰਾ ਕਰਨਾ ਸੀ, ਉਹ ਫਰੰਟੀਅਰ ਵਰਕਸ ਆਰਗੇਨਾਈਜੇਸ਼ਨ ਨੇ 11 ਮਹੀਨੇ ਦੀ ਅਣਥੱਕ ਮਿਹਨਤ ਨਾਲ ਮੁਕੰਮਲ ਕੀਤਾ। ਇਸ ਗੱਲ ਦਾ ਖਿਆਲ ਸਿੱਖ ਭਰਾਵਾਂ ਨੂੰ ਕਰਨਾ ਚਾਹੀਦਾ ਹੈ ਕਿ ਪਾਕਿਸਤਾਨ ਆਰਥਕ ਪੱਖੋਂ ਕੋਈ ਤਗੜਾ ਮੁਲਕ ਨਹੀਂ, ਤੇ ਅੱਜ ਕਲ ਇਸ ਦੇ ਹਾਲਾਤ ਏਨੇ ਠੀਕ ਨਹੀਂ। ਜੇ 20 ਅਰਬ ਰੁਪਿਆ ਵੀ ਲੱਗ ਗਿਆ ਇਸ 'ਤੇ, ਤੁਸੀਂ ਦੇਖੋ ਕਿ ਪਾਕਿਸਤਾਨ ਦੀ 20 ਕਰੋੜ ਆਬਾਦੀ ਏ, ਇਹਦਾ ਮਤਲਬ ਇਹ ਕਿ ਹਰ ਪਾਕਿਸਤਾਨੀ ਭਾਵੇਂ ਬੱਚਾ ਏ, ਔਰਤ ਜਾਂ ਮਰਦ ਏ, ਜਿਹੜਾ ਵੀ ਹੈ, ਨੂੰ ਆਪਣੀ ਜੇਬ 'ਚੋਂ 100 ਰੁਪਿਆ ਦੇਣਾ ਪਿਆ ਏ।

ਕਈ ਸਿੱਖ ਵੀਰ ਕਹਿੰਦੇ ਹਨ ਕਿ ਬਾਹਰਲੇ ਸਿੱਖ ਵੀਰਾਂ ਨੇ ਬੜਾ ਪੈਸਾ ਭੇਜਿਆ ਹੈ। ਮੇਰੀ ਜਾਚੇ ਕਿਸੇ ਨੇ ਕੋਈ ਇਕ ਪੈਸਾ ਨਹੀਂ ਭੇਜਿਆ। ਸਾਰਾ ਪੈਸਾ ਪਾਕਿਸਤਾਨ ਸਰਕਾਰ ਨੇ ਖਰਚਿਆ ਏ, ਬਾਹਰਲੇ ਸਿੱਖਾਂ ਨੇ ਵਾਅਦਾ ਕੀਤਾ ਹੈ ਕਿ ਬਾਅਦ ਵਿਚ ਸਰਮਾਏਕਾਰੀ ਕਰਨਗੇ।

ਜਨਰਲ ਬਾਜਵਾ ਦਾ ਜਿਸ ਤਰ੍ਹਾਂ ਦਾ ਨਾਂ ਏ, ਉਸ ਨੇ ਕੰਮ ਵੀ ਉਸੇ ਤਰ੍ਹਾਂ ਦਾ ਕੀਤਾ ਏ। ਇਸ ਦੇ ਨਾਂ ਦੇ ਅੱਖਰੀ ਅਰਥ ਇਸ ਤਰ੍ਹਾਂ ਹਨ-ਕਮਰ ਅਰਬੀ ਜ਼ੁਬਾਨ ਦਾ ਲਫਜ਼ ਏ, ਜਿਸ ਦਾ ਮਤਲਬ ਹੈ, 'ਚੰਨ' ਤੇ ਜਾਵੇਦ ਫਾਰਸੀ ਜ਼ੁਬਾਨ ਦਾ ਲਫਜ਼ ਏ, ਜਿਸ ਦਾ ਮਤਲਬ ਹੈ, 'ਜਿੰਦਾ' ਯਾਨਿ ਜਿੰਦਾ ਰਹਿਣ ਵਾਲਾ ਚੰਨ। ਇਸ ਵਲੋਂ ਕੀਤਾ ਗਿਆ ਇਹ ਪਵਿੱਤਰ ਕੰਮ ਇਤਿਹਾਸ ਵਿਚ ਚੰਨ ਵਾਂਗ ਜਿੰਦਾ ਰਹੇਗਾ।

ਮੁੱਕਦੀ ਗੱਲ, ਇਹ ਕੋਰੀਡੋਰ ਦਾ ਕੰਮ ਭਾਵੇਂ ਜਿਹਨੇ ਵੀ ਕੀਤਾ, ਬਹੁਤ ਹੀ ਇਤਿਹਾਸਕ ਕੰਮ ਹੈ, ਬਹੁਤ ਜਬਰਦਸਤ ਕੰਮ ਹੋਇਆ ਹੈ ਤੇ ਇਸ ਕੰਮ ਨੂੰ ਕੋਈ ਪੰਜਾਬੀ ਭੁਲਾ ਨਹੀਂ ਸਕਦਾ। ਕਰਤਾਰਪੁਰ ਸਾਹਿਬ ਦੇ ਪਵਿੱਤਰ ਗੁਰਦਆਰੇ ਨੇ ਦੋਹਾਂ ਮੁਲਕਾਂ ਵਿਚ ਅਮਨ ਪੈਦਾ ਕਰਨਾ ਹੈ। ਇਸ ਦੀ ਵਜ੍ਹਾ ਨਾਲ ਲੋਕਾਂ ਨੇ ਇਕੱਠਿਆਂ ਹੋਣਾ ਹੈ। ਇਸੇ ਦੀ ਵਜ੍ਹਾ ਨਾਲ ਹੀ ਅਮਨ ਸ਼ੁਰੂ ਹੋਣਾ ਹੈ, ਇਸ ਨੂੰ ਭਾਵੇਂ ਅਮਨ ਦੇ ਦੁਸ਼ਮਣ ਕਿੰਨਾ ਹੀ ਕਿਉਂ ਨਾ ਰੋਕਦੇ ਰਹਿਣ, ਇਹ ਹੁਣ ਰੁਕ ਨਹੀਂ ਸਕਦਾ। ਭਾਵੇਂ ਸਾਰੀ ਦੁਨੀਆਂ ਨੂੰ ਲੋਕ ਭੁਲ ਜਾਣ, ਪਰ ਜਨਰਲ ਕਮਰ ਜਾਵੇਦ ਬਾਜਵਾ, ਇਮਰਾਨ ਖਾਨ ਤੇ ਨਵਜੋਤ ਸਿੰਘ ਸਿੱਧੂ ਨੂੰ ਕੋਈ ਵੀ ਪੰਜਾਬੀ, ਖਾਸ ਕਰ ਸਿੱਖ ਕਦੇ ਵੀ ਨਹੀਂ ਭੁੱਲ ਸਕਦੇ। ਇਹ ਸਾਰੇ ਬਾਬੇ ਨਾਨਕ ਦੀ ਕਿਰਪਾ ਨਾਲ ਐਸਾ ਕੰਮ ਕਰ ਗਏ, ਜੋ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾ ਚੁਕਾ ਹੈ।

## ਝੰਡੇ ਕੇਸਰੀ

ਅਕਾਲ ਪੁਰਖ ਦੀ ਮਿਹਰ ਜੀ
ਹਰ ਪਾਸੇ ਹਨ ਗੁਰਦੁਆਰੇ।
ਝੁਲਦੇ ਆ ਜੀ ਝੰਡੇ ਕੇਸਰੀ
ਦੁਨੀਆਂ ਦੇ ਵਿਚ ਹੁਣ ਸਾਰੇ।

ਬਹੁਤ ਹੀ ਸ਼ਰਧਾ ਸੰਗਤ ਦੀ
ਹਰ ਕੋਈ ਗੁਰੂ ਘਰ ਆਉਂਦਾ ਹੈ।
ਕਿਰਤ ਕਮਾਈ ਸਫਲ ਹੋਵੇ
ਗੁਰੂ ਚਰਨਾਂ 'ਚ ਸੀਸ ਨਿਵਾਉਂਦਾ ਹੈ।
ਸਭ ਕੁਝ ਮਿਲਦਾ ਸੇਵਾ ਕਰਕੇ
ਦੁੱਖ ਟੁੱਟ ਜਾਂਦੇ ਆ ਭਾਰੇ...।

ਬਹੁਤੇ ਹੈ ਦਾਨੀ ਬੇਪ੍ਰਵਾਹ
ਕਈ ਗੁਪਤ ਦਾਨ ਹੀ ਕਰਦੇ ਆ।
ਆਸਾਂ ਹਨ ਪੂਰੀਆਂ ਹੁੰਦੀਆਂ ਜੀ
ਸਾਰੇ ਹੀ ਝੋਲੀਆਂ ਭਰਦੇ ਆ।
ਸਿਮਰਨ ਕਰਦੇ ਨੇ ਹਰ ਵੇਲੇ
ਜੋ ਰੱਬ ਦੇ ਭਗਤ ਪਿਆਰੇ...।

ਖਾਲਸੇ ਦਾ ਬੋਲਬਾਲਾ ਹੈ
ਹਰ ਕੰਮ ਨੂੰ ਮੂਹਰੇ ਲਾ ਲੈਂਦੇ।
ਹਿੱਕ ਦੇ ਜ਼ੋਰ ਨਾਲ ਹਰ ਪਾਸੇ
ਪੰਜਾਬੀ ਧਾਂਕ ਜਮਾ ਲੈਂਦੇ।
ਪੱਗ ਹੀ ਸਾਡੀ ਸ਼ਾਨ ਹੈ
ਪੜ੍ਹਿਆ ਕਰੋ ਇਤਿਹਾਸ ਦੁਆਰੇ...।


ਨਗਰ ਕੀਰਤਨ ਵੀ ਨਿਕਲਦੇ
ਠਾਠ-ਬਾਠ ਦੇ ਨਾਲ ਜੀ।
ਬਹੁਤ ਹੀ ਰੌਣਕ ਹੁੰਦੀ ਭਾਰੀ
ਦਿਲ ਹੋ ਜਾਂਦਾ ਨਿਹਾਲ ਜੀ।
ਸਿਰਾਂ ਦੇ ਉਤੇ ਜੂੜੇ, ਦਸਤਾਰਾਂ
ਬਹੁਤ ਹੀ ਬੱਝਦੇ ਨਜ਼ਾਰੇ...।

ਸੱਤ ਸਮੁੰਦਰੋਂ ਪਾਰ ਖਰੀਦੇ
ਕਈਆਂ ਨੇ ਮੁਰੱਬੇ ਹੈ ਮੱਲੇ।
ਮਿਹਰਾਂ ਵਾਲਾ ਮਿਹਰ ਹੈ ਕਰਦਾ
ਤਾਂ ਹੀ ਤਾਂ ਸਾਡੀ ਬੱਲੇ ਬੱਲੇ।
'ਅਜੀਤ ਸਿੰਘਾ' ਸਿਖਿਆ ਲੈ ਲਾ
ਦਾਤਾ ਸਭ ਦੇ ਕੰਮ ਸਵਾਰੇ।
ਅਕਾਲ ਪੁਰਖ ਦੀ ਮਿਹਰ ਜੀ
ਹਰ ਪਾਸੇ ਹਨ ਗੁਰਦੁਆਰੇ।


*-ਅਜੀਤ ਸਿੰਘ ਬਾਹੀਆ*
*ਫੋਨ: 510-314-2859*

# ਭਾਰਤ, ਪੰਜਾਬ ਅਤੇ ਪਾਕਿਸਤਾਨ ਲਈ ਇਤਿਹਾਸਕ ਬਣ ਗਿਆ ਹੈ ਨੌਂ ਨਵੰਬਰ ਦਾ ਦਿਨ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਦਿਨਾਂ ਤੋਂ ਉਡੀਕਿਆ ਜਾ ਰਿਹਾ ਨੌਂ ਨਵੰਬਰ ਦਾ ਦਿਨ ਸਚਮੁੱਚ ਭਾਰਤ ਲਈ ਵੀ, ਪੰਜਾਬ ਤੇ ਖਾਸ ਕਰ ਕੇ ਸਿੱਖ ਭਾਈਚਾਰੇ ਲਈ ਵੀ ਅਤੇ ਉਨ੍ਹਾਂ ਦੇ ਨਾਲ ਹੀ ਭਾਰਤ-ਪਾਕਿਸਤਾਨ ਸਬੰਧਾਂ ਲਈ ਵੀ ਇਤਿਹਾਸਕ ਹੋ ਗਿਆ ਹੈ। ਨਵੰਬਰ ਦੇ ਅੱਠਵੇਂ ਦਿਨ ਤੱਕ ਸਿਰਫ ਇਸ ਲਈ ਉਡੀਕ ਹੁੰਦੀ ਸੀ ਕਿ ਭਾਰਤ-ਪਾਕਿਸਤਾਨ ਬਾਰਡਰ 'ਤੇ ਲਾਂਘਾ ਖੁੱਲ੍ਹਣ 'ਤੇ ਪਾਕਿਸਤਾਨ ਵਿਚਲੇ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਦਰਬਾਰ ਸਾਹਿਬ ਜਾਣ ਵਾਸਤੇ ਸਿੱਖ ਭਾਈਚਾਰੇ ਦੀ ਚਿਰੋਕਣੀ ਇੱਛਾ ਪੂਰੀ ਹੋ ਜਾਣੀ ਹੈ। ਅੱਠ ਨਵੰਬਰ ਸ਼ਾਮ ਨੂੰ ਅਚਾਨਕ ਇਹ ਨਵਾਂ ਐਲਾਨ ਆ ਗਿਆ ਕਿ ਅਯੁੱਧਿਆ ਦੇ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਕੇਸ ਦਾ ਫੈਸਲਾ ਵੀ ਸਨਿਚਰਵਾਰ ਨੌਂ ਨਵੰਬਰ ਦੇ ਦਿਨ ਹੀ ਐਲਾਨ ਕੀਤਾ ਜਾਣਾ ਹੈ। ਸਭ ਨੂੰ ਚੇਤਾ ਸੀ ਕਿ ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ ਅਗਲੇ ਹਫਤੇ ਦੇ ਅਖੀਰਲੇ ਦਿਨ ਰਿਟਾਇਰ ਹੋਣ ਤੋਂ ਪਹਿਲਾਂ ਇਸ ਅਹਿਮ ਮੁਕੱਦਮੇ ਦੇ ਫੈਸਲੇ ਦਾ ਐਲਾਨ ਕਰ ਦੇਣਗੇ, ਪਰ ਲੱਗਦਾ ਸੀ ਕਿ ਇਹ ਕੰਮ ਅਖੀਰਲੇ ਦਿਨਾਂ ਵਿਚ ਕੀਤਾ ਜਾਵੇਗਾ। ਜਦੋਂ ਇਹ ਐਲਾਨ ਆਇਆ ਕਿ ਨੌਂ ਨਵੰਬਰ ਨੂੰ ਐਲਾਨ ਕੀਤਾ ਜਾਣਾ ਹੈ ਤਾਂ ਕਰਤਾਰਪੁਰ ਸਾਹਿਬ ਦੇ ਲਾਂਘੇ ਵੱਲ ਲੱਗਾ ਪਿਆ ਲੋਕਾਂ ਦਾ ਧਿਆਨ ਇੱਕ ਦਮ ਭਾਰਤ-ਪਾਕਿਸਤਾਨ ਬਾਰਡਰ ਅਤੇ ਸੁਪਰੀਮ ਕੋਰਟ ਵੱਲ, ਦੋ ਤਰਫੀਂ ਹੋ ਗਿਆ।

ਜਦੋਂ ਇੱਕ ਪਾਸੇ ਦੇਸ਼ ਦੀ ਰਾਜਨੀਤੀ ਵਿਚ ਵੱਡੇ ਉਬਾਲਿਆਂ ਦਾ ਕਾਰਨ ਬਣਨ ਵਾਲੇ ਅਯੁੱਧਿਆ ਕੇਸ ਦਾ ਫੈਸਲਾ ਕਰ ਕੇ ਸੁਪਰੀਮ ਕੋਰਟ ਇੱਕ ਇਤਿਹਾਸ ਬਣਾਉਂਦੀ ਪਈ ਸੀ, ਉਸੇ ਸਮੇਂ ਲਹਿੰਦੇ ਤੇ ਚੜ੍ਹਦੇ-ਦੋਹਾਂ ਪੰਜਾਬਾਂ ਵਿਚਾਲੇ ਪਾਈ ਗਈ ਦੇਸ਼-ਵੰਡ ਵਾਲੀ ਲਕੀਰ 'ਤੇ ਇਤਿਹਾਸ ਦਾ ਦੂਜਾ ਕਾਂਡ ਲਿਖਿਆ ਜਾ ਰਿਹਾ ਸੀ। ਪਾਕਿਸਤਾਨ ਵਿਚ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਲਈ ਭਾਰਤੀ ਪੰਜਾਬ ਦੇ ਸਰਹੱਦੀ ਕਸਬੇ ਡੇਰਾ ਬਾਬਾ ਨਾਨਕ ਤੋਂ ਇੱਕ ਲਾਂਘਾ ਖੋਲ੍ਹਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਥੇ ਪਹੁੰਚੇ ਹੋਏ ਸਨ। ਅਜਿਹੇ ਮੌਕੇ ਜਿਵੇਂ ਆਮ ਹੁੰਦਾ ਹੈ, ਇਹ ਖਿਆਲ ਕੀਤਾ ਜਾਂਦਾ ਸੀ ਕਿ ਅਕਾਲੀ-ਕਾਂਗਰਸੀ ਖਹਿਬਾਜ਼ੀ ਦਾ ਕੁਝ ਕੁ ਮੁਜਾਹਰਾ ਵੀ ਹੋਵੇਗਾ, ਪਰ ਏਦਾਂ ਦਾ ਕੁਝ ਖਾਸ ਨਹੀਂ ਹੋਇਆ ਤੇ ਜੋ ਕੁਝ ਥੋੜ੍ਹਾ-ਬਹੁਤ ਕੁਚੱਜ ਕੀਤਾ ਗਿਆ, ਉਹ ਕੋਈ ਖਬਰ ਬਣਨ ਜੋਗਾ ਨਹੀਂ ਸੀ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੋਲਣ ਵੇਲੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਰਦਾਰ ਅਮਰਿੰਦਰ ਸਿੰਘ ਕਹਿ ਕੇ ਸਤਿਕਾਰ ਦੇਣ ਦੀ ਕੰਜੂਸੀ ਨਹੀਂ ਕੀਤੀ ਅਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਪਣੇ ਭਾਸ਼ਣ ਵਿਚ




ਪ੍ਰਧਾਨ ਮੰਤਰੀ ਦੇ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਸਤਿਕਾਰ ਸਹਿਤ ਪੁਕਾਰ ਦਿੱਤਾ। ਬਾਕੀ ਬਹੁਤਾ ਕੁਝ ਪਰੋਟੋਕੋਲ ਦੇ ਹਿਸਾਬ ਹੁੰਦਾ ਜਾਣ ਦੇ ਕਾਰਨ ਕਿਸੇ ਤਰ੍ਹਾਂ ਦੀ ਬਦ-ਮਜ਼ਗੀ ਨਹੀਂ ਵਾਪਰੀ ਤੇ ਲਾਂਘਾ ਖੋਲ੍ਹਣ ਦੀ ਰਸਮ ਪੂਰੀ ਹੋ ਗਈ, ਪਰ ਬਹੁਤ ਸਾਰੇ ਲੋਕਾਂ ਨੂੰ ਇਹ ਗੱਲ ਚੁਭਦੀ ਰਹੀ ਕਿ ਜਿਸ ਨਵਜੋਤ ਸਿੰਘ ਸਿੱਧੂ ਦੇ ਪਾਕਿਸਤਾਨ ਦੌਰੇ ਤੋਂ ਇਹ ਗੱਲ ਸ਼ੁਰੂ ਹੋਈ ਸੀ, ਭਾਰਤ ਅਤੇ ਪੰਜਾਬ ਦੀ ਸਰਕਾਰ ਨੇ ਉਸ ਨੂੰ ਨਹੀਂ ਗੌਲਿਆ, ਪਰ ਉਹ ਵੀ ਇਨ੍ਹਾਂ ਸਮਾਗਮਾਂ ਤੋਂ ਦੂਰ ਰਹਿੰਦਾ ਵੇਖਿਆ ਗਿਆ।

ਪਿਛਲਾ ਕੁਝ ਵੀ ਤਜਰਬਾ ਰਿਹਾ ਹੋਵੇ, ਇਹ ਗੱਲ ਸਭ ਨੇ ਖਾਸ ਤੌਰ 'ਤੇ ਨੋਟ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਵੀ ਉਚੇਚਾ ਧੰਨਵਾਦ ਕੀਤਾ, ਜਦ ਕਿ ਬਾਕੀ ਬੁਲਾਰਿਆਂ ਨੇ ਉਸ ਦਾ ਨਾਂ ਲੈਣ ਤੋਂ ਸੰਕੋਚ ਕੀਤਾ ਸੀ। ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਹੀ ਇਮਰਾਨ ਖਾਨ ਦਾ ਧੰਨਵਾਦ ਕਰ ਦਿੱਤਾ ਹੈ ਤਾਂ ਇਸ ਨਾਲ ਭਾਰਤ ਤੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਆਸ ਬੱਝ ਜਾਂਦੀ ਹੈ ਕਿ ਹਾਲਾਤ ਸੁਧਰ ਵੀ ਸਕਦੇ ਹਨ।

ਜਿੱਥੋਂ ਤੱਕ ਸੁਪਰੀਮ ਕੋਰਟ ਤੋਂ ਆਏ ਅਯੁੱਧਿਆ ਵਾਲੇ ਕੇਸ ਦੇ ਫੈਸਲੇ ਦਾ ਸਬੰਧ ਹੈ, ਉਸ ਵਿਚ ਸੁਪਰੀਮ ਕੋਰਟ ਦਾ ਫੈਸਲਾ ਪੰਜ ਜੱਜਾਂ ਦਾ ਆਪਸੀ ਸਹਿਮਤੀ ਦਾ ਹੈ, ਜਿਸ ਦੀ ਬਹੁਤੀ ਆਸ ਨਹੀਂ ਸੀ ਕੀਤੀ ਜਾ ਰਹੀ। ਫੈਸਲਾ ਸੁਣਨ ਨੂੰ ਜਦੋਂ ਮਿਲਿਆ ਤਾਂ ਬਿਨਾ ਸ਼ੱਕ ਇਸ ਵਿਚ ਇੱਕ ਪੱਖ ਦੇ ਹੱਕ ਦੀ ਗੱਲ ਲੱਗੀ ਹੈ, ਪਰ ਦੂਜੇ ਪੱਖ ਦੇ ਖਿਲਾਫ ਫੈਸਲਾ ਹੋ ਕੇ ਵੀ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਉਸ ਧਿਰ ਦਾ ਪੱਖ ਵੀ ਦਲੀਲਾਂ ਨਾਲ ਰੱਦ ਕੀਤਾ ਗਿਆ ਹੈ। ਇਸ ਬਾਰੇ ਜਿੰਨੀ ਤੇ ਜਿੰਦਾਂ ਦੀ ਵਿਆਖਿਆ ਕੀਤੀ ਗਈ, ਉਸ ਵਿਚ ਇਤਿਹਾਸਕ ਤੇ ਮਿਥਿਹਾਸਕ ਪੱਖ ਵੀ ਵਿਚਾਰਿਆ ਤੇ ਆਰਕਿਆਲੋਜੀਕਲ ਸਰਵੇ ਨੂੰ ਵੀ ਅੱਖੋਂ ਪਰੋਖੇ ਕਰਨ ਵਾਲੀ ਕੋਈ ਗੱਲ ਨਹੀਂ ਹੋਈ।

ਚੱਲਦੇ ਮੁਕੱਦਮੇ ਵਿਚ ਜਿਨ੍ਹਾਂ ਧਿਰਾਂ ਨੇ ਬਦੋਬਦੀ ਆਪਣੇ ਆਪ ਨੂੰ ਦਾਅਵੇਦਾਰ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਅਸਲ ਵਿਚ ਉਹ ਸਬੰਧਤ ਧਿਰਾਂ ਜਾਪਦੀਆਂ ਵੀ ਨਹੀਂ ਸਨ, ਉਨ੍ਹਾਂ ਸਭ ਨੂੰ ਇਸ ਫੈਸਲੇ ਦੇ ਕਿਸੇ ਖਾਤੇ ਵਿਚ ਨਹੀਂ ਰੱਖਿਆ ਗਿਆ। ਹਿੰਦੂ ਧਰਮ ਦੀ ਹੀ ਇੱਕ ਸ਼ਾਖਾ ਮੰਨੇ ਜਾਂਦੇ ਨਿਰਮੋਹੀ ਅਖਾੜਾ, ਜੋ ਇੱਕ ਸੌ ਚੌਤੀ ਸਾਲ ਤੋਂ ਹੱਕ ਲੈਣ ਦੀ ਕਾਨੂੰਨੀ ਲੜਾਈ ਲੜ ਰਿਹਾ ਸੀ, ਨੂੰ ਇੱਕ ਦਮ ਲਾਂਭੇ ਕਰ ਦਿੱਤਾ ਗਿਆ ਹੈ ਅਤੇ ਬਦੋਬਦੀ ਦੇ ਦਾਅਵੇਦਾਰ ਬਣਨ ਵਾਲੇ ਸ਼ੀਆ ਬੋਰਡ ਦੀ ਗੱਲ ਵੀ ਰੱਦ ਕੀਤੀ ਹੈ।

ਪੰਜ ਜੱਜਾਂ ਦੇ ਸਮੁੱਚੇ ਬੈਂਚ ਵੱਲੋਂ ਜੋ ਫੈਸਲਾ ਦੇਸ਼ ਦੇ ਮੁੱਖ ਜੱਜ ਰੰਜਨ ਗੋਗੋਈ ਨੇ ਪੜ੍ਹਿਆ, ਉਸ ਦਾ ਮੁਢਲਾ ਪੱਖ ਇਹ ਸੀ ਕਿ ਸ਼ੀਆ ਬੋਰਡ ਨੂੰ ਇਹ ਕਹਿ ਕੇ ਲਾਂਭੇ ਕਰ ਦਿੱਤਾ ਗਿਆ ਕਿ ਬੱਸ ਏਨੀ ਗੱਲ ਨਾਲ ਤਾਂ ਤੁਹਾਡਾ ਦਾਅਵਾ ਨਹੀਂ ਬਣ ਸਕਦਾ ਕਿ ਮਸਜਿਦ ਦੀ ਉਸਾਰੀ ਮੀਰ ਬਾਕੀ ਨਾਂ ਦੇ ਸ਼ੀਆ ਮੁਸਲਮਾਨ ਨੇ ਕਰਵਾਈ ਸੀ। ਮੀਰ ਬਾਕੀ ਉਦੋਂ ਰਾਜ ਕਰਦੇ ਸੁੰਨੀ ਮੁਸਲਮਾਨ ਬਾਦਸ਼ਾਹ ਬਾਬਰ ਦਾ ਸੈਨਾਪਤੀ ਸੀ, ਉਸ ਦੇ ਹੁਕਮ 'ਤੇ ਕੰਮ ਕਰਦਾ ਸੀ ਤੇ ਆਪਣੇ ਆਪ ਵਿਚ ਆਜ਼ਾਦ ਨਹੀਂ ਸੀ, ਇਸ ਲਈ ਮੀਰ ਬਾਕੀ ਦਾ ਸ਼ੀਆ ਹੋਣਾ ਅਰਥ ਹੀ ਨਹੀਂ ਰੱਖਦਾ। ਅਯੁੱਧਿਆ ਦੀ ਬਾਬਰੀ ਮਸਜਿਦ ਵਾਲੀ ਥਾਂ ਰਾਮ ਮੰਦਿਰ ਬਣਾਉਣ ਲਈ 1885 ਤੋਂ ਕਾਨੂੰਨੀ ਲੜਾਈ ਲੜ ਰਹੇ ਨਿਰਮੋਹੀ ਅਖਾੜੇ ਦੇ ਪ੍ਰਬੰਧਕਾਂ ਨੂੰ ਇਹ ਕਹਿ ਕੇ ਅਣਗੌਲੇ ਕੀਤਾ ਗਿਆ ਕਿ ਉਨ੍ਹਾਂ ਦਾ ਦਾਅਵਾ ਕਿਸੇ ਠੋਸ ਆਧਾਰ 'ਤੇ ਨਹੀਂ ਟਿਕਦਾ। ਇਸ ਪਿੱਛੋਂ ਇੱਕ-ਇੱਕ ਕਰ ਕੇ ਸਾਰੇ ਨੁਕਤੇ ਗਿਣਾਉਂਦਿਆਂ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਨਿਬੇੜਾ ਕਰ ਦਿੱਤਾ ਹੈ।

ਅਦਾਲਤ ਨੇ ਕਿਹਾ ਕਿ ਇਥੇ ਜਦੋਂ ਮਸਜਿਦ ਬਣਾਈ ਗਈ ਤਾਂ ਉਹ ਕਿਸੇ ਖਾਲੀ ਥਾਂ 'ਤੇ ਨਹੀਂ ਸੀ ਬਣਾਈ ਗਈ ਤੇ ਇਸ ਵਿਚ ਲੱਗੇ ਖੰਭੇ ਵੀ ਇਸਲਾਮੀ ਸਾਬਤ ਨਹੀਂ ਹੁੰਦੇ, ਪਰ ਇਹ ਵੀ ਕਹਿ ਦਿੱਤਾ ਕਿ ਇਹ ਗੱਲ ਸਾਬਤ ਨਹੀਂ ਹੁੰਦੀ ਕਿ ਮਸਜਿਦ ਬਣਾਉਣ ਲਈ ਮੰਦਿਰ ਤੋੜਿਆ ਸੀ। ਰਾਮ ਭਗਵਾਨ ਨੇ ਜਨਮ ਅਯੁੱਧਿਆ ਵਿਚ ਲਿਆ ਸੀ, ਇਸ ਧਾਰਨਾ ਨੂੰ ਅਦਾਲਤ ਨੇ ਮਾਨਤਾ ਦੇ ਦਿੱਤੀ, ਪਰ ਨਾਲ ਇਹ ਕਹਿ ਦਿੱਤਾ ਕਿ ਇਥੇ ਬਿਨਾ ਸ਼ੱਕ ਸੀਤਾ ਰਸੋਈ ਅਤੇ ਸਿੰਘ ਦਵਾਰ ਵੀ ਮੌਜੂਦ ਸਨ; ਪਰ ਰਾਮ ਜੀ ਦਾ ਜਨਮ ਭੂਮੀ ਮੰਦਿਰ ਇਸੇ ਥਾਂ ਬਣਿਆ ਸੀ, ਇਸ ਦਾ ਸਬੂਤ ਨਹੀਂ ਮਿਲਦਾ। ਇਸ ਤੋਂ ਕਈ ਲੋਕਾਂ ਨੂੰ ਨਿਰਾਸ਼ਾ ਹੋਈ ਹੋ ਸਕਦੀ ਹੈ, ਪਰ ਅਦਾਲਤ ਨੇ ਸਾਫ ਕਿਹਾ ਕਿ ਫੈਸਲਾ ਸ਼ਰਧਾ ਦੇ ਆਧਾਰ 'ਤੇ ਨਹੀਂ, ਕਾਨੂੰਨੀ ਸਥਿਤੀ ਮੁਤਾਬਕ ਕਰਨਾ ਹੈ। ਇਹੀ ਗੱਲ ਅਦਾਲਤ ਨੇ ਸੁੰਨੀ ਬੋਰਡ ਵਾਲਿਆਂ ਬਾਰੇ ਵੀ ਕਹੀ ਕਿ ਤੁਸੀਂ ਕਾਨੂੰਨ ਮੁਤਾਬਕ ਇਸ ਕੇਸ ਵਿਚ ਕੋਈ ਧਿਰ ਬਣਨ ਦਾ ਹੱਕ ਹੀ ਨਹੀਂ ਸਾਬਤ ਕਰ ਸਕੇ। ਅਦਾਲਤ ਨੇ ਇਹ ਵੀ ਕਹਿ ਦਿੱਤਾ ਕਿ ਅੰਗਰੇਜ਼ਾਂ ਦੇ ਸਮੇਂ ਤੱਕ ਇਥੇ ਲਗਾਤਾਰ ਨਮਾਜ਼ ਪੜ੍ਹਨ ਦਾ ਵੀ ਕੋਈ ਸਬੂਤ ਹੀ ਨਹੀਂ ਮਿਲਦਾ।

ਫੈਸਲੇ 'ਚ ਕਿਹਾ ਗਿਆ ਹੈ ਕਿ ਇਸ ਕੇਸ ਦੀ ਝਗੜੇ ਵਾਲੀ ਜ਼ਮੀਨ ਰਾਮ ਜਨਮ ਭੂਮੀ ਮੰਦਿਰ ਬਣਾਉਣ ਲਈ ਦੇ ਦਿੱਤੀ ਜਾਵੇ, ਪਰ ਇਹ ਕੰਮ ਸਿਰੇ ਚਾੜ੍ਹਨ ਲਈ ਭਾਰਤ ਸਰਕਾਰ ਨੂੰ ਇੱਕ ਟਰੱਸਟ ਬਣਾਉਣ ਨੂੰ ਕਹਿ ਦਿੱਤਾ ਤੇ ਇੱਕ ਤਰ੍ਹਾਂ ਨਾਲ ਹਾਲੇ ਤੱਕ ਕੇਸ ਲੜਦੀ ਆ ਰਹੀ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਟੀਮ ਨੂੰ ਵੀ ਸਿੱਧਾ ਕਬਜ਼ਾ ਨਹੀਂ ਦਿੱਤਾ।

ਦੂਜੇ ਪਾਸੇ ਮੁਸਲਿਮ ਧਿਰ ਨੂੰ ਵੀ ਇੱਕਦਮ ਅਣਗੌਲਿਆ ਨਹੀਂ ਕੀਤਾ, ਸਗੋਂ ਇਸੇ ਅਯੁੱਧਿਆ ਵਾਲੇ ਨਗਰ ਵਿਚ ਮਸਜਿਦ ਬਣਾਉਣ ਲਈ ਜ਼ਮੀਨ ਦੇਣ ਦਾ ਹੁਕਮ ਅਦਾਲਤ ਨੇ ਕਰ ਦਿੱਤਾ ਹੈ। ਇਸ ਫੈਸਲੇ ਨੂੰ ਕਿਹੜੀ ਧਿਰ ਕਿਵੇਂ ਲਵੇਗੀ, ਇਹ ਪਿੱਛੋਂ ਪਤਾ ਚੱਲੇਗਾ। ਫਿਰ ਵੀ ਇੱਕ ਗੱਲ ਇਸ ਵੇਲੇ ਕਹੀ ਜਾ ਸਕਦੀ ਹੈ ਕਿ ਜੋ ਫੈਸਲਾ ਅਲਾਹਾਬਾਦ ਹਾਈ ਕੋਰਟ ਨੇ ਕੀਤਾ ਸੀ ਅਤੇ ਜੋ ਕਿਸੇ ਵੀ ਧਿਰ ਨੇ ਨਹੀਂ ਸੀ ਮੰਨਿਆ, ਉਸ ਫੈਸਲੇ ਨੂੰ ਸੁਪਰੀਮ ਕੋਰਟ ਨੇ ਪੂਰੀ ਤਰ੍ਹਾਂ ਠੱਪ ਦਿੱਤਾ ਹੈ। ਸੁਪਰੀਮ ਕੋਰਟ ਨੇ ਇਸ ਕੇਸ ਵਿਚ ਜਿਸ ਤਰ੍ਹਾਂ ਦਾ ਫੈਸਲਾ ਦਿੱਤਾ ਹੈ, ਬੇਸ਼ੱਕ ਸਭ ਧਿਰਾਂ ਦੀ ਤਸੱਲੀ ਭਾਵੇਂ ਅਜੇ ਵੀ ਨਾ ਕਰਾ ਸਕੇ, ਪਰ ਕਈ ਦਹਾਕਿਆਂ ਤੋਂ ਕੁੜਿੱਤਣ ਦਾ ਮੁੜ-ਮੁੜ ਮੁੱਦਾ ਬਣ ਰਿਹਾ ਇਹ ਕੇਸ ਕਿਸੇ ਪਾਸੇ ਲਾ ਦਿੱਤਾ ਹੈ।

ਇਸ ਤਰ੍ਹਾਂ ਵੇਖਿਆ ਜਾਵੇ ਤਾਂ ਇਸ ਨੌਂ ਨਵੰਬਰ ਦਾ ਦਿਨ ਭਾਰਤ ਦੇ ਲੋਕਾਂ ਲਈ ਕਈ ਤਰ੍ਹਾਂ ਦੇ ਸੁਖਾਵੇਂ ਮੋੜ ਦਾ ਸਬੱਬ ਪੈਦਾ ਕਰਨ ਵਾਲਾ ਬਣਿਆ ਹੈ, ਬਹੱਤਰ ਸਾਲ ਪਹਿਲਾਂ ਵਿਛੜ ਗਏ ਪੰਜਾਬੀਆਂ ਦੇ ਪਾੜੇ ਮੇਲਣ ਵਾਲਾ ਇੱਕ ਪੁਲ ਖੜਾ ਕਰਨ ਵਾਲਾ ਵੀ ਇਹੋ ਦਿਨ ਸਾਬਤ ਹੋਇਆ ਹੈ। ਅਸੀਂ ਕਾਮਨਾ ਕਰੀਏ ਕਿ ਇਹ ਪੁਲ ਸਾਡੇ ਦੋਹਾਂ ਪੰਜਾਬਾਂ ਦੇ ਲੋਕਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਮੇਲਣ ਵਾਲਾ ਬਣਿਆ ਰਹੇ ਤਾਂ ਕਿ ਉਹ ਹੱਦਾਂ ਦੀ ਚਿੰਤਾ ਤੋਂ ਮੁਕਤ ਹੋ ਸਕਣ।

# ਕਰਤਾਰਪੁਰ ਲਾਂਘਾ: ਵਿਸ਼ਵ ਸ਼ਾਂਤੀ ਦਾ ਸੰਦੇਸ਼

ਜਗਤ ਗੁਰੂ ਬਾਬਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ 9 ਨਵੰਬਰ ਦਾ ਦਿਨ ਇਤਿਹਾਸ ਦੇ ਪੰਨਿਆਂ 'ਚ ਦਰਜ ਹੋ ਨਿਬੜਿਆ। ਕਰੋੜਾਂ ਸਿੱਖਾਂ ਸਣੇ ਹਰ ਉਸ ਸ਼ਖਸ ਦੀ ਅਰਦਾਸ ਪੂਰੀ ਹੋਈ, ਜਿਸ ਨੇ ਕਰਤਾਰਪੁਰ ਲਾਂਘਾ ਖੁਲ੍ਹਵਾਉਣ ਤੇ ਨਨਕਾਣਾ ਸਾਹਿਬ ਦੇ ਦਰਸ਼ਨ-ਦੀਦਾਰ ਲਈ ਕੋਸ਼ਿਸ਼ ਕੀਤੀ। ਬਾਬੇ

ਵਰੁਣ ਭੱਟ ਸਮਾਣਾ
ਫੋਨ: 91-98880-45646

ਨਾਨਕ ਦੀ ਵਿਚਾਰਧਾਰਾ ਨੂੰ ਨਤਮਸਤਕ ਹੁੰਦਿਆਂ ਨਵਜੋਤ ਸਿੰਘ ਸਿੱਧੂ ਤੇ ਇਮਰਾਨ ਖਾਨ ਨੇ ਸਿਆਸੀ ਪਿੱਚ 'ਤੇ ਇਕ ਵਾਰ ਫਿਰ ਚੌਕੇ-ਛੱਕੇ ਲਾ ਕੇ ਲੋਕਾਂ ਦਾ ਦਿਲ ਜਿੱਤ ਲਿਆ।

ਹਾਲਾਂਕਿ ਨਵਜੋਤ ਸਿੱਧੂ ਤੇ ਪਾਕਿਸਤਾਨ ਦੀ ਫੌਜ ਦੇ ਮੁਖੀ ਜਨਰਲ ਜਾਵੇਦ ਬਾਜਵਾ ਦੀ ਜੱਫੀ ਦਾ ਵਿਵਾਦ ਸਿਆਸੀ ਗਲਿਆਰਿਆਂ 'ਚ ਗਰਮ ਰਿਹਾ। ਕਾਂਗਰਸੀ, ਅਕਾਲੀ ਤੇ ਭਾਜਪਾ ਆਗੂਆਂ ਨੇ ਸਿਆਸੀ ਰੈਲੀਆਂ 'ਚ ਸਿੱਧੂ ਦੀ ਤਕਰੀਰ ਨੂੰ 'ਬਗਾਵਤੀ ਬੋਲ' ਕਿਹਾ, ਪਰ ਇਤਿਹਾਸ ਦੇ ਪੰਨਿਆਂ 'ਚ ਦਰਜ 9 ਨਵੰਬਰ ਦਾ ਦਿਨ ਨਵਜੋਤ ਸਿੱਧੂ, ਇਮਰਾਨ ਖਾਨ ਤੇ ਜਾਵੇਦ ਬਾਜਵਾ ਦੇ ਨਾਂ ਦਰਜ ਹੋ ਗਿਆ। 'ਸਿੱਧੂ-ਬਾਜਵਾ' ਜੱਫੀ ਨੇ ਵਿਰੋਧੀਆਂ ਨੂੰ ਦੱਸ ਦਿੱਤਾ ਕਿ ਜੇ ਇਕ ਜੱਫੀ ਨਾਲ ਲਾਂਘਾ ਖੁੱਲ੍ਹ ਸਕਦਾ ਹੈ ਤਾਂ ਉਹ 100 ਜੱਫੀਆਂ ਪਾਉਣ ਨੂੰ ਤਿਆਰ ਹਨ। ਇਸ ਦਾ ਇਕ ਅਸਰ ਇਹ ਹੋਇਆ ਕਿ ਕੁਝ ਵਿਰੋਧੀ ਧਿਰ ਦੇ ਸਿਆਸੀ ਆਗੂ ਵੀ ਸਿੱਧੂ ਦਾ ਸਮਰਥਨ ਤੇ ਧੰਨਵਾਦ ਕਰਦੇ ਦਿਖਾਈ ਦਿੱਤੇ।

ਸਿੱਖ ਵਿਦਵਾਨਾਂ ਮੁਤਾਬਕ ਕਰਤਾਰਪੁਰ ਲਾਂਘਾ ਸਿਰਫ ਹੁਣ ਦਰਸ਼ਨ-ਏ-ਦੀਦਾਰ ਦਾ ਲਾਂਘਾ ਨਹੀਂ, ਸਗੋਂ ਦੋਹਾਂ ਮੁਲਕਾਂ ਦੇ ਬਾਸ਼ਿੰਦਿਆਂ 'ਚ ਸ਼ਾਂਤੀ ਦਾ ਇਕ ਪੈਗਾਮ ਹੈ, ਜਿਸ ਨਾਲ ਆਰਥਕ, ਵਪਾਰਕ, ਸਭਿਆਚਾਰਕ ਸਾਂਝ ਵੀ ਵਧੇਗੀ। ਜੇ 1947 ਦੀ ਵੰਡ ਨੂੰ ਯਾਦ ਕਰ ਕਰੀਏ



ਤਾਂ ਇਸ ਲਾਂਘੇ ਰਾਹੀਂ ਲਹਿੰਦੇ ਤੇ ਚੜ੍ਹਦੇ ਪੰਜਾਬ ਨੇ ਜੋ ਦਰਦ ਹੰਢਾਇਆ, ਉਸ ਨਾਲ ਪੁਰਾਣਾ ਪੰਜਾਬ ਬਣਨ ਦੀ ਮੁੜ ਆਸ ਵੀ ਜਗੀ ਹੈ। ਦੋਹਾਂ ਕੌਮਾਂ-ਮੁਸਲਿਮ ਤੇ ਸਿੱਖ ਵੰਡ 'ਚ ਵਿਛੜੇ ਹੁਣ ਪਵਿੱਤਰ ਤੇ ਇਤਿਹਾਸਕ ਧਰਤੀ ਨਨਕਾਣਾ ਸਾਹਿਬ ਨੂੰ ਨਤਮਸਤਕ ਹੋ ਗਲਵੱਕੜੀਆਂ ਪਾ ਇਕ ਦੂਜੇ ਦੇ ਜ਼ਖਮ ਵੀ ਭਰਨਗੇ, ਜਿਵੇਂ ਨਵਜੋਤ ਸਿੱਧੂ ਨੇ ਪਾਕਿਸਤਾਨ ਪਹੁੰਚ ਆਪਣੇ ਯਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਜੱਫੀ ਪਾ ਕੇ ਦੁਨੀਆਂ 'ਚ ਵਸਦੇ ਸਿੱਖਾਂ ਵਲੋਂ ਲਾਂਘਾ ਖੁੱਲ੍ਹਣ 'ਤੇ ਧੰਨਵਾਦ ਕੀਤਾ।

ਇਸ ਲਾਂਘੇ ਨਾਲ ਦੋਹਾਂ ਮੁਲਕਾਂ 'ਚ ਅਮਨ ਸ਼ਾਂਤੀ, ਸਾਂਝ ਤੇ ਸਭਿਆਚਾਰ ਵਧੇਗਾ। ਭਵਿੱਖ ਵਿਚ ਸਿਆਸਤ ਵੀ ਬਦਲੇਗੀ, ਫਿਰਕੂਵਾਦ ਫੈਲਾਉਣ ਵਾਲੀਆਂ ਤਾਕਤਾਂ ਤੇ ਬਟਵਾਰੇ ਸਮੇਂ ਹੋਈ ਸਿਆਸਤ ਨੇ ਅਜਿਹੀਆਂ ਲਕੀਰਾਂ ਖਿੱਚੀਆਂ ਕਿ 72 ਸਾਲ ਤੱਕ ਦੋਵੇਂ ਮੁਲਕ ਇਕ ਦੂਜੇ ਨੂੰ ਨਫਰਤ ਹੀ ਕਰਦੇ ਰਹੇ। ਭਾਵੇਂ ਕਰਤਾਰਪੁਰ ਲਾਂਘੇ 'ਤੇ ਹਾਲੇ ਵੀ ਸਿਆਸਤ ਹੋ ਰਹੀ ਹੈ, ਜਿਵੇਂ ਵੰਡ ਵੇਲੇ ਸਿਆਸਤ ਹੋਈ ਸੀ, ਪਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਧੰਨਵਾਦ ਕੀਤੇ ਜਾਣਾ ਵੀ ਕੋਈ ਘੱਟ ਅਹਿਮ ਨਹੀਂ।

ਉਮੀਦ ਕੀਤੀ ਜਾ ਰਹੀ ਹੈ ਕਿ ਇਸ ਨਾਲ ਦੋਹਾਂ ਮੁਲਕਾਂ 'ਚ ਨਫਰਤ ਵੀ ਘਟੇਗੀ। ਕਰਤਾਰਪੁਰ ਸਾਹਿਬ ਦਾ ਲਾਂਘਾ ਨਾ ਸਿਰਫ ਸ਼ਾਂਤੀ ਤੇ ਆਰਥਕ ਮਜਬੂਤੀ ਦਾ ਲਾਂਘਾ ਬਣੇਗਾ, ਸਗੋਂ ਉਨ੍ਹਾਂ ਲੋਕਾਂ ਨੂੰ ਹਵਾ ਦਾ ਠੰਡਾ ਬੁੱਲਾ ਵੀ ਦੇਵੇਗਾ, ਜਿਨ੍ਹਾਂ ਨੇ ਵੰਡ ਵੇਲੇ ਖੂਨ ਖਰਾਬਾ, ਤਸ਼ੱਦਦ ਦੇਖਿਆ, ਦੁੱਖ ਹੰਢਾਏ। ਹੁਣ ਉਹ ਇਕ ਦੂਜੇ ਨੂੰ ਗੱਲ ਮਿਲ ਕੇ ਇਹ ਵੀ ਸੋਚਣਗੇ ਕਿ ਜੋ ਗਲਤੀਆਂ ਪਹਿਲਾਂ ਹੋਇਆ, ਉਹ ਭਵਿੱਖ 'ਚ ਮੁੜ ਨਾ ਹੋਣ; ਜੋ ਸਿਆਸੀ ਲਕੀਰਾਂ ਵਾਹੀਆਂ ਗਈਆਂ ਸਨ, ਉਹ ਸਿਆਸਤ ਮੁੜ ਨਾ ਹੋਵੇ। ਜਿਥੇ ਵੱਡੇ ਮੁਲਕ ਅੱਗੇ ਵਧ ਰਹੇ ਹਨ, ਉਸੇ ਤਰ੍ਹਾਂ ਭਾਰਤ, ਪਾਕਿਸਤਾਨ ਤੇ ਅਫਗਾਨਿਸਤਾਨ ਤੱਕ ਦੇ ਸਿਲਕ ਰੂਟ ਤੱਕ ਦੇ ਲਾਂਘੇ ਖੁਲ੍ਹਣੇ ਚਾਹੀਦੇ ਹਨ, ਜਿਸ ਨਾਲ ਹਾਲਾਤ ਸੁਧਰ ਜਾਣ ਦੀ ਉਮੀਦ ਹੋਰ ਵਧੇਗੀ, ਆਉਣ ਵਾਲੇ ਸਮੇਂ ਦੀ ਸਿਆਸਤ 'ਤੇ ਲੈ ਕੇ ਵਿਚਾਰਧਾਰਾ 'ਚ ਤਬਦੀਲੀਆਂ ਆਉਣਗੀਆਂ, 21ਵੀਂ ਸਦੀ ਦੀ ਵਿਚਾਰਧਾਰਾ ਅਤੇ ਅਗਾਂਹਵਧੂ ਨਜ਼ਰੀਏ ਤੇ ਸੋਚ ਰਾਹੀਂ ਬਾਬੇ ਨਾਨਕ ਦੇ ਫਲਸਫੇ, ਉਪਦੇਸ਼ 'ਤੇ ਪਹਿਰਾ ਦਿੰਦਿਆਂ ਇਕ ਨਵਾਂ ਇਤਿਹਾਸ ਮੁੜ ਸਿਰਜਿਆ ਜਾਵੇਗਾ, ਤੇ ਇਹ ਲਾਂਘਾ ਵਿਸ਼ਵ ਸ਼ਾਂਤੀ ਦਾ ਸੰਦੇਸ਼ ਵੀ ਦੇਵੇਗਾ।

ਕਿਚਨ ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ

ਬਰੁਕਫੀਲਡ, ਵਿਸਕਾਨਸਿਨ ਵਿਚ 'ਟੇਸਟ ਆਫ ਇੰਡੀਆ' ਰੈਸਟੋਰੈਂਟ ਲਈ ਕਿਚਨ ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।



ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਮਨਜੀਤ ਸਿੰਘ

ਫੋਨ: 262-894-0913

46-47

ਪੰਜਾਬ ਟਾਈਮਜ਼

*ਸਨਿਚਰਵਾਰ, 16 ਨਵੰਬਰ 2019*

# ਹਿੰਦੂਤਵੀ ਸਿਆਸਤ ਦਾ ਜਲਵਾ

ਭਾਰਤ ਦੀ ਸੁਪਰੀਮ ਕੋਰਟ ਨੇ ਚਿਰਾਂ ਪੁਰਾਣੇ ਬਾਬਰੀ ਮਸਜਿਦ ਕੇਸ ਦਾ ਨਿਬੇੜਾ ਕਰ ਦਿੱਤਾ ਹੈ। ਇਹ ਤੀਜਾ ਅਹਿਮ ਮੁੱਦਾ ਸੀ, ਜੋ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਇਸ ਦੀ ਸਿਆਸੀ ਸਰਪ੍ਰਸਤ ਆਰ. ਐਸ. ਐਸ. ਦੇ ਏਜੰਡੇ ਉਤੇ ਸੀ। ਪਹਿਲੇ ਦੋ ਮੁੱਦੇ ਜਿਨ੍ਹਾਂ ਵਿਚ ਇਕਸਾਰ ਸਿਵਲ ਕੋਡ ਲਾਗੂ ਕਰਨਾ ਅਤੇ ਸੰਵਿਧਾਨ ਦੀ ਧਾਰਾ 370 ਖਤਮ ਕਰਨਾ ਸ਼ਾਮਿਲ ਹੈ, ਪਹਿਲਾਂ ਹੀ ਕਰੀਬ ਪੂਰੇ ਕੀਤੇ ਜਾ ਚੁਕੇ ਹਨ। ਧਾਰਾ 370 ਬਾਰੇ ਸੱਤਾਧਾਰੀ ਧਿਰ ਨੇ ਜੋ ਮਨ-ਆਈ ਕੀਤੀ ਹੈ, ਉਹ ਤਾਂ ਜਾਹਰ ਹੀ ਹੈ, 'ਤਿੰਨ ਤਲਾਕ' ਦੇ ਰੂਪ ਵਿਚ ਇਕਸਾਰ ਸਿਵਲ ਕੋਡ ਵਲ ਕਦਮ ਵਧਾਏ ਜਾ ਚੁਕੇ ਹਨ। ਇਨ੍ਹਾਂ ਤਿੰਨਾਂ ਮਸਲਿਆਂ ਦੀ ਪੂਰਤੀ ਦਾ ਸਿੱਧਾ ਜਿਹਾ ਮਤਲਬ ਸੱਤਾਧਾਰੀਆਂ ਦਾ ਹਿੰਦੂ ਰਾਸ਼ਟਰ ਦੀ ਕਾਇਮੀ ਵੱਲ ਪੇਸ਼ਕਦਮੀ ਹੀ ਹੈ, ਜੋ ਇਨ੍ਹਾਂ ਦਾ ਅਸਲ ਏਜੰਡਾ ਹੈ। ਦਰਅਸਲ, ਸੁਪਰੀਮ ਕੋਰਟ ਦੇ ਫੈਸਲੇ ਤੋਂ ਪਹਿਲਾਂ ਮਾਹੌਲ ਹੀ ਅਜਿਹਾ ਬਣਾ ਦਿੱਤਾ ਗਿਆ ਕਿ ਫੈਸਲਾ ਆਉਣ ਤਕ ਸਭ ਧਿਰਾਂ ਨੂੰ ਸਪਸ਼ਟ ਹੋ ਚੁਕਾ ਸੀ ਕਿ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਕੀ ਫੈਸਲਾ ਸੁਣਾਉਣਾ ਹੈ! ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਚਿਰ ਪਹਿਲਾਂ ਸੁਪਰੀਮ ਕੋਰਟ ਵਲੋਂ ਕੇਰਲ ਦੇ ਸ਼ਬਰੀਮਾਲਾ ਮੰਦਿਰ ਬਾਰੇ ਸੁਣਾਏ ਫੈਸਲੇ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਅਦਾਲਤਾਂ ਨੂੰ ਉਹ ਫੈਸਲੇ ਨਹੀਂ ਸੁਣਾਉਣੇ ਚਾਹੀਦੇ, ਜੋ ਲਾਗੂ ਹੀ ਨਾ ਕੀਤੇ ਜਾ ਸਕਣ। ਯਾਦ ਰਹੇ, ਅਦਾਲਤ ਨੇ ਆਪਣੇ ਫੈਸਲੇ ਵਿਚ ਸ਼ਬਰੀਮਾਲਾ ਮੰਦਿਰ 'ਚ ਔਰਤਾਂ ਨੂੰ ਜਾਣ ਦੀ ਆਗਿਆ ਦੇ ਦਿੱਤੀ ਸੀ, ਪਰ ਭਾਜਪਾ ਨੇ ਇਸ ਦਾ ਵਿਰੋਧ ਕੀਤਾ ਅਤੇ ਮੁਲਕ ਦੀ ਸਭ ਤੋਂ ਵੱਡੀ ਅਦਾਲਤ ਦੇ ਫੈਸਲੇ ਦੇ ਬਾਵਜੂਦ ਇਹ ਫੈਸਲਾ ਅਜੇ ਤਕ ਲਾਗੂ ਨਹੀਂ ਕੀਤਾ ਜਾ ਸਕਿਆ। ਅਦਾਲਤ ਬਹੁਤ ਵਾਰ ਅਜਿਹਾ ਕਰ ਚੁਕੀ ਹੈ ਕਿ ਅਦਾਲਤੀ ਫੈਸਲਿਆਂ ਵਿਚ ਅੜਿੱਕਾ ਬਣਨ ਵਾਲਿਆਂ ਖਿਲਾਫ ਤੁਰੰਤ ਅਦਾਲਤੀ ਮਾਣਹਾਨੀ ਦਾ ਕੇਸ ਪਾ ਦਿੱਤਾ ਜਾਂਦਾ ਹੈ, ਪਰ ਕਿਸੇ ਵੀ ਅਦਾਲਤ ਨੇ ਅਮਿਤ ਸ਼ਾਹ ਖਿਲਾਫ ਕੋਈ ਕਾਰਵਾਈ ਕਰਨ ਦਾ ਹੀਆ ਨਹੀਂ ਕੀਤਾ।

ਬਿਨਾ ਸ਼ੱਕ, ਇਸ ਫੈਸਲੇ ਦੇ ਅਸਰ ਬਹੁਤ ਦੂਰ ਤਕ ਪੈਣਗੇ। ਹਿੰਦੂਤਵਵਾਦੀ ਪਹਿਲਾਂ ਹੀ ਐਲਾਨ ਕਰ ਚੁਕੇ ਹਨ ਕਿ ਮਥੁਰਾ, ਆਗਰਾ ਜਿਹੀਆਂ ਹੋਰ ਥਾਂਵਾਂ ਵੀ ਹਨ, ਜਿਥੇ ਅਯੁੱਧਿਆ ਵਾਂਗ ਕਥਿਤ ਤੌਰ 'ਤੇ ਮੰਦਿਰ ਢਾਹ ਕੇ ਮਸਜਿਦਾਂ ਬਣਾਈਆਂ ਗਈਆਂ ਸਨ, ਹੁਣ ਉਥੇ ਵੀ ਮੁੜ ਮੰਦਿਰ ਬਣਾਉਣ ਲਈ ਮੁਹਿੰਮਾਂ ਤੇਜ਼ ਕੀਤੀ ਜਾਣਗੀਆਂ। ਹਾਲਾਂਕਿ ਬਾਬਰੀ ਮਸਜਿਦ ਵਾਲੀ ਥਾਂ ਬਾਰੇ ਹੁਣ ਤਕ ਜਿਹੜੇ ਤੱਥ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਕ ਉਸ ਥਾਂ ਮੰਦਿਰ ਹੋਣ ਬਾਰੇ ਕੋਈ ਸਬੂਤ ਸਾਹਮਣੇ ਨਹੀਂ ਆਇਆ ਹੈ। ਉਂਜ ਵੀ ਅਦਾਲਤ ਪਹਿਲਾਂ ਬਾਬਰੀ ਮਸਜਿਦ ਨੂੰ ਢਾਹੇ ਜਾਣ ਨੂੰ ਖੁਦ ਹੀ ਗੈਰ ਕਾਨੂੰਨੀ ਆਖ ਚੁਕੀ ਹੈ; ਇਹੀ ਨਹੀਂ, ਉਥੇ ਜਬਰੀ ਮੂਰਤੀਆਂ ਰੱਖੇ ਜਾਣ ਨੂੰ ਵੀ ਗੈਰ ਕਾਨੂੰਨੀ ਕਰਾਰ ਦਿੱਤਾ ਜਾ ਚੁਕਾ ਹੈ। ਅਸਲ ਵਿਚ ਸੁਪਰੀਮ ਕੋਰਟ ਦੇ ਜੱਜਾਂ ਨੇ ਅਜਿਹੇ ਕਈ ਤੱਥਾਂ ਨੂੰ ਨਜ਼ਰਅੰਦਾਜ਼ ਕਰਦਿਆਂ ਸੱਤਾਧਾਰੀ ਭਾਜਪਾ ਦੀ ਇੱਛਾ ਨੂੰ ਵਧੇਰੇ ਅਹਿਮੀਅਤ ਦਿੱਤੀ ਹੈ। ਸਿੱਟੇ ਵਜੋਂ ਇਸ ਫੈਸਲੇ ਦੀ ਸੁਰ ਤੱਥਾਂ ਦੀ ਥਾਂ ਧਾਰਮਿਕ ਵਿਸ਼ਵਾਸਾਂ ਨਾਲ ਜਾ ਜੁੜੀ ਹੈ। ਇਸੇ ਕਰਕੇ ਘੱਟ ਗਿਣਤੀ ਮੁਸਲਮਾਨਾਂ ਦਾ ਇਹ ਸਵਾਲ ਬਿਲਕੁਲ ਵਾਜਬ ਹੈ ਕਿ ਜੇ 1992 ਵਿਚ ਬਾਬਰੀ ਮਸਜਿਦ ਨਾ ਢਾਹੀ ਗਈ ਹੁੰਦੀ ਤਾਂ ਵੀ ਅਦਾਲਤ ਦਾ ਫੈਸਲਾ ਇਸੇ ਤਰ੍ਹਾਂ ਹੀ ਸੁਣਾਇਆ ਜਾਣਾ ਸੀ? ਮਸਜਿਦ ਢਾਹੇ ਜਾਣ ਬਾਰੇ ਤਾਂ ਅਦਾਲਤ ਨੇ ਸਬੰਧਤ ਧਿਰ ਨੂੰ ਕੋਈ ਚਿਤਾਵਨੀ ਦੇਣੀ ਵੀ ਜ਼ਰੂਰੀ ਨਹੀਂ ਸਮਝੀ। ਅਜਿਹੇ ਤੱਥਾਂ ਤੋਂ ਸਾਫ ਹੈ ਕਿ ਜੱਜਾਂ ਉਤੇ ਸੱਤਾਧਾਰੀਆਂ ਦੀ ਸਿਆਸਤ ਦਾ ਕਿੰਨਾ ਕੁ ਦਬਾਓ ਸੀ! ਇਹ ਦਬਾਓ ਪਹਿਲਾਂ ਵੀ ਕਈ ਸੰਸਥਾਵਾਂ ਰਾਹੀਂ ਸਾਹਮਣੇ ਆਉਂਦਾ ਰਿਹਾ ਹੈ। ਹਾਲੀਆ ਮਿਸਾਲ ਚੋਣ ਕਮਿਸ਼ਨ ਦੇ ਮੈਂਬਰ ਅਸ਼ੋਕ ਲਵਾਸਾ ਹਨ। ਅਸ਼ੋਕ ਲਵਾਸਾ ਨੇ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਖਿਲਾਫ ਆਈਆਂ ਸ਼ਿਕਾਇਤਾਂ ਦੌਰਾਨ ਇਸ 'ਤੇ ਸ਼ਿਕੰਜਾ ਕੱਸਣ ਦਾ ਯਤਨ ਕੀਤਾ ਸੀ ਅਤੇ ਹੁਣ ਇਸ ਆਈ. ਏ. ਐਸ. ਅਫਸਰ ਦੀ ਪਤਨੀ ਅਤੇ ਪੁੱਤਰ ਖਿਲਾਫ ਐਨਫੋਰਸਮੈਂਟ ਡਿਪਾਰਟਮੈਂਟ (ਈ. ਡੀ.) ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਸੁਪਰੀਮ ਕੋਰਟ ਦੇ ਫੈਸਲੇ ਪਿਛੋਂ ਭਾਜਪਾ ਦੇ ਜੇਤੂ ਰਵੱਈਏ ਦੀ ਗੱਲ ਬਹੁਤ ਸਾਰੇ ਹਲਕਿਆਂ ਨੇ ਨੋਟ ਕੀਤੀ ਹੈ, ਪਰ ਇਹ ਫੈਸਲਾ ਸੁਣਾਉਣ ਲਈ ਚੁਣੇ ਦਿਨ ਬਾਰੇ ਵੀ ਵੱਖ-ਵੱਖ ਰਾਵਾਂ ਸਾਹਮਣੇ ਆ ਰਹੀਆਂ ਹਨ। ਮਾਹਿਰ ਸਪਸ਼ਟ ਕਹਿ ਰਹੇ ਹਨ ਕਿ ਇਹ ਦਿਨ ਜਾਣ-ਬੁੱਝ ਕੇ ਚੁਣਿਆ ਗਿਆ। ਜਿਸ ਦਿਨ ਇਹ ਫੈਸਲਾ ਸੁਣਾਇਆ ਗਿਆ, ਉਸ ਦਿਨ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ ਜਾਣਾ ਸੀ। ਕੇਂਦਰ ਸਰਕਾਰ ਇਹ ਲਾਂਘਾ ਕਤਈ ਨਹੀਂ ਸੀ ਖੋਲ੍ਹਣਾ ਚਾਹੁੰਦੀ, ਪਰ ਇਸ ਮਾਮਲੇ ਬਾਰੇ ਆਵਾਮ ਦੀ ਸ਼ਰਧਾ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਵਲੋਂ ਤੇਜ਼ੀ ਨਾਲ ਵਧਾਏ ਕਦਮਾਂ ਕਾਰਨ ਕੇਂਦਰ ਸਰਕਾਰ ਦੀ ਕੋਈ ਪੇਸ਼ ਨਹੀਂ ਤੇ ਇਸ ਨੂੰ ਇਹ ਲਾਂਘਾ ਆਖਰਕਾਰ ਖੋਲ੍ਹਣਾ ਪਿਆ। ਇਸੇ ਕਰਕੇ ਇਸ ਦਿਨ ਅਹਿਮੀਅਤ ਨੂੰ ਪਿਛਾਂਹ ਸੁੱਟਣ ਲਈ ਹੀ ਉਸੇ ਦਿਨ ਬਾਬਰੀ ਮਸਜਿਦ ਬਾਰੇ ਫੈਸਲਾ ਸੁਣਾਉਣ ਦਾ ਫੈਸਲਾ ਕਰ ਲਿਆ ਗਿਆ। ਉਸ ਦਿਨ ਟੈਲੀਵਿਜ਼ਨ ਉਤੇ ਚਲਦੀਆਂ ਬਹਿਸਾਂ ਦਾ ਮੁਹਾਣ ਹੀ ਬਦਲ ਗਿਆ। ਮੀਡੀਆ ਵਿਚ ਜੋ ਸਥਾਨ ਕਰਤਾਰਪੁਰ ਲਾਂਘੇ ਨੂੰ ਮਿਲਣਾ ਸੀ, ਉਹ ਖੁੱਸ ਕੇ ਬਾਬਰੀ ਮਸਜਿਦ-ਰਾਮ ਮੰਦਿਰ ਵਾਲੇ ਮੁੱਦੇ ਕੋਲ ਚਲਾ ਗਿਆ। ਉਂਜ, ਸਰਕਾਰ ਦੀਆਂ ਇਨ੍ਹਾਂ ਕਾਰਵਾਈਆਂ ਦੇ ਬਾਵਜੂਦ ਸ਼ਰਧਾਲੂਆਂ ਦੇ ਸੈਲਾਬ ਨੇ ਦਰਸਾ ਦਿੱਤਾ ਕਿ ਦੋਹਾਂ ਪਾਸਿਆਂ ਦੇ ਪੰਜਾਬੀ ਇਕ-ਦੂਜੇ ਨੂੰ ਗਲਵੱਕੜੀ ਵਿਚ ਲੈਣ ਲਈ ਕਿੰਨੇ ਬੇਚੈਨ ਸਨ। ਆਉਣ ਵਾਲੇ ਦਿਨਾਂ ਵਿਚ ਜੇ ਸੁਪਰੀਮ ਕੋਰਟ ਦੇ ਫੈਸਲੇ ਨੇ ਭਾਰਤ ਦੀ ਸਿਆਸਤ ਉਤੇ ਅਸਰਅੰਦਾਜ਼ ਹੋਣਾ ਹੈ ਤਾਂ ਕਰਤਾਰਪੁਰ ਲਾਂਘਾ ਖੁੱਲ੍ਹਣ ਪਿਛੋਂ ਇਸ ਮਸਲੇ ਨੇ ਪੰਜਾਬੀਆਂ ਦੀ ਸਾਂਝ ਵਿਚ ਵੀ ਨਵਾਂ ਰੰਗ ਭਰਨਾ ਹੈ। ਸਾਂਝ ਅਤੇ ਸਾਂਝੀਵਾਲਤਾ ਦੀ ਇਸ ਪਹਿਲਕਦਮੀ ਦਾ ਸਵਾਗਤ ਹੈ।

## ਠਾਹ-ਸੋਟਾ


-ਚਾਚਾ ਬੇਲਿਹਾਜ਼

### *ਲਾਂਘੇ ਦਾ ਸਿਹਰਾ ਕਿਸ ਨੂੰ?*

ਦਰਸ਼ਨ ਕਰਨ ਲਈ ਸ੍ਰੀ ਕਰਤਾਰਪੁਰ ਦੇ, ਵਰ੍ਹੇ ਬੀਤ ਗਏ ਜੋਦੜੀਆਂ ਕਰਦਿਆਂ ਨੂੰ।
ਪੂਰਾ ਹੋਣਾ ਨ੍ਹੀਂ ਸੁਪਨਾ ਇਉਂ ਜਾਪਦਾ ਸੀ, ਛਾਈ ਆਪਸੀ ਤਲਖੀ ਤੋਂ ਡਰਦਿਆਂ ਨੂੰ।
ਜੱਫੀ ਸਿੱਧੂ ਦੀ ਦੇਖ ਨਿਹਾਲ ਹੋ ਗਈ, ਹਾਮੀ ਹਾਕਮਾਂ ਦੋਹਾਂ ਹੀ ਭਰਦਿਆਂ ਨੂੰ।
ਸੱਚ ਏਹੀ ਐ ਲਾਂਘੇ ਦੀ ਪ੍ਰਾਪਤੀ ਦਾ, ਬਾਕੀ ਪਾੜੀਏ ਕੁਫਰ ਦੇ ਪਰਦਿਆਂ ਨੂੰ।
ਪੱਠੇ ਆਪਣੀ ਹਉਮੈ ਨੂੰ ਪਾਉਣ ਵਾਲੇ, ਵਾਂਗ ਬੱਕਰੀ 'ਮੈਂ ਮੈਂ ਮੈਂ' ਕਰੀ ਜਾਂਦੇ।
ਲਾਂਘਾ ਖੋਲ੍ਹ 'ਤਾ ਦੋਹਾਂ ਖਿਡਾਰੀਆਂ ਨੇ, ਸਿਹਰਾ ਲੈਣ ਲਈ ਐਂਵੇਂ ਕਈ ਅੜੀ ਜਾਂਦੇ!


# ਗੁਰੂ ਨਾਨਕ ਦੀਆਂ ਸਿੱਖਿਆਵਾਂ

***ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਅਤੇ ਪ੍ਰਚਾਰ ਲਈ ਆਮ ਲੋਕਾਂ ਦੀ ਬੋਲੀ ਪੰਜਾਬੀ ਦਾ ਇਸਤੇਮਾਲ ਕੀਤਾ। ਇਹ ਅਮਲ ਹਿੰਦੂ ਪੁਜਾਰੀਆਂ ਅਤੇ ਮੁਸਲਿਮ ਮੌਲਾਣਿਆਂ ਦੇ ਢੰਗ ਤਰੀਕਿਆਂ ਤੋਂ ਬਿਲਕੁਲ ਉਲਟ ਸੀ ਜੋ ਕ੍ਰਮਵਾਰ ਸੰਸਕ੍ਰਿਤ ਅਤੇ ਅਰਬੀ ਭਾਸ਼ਾਵਾਂ ਦਾ ਇਸਤੇਮਾਲ ਕਰਦੇ ਸਨ ਜਦਕਿ ਆਮ ਲੋਕਾਂ ਨੂੰ ਇਨ੍ਹਾਂ ਦੋਵਾਂ ਭਾਸ਼ਾਵਾਂ ਦੀ ਕੋਈ ਸਮਝ ਨਹੀਂ ਸੀ।***



ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਪੰਜਾਬ ਦੀ ਸਰਜ਼ਮੀਨ ਉਤੇ ਪੈਦਾ ਹੋਏ ਹੁਣ ਤੱਕ ਦੇ ਮਹਾਨਤਮ ਚਿੰਤਕ, ਦਾਰਸ਼ਨਿਕ, ਕਵੀ, ਯਾਤਰੀ, ਸਿਆਸੀ ਤੌਰ 'ਤੇ ਚੇਤੰਨ ਹੋਣ ਕਾਰਨ ਬਾਗੀਆਨਾ ਤਰਬੀਅਤ ਦੇ ਮਾਲਕ, ਸਮਾਜਿਕ ਬਰਾਬਰੀ ਦੇ ਹਾਮੀ, ਜਨ ਸੰਚਾਰਕ ਅਤੇ ਅਧਿਆਤਮਕ ਰਹਿਨੁਮਾ ਸਨ। ਉਨ੍ਹਾਂ ਦਾ ਜਨਮ ਲਾਹੌਰ ਨੇੜੇ ਪਿੰਡ ਰਾਇ ਭੋਇੰ ਦੀ ਤਲਵੰਡੀ ਵਿਖੇ ਹੋਇਆ ਜਿਸ ਨੂੰ ਹੁਣ ਇਸ ਦੀ ਇਤਿਹਾਸਕ ਤੇ ਅਧਿਆਤਮਕ ਅਹਿਮੀਅਤ ਦੇ ਮੱਦੇਨਜ਼ਰ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ। ਜਿਸ ਕਮਰੇ ਵਿਚ ਗੁਰੂ ਜੀ ਦਾ ਜਨਮ ਹੋਇਆ, ਉਥੇ ਹੁਣ ਗੁਰਦੁਆਰਾ ਨਨਕਾਣਾ ਸਾਹਿਬ ਦਾ ਅੰਦਰੂਨੀ ਪਾਵਨ ਸਥਾਨ ਹੈ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸਾਨੂੰ ਬਹੁਤ ਸਾਰੀ ਭਰੋਸੇਯੋਗ ਜਾਣਕਾਰੀ ਮਿਲਦੀ ਹੈ। ਉਹ ਉਚ ਜਾਤੀ ਖੱਤਰੀ ਹਿੰਦੂ ਪਰਿਵਾਰ ਵਿਚ ਪੈਦਾ ਹੋਏ ਅਤੇ ਉਨ੍ਹਾਂ ਦੇ ਪਿਤਾ ਉਥੋਂ ਦੇ ਮੁਸਲਿਮ ਚੌਧਰੀ



ਦੇ ਦਫਤਰ ਵਿਚ ਪਟਵਾਰੀ ਸਨ। ਉਨ੍ਹਾਂ ਬਚਪਨ ਵਿਚ ਹੀ ਉਸ ਧਰਮ, ਜਿਸ ਵਿਚ ਉਹ ਪੈਦਾ ਹੋਏ, ਦੀ ਧਾਰਮਿਕ ਕੱਟੜਤਾ, ਪਾਖੰਡਵਾਦ ਅਤੇ ਜਾਤੀ ਪ੍ਰਬੰਧ

ਪ੍ਰੋ. ਪ੍ਰੀਤਮ ਸਿੰਘ

ਖਿਲਾਫ ਬਾਗੀ ਰੁਖ ਦਿਖਾਉਣਾ ਸ਼ੁਰੂ ਕਰ ਦਿੱਤਾ। ਆਪਣੀ ਜਵਾਨੀ ਵੇਲੇ ਉਨ੍ਹਾਂ ਰੱਬੀ ਭਗਤੀ ਦੇ ਪ੍ਰਚਾਰ ਅਤੇ ਨਾਲ ਹੀ ਉਸ ਵੇਲੇ ਦੀ ਮੁਸਲਿਮ ਮੁਗਲ ਹਕੂਮਤ ਦੀਆਂ ਸਿਆਸੀ ਦਮਨਕਾਰੀ ਨੀਤੀਆਂ ਤੇ ਬ੍ਰਾਹਮਣਵਾਦੀ ਹਿੰਦੂ ਧਰਮ ਦੇ ਸਮਾਜਿਕ ਤੌਰ 'ਤੇ ਦਮਨਕਾਰੀ ਜਾਤੀ ਪ੍ਰਬੰਧ ਉਤੇ ਵਾਰ ਕਰਨ ਲਈ ਸੰਗੀਤ, ਕਵਿਤਾ, ਗੀਤ ਤੇ ਭਾਸ਼ਣ ਵਰਗੇ ਮਾਧਿਅਮਾਂ ਦੀ ਵਰਤੋਂ ਕੀਤੀ। ਉਨ੍ਹਾਂ ਨਾਲ ਹੀ ਲਾਲਚੀ ਧਨਾਢਾਂ ਦਾ ਵੀ ਵਿਰੋਧ ਕੀਤਾ ਅਤੇ ਔਰਤਾਂ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਹੱਕ ਦੇਣ ਲਈ ਆਵਾਜ਼ ਉਠਾਈ।

ਉਨ੍ਹਾਂ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਅਤੇ ਪ੍ਰਚਾਰ ਲਈ ਆਮ ਲੋਕਾਂ ਦੀ ਬੋਲੀ ਪੰਜਾਬੀ ਦਾ ਇਸਤੇਮਾਲ ਕੀਤਾ। ਇਹ ਅਮਲ ਹਿੰਦੂ ਪੁਜਾਰੀਆਂ ਅਤੇ ਮੁਸਲਿਮ ਮੌਲਾਣਿਆਂ ਦੇ ਢੰਗ ਤਰੀਕਿਆਂ ਤੋਂ ਬਿਲਕੁਲ ਉਲਟ ਸੀ ਕਿਉਂਕਿ ਉਹ ਕ੍ਰਮਵਾਰ ਸੰਸਕ੍ਰਿਤ ਅਤੇ ਅਰਬੀ ਭਾਸ਼ਾਵਾਂ ਦਾ ਇਸਤੇਮਾਲ ਕਰਦੇ ਸਨ ਪਰ ਆਮ ਲੋਕਾਂ ਨੂੰ ਇਨ੍ਹਾਂ ਦੋਵਾਂ ਭਾਸ਼ਾਵਾਂ ਦੀ ਕੋਈ ਸਮਝ ਨਹੀਂ ਸੀ। ਰਵਾਇਤੀ ਤੌਰ 'ਤੇ ਪੁਰੋਹਿਤ ਵਰਗ ਪੁਰਾਣੀਆਂ ਗੂੜ੍ਹ ਭਾਸ਼ਾਵਾਂ ਵਰਤਦਾ ਸੀ ਤਾਂ ਕਿ ਉਹ ਆਪਣਾ ਬੌਧਿਕ ਦਬਦਬਾ ਬਣਾਈ ਰੱਖੇ ਅਤੇ ਨਾਲ ਹੀ ਸਮਾਜਿਕ ਤੇ ਧਾਰਮਿਕ ਤਾਕਤ ਵੀ ਕਾਇਮ ਰੱਖ ਸਕੇ। ਇਸ ਵਰਗ ਦਾ ਖਿਆਲ ਸੀ ਕਿ ਆਮ ਲੋਕਾਂ ਨੂੰ ਸਮਝ ਨਾ ਆਉਣ ਵਾਲੀ ਭਾਸ਼ਾ ਦੀ ਵਰਤੋਂ ਕਰ ਕੇ ਉਹ ਨਾ ਸਿਰਫ ਆਪਣਾ ਵੱਧ ਪੜ੍ਹੇ-ਲਿਖੇ ਹੋਣ ਦਾ ਰੁਤਬਾ ਸਮਾਜ ਵਿਚ ਬਣਾਈ ਰੱਖ ਸਕਦੇ ਹਨ ਸਗੋਂ ਆਪਣੇ ਬਹੁਤ ਹੀ ਪਹੁੰਚੇ ਹੋਏ ਹੋਣ ਦਾ ਪ੍ਰਭਾਵ ਵੀ ਸਿਰਜ ਸਕਦੇ ਹਨ। ਜਾਪਦਾ ਹੈ, ਗੁਰੂ ਜੀ ਨੇ ਇਸ ਰਵਾਇਤ ਨੂੰ ਬੜੇ ਸੁਚੇਤ ਰੂਪ ਵਿਚ ਤੋੜਿਆ। ਉਨ੍ਹਾਂ ਸੰਸਕ੍ਰਿਤ ਨੂੰ ਠੁਕਰਾ ਦਿੱਤਾ ਜਿਸ ਨੂੰ ਦੇਵ ਭਾਸ਼ਾ ਭਾਵ ਦੇਵਤਿਆਂ ਦੀ ਭਾਸ਼ਾ ਆਖਿਆ ਜਾਂਦਾ ਸੀ ਅਤੇ ਇਸ ਦੀ ਥਾਂ ਆਪਣੀਆਂ ਸਮਤਾਵਾਦੀ ਸਿੱਖਿਆਵਾਂ ਦੇ ਪ੍ਰਚਾਰ-ਪਸਾਰ ਲਈ ਲੋਕ ਭਾਸ਼ਾ ਭਾਵ ਪੰਜਾਬੀ ਦਾ ਇਸਤੇਮਾਲ ਕੀਤਾ। ਇਸ ਸਦਕਾ ਨੀਵੀਆਂ ਜਾਤਾਂ ਦੇ ਲੋਕ ਉਨ੍ਹਾਂ ਦੇ ਪੈਰੋਕਾਰ ਬਣ ਗਏ ਜਿਹੜੇ ਮੁੱਖ ਤੌਰ 'ਤੇ ਹਿੰਦੂ ਸਨ ਪਰ ਕੁਝ ਧਰਮ ਬਦਲ ਕੇ ਇਸਲਾਮ ਵੀ ਅਪਣਾ ਚੁੱਕੇ ਸਨ।

ਉਨ੍ਹਾਂ ਦੇ ਪੈਰੋਕਾਰਾਂ ਨੂੰ ਸਿੱਖ ਆਖਿਆ ਜਾਣ ਲੱਗਾ, ਭਾਵ ਸਿੱਖਣ ਵਾਲੇ ਜਾਂ ਸ਼ਾਗਿਰਦ। ਪੰਜਾਬੀ ਦਾ ਇਹ ਸ਼ਬਦ 'ਸਿੱਖ' ਸੰਸਕ੍ਰਿਤ ਦੇ ਸ਼ਬਦ 'ਸ਼ਿਸ਼ਯ' ਤੋਂ ਆਇਆ ਹੈ। ਉਨ੍ਹਾਂ ਦੇ ਕੁਝ ਸ਼ੁਰੂਆਤੀ ਪੈਰੋਕਾਰ ਉਨ੍ਹਾਂ ਦੇ ਆਪਣੇ ਖੱਤਰੀ ਭਾਈਚਾਰੇ ਤੋਂ ਸਨ ਪਰ ਪੰਜਾਬੀਆਂ ਦੇ ਵੱਡੇ ਵਰਗ ਦਾ ਉਨ੍ਹਾਂ ਦੇ ਸ਼ਰਧਾਲੂ ਬਣਨ ਦਾ ਕਾਰਨ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵਿਸ਼ਾ-ਵਸਤੂ (ਬਰਾਬਰੀ), ਸੰਚਾਰ ਦਾ ਮਾਧਿਅਮ (ਪੰਜਾਬੀ) ਅਤੇ ਸੰਚਾਰ ਦਾ ਰੂਪ (ਕਵਿਤਾ ਤੇ ਗੀਤ-ਸੰਗੀਤ) ਸੀ ਜਿਸ ਨੇ ਉਨ੍ਹਾਂ ਨੂੰ ਸਿੱਖੀ ਵੱਲ ਖਿੱਚਿਆ। ਇਸ ਲਈ ਉਨ੍ਹਾਂ ਨੂੰ ਸੱਚਮੁੱਚ ਦੇ ਪੰਜਾਬੀ ਧਰਮ ਦੇ ਬਾਨੀ ਤੇ ਵਿਚਾਰਕ ਮੰਨਣਾ ਵਾਜਬ ਹੈ ਜਿਸ ਨੇ ਪੰਜਾਬੀ ਸਮਾਜ ਦੇ ਸਾਰੇ ਜਾਤੀ ਭਾਈਚਾਰਿਆਂ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ, ਹਾਲਾਂਕਿ ਇਨ੍ਹਾਂ ਵਿਚੋਂ ਬਹੁਤ ਵੱਡੀ ਗਿਣਤੀ ਉਨ੍ਹਾਂ ਭਾਈਚਾਰਿਆਂ ਨਾਲ ਸਬੰਧਤ ਸਨ ਜਿਨ੍ਹਾਂ ਨੂੰ ਬ੍ਰਾਹਮਣ ਦੇ ਦਬਦਬੇ ਵਾਲੇ ਜਾਤੀਵਾਦੀ ਢਾਂਚੇ ਵਿਚ ਨੀਵੇਂ ਗਿਣਿਆ ਜਾਂਦਾ ਸੀ, ਖਾਸਕਰ ਕਿਸਾਨ ਤੇ ਦਸਤਕਾਰ ਆਦਿ।

ਖੁਸ਼ਵੰਤ ਸਿੰਘ ਨੇ ਆਪਣੀ ਕਿਤਾਬ 'ਹਿਸਟਰੀ ਆਫ ਸਿੱਖਸ' (1999) ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਦੇ ਸਮੇਂ ਅਤੇ ਸਿੱਖ ਧਰਮ ਦੇ ਉਭਾਰ ਦੇ ਪ੍ਰਸੰਗ ਵਿਚ ਇਸ ਪੰਜਾਬੀ ਆਯਾਮ ਨੂੰ ਬਹੁਤ ਹੀ ਅਰਥਪੂਰਨ ਢੰਗ ਨਾਲ ਲਿਆ ਹੈ। ਉਹ ਲਿਖਦਾ ਹੈ:

ਭਾਰਤ ਦਾ ਮੁੱਖ ਪ੍ਰਵੇਸ਼ ਦੁਆਰ ਹੋਣ ਕਾਰਨ ਪੰਜਾਬ ਸੁਭਾਵਿਕ ਤੌਰ 'ਤੇ ਲਗਾਤਾਰ ਮੈਦਾਨ-ਏ-ਜੰਗ ਬਣਿਆ ਰਿਹਾ ਜਿਹੜਾ ਸਾਰੇ ਹਮਲਾਵਰਾਂ ਦਾ ਪਹਿਲਾ ਟਿਕਾਣਾ ਹੁੰਦਾ ਸੀ ... ਇਸ ਤਰ੍ਹਾਂ ਇਥੇ ਬਹੁਤ ਸਾਰੀਆਂ ਜੰਗਜੂ ਕੌਮਾਂ ਦਾ ਖੂਨ ਮਿਲ ਗਿਆ ਅਤੇ ਨਾਲ ਹੀ ਬਹੁਤ ਸਾਰੀਆਂ ਵਿਦੇਸ਼ੀ ਭਾਸ਼ਾਵਾਂ- ਅਰਬੀ, ਫਾਰਸੀ, ਪਸ਼ਤੋ, ਤੁਰਕੀ ਆਦਿ ਇਸ ਸਰਜ਼ਮੀਨ ਉਤੇ ਬੋਲੀਆਂ ਜਾਣ ਲੱਗੀਆਂ। ਇਸੇ ਤਰ੍ਹਾਂ, ਦੇਸ਼ ਦੇ ਮੂਲ ਵਾਸੀਆਂ ਵਿਚ ਆਰੀਆ ਦੇ ਵੇਦਾਂਤ, ਜੈਨ ਤੇ ਬੁੱਧ ਧਰਮਾਂ ਅਤੇ ਅਰਬਾਂ, ਤੁਰਕਾਂ, ਮੰਗੋਲਾਂ, ਫਾਰਸੀਆਂ (ਇਰਾਨੀਆਂ) ਅਤੇ ਅਫਗਾਨਾਂ ਦੇ ਅਕੀਦੇ ਇਸਲਾਮ ਨੂੰ ਵੀ ਮੰਨਣ ਕਾਰਨ ਸਰਬਵਾਦ ਪੈਦਾ ਹੋਇਆ। ਖੂਨ ਤੇ ਭਾਸ਼ਾ ਦੇ ਇਸ ਮਿਲਗੋਭੇ ਵਿਚੋਂ ਪੰਜਾਬੀ ਲੋਕ ਪੈਦਾ ਹੋਏ ... ਇਸ ਦੌਰਾਨ ਉਮੀਦ ਦੀ ਇਕ ਕਿਰਨ ਵੀ ਪੈਦਾ ਹੋਈ ਕਿ ਉਨ੍ਹਾਂ ਦੇ ਪੁਰਖਿਆਂ ਦੇ ਇਨ੍ਹਾਂ ਵੱਖੋ-ਵੱਖ ਅਕੀਦਿਆਂ ਵਿਚੋਂ ਪੰਜਾਬੀਆਂ ਦਾ ਇਕ ਨਵਾਂ ਅਕੀਦਾ ਵੀ ਪੈਦਾ ਹੋਵੇਗਾ।

ਪੰਜਾਬੀ ਭਾਵੇਂ ਹਿੰਦੂ ਤੇ ਮੁਸਲਿਮ ਧਰਮਾਂ ਵਿਚ ਪੂਰੀ ਤਰ੍ਹਾਂ ਵੰਡੇ ਹੋਏ ਸਨ, ਤਾਂ ਵੀ ਇਨ੍ਹਾਂ ਦੋਹਾਂ ਅਕੀਦਿਆਂ ਦਰਮਿਆਨ ਮੇਲ-ਮਿਲਾਪ ਵਧਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਅਤੇ ਇਸ ਤਰ੍ਹਾਂ ਲੋਕਾਂ ਵਿਚ ਜੀਓ ਤੇ ਜਿਉਣ ਦਿਉ ਦੀ ਭਾਵਨਾ ਪੈਦਾ ਹੋਈ। ਇਸ ਤਰ੍ਹਾਂ ਸਹਿਣਸ਼ੀਲਤਾ ਦੀ ਭਾਵਨਾ ਕਾਇਮ ਰੱਖਣ ਤੇ ਇਸ ਨੂੰ ਪੰਜਾਬੀ ਰਾਸ਼ਟਰਵਾਦ ਦੇ ਰੂਪ ਵਿਚ ਹਾਂ-ਪੱਖੀ ਵਿਸ਼ਾ-ਵਸਤੂ ਦੇਣ ਦੀ ਜ਼ਿੰਮੇਵਾਰੀ ਗੁਰੂ ਨਾਨਕ ਅਤੇ ਉਨ੍ਹਾਂ ਦੇ ਨੌਂ ਉਤਰਾਧਿਕਾਰੀਆਂ ਉਤੇ ਆਣ ਪਈ ਸੀ।

ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ ਦੇ ਭੂਗੋਲਿਕ ਚੌਗਿਰਦੇ ਤੇ ਇਤਿਹਾਸਕ ਸਮੇਂ ਦਾ ਇਹ ਸੰਖੇਪ ਵੇਰਵਾ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਨੂੰ ਅਜਿਹੀ ਇਤਿਹਾਸਕ ਸ਼ਖਸੀਅਤ ਵਜੋਂ ਦੇਖਿਆ ਜਾ ਸਕਦਾ ਹੈ ਤੇ ਦੇਖਿਆ ਜਾਣਾ ਚਾਹੀਦਾ ਹੈ ਜਿਸ ਨੇ ਇਤਿਹਾਸ ਦੇ ਉਨ੍ਹਾਂ ਸੰਕਟਾਂ ਜਿਨ੍ਹਾਂ ਦੌਰਾਨ ਉਹ ਜਨਮੇ, ਪ੍ਰਤੀ ਉਵੇਂ ਹੀ ਹੁੰਗਾਰਾ ਭਰਿਆ; ਜਿਵੇਂ ਸਾਰੇ ਮਹਾਨ ਚਿੰਤਕ, ਫਿਲਾਸਫਰ ਅਤੇ ਉਹ ਸਾਰੇ, ਜਿਨ੍ਹਾਂ ਨੂੰ ਅਸੀਂ ਪੈਗੰਬਰ ਆਖਦੇ ਹਾਂ, ਹੁੰਗਾਰਾ ਭਰਦੇ ਹਨ। ਇਸ ਦੇ ਬਾਵਜੂਦ, ਸਾਨੂੰ ਨਾਲ ਹੀ ਇਹ ਵੀ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਆਲਮੀ ਅਹਿਮੀਅਤ ਰੱਖਦੇ ਆਪਣੇ ਸੁਨੇਹੇ ਨੂੰ ਪਹੁੰਚਾਉਣ ਲਈ ਕਿਵੇਂ ਭੂਗੋਲਿਕ ਚੌਗਿਰਦੇ ਤੇ ਇਤਿਹਾਸਕ ਸਮੇਂ ਦੀਆਂ ਸੀਮਾਵਾਂ ਨੂੰ ਪਾਰ ਪਾਇਆ। ਉਨ੍ਹਾਂ ਦੇ ਆਪਣੇ ਜੀਵਨ ਦੌਰਾਨ ਉਨ੍ਹਾਂ ਦੇ ਪੈਰੋਕਾਰਾਂ ਦੇ ਭਾਈਚਾਰੇ ਉਨ੍ਹਾਂ ਮੁਲਕਾਂ ਵਿਚ ਉਭਰੇ ਜਿਨ੍ਹਾਂ ਨੂੰ ਹੁਣ ਅਸੀਂ ਭਾਰਤ, ਪਾਕਿਸਤਾਨ, ਨੇਪਾਲ, ਤਿੱਬਤ, ਸ੍ਰੀਲੰਕਾ, ਇਰਾਨ ਤੇ ਇਰਾਕ ਵਜੋਂ ਜਾਣਦੇ ਹਾਂ। ਇਸ ਤੱਥ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਸੁਨੇਹਾ ਪੰਜਾਬ ਦੀਆਂ ਭੂਗੋਲਿਕ ਹੱਦਾਂ ਨੂੰ ਵੀ ਟੱਪ ਗਿਆ ਸੀ। ਉਹ ਬੜਾ ਸੋਚ-ਸਮਝ ਕੇ ਦੂਰ-ਦੁਰਾਡੀਆਂ ਥਾਵਾਂ ਦੀਆਂ ਲੰਬੀਆਂ ਯਾਤਰਾਵਾਂ ਉਤੇ ਗਏ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਸ ਦੌਰਾਨ ਉਨ੍ਹਾਂ ਨਾਲ ਉਨ੍ਹਾਂ ਦੇ ਦੋ ਸਾਥੀ - ਭਾਈ ਬਾਲਾ (ਹਿੰਦੂ ਪਿਛੋਕੜ ਵਾਲੇ) ਅਤੇ ਭਾਈ ਮਰਦਾਨਾ (ਮੁਸਲਿਮ ਪਿਛੋਕੜ ਵਾਲੇ) ਵੀ ਸਨ। ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਨੇ ਸੰਤਾਂ ਅਤੇ ਸੂਫੀਆਂ ਨਾਲ ਗੋਸ਼ਟੀਆਂ ਕੀਤੀਆਂ ਅਤੇ ਉਨ੍ਹਾਂ ਨਾਲ ਵੀ, ਜਿਹੜੇ ਆਪਣੇ ਕੋਲ ਗੈਬੀ ਸ਼ਕਤੀਆਂ ਹੋਣ ਦੇ ਦਾਅਵੇ ਕਰਦੇ ਸਨ ਪਰ ਅਸਲ ਵਿਚ ਉਹ ਪਾਖੰਡੀ ਸਾਧਾਂ ਤੋਂ ਵੱਧ ਹੋਰ ਕੁਝ ਨਹੀਂ ਸਨ। ਸੁਭਾਵਿਕ ਹੀ ਹੈ ਕਿ ਇਨ੍ਹਾਂ ਦੋਸਤਾਨਾ ਗੋਸ਼ਟੀਆਂ ਤੇ ਨਾਲ ਹੀ ਜ਼ੁਬਾਨੀ ਟਕਰਾਵਾਂ ਦੌਰਾਨ ਉਨ੍ਹਾਂ ਵੱਖ-ਵੱਖ ਭਾਸ਼ਾਵਾਂ ਬੋਲੀਆਂ ਹੋਣਗੀਆਂ ਅਤੇ ਇਸ ਤਰ੍ਹਾਂ ਉਨ੍ਹਾਂ ਆਪਣੇ ਵਿਚਾਰਾਂ ਦੇ ਪ੍ਰਭਾਵ ਦਾ ਘੇਰਾ ਪੰਜਾਬ ਤੋਂ ਕਿਤੇ ਬਾਹਰ ਤੱਕ ਫੈਲਾ ਦਿੱਤਾ। ਇਸੇ ਪ੍ਰਭਾਵ ਦਾ ਸਿੱਟਾ ਸੀ ਕਿ ਉਨ੍ਹਾਂ ਦੇ ਪੈਰੋਕਾਰਾਂ ਦੇ ਭਾਈਚਾਰੇ ਉਨ੍ਹਾਂ ਥਾਵਾਂ ਉਤੇ ਵੀ ਬਣ ਗਏ ਜੋ ਉਨ੍ਹਾਂ ਦੀ ਮਾਤਭੂਮੀ ਪੰਜਾਬ ਤੋਂ ਬਹੁਤ ਦੂਰ ਸਨ। ਇਨ੍ਹਾਂ ਭਾਈਚਾਰਿਆਂ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਸੀ ਪਰ ਬਹੁਤਿਆਂ ਨੂੰ ਨਾਨਕਪੰਥੀ ਆਖਦੇ ਸਨ।

ਜੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸੁਲ੍ਹਾਕੁਲ ਪਹੁੰਚ ਨੂੰ ਉਨ੍ਹਾਂ ਦੇ ਪ੍ਰਭਾਵ ਦੀਆਂ ਸਥਾਨਕ ਸੀਮਾਵਾਂ ਦੇ ਪਾਰ ਜਾਣ ਦੇ ਆਯਾਮ ਰਾਹੀਂ ਪ੍ਰਮਾਣਿਤ ਕੀਤਾ ਜਾਂਦਾ ਹੈ ਤਾਂ ਲੌਕਿਕ ਸੀਮਾਵਾਂ ਨੂੰ ਪਾਰ ਕਰਦੀਆਂ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸੁਲ੍ਹਾਕੁਲ ਪਹੁੰਚ ਦੀ ਥਾਹ ਵਧੇਰੇ ਡੂੰਘਾਈ ਨਾਲ ਪਾਈ ਜਾ ਸਕਦੀ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਦਾ ਵਾਤਾਵਰਨੀ ਸੁਨੇਹਾ ਜਿਸ ਦੀ ਸਾਡੇ ਸਮੇਂ ਦੌਰਾਨ ਵੀ ਭਾਰੀ ਪ੍ਰਸੰਗਿਤਾ ਹੈ, ਸ਼ਾਇਦ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸੁਲ੍ਹਾਕੁਲ ਪਹੁੰਚ ਦਾ ਬਿਹਤਰੀਨ ਇਜ਼ਹਾਰ ਹੈ ਜਿਸ ਦੀ ਸਦੀਵੀ ਅਹਿਮੀਅਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਸੁਲ੍ਹਾਕੁਲ ਤੇ ਵਾਤਾਵਰਨ ਪੱਖੀ ਸਿੱਖਿਆਵਾਂ ਉਨ੍ਹਾਂ ਦੇ ਸਮਾਨਤਾਵਾਦੀ ਨਜ਼ਰੀਏ ਨਾਲ ਪੂਰੀ ਤਰ੍ਹਾਂ ਇਕ-ਮਿਕ ਹਨ। ਉਨ੍ਹਾਂ ਦੇ ਵਾਤਾਵਰਨ ਪੱਖੀ ਸੁਨੇਹੇ ਦੀ ਸੱਚੀ ਅਹਿਮੀਅਤ ਉਸ ਸੁਨੇਹੇ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਸੁਲ੍ਹਾਕੁਲ ਪਹੁੰਚ ਅਤੇ ਉਨ੍ਹਾਂ ਦੇ ਸੁਲ੍ਹਾਕੁਲ ਫਲਸਫੇ ਵਿਚੋਂ ਨਿਕਲੇ ਸਮਤਾਵਾਦ ਦੇ ਸੁਨੇਹੇ ਨਾਲ ਜੋੜ ਕੇ ਸਮਝੀ ਜਾ ਸਕਦੀ ਹੈ।

# ਬਾਬਰੀ ਮਸਜਿਦ ਫੈਸਲਾ: ਡਾਢੇ ਦਾ ਸੱਤੀਂ ਵੀਹੀਂ ਸੌ...

ਨੌਂ ਨਵੰਬਰ ਨੂੰ ਬਾਬਰੀ ਮਸਜਿਦ ਮਾਮਲੇ ਵਿਚ ਸੁਪਰੀਮ ਕੋਰਟ ਦਾ ਫੈਸਲਾ ਪੱਖਪਾਤੀ ਅਤੇ ਹਿੰਦੂਤਵੀ ਤਾਕਤਾਂ ਨੂੰ ਖੁਸ਼ ਕਰਨ ਵਾਲਾ ਹੈ। ਜੇ ਤੱਥਾਂ ਨੂੰ ਮੁੱਖ ਰੱਖ ਕੇ ਨਿਆਂ ਕੀਤਾ ਜਾਂਦਾ ਤਾਂ ਹਿੰਸਕ ਹਿੰਦੂਤਵ ਤਾਕਤਾਂ ਨੇ ਅਦਾਲਤੀ ਫੈਸਲੇ ਨੂੰ ਲਾਗੂ ਨਹੀਂ ਹੋਣ ਦੇਣਾ ਸੀ। ਇਸ ਲਈ ਇਹ ਜਗ੍ਹਾ ਮੰਦਰ ਬਣਾਉਣ ਲਈ ਹਿੰਦੂ ਧਿਰ ਨੂੰ ਦੇ ਕੇ ਸਦਾ ਲਈ ਯੱਭ ਮੁਕਾਉਣ ਵਾਲਾ ਅਦਾਲਤੀ 'ਹੱਲ' ਕੱਢਿਆ ਗਿਆ। ਹਿੰਦੂਤਵ ਦੇ ਰਾਜ ਹੇਠ ਅਜਿਹੇ ਰਾਜਨੀਤਕ ਫੈਸਲੇ ਦੀ ਹੀ ਉਮੀਦ ਸੀ। ਹਿੰਦੂਤਵ ਆਗੂਆਂ ਵੱਲੋਂ ਸੁਪਰੀਮ ਕੋਰਟ ਨੂੰ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਸਨ ਕਿ ਹਿੰਦੂ ਆਸਥਾ ਨੂੰ ਧਿਆਨ ਵਿਚ ਰੱਖ ਕੇ ਹੀ ਫੈਸਲੇ ਕੀਤੇ ਜਾਣ।

ਸ਼ਬਰੀਮਾਲਾ ਮੰਦਰ ਮਾਮਲੇ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਅਜਿਹੇ ਫੈਸਲੇ ਨਾ ਲਵੇ ਜਿਨ੍ਹਾਂ ਨੂੰ ਇਹ ਵਿਹਾਰਕ ਤੌਰ 'ਤੇ ਲਾਗੂ ਨਾ ਕਰਵਾ ਸਕੇ। ਇਸ਼ਾਰਾ ਸਾਫ ਸੀ - ਬਹੁਗਿਣਤੀਵਾਦੀ ਆਪਣੇ ਖਿਲਾਫ ਜਾਣ ਵਾਲੇ ਅਦਾਲਤੀ ਫੈਸਲਿਆਂ ਨੂੰ ਲਾਗੂ ਨਹੀਂ

**ਬੂਟਾ ਸਿੰਘ**
ਫੋਨ: +91-94634-74342

ਹੋਣ ਦੇਣਗੇ। ਲਿਹਾਜ਼ਾ, ਇਹ ਹੈਰਾਨੀਜਨਕ ਨਹੀਂ ਕਿ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਬਾਬਰੀ ਮਸਜਿਦ ਵਾਲੀ ਜ਼ਮੀਨ 2.77 ਏਕੜ ਜ਼ਮੀਨ 'ਰਾਮ ਲੱਲਾ' ਨੂੰ ਕਾਨੂੰਨੀ ਹਸਤੀ ਮੰਨ ਕੇ ਹਿੰਦੂ ਧਿਰ ਨੂੰ ਸੌਂਪ ਦਿੱਤੀ ਜਿਨ੍ਹਾਂ ਦਾ ਉਸ ਥਾਂ ਨਾਲ ਕੋਈ ਸਬੰਧ ਨਹੀਂ ਸੀ।

ਹਿੰਦੂ ਸੰਸਥਾਵਾਂ ਦੀ ਆਸਥਾ ਅਨੁਸਾਰ ਉਥੇ ਕਥਿਤ ਰਾਮ ਮੰਦਰ ਸੀ ਜਿਸ ਨੂੰ ਢਾਹ ਕੇ ਮਸਜਿਦ ਬਣਾਈ ਗਈ ਸੀ; ਜਦਕਿ ਉਸ ਜ਼ਮਾਨੇ ਵਿਚ ਲਿਖੀਆਂ ਵੱਖ-ਵੱਖ ਰਮਾਇਣਾਂ ਵਿਚ ਵੀ ਉਥੇ ਰਾਮ ਮੰਦਰ ਹੋਣ ਦਾ ਕੋਈ ਜ਼ਿਕਰ ਨਹੀਂ। ਚਾਰ ਆਜ਼ਾਦ ਇਤਿਹਾਸਕਾਰਾਂ ਨੇ ਵੀ ਇਤਿਹਾਸਕ ਅਤੇ ਪੁਰਾਤੱਤਵ ਸਬੂਤਾਂ ਦੀ ਛਾਣਬੀਣ ਕਰਨ ਤੋਂ ਬਾਅਦ ਆਪਣੀ ਰਿਪੋਰਟ 'ਰਾਮ ਜਨਮਭੂਮੀ-ਬਾਬਰੀ ਮਸਜਿਦ: ਏ ਹਿਸਟੋਰੀਅਨਜ਼ ਰਿਪੋਰਟ ਟੂ ਦੀ ਨੇਸ਼ਨ' ਵਿਚ ਇਸ ਧਾਰਨਾ ਨੂੰ ਰੱਦ ਕੀਤਾ ਸੀ ਕਿ ਬਾਬਰੀ ਮਸਜਿਦ ਦੇ ਹੇਠਾਂ ਕੋਈ ਹਿੰਦੂ ਮੰਦਰ ਸੀ। ਇਸ ਦੇ ਉਲਟ, ਬਾਬਰੀ ਮਸਜਿਦ ਦਾ ਉਥੇ ਬਣੇ ਹੋਣਾ ਪ੍ਰਤੱਖ ਸਬੂਤ ਸੀ; ਲੇਕਿਨ ਉਥੇ ਸੰਘ ਬ੍ਰਿਗੇਡ ਦੇ ਏਜੰਡੇ ਅਨੁਸਾਰ ਸੁਪਰੀਮ ਕੋਰਟ ਦੇ ਆਦੇਸ਼ 'ਤੇ ਹੁਣ ਰਾਮ ਮੰਦਰ ਬਣੇਗਾ। ਸਰਕਾਰ ਇਸ ਮਨੋਰਥ ਨਾਲ ਤਿੰਨ ਮਹੀਨੇ ਦੇ ਅੰਦਰ ਟਰੱਸਟ ਬਣਾਏਗੀ। ਮੁਸਲਿਮ ਭਾਈਚਾਰੇ ਨੂੰ ਅਯੁੱਧਿਆ ਵਿਚ ਕਿਤੇ ਹੋਰ ਮਸਜਿਦ ਬਣਾਉਣ ਲਈ ਪੰਜ ਏਕੜ ਜ਼ਮੀਨ ਮੁਹੱਈਆ ਕਰਵਾਈ ਜਾਵੇਗੀ।

ਪਿਛਲੇ ਸਮੇਂ 'ਚ ਸਾਲਸੀ ਦੇ ਅਮਲ ਦੌਰਾਨ ਮੁਸਲਿਮ ਸੰਸਥਾਵਾਂ ਨੂੰ ਘੱਟਗਿਣਤੀਆਂ ਵਿਰੋਧੀ ਦਹਿਸ਼ਤ ਅਤੇ ਹੋਰ ਜੋੜ-ਤੋੜ ਰਾਹੀ ਦਬਾ ਲਿਆ ਗਿਆ। ਅਜਿਹੇ ਦਹਿਸ਼ਤ ਦੇ ਮਾਹੌਲ ਵਿਚ ਫੈਸਲੇ ਤੋਂ ਪਹਿਲਾਂ ਹੀ ਉਨ੍ਹਾਂ ਵਲੋਂ ਮਸਜਿਦ ਦੀ ਬਜਾਏ ਆਪਣੀ ਸੁਰੱਖਿਆ ਅਤੇ ਆਪਣੇ ਭਵਿਖ ਬਾਰੇ ਵਧੇਰੇ ਫਿਕਰਮੰਦ ਹੋਣ ਦੇ ਸੰਕੇਤ ਆਉਣੇ ਸ਼ੁਰੂ ਹੋ ਗਏ ਸਨ। ਹਾਲੀਆ ਫੈਸਲੇ ਵਿਰੁਧ ਮੁੜ-ਵਿਚਾਰ ਅਪੀਲ ਨਾ ਪਾਉਣ ਦੇ ਬਿਆਨਾਂ ਤੋਂ ਵੀ ਸਪਸ਼ਟ ਹੈ ਕਿ ਨਿਆਂ ਪ੍ਰਣਾਲੀ ਤੋਂ ਉਨ੍ਹਾਂ ਦਾ ਵਿਸ਼ਵਾਸ ਉਠ ਚੁੱਕਾ ਹੈ। ਜ਼ਿਆਦਾਤਰ ਮੁਸਲਿਮ ਰਹਿਨੁਮਾ/ਆਗੂ ਨਿਆਂ ਦੀ ਖਾਤਰ ਲੜਾਈ ਜਾਰੀ ਰੱਖਣ ਦੀ ਬਜਾਏ ਇਸ ਸੋਚ ਤਹਿਤ ਕਿਸੇ ਵੀ ਤਰ੍ਹਾਂ ਦੇ ਟਕਰਾਓ ਤੋਂ ਬਚ ਰਹੇ ਹਨ ਕਿ ਹਿੰਦੂਤਵ ਤਾਕਤਾਂ ਨੂੰ ਹਮਲੇ ਦਾ ਕੋਈ ਮੌਕਾ ਨਾ ਦਿੱਤਾ ਜਾਵੇ। ਮੁਸਲਮਾਨ ਹੀ ਨਹੀਂ, ਹੋਰ ਘੱਟਗਿਣਤੀਆਂ ਅਤੇ ਹਾਸ਼ੀਆਗ੍ਰਸਤ ਹਿੱਸੇ ਵੀ ਡਰੇ ਹੋਏ ਹਨ। ਸਿੱਖ ਭਾਈਚਾਰੇ ਨੂੰ ਪੰਜਾਬ ਤੋਂ ਬਾਹਰਲੇ ਇਤਿਹਾਸਕ ਗੁਰਦੁਆਰਿਆਂ ਦੀ ਚਿੰਤਾ ਹੈ।

ਇਹ ਫੈਸਲਾ ਹਿੰਦੂਤਵ ਰਾਜ ਹੇਠ ਦਹਿਸ਼ਤਜ਼ਦਾ ਘੱਟਗਿਣਤੀ ਮੁਸਲਿਮ ਭਾਈਚਾਰੇ ਦੇ ਨਾਲ-ਨਾਲ ਸਮੂਹ ਨਿਆਂਪਸੰਦ ਲੋਕਾਂ ਲਈ ਵੀ ਅਤਿਅੰਤ ਸਦਮੇ ਵਾਲਾ ਹੈ। ਬਹੁਗਿਣਤੀਵਾਦੀ ਧੌਂਸਬਾਜ਼ੀ ਨੂੰ ਅਦਾਲਤੀ ਮਾਨਤਾ ਮਿਲ ਗਈ ਹੈ। ਹਿੰਦੂਤਵ ਆਗੂ ਅਕਸਰ ਇਹ ਕਹਿੰਦੇ ਸਨ ਕਿ ਹੁਣ ਤਾਂ ਉਨ੍ਹਾਂ ਦਾ ਆਪਣਾ ਰਾਜ ਹੈ, ਜੇ ਉਹ ਹੁਣ ਵੀ ਮੰਦਰ ਨਹੀਂ ਬਣਾਉਣਗੇ ਤਾਂ ਫਿਰ ਕਦੋਂ ਬਣਾਉਣਗੇ? ਇਉਂ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਭਾਜਪਾ ਨੇ ਆਪਣਾ ਇਕ ਹੋਰ ਏਜੰਡਾ ਨੇਪਰੇ ਚਾੜ੍ਹ ਲਿਆ ਹੈ। ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਅਨੁਸਾਰ ਇਹ 'ਮੁਲਕ ਦੀ ਜਨ ਭਾਵਨਾ, ਆਸਥਾ ਅਤੇ ਸ਼ਰਧਾ ਨੂੰ ਨਿਆਂ ਦੇਣ ਵਾਲੇ ਫੈਸਲਾ' ਹੈ। ਹੁਣ ਸਾਰਿਆਂ ਨੂੰ ਬੀਤੇ ਦੀਆਂ ਸਾਰੀਆਂ ਗੱਲਾਂ ਨੂੰ ਭੁੱਲ ਕੇ ਰਲ-ਮਿਲ ਕੇ ਰਾਮ ਮੰਦਰ ਉਸਾਰਨਾ ਚਾਹੀਦਾ ਹੈ। ਸੰਘ ਮੁਖੀ 'ਤਹੱਮਲ ਨਾਲ ਮੰਥਨ ਕਰਨ ਵਾਲੇ ਸੱਚ ਅਤੇ ਨਿਆਂ ਨੂੰ ਉਜਾਗਰ ਕਰਨ ਵਾਲੇ ਸਾਰੇ ਜੱਜਾਂ ਅਤੇ ਵਕੀਲਾਂ' ਪ੍ਰਤੀ ਉਚੇਚਾ ਸਤਿਕਾਰ ਦਿਖਾਉਣਾ ਵੀ ਨਹੀਂ ਭੁੱਲੇ।

ਦਰਅਸਲ, ਸੰਵਿਧਾਨਕ ਬੈਂਚ ਵਲੋਂ 'ਸੱਚ ਅਤੇ ਨਿਆਂ ਨੂੰ ਉਜਾਗਰ' ਨਹੀਂ ਕੀਤਾ ਗਿਆ ਸਗੋਂ ਤੱਥਾਂ ਨੂੰ ਦਰਕਿਨਾਰ ਕਰਕੇ ਬਹੁਗਿਣਤੀ ਹਿੰਦੂਆਂ ਦੀ ਕਥਿਤ ਆਸਥਾ ਅਤੇ ਭਗਵੇਂ ਰਾਜ ਦੇ ਦਬਾਓ ਹੇਠ ਫੈਸਲਾ ਕੀਤਾ ਗਿਆ। ਫੈਸਲੇ ਦੇ ਸਵੈਵਿਰੋਧੀ ਨੁਕਤੇ ਅਤੇ ਕੁਜੋੜਤਾ ਸਪਸ਼ਟ ਹੈ। ਉਸ ਦੌਰ ਵਿਚ ਮੁਸਲਿਮ ਰਾਜ ਸੀ ਉਦੋਂ ਨਿਸ਼ਚੇ ਹੀ ਮਸਜਿਦ ਨੂੰ ਨਮਾਜ ਪੜ੍ਹਨ ਲਈ ਵਰਤਿਆ ਜਾਂਦਾ ਹੋਵੇਗਾ। ਫੈਸਲੇ ਅਨੁਸਾਰ ਮੁਸਲਿਮ ਪੱਖ ਇਥੇ 1528 ਤੋਂ ਲੈ ਕੇ 1857 ਤਕ ਨਮਾਜ਼ ਪੜ੍ਹੇ ਜਾਣ ਦੇ ਸਬੂਤ ਪੇਸ਼ ਨਹੀਂ ਕਰ ਸਕਿਆ। ਕੀ ਹਿੰਦੂ ਪੱਖ ਉਥੇ ਰਾਮ ਮੰਦਰ ਹੋਣ ਜਾਂ ਰਾਮ ਦਾ ਜਨਮ ਹੋਣ ਦੇ ਸਬੂਤ ਪੇਸ਼ ਕਰ ਸਕਿਆ? ਪੁਰਾਤੱਤਵ ਵਿਭਾਗ ਵੀ ਇਹ ਸਾਬਤ ਨਹੀਂ ਕਰ ਸਕਿਆ ਕਿ ਮੰਦਰ ਤੋੜ ਕੇ ਮਸਜਿਦ ਬਣਾਈ ਗਈ ਸੀ। ਉਨ੍ਹਾਂ ਮੁਤਾਬਿਕ ਮਸਜਿਦ ਖਾਲੀ ਜ਼ਮੀਨ ਉਪਰ ਨਹੀਂ ਬਣਾਈ ਗਈ ਸੀ। ਹੁਣ ਘੱਟੋ-ਘੱਟ ਸੰਘੀਆਂ ਦਾ ਇਹ ਝੂਠ ਤਾਂ ਨੰਗਾ ਹੋ ਹੀ ਗਿਆ ਕਿ ਮਸਜਿਦ ਮੰਦਰ ਦੇ ਖੰਡਰਾਂ ਉਪਰ ਬਣਾਈ ਗਈ ਸੀ। ਦਰਅਸਲ, ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਪੁਰਾਤੱਤਵ ਵਿਭਾਗ




ਨੇ ਭਾਜਪਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤੈਅਸ਼ੁਦਾ ਧਾਰਨਾ ਦੇ ਤਹਿਤ ਖੁਦਾਈ ਕੀਤੀ। ਇਸ ਨੇ ਉਹ ਸਬੂਤ ਸਾਹਮਣੇ ਨਹੀਂ ਆਉਣ ਦਿੱਤੇ ਜੋ ਮੰਦਰ ਦੀ ਧਾਰਨਾ ਦੇ ਖਿਲਾਫ ਜਾਂਦੇ ਸਨ। ਫਿਰ ਵੀ ਅਦਾਲਤ ਵਲੋਂ ਮੁਸਲਿਮ ਭਾਈਚਾਰੇ ਦਾ ਦਾਅਵਾ ਖਾਰਜ ਕਰ ਦਿੱਤਾ ਗਿਆ।

ਬੈਂਚ ਨੇ ਨਿਰਮੋਹੀ ਅਖਾੜਾ ਨੂੰ ਦਾਅਵੇਦਾਰੀ 'ਚੋਂ ਬਾਹਰ ਕਰ ਦਿੱਤਾ ਜਦਕਿ ਸੌ ਸਾਲ ਤੋਂ ਮੁਕੱਦਮਾ ਉਸੇ ਵਲੋਂ ਲੜਿਆ ਜਾ ਰਿਹਾ ਸੀ। ਉਨ੍ਹਾਂ ਨੂੰ ਸਿਰਫ ਟਰੱਸਟ ਵਿਚ ਮੈਂਬਰ ਲਿਆ ਜਾਵੇਗਾ। ਜ਼ਮੀਨ 'ਰਾਮ ਲੱਲਾ ਵਿਰਾਜਮਾਨ' ਨੂੰ ਸੌਂਪਣ ਸਮੇਂ ਹਿੰਦੂ ਆਸਥਾ ਨੂੰ ਤਰਜੀਹ ਦਿੱਤੀ ਗਈ ਹੈ ਜੋ ਦਰਅਸਲ 1989 ਵਿਚ ਮੁਕੱਦਮੇ ਦਾ ਹਿੱਸਾ ਬਣਿਆ। ਗੌਰਤਲਬ ਹੈ ਕਿ ਫੈਸਲੇ ਅਨੁਸਾਰ 1992 ਵਿਚ ਬਾਬਰੀ ਮਸਜਿਦ ਢਾਹੁਣਾ ਅਤੇ 1949 ਵਿਚ ਉਸ ਦੇ ਅੰਦਰ ਹਿੰਦੂ ਮੂਰਤੀਆਂ ਰੱਖਣਾ ਗੈਰਕਾਨੂੰਨੀ ਸੀ। ਜੇ ਇਹ ਕਾਰਵਾਈਆਂ ਗੈਰਕਾਨੂੰਨੀ ਸਨ, ਫਿਰ ਨਿਆਂ ਦਾ ਤਕਾਜ਼ਾ ਸੀ, ਮਸਜਿਦ ਢਾਹੁਣ ਦੀ ਗੈਰਕਾਨੂੰਨੀ ਕਾਰਵਾਈ ਕਰਨ ਵਾਲਿਆਂ ਨੂੰ ਸਜ਼ਾ ਦਿੱਤੀ ਜਾਂਦੀ ਅਤੇ ਇਤਿਹਾਸਕ ਇਮਾਰਤ ਦੇ ਤੌਰ 'ਤੇ ਬਾਬਰੀ ਮਸਜਿਦ ਦੀ ਮੁੜ ਉਸਾਰੀ ਕਰਵਾਈ ਜਾਂਦੀ। ਝਗੜੇ ਵਾਲੀ ਥਾਂ ਨੂੰ ਲਾਕਾਨੂੰਨੀਆਂ ਕਰਨ ਵਾਲਿਆਂ ਦੇ ਹਵਾਲੇ ਕਰਨਾ ਕਿਥੋਂ ਦਾ ਨਿਆਂ ਹੈ?

ਇਤਿਹਾਸਕਾਰਾਂ ਅਨੁਸਾਰ ਸੰਨ 1528 ਵਿਚ ਬਾਬਰ ਦੀ ਹਦਾਇਤ 'ਤੇ ਮੀਰ ਬਾਕੀ ਵਲੋਂ ਇਹ ਮਸਜਿਦ ਬਣਵਾਏ ਜਾਣ ਤੋਂ ਲੈ ਕੇ 1850 ਤਕ ਇਥੇ ਕੋਈ ਝਗੜਾ ਨਹੀਂ ਸੀ। ਅੰਗਰੇਜ਼ ਰਾਜ ਹੇਠ 1855 ਵਿਚ ਇਕ ਅੰਗਰੇਜ਼ ਲੇਖਕ ਦੀ ਕਿਤਾਬ ਵਿਚ ਪਹਿਲੀ ਵਾਰ ਬਾਬਰੀ ਮਸਜਿਦ ਵਾਲੀ ਥਾਂ ਉਪਰ ਰਾਮ ਮੰਦਰ ਦਾ ਜ਼ਿਕਰ ਆਇਆ। ਫਿਰ ਇਸ ਖੇਤਰ ਵਿਚ ਹਿੰਦੂ-ਮੁਸਲਿਮ ਦੰਗੇ ਹੋਏ ਅਤੇ ਅਗਲੇ ਦਹਾਕਿਆਂ ਵਿਚ ਹਿੰਦੂ ਮਹੰਤਾਂ ਵਲੋਂ ਇਥੇ ਚਬੂਤਰੇ ਉਪਰ ਮੰਦਰ ਬਣਾਉਣ ਦੀ ਮੁਕੱਦਮੇਬਾਜ਼ੀ ਅਤੇ ਪੂਜਾ-ਪਾਠ ਦੇ ਨਾਂ ਹੇਠ ਇਸ ਜਗ੍ਹਾ ਉਪਰ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਪਹਿਲਾਂ ਝਗੜਾ ਸਿਰਫ ਮਸਜਿਦ ਦੇ ਬਾਹਰਲੇ ਹਿੱਸੇ ਨੂੰ ਲੈ ਕੇ ਸੀ, ਫਿਰ ਇਸ ਨੂੰ ਰਾਜਨੀਤਕ ਰੰਗਤ ਦੇਣ ਲਈ ਮਸਜਿਦ ਦੇ ਗੁੰਬਦ ਹੇਠਾਂ ਭਗਵਾਨ ਰਾਮ ਦੇ ਜਨਮ ਸਥਾਨ ਹੋਣ ਦਾ ਮੁੱਦਾ ਘੜ ਲਿਆ ਗਿਆ। ਸੱਤਾਬਦਲੀ ਤੋਂ ਬਾਅਦ ਦਸੰਬਰ 1949 ਵਿਚ ਡੀ.ਐਮ. (ਜ਼ਿਲ੍ਹਾ ਮੈਜਿਸਟਰੇਟ) ਕੇ.ਕੇ.ਕੇ. ਨਾਇਰ ਦੀ ਬਾਕਾਇਦਾ ਮੌਜੂਦਗੀ ਵਿਚ ਮਸਜਿਦ ਦੇ ਅੰਦਰ ਮੂਰਤੀਆਂ ਲਗਾ ਦਿੱਤੀਆਂ ਗਈਆਂ। ਨਹਿਰੂ ਸਰਕਾਰ ਨੇ ਇਸ ਗੈਰਕਾਨੂੰਨੀ ਕਬਜ਼ੇ ਨੂੰ ਹਟਾਉਣ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ (ਨਾਇਰ ਨੂੰ ਬਾਅਦ ਵਿਚ ਜਨ ਸੰਘ ਵਲੋਂ ਬਹਿਰੇਚ ਤੋਂ ਸੰਸਦ ਮੈਂਬਰ ਬਣਾ ਕੇ ਉਸ ਦੀਆਂ ਸੇਵਾਵਾਂ ਲਈ ਨਿਵਾਜ਼ਿਆ ਗਿਆ)।

1984 ਵਿਚ ਸੰਘ ਪਰਿਵਾਰ ਵਲੋਂ 'ਮੰਦਿਰ ਵਹੀਂ ਬਨਾਏਂਗੇ' ਨੂੰ ਰਾਜਨੀਤਕ ਮੁੱਦਾ ਬਣਾ ਕੇ ਫਿਰਕੂ ਪਾਲਾਬੰਦੀ ਸ਼ੁਰੂ ਕਰ ਦਿੱਤੀ ਗਈ। ਰਾਜੀਵ ਗਾਂਧੀ ਦੀ ਸਰਕਾਰ ਵਲੋਂ ਵੀ ਹਿੰਦੂ ਪੱਤਾ ਖੇਡਣ ਲਈ 1986 ਵਿਚ ਮਸਜਿਦ ਦੇ ਤਾਲੇ ਖੁੱਲ੍ਹਵਾ ਦਿੱਤੇ ਗਏ। 1989 ਵਿਚ ਐਲ.ਕੇ. ਅਡਵਾਨੀ ਦੀ ਅਗਵਾਈ ਹੇਠ ਰੱਥ ਯਾਤਰਾ ਦੇ ਨਾਂ ਹੇਠ ਫਿਰਕੂ ਲਾਮਬੰਦੀ ਕੀਤੀ ਗਈ। ਫਿਰ ਕਾਂਗਰਸ ਦੀ ਨਰਸਿਮਹਾ ਰਾਓ ਦੀ ਸਰਕਾਰ ਦੀ ਮਿਲੀਭੁਗਤ ਨਾਲ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹ ਦਿੱਤੀ ਗਈ। ਇਸ ਪਿੱਛੋਂ ਹੋਏ ਫਿਰਕੂ ਫਸਾਦਾਂ ਵਿਚ ਹਜ਼ਾਰਾਂ ਲੋਕ ਮਾਰੇ ਗਏ। ਸੰਘ ਪਰਿਵਾਰ ਨੇ ਗਿਣ-ਮਿਥ ਕੇ ਰਾਮ ਮੰਦਰ ਦੇ ਮੁੱਦੇ ਨੂੰ ਭੜਕਾਉਣਾ ਜਾਰੀ ਰੱਖਿਆ ਅਤੇ ਫਰਵਰੀ 2002 ਵਿਚ ਗੋਧਰਾ ਵਿਚ ਰੇਲ ਅੱਗਜ਼ਨੀ ਕਾਂਡ ਦੇ ਬਹਾਨੇ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ ਗਿਆ। ਉਸ ਕਤਲੇਆਮ ਵਿਚ ਮੋਦੀ ਸਰਕਾਰ ਦੀ ਭੂਮਿਕਾ ਅਤੇ ਫਿਰਕੂ ਪਾਲਾਬੰਦੀ ਰਾਹੀਂ ਹਿੰਦੂਤਵ ਦਾ ਸੱਤਾ ਉਪਰ ਕਬਜ਼ਾ ਜੱਗ ਜ਼ਾਹਿਰ ਤੱਥ ਹਨ। ਹਰ ਕੋਈ ਜਾਣਦਾ ਹੈ ਕਿ ਆਰ.ਐਸ.ਐਸ. ਅਤੇ ਸੰਘ ਪਰਿਵਾਰ ਦਾ ਹਿੰਦੂ ਆਸਥਾ ਜਾਂ ਭਗਵਾਨ ਰਾਮ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਦਾ ਇਕੋ-ਇਕ ਮਨੋਰਥ ਹਿੰਦੂ ਫਿਰਕੇ ਦੇ ਧਾਰਮਿਕ ਜਜ਼ਬਾਤ ਭੜਕਾ ਕੇ ਉਨ੍ਹਾਂ ਨੂੰ ਆਪਣੇ ਹਿੰਦੂ ਰਾਸ਼ਟਰ ਦੇ ਰਾਜਨੀਤਕ ਏਜੰਡੇ ਲਈ ਇਸਤੇਮਾਲ ਕਰਨਾ ਹੈ।

ਸੰਘ ਦੇ ਬਿਆਨਾਂ ਦੀ ਬਜਾਏ ਇਸ ਦੇ ਅਸਲ ਏਜੰਡੇ ਨੂੰ ਸਮਝਣ ਦੀ ਜ਼ਰੂਰਤ ਹੈ। ਆਰ.ਐਸ.ਐਸ. ਮੁਖੀ ਦਾ ਅਦਾਲਤ ਦੇ ਫੈਸਲੇ ਨੂੰ ਸਵੀਕਾਰ ਕਰਨ ਅਤੇ ਸ਼ਾਂਤੀ ਬਣਾਈ ਰੱਖਣ ਦਾ ਸੰਦੇਸ਼ ਇਹ ਦਿਖਾਉਣ ਲਈ ਹੈ ਕਿ ਸੰਘ ਹੁਣ ਸ਼ਾਂਤੀ ਚਾਹੁੰਦਾ ਹੈ। ਹੋਰਨਾਂ ਨੂੰ ਬੀਤੇ ਦੀਆਂ ਗੱਲਾਂ ਭੁੱਲ ਜਾਣ ਦੀਆਂ ਨਸੀਹਤਾਂ ਦੇਣ ਵਾਲੇ ਸੰਘ ਦੇ ਹਿੰਦੂਤਵ ਦੇ ਏਜੰਡੇ ਦਾ ਆਧਾਰ ਹੀ ਇਨ੍ਹਾਂ ਮੁੱਦਿਆਂ ਨੂੰ ਵਾਰ-ਵਾਰ ਦੁਹਰਾ ਕੇ ਨਫਰਤ ਭੜਕਾਉਣਾ ਹੈ। ਪਿਛਲੇ ਦਿਨੀਂ 'ਵਿਜੈ ਦਸਮੀ' ਮੌਕੇ ਸੰਘ ਮੁਖੀ ਨੇ ਜ਼ੋਰ ਦਿੱਤਾ ਕਿ 'ਹਿੰਦੂ ਰਾਸ਼ਟਰ' ਅਜਿਹੀ ਸਚਾਈ ਹੈ ਜੋ ਬਦਲ ਨਹੀਂ ਸਕਦੀ। ਅਦਾਲਤੀ ਆਦੇਸ਼ਾਂ ਅਤੇ ਕਾਨੂੰਨ ਦੇ ਰਾਜ ਨੂੰ ਟਿੱਚ ਸਮਝਣ ਵਾਲੇ ਸੰਘ ਲਈ ਅਦਾਲਤੀ ਫੈਸਲੇ ਵੀ ਘੱਟਗਿਣਤੀਆਂ ਨੂੰ ਦਬਾਉਣ ਦਾ ਹਥਿਆਰ ਹਨ। 'ਸ਼ਾਂਤੀ ਅਤੇ ਭਾਈਚਾਰਕ ਸਦਭਾਵਨਾ' ਦੇ ਹੋਕਰੇ ਓਨਾ ਚਿਰ ਹੀ ਹਨ ਜਦੋਂ ਫੈਸਲੇ ਇਨ੍ਹਾਂ ਦੀ ਇੱਛਾ ਅਨੁਸਾਰ ਹਨ। ਬਾਬਰੀ ਮਸਜਿਦ ਨੂੰ ਢਾਹੁਣ ਤੋਂ ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੀ 'ਧਰਮ ਸੰਸਦ' ਵਲੋਂ ਅਜਿਹੇ 3000 ਸਥਾਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਸੀ। ਬਾਬਰੀ ਮਸਜਿਦ ਦੀ ਥਾਂ ਮੰਦਰ ਬਣਨ ਦਾ ਰਾਹ ਪੱਧਰਾ ਹੋਣਾ ਤਾਂ ਇਕ 'ਝਾਕੀ' ਹੈ, ਮਥੁਰਾ (ਸ਼ਾਹੀ ਈਦਗਾਹ), ਕਾਂਸ਼ੀ (ਗਿਆਨਵਾਪੀ ਮਸਜਿਦ) ਸਮੇਤ ਘੱਟਗਿਣਤੀਆਂ ਦੇ ਧਾਰਮਿਕ ਸਥਾਨਾਂ ਅਤੇ ਇਤਿਹਾਸਕ ਇਮਾਰਤਾਂ ਨੂੰ ਹਿੰਦੂ-ਮੁਸਲਿਮ ਝਗੜਾ ਬਣਾਉਣ ਦਾ ਸਾਲਮ ਏਜੰਡਾ ਤਾਂ ਅਜੇ ਬਾਕੀ ਹੈ।

ਹਾਲੀਆ ਫੈਸਲੇ ਨਾਲ ਹਿੰਦੂਤਵ ਬ੍ਰਿਗੇਡ ਦੇ ਹੌਸਲੇ ਬੁਲੰਦ ਹਨ ਕਿਉਂਕਿ ਗੈਰਕਾਨੂੰਨੀ ਕਾਰਵਾਈ ਕਰਕੇ ਅਤੇ ਹਜ਼ਾਰਾਂ ਲੋਕਾਂ ਨੂੰ ਮਰਵਾ ਕੇ ਵੀ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲੀ। ਉਨ੍ਹਾਂ ਵਲੋਂ ਮਿਥਿਹਾਸਕ ਕਹਾਣੀਆਂ ਵਿਚ ਆਸਥਾ ਦੇ ਬਹਾਨੇ ਕਿਸੇ ਵੀ ਗੈਰਹਿੰਦੂ ਧਾਰਮਿਕ ਸਥਾਨ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਇਨ੍ਹਾਂ ਨੂੰ ਕੋਈ ਚਿਤਾਵਨੀ ਵੀ ਨਹੀਂ ਦਿੱਤੀ ਕਿ ਅਗਾਂਹ ਤੋਂ ਆਸਥਾ ਦੇ ਬਹਾਨੇ ਐਸਾ ਕੋਈ ਮੁੱਦਾ ਖੜ੍ਹਾ ਨਾ ਕੀਤਾ ਜਾਵੇ। ਅੱਜ ਇਕ ਮੁਸਲਿਮ ਮਸਜਿਦ ਦੀ ਹੋਂਦ ਮਿਟਾ ਦਿੱਤੀ ਗਈ, ਭਲਕ ਨੂੰ ਸਿੱਖ ਜਾਂ ਹੋਰ ਘੱਟਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਦੀ ਕੀ ਗਾਰੰਟੀ ਹੈ? ਸੰਘ ਦੇ ਪਿਛਲੇ ਇਤਿਹਾਸ ਨੂੰ ਦੇਖਦਿਆਂ ਇਹ ਬਿਲਕੁਲ ਨਹੀਂ ਲੱਗਦਾ ਕਿ ਬਾਬਰੀ ਮਸਜਿਦ-ਰਾਮ ਮੰਦਰ ਦੇ ਅਦਾਲਤੀ 'ਹੱਲ' ਤੋਂ ਬਾਅਦ ਰਾਮ ਮੰਦਰ ਦੇ ਨਾਂ 'ਤੇ ਫਿਰਕੂ ਰਾਜਨੀਤੀ ਬੰਦ ਹੋ ਜਾਵੇਗੀ। ਯੂ.ਪੀ. ਦੇ ਤਤਕਾਲੀ ਮੁੱਖ ਮੰਤਰੀ ਕਲਿਆਣ ਸਿੰਘ ਨੇ ਵੀ ਤਾਂ ਸੁਪਰੀਮ ਕੋਰਟ ਵਿਚ ਹਲਫਨਾਮੇ ਦੇ ਕੇ ਯਕੀਨ ਦਿਵਾਇਆ ਸੀ ਕਿ ਵਿਵਾਦਪੂਰਨ ਇਮਾਰਤ ਨੂੰ ਸਲਾਮਤ ਰੱਖਿਆ ਜਾਵੇਗਾ ਅਤੇ ਇਸ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ; ਲੇਕਿਨ ਪੂਰੀ ਮਸਜਿਦ ਹੀ ਮਿਟਾ ਦਿੱਤੀ ਗਈ।

# ਧਰਮ ਨਿਰਪੱਖਤਾ ਦੀਆਂ ਧਾਰਮਿਕ ਜ਼ਿੰਮੇਵਾਰੀਆਂ

ਅਯੁੱਧਿਆ ਮਸਲੇ 'ਤੇ ਸੁਪਰੀਮ ਕੋਰਟ ਦਾ ਫੈਸਲਾ ਆਜ਼ਾਦੀ ਤੋਂ ਬਾਅਦ ਹੋਈ ਉਸ ਬਹਿਸ ਨੂੰ ਯਾਦ ਦਿਵਾਉਂਦਾ ਹੈ ਜਿਸ ਦੇ ਕੇਂਦਰ ਵਿਚ ਸੋਮਨਾਥ ਮੰਦਰ ਸੀ। ਇਸ ਬਹਿਸ ਵਿਚ ਇਕ ਪਾਸੇ ਜਵਾਹਰ ਲਾਲ ਨਹਿਰੂ ਸਨ ਅਤੇ ਦੂਜੇ ਪਾਸੇ ਵੱਲਭ ਭਾਈ ਪਟੇਲ, ਰਜਿੰਦਰ ਪ੍ਰਸਾਦ ਤੇ ਕੇ.ਐਮ. ਮੁਨਸ਼ੀ ਜਿਹੀਆਂ ਹਸਤੀਆਂ ਸਨ। ਸਵਾਲ ਇਹ ਸੀ ਕਿ ਖੁਦ ਨੂੰ ਧਰਮ ਨਿਰਪੱਖ ਕਹਿਣ ਵਾਲੀ ਸਰਕਾਰ ਨੂੰ ਮੰਦਰ ਬਣਾਉਣ ਦਾ ਕੰਮ ਹੱਥ ਵਿਚ ਲੈਣਾ ਚਾਹੀਦਾ ਹੈ?

ਧਿਆਨ ਰਹੇ ਕਿ ਇਸ ਸਵਾਲ 'ਤੇ ਮਹਾਤਮਾ ਗਾਂਧੀ ਦੀ ਰਾਇ ਨਹਿਰੂ ਵਰਗੀ ਹੀ

**ਅਭੈ ਕਮੁਾਰ ਦੂਬੇ**

ਸੀ। ਉਹ ਮੰਦਰ ਦੇ ਨਿਰਮਾਣ ਦੇ ਪੱਖ ਵਿਚ ਤਾਂ ਸਨ ਪਰ ਚਾਹੁੰਦੇ ਸਨ ਕਿ ਇਹ ਕੰਮ ਸਰਕਾਰੀ ਪੈਸੇ ਅਤੇ ਬੰਦੋਬਸਤ ਦੇ ਜ਼ਰੀਏ ਨਾ ਹੋ ਕੇ ਨਿੱਜੀ ਪੈਸੇ ਅਤੇ ਨਿੱਜੀ ਹੱਥਾਂ ਵਲੋਂ ਕੀਤਾ ਜਾਵੇ। ਕੁੱਲ ਮਿਲਾ ਕੇ ਨਹਿਰੂ ਦੇ ਇਤਰਾਜ਼ਾਂ ਦੇ ਬਾਵਜੂਦ ਇਸ ਬਹਿਸ ਵਿਚ ਪਟੇਲ, ਪ੍ਰਸਾਦ ਅਤੇ ਮੁਨਸ਼ੀ ਦੀ ਜਿੱਤ ਹੋਈ। ਭਾਰਤ ਸਰਕਾਰ ਨੇ ਹੀ ਸੋਮਨਾਥ ਮੰਦਰ ਦਾ ਨਿਰਮਾਣ ਕਰਵਾਇਆ। ਇਸ ਘਟਨਾ ਤੋਂ ਬਾਅਦ ਸੱਤਵੇਂ ਦਹਾਕੇ ਵਿਚ ਇਕ ਵਾਰ ਫਿਰ ਇਕ ਮੰਦਰ ਬਣਾਉਣ ਦਾ ਕੰਮ ਭਾਰਤ ਸਰਕਾਰ ਨੂੰ ਦਿੱਤਾ ਗਿਆ ਹੈ। ਇਸ ਵਾਰ ਇਹ ਹੁਕਮ ਅਦਾਲਤ ਦਾ ਹੈ। ਸੋਮਨਾਥ ਮੰਦਰ ਵਾਂਗ ਹੀ ਸਰਕਾਰ ਟਰੱਸਟ ਬਣਾਏਗੀ ਅਤੇ ਫਿਰ ਉਸ ਦੇ ਪ੍ਰਬੰਧ ਹੇਠ ਮੰਦਰ ਬਣੇਗਾ।

ਇਥੇ ਨਹਿਰੂ ਦੇ ਰਵੱਈਏ 'ਚ ਮੌਜੂਦ ਅੰਤਰਵਿਰੋਧ ਵੀ ਸਾਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਉਨ੍ਹਾਂ ਦੀ ਨੁਮਾਇੰਦਗੀ ਵਿਚ ਭਾਰਤੀ ਰਾਜ ਨੇ ਅੰਗਰੇਜ਼ਾਂ ਦੀ ਉਸ ਵਿਰਾਸਤ ਨੂੰ ਆਪਣੇ ਮੋਢਿਆਂ 'ਤੇ ਢੋਣਾ ਸ਼ੁਰੂ ਕਰ ਦਿੱਤਾ ਜਿਸ ਅਨੁਸਾਰ ਦੇਸ਼ ਦੇ ਹਿੰਦੂ ਮੰਦਰਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਵੀ ਉਸੇ ਦੀ ਹੈ; ਬਾਵਜੂਦ ਇਸ ਦੇ ਕਿ ਧਰਮ ਨਿਰਪੱਖ ਅਸੂਲ ਦੇ ਅਨੁਸਾਰ ਧਰਮ ਨੂੰ ਰਾਜ ਤੋਂ ਦੂਰ ਰੱਖਿਆ ਜਾਵੇ। ਭਾਰਤੀ ਰਾਜ ਅਤੇ ਹਿੰਦੂਆਂ ਦੀਆਂ ਸਰਗਰਮੀਆਂ ਦਰਮਿਆਨ ਸੰਸਥਾਈ ਮਿਲੀਭੁਗਤ ਹੈ। ਇਥੇ ਮੰਨਣਾ ਹੋਵੇਗਾ ਕਿ ਭਾਰਤੀ ਰਾਜ ਦੂਜੇ ਧਰਮਾਂ ਦੀਆਂ ਸਰਗਰਮੀਆਂ ਨੂੰ ਵੀ ਉਤਸ਼ਾਹਿਤ ਕਰਦਾ ਹੈ। ਇਸ ਦੀ ਇਕ ਉਦਾਹਰਨ ਹੱਜ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ। ਸੁਪਰੀਮ ਕੋਰਟ ਵਲੋਂ ਦਿੱਤੀ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਤੋਂ ਬਾਅਦ ਭਾਰਤੀ ਰਾਜ ਦਾ ਧਰਮ ਨਿਰਪੱਖਤਾਵਾਦ ਪੱਕੇ ਤੌਰ 'ਤੇ 'ਧਾਰਮਿਕ ਧਰਮ ਨਿਰਪੱਖਤਾਵਾਦ' ਬਣ ਜਾਏਗਾ। ਇਹ ਹੈ ਧਰਮ ਨਿਰਪੱਖਤਾਵਾਦ ਦਾ ਵਿਸ਼ੇਸ਼ ਭਾਰਤੀ ਸੰਸਕਰਨ।

ਇਸ ਫੈਸਲੇ 'ਤੇ ਸਰਕਾਰੀ ਪੱਖ, ਮੀਡੀਆ ਅਤੇ ਵਿਰੋਧੀ ਧਿਰ ਦੀ ਇਕ ਹੀ ਟੇਕ ਸੁਣਾਈ ਦੇ ਰਹੀ ਹੈ- ਅਦਾਲਤ ਦੇ ਫੈਸਲੇ ਨੂੰ ਸਨਮਾਨ ਪੂਰਵਕ ਸਵੀਕਾਰ ਕਰਕੇ ਅੱਗੇ ਵਧਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਨਾ ਕਿਸੇ ਦੀ ਹਾਰ ਹੋਈ ਹੈ ਅਤੇ ਨਾ ਹੀ ਕਿਸੇ ਦੀ ਜਿੱਤ। ਕਾਂਗਰਸ ਦੇ ਕਾਨੂੰਨੀ ਦਿਮਾਗ ਕਹੇ ਜਾਣ ਵਾਲੇ ਅਭਿਸ਼ੇਕ ਮਨੂ ਸਿੰਘਵੀ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਕਿ ਇਸ ਤੋਂ ਚੰਗਾ ਫੈਸਲਾ ਦਿੱਤਾ ਨਹੀਂ ਜਾ ਸਕਦਾ ਸੀ। ਸੰਭਵ ਹੈ ਕਿ ਜਨਤਕ ਜੀਵਨ ਤੋਂ ਉਠਣ ਵਾਲੀਆਂ 95 ਫੀਸਦੀ ਤੋਂ ਵਧੇਰੇ ਆਵਾਜ਼ਾਂ ਆਪੋ-ਆਪਣੇ ਤਰੀਕੇ ਨਾਲ ਇਹੀ ਗੱਲ ਕਹਿ ਰਹੀਆਂ ਹਨ। ਇਥੋਂ ਤੱਕ ਕਿ ਹਾਰਨ ਵਾਲੀ ਧਿਰ ਨਾਲ ਸਬੰਧਤ ਆਗੂ ਵੀ ਮੋਟੇ ਤੌਰ 'ਤੇ ਇਹੀ ਕਹਿੰਦੇ ਨਜ਼ਰ ਆ ਰਹੇ ਹਨ।

ਅਯੁੱਧਿਆ ਦਾ ਮਸਲਾ ਨਿਸਚਿਤ ਤੌਰ 'ਤੇ ਸਿਆਸੀ ਮਸਲਾ ਸੀ ਜਿਸ ਕਾਰਨ ਬਣੇ ਸਮਾਜਿਕ ਮਾਹੌਲ ਕਾਰਨ 1984 ਵਿਚ ਮਹਿਜ਼ ਦੋ ਸੀਟਾਂ ਵਾਲੀ ਭਾਜਪਾ ਪਹਿਲਾਂ ਇਕ ਗੱਠਜੋੜ ਦੀ ਨੁਮਾਇੰਦਗੀ ਕਰਦਿਆਂ 6 ਸਾਲ ਲਈ ਸੱਤਾ ਵਿਚ ਰਹੀ, ਤੇ ਫਿਰ ਸਿੱਧੇ ਤੌਰ 'ਤੇ ਉਸ ਦੀ ਵਜ੍ਹਾ ਨਾਲ ਤਾਂ ਨਹੀਂ ਪਰ ਉਸ ਦੇ ਸਹਿਯੋਗ ਨਾਲ ਬਣੇ ਬਹੁਸੰਖਿਆਵਾਦੀ ਹਿੰਦੂਆਂ ਕਾਰਨ ਇਹ ਪਾਰਟੀ ਪਿਛਲੇ 6 ਸਾਲ ਤੋਂ ਆਪਣੇ ਇਕੱਲੇ ਬਹੁਮਤ ਨਾਲ ਸਰਕਾਰ ਚਲਾ ਰਹੀ ਹੈ। ਜ਼ਾਹਰ ਹੈ ਕਿ ਮਸਲੇ ਦੀ ਰਾਜਨੀਤਕ ਸੰਰਚਨਾ ਕਾਰਨ ਖੁਦ ਨੂੰ ਧਰਮ ਨਿਰਪੱਖ ਕਹਿਣ ਵਾਲੀਆਂ ਸਿਆਸੀ ਪਾਰਟੀਆਂ ਨੂੰ ਘੱਟੋ-ਘੱਟ ਕਾਨੂੰਨੀ ਦ੍ਰਿਸ਼ਟੀ ਤੋਂ ਤਾਂ ਇਸ ਫੈਸਲੇ 'ਤੇ ਸਵਾਲੀਆ ਨਿਸ਼ਾਨ ਲਗਾਉਣਾ ਹੀ ਚਾਹੀਦਾ ਸੀ। ਇਥੇ ਖਾਸ ਗੱਲ ਇਹ ਨਹੀਂ ਹੈ ਕਿ ਉਨ੍ਹਾਂ ਅਜਿਹਾ ਨਹੀਂ ਕੀਤਾ; ਖਾਸ ਗੱਲ ਇਹ ਹੈ ਕਿ ਸਾਰਿਆਂ ਨੂੰ ਪਤਾ ਸੀ ਕਿ ਉਹ ਅਜਿਹਾ ਕੁਝ ਨਹੀਂ ਕਹਿਣਗੇ।

ਇਸ ਦਾ ਮੁੱਖ ਕਾਰਨ ਇਹ ਹੈ ਕਿ ਅਯੁੱਧਿਆ ਦੇ ਸਵਾਲ 'ਤੇ ਹੋਣ ਵਾਲੀ ਰਾਜਨੀਤੀ ਵਿਚ ਭਾਜਪਾ ਨਾਲ ਮੁਕਾਬਲਾ ਕਰਨ ਵਾਲੀਆਂ ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਪਹਿਲਾਂ ਹੀ ਮੈਦਾਨ ਛੱਡ ਚੁੱਕੀਆਂ ਸਨ। ਸਮਾਜਵਾਦੀ ਪਾਰਟੀ ਨੇ ਤਾਂ ਲੰਮੇ ਅਰਸੇ ਤੋਂ ਇਸ ਸਵਾਲ 'ਤੇ ਕੋਈ ਟਿੱਪਣੀ ਤੱਕ ਨਹੀਂ ਦਿੱਤੀ ਅਤੇ ਹਾਲ ਹੀ ਵਿਚ ਕਾਂਗਰਸ ਦੀ ਮੁੱਖ ਦਿਲਚਸਪੀ ਗਾਂਧੀ ਪਰਿਵਾਰ ਦੇ ਲੋਕਾਂ ਨੂੰ ਮਿਲਣ ਵਾਲੀ ਸੁਰੱਖਿਆ ਦੇ ਸਵਾਲ 'ਤੇ ਸਰਕਾਰ ਨਾਲ ਸੰਘਰਸ਼ ਕਰਨ ਦੀ ਸੀ। ਦੂਜੇ, ਮੁਸਲਿਮ ਵੋਟਰਾਂ ਨੂੰ ਆਪਣੀ ਰਾਜਨੀਤੀ ਦਾ ਅਹਿਮ ਗੁੱਟ ਮੰਨਣ ਵਾਲੀਆਂ ਪਾਰਟੀਆਂ ਨੂੰ ਪਿਛਲੇ 6 ਸਾਲ ਤੋਂ ਨਜ਼ਰ ਆ ਗਿਆ ਹੈ ਕਿ ਭਾਜਪਾ ਨੇ 45 ਤੋਂ 50 ਫੀਸਦੀ ਹਿੰਦੂ ਵੋਟਰਾਂ ਦੀ ਵਾਰ-ਵਾਰ ਗੋਲਾਬੰਦੀ ਕਰਕੇ ਮੁਸਲਿਮ ਵੋਟਾਂ ਦੇ ਪ੍ਰਭਾਵ ਨੂੰ ਖਤਮ ਕਰ ਦਿੱਤਾ ਹੈ। ਜ਼ਾਹਰ ਹੈ ਕਿ ਅਯੁੱਧਿਆ ਦੇ ਮੁੱਦੇ 'ਤੇ ਸੰਘਰਸ਼ ਕਰਨ ਦਾ ਉਨ੍ਹਾਂ ਨੂੰ ਕੋਈ ਸਿਆਸੀ ਲਾਭ ਨਜ਼ਰ ਨਹੀਂ ਆ ਰਿਹਾ ਸੀ।

ਅਦਾਲਤ ਨੇ ਆਪਣੀਆਂ ਸਾਰੀਆਂ ਦਲੀਲਾਂ ਨਾਲ ਉਹੀ ਫੈਸਲਾ ਦਿੱਤਾ ਜੋ ਹਿੰਦੂਤਵਵਾਦੀ ਸ਼ਕਤੀਆਂ ਨੂੰ ਚਾਹੀਦਾ ਸੀ। ਜੇ ਇਹ ਕੰਮ ਸੰਸਦ ਵਲੋਂ ਕੀਤਾ ਜਾਂਦਾ ਤਾਂ ਵਿਰੋਧੀ ਧਿਰ ਨੂੰ ਇਸ ਮਾਮਲੇ 'ਤੇ ਆਪਣੀ ਗੋਲਾਬੰਦੀ ਕਰਨ ਦਾ ਜ਼ਬਰਦਸਤ ਮੌਕਾ ਮਿਲਣਾ ਸੀ। ਹੁਣ ਅਦਾਲਤੀ ਫੈਸਲੇ ਕਾਰਨ ਵੀ ਵਿਰੋਧੀ ਧਿਰ ਨਰਮ ਰਹਿਣ ਲਈ ਮਜਬੂਰ ਹੈ।

ਜੇ ਅਦਾਲਤ ਨੇ ਬਿਨਾ ਕਿਸੇ ਝਿਜਕ ਦੇ ਵਿਵਾਦ ਵਾਲੀ ਜਗ੍ਹਾ ਹਿੰਦੂ ਧਿਰ ਨੂੰ ਨਾ ਦਿੱਤੀ ਹੁੰਦੀ ਅਤੇ ਕੁਝ ਕਿੰਤੂ-ਪ੍ਰੰਤੂ ਜਿਹਾ ਰਵੱਈਆ ਅਪਣਾਇਆ ਹੁੰਦਾ, ਤਾਂ ਕੀ ਹੁੰਦਾ? ਕੀ ਉਸ ਸਮੇਂ ਵੀ 'ਇਹ ਨਾ ਕਿਸੇ ਦੀ ਜਿੱਤ ਹੈ, ਨਾ ਹੀ ਕਿਸੇ ਦੀ ਹਾਰ ਹੈ' ਵਾਲਾ ਫਿਕਰਾ ਹਵਾਵਾਂ 'ਚ ਗੂੰਜਦਾ ਰਿਹਾ ਹੁੰਦਾ। ਅਸੀਂ ਸਾਰੇ ਜਾਣਦੇ ਹਾਂ ਕਿ ਉਦੋਂ ਕੀ ਹੋ ਰਿਹਾ ਹੁੰਦਾ। ਧਰਮ ਸੰਸਦ ਬੈਠ ਰਹੀ ਹੁੰਦੀ। ਅਦਾਲਤ 'ਚ ਫੈਸਲੇ ਦੀ ਸਮੀਖਿਆ ਕਰਨ ਦੀਆਂ ਅਰਜ਼ੀਆਂ ਪਾਈਆਂ ਜਾ ਰਹੀਆਂ ਹੁੰਦੀਆਂ। ਸਿਆਸਤ ਭਖ ਰਹੀ ਹੁੰਦੀ। ਅੰਦੋਲਨ ਦੀ ਤਿਆਰੀ ਹੋ ਰਹੀ ਹੁੰਦੀ ਅਤੇ ਮੋਦੀ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਹੁੰਦਾ ਕਿ ਆਪਣੇ ਬਹੁਮਤ ਦੀ ਵਰਤੋਂ ਕਰਕੇ ਮੰਦਰ ਲਈ ਕਾਨੂੰਨ ਬਣਾਇਆ ਜਾਵੇ। ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਫੈਸਲਾ ਕਾਨੂੰਨ ਦੀ ਦ੍ਰਿਸ਼ਟੀ ਨਾਲ ਕਿਹੋ ਜਿਹਾ ਵੀ ਹੋਵੇ, ਉਸ ਨੇ ਦੇਸ਼ ਦੀ ਸਿਆਸਤ ਨੂੰ 90 ਦੇ ਦਹਾਕੇ 'ਚ ਜਾਣ ਤੋਂ ਜ਼ਰੂਰ ਬਚਾ ਲਿਆ ਹੈ।

# ਨੋਟਬੰਦੀ ਝਟਕੇ: ਤਿੰਨ ਸਾਲ ਬਾਅਦ ਵੀ ਨਾ ਸੰਭਲਿਆ ਭਾਰਤ

## ਮੂਡੀਜ਼ ਨੇ ਖੋਲ੍ਹੀ ਮੋਦੀ ਸਰਕਾਰ ਦੇ ਦਾਅਵਿਆਂ ਦੀ ਪੋਲ



**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 8 ਨਵੰਬਰ 2016 ਨੂੰ ਪੰਜ ਸੌ ਅਤੇ ਇਕ ਹਜ਼ਾਰ ਦੇ ਨੋਟ ਬੰਦ ਕਰ ਦੇਣ ਦੇ ਐਲਾਨ ਤੋਂ ਬਾਅਦ ਹੋਇਆ ਆਰਥਿਕ ਨੁਕਸਾਨ ਅਜੇ ਜਾਰੀ ਹੈ। ਗਲੋਬਲ ਰੇਟਿੰਗ ਏਜੰਸੀ ਮੂਡੀਜ਼ ਨੇ ਨੋਟਬੰਦੀ ਦੇ ਤੀਸਰੇ ਸਾਲ ਇਸੇ ਦਿਨ ਇਕ ਰਿਪੋਰਟ ਜਾਰੀ ਕਰ ਕੇ ਭਾਰਤੀ ਅਰਥਵਿਵਸਥਾ ਦੇ ਨਾਂਹ-ਪੱਖੀ ਰੁਝਾਨ ਦੀ ਤਸਵੀਰ ਪੇਸ਼ ਕੀਤੀ ਹੈ। ਇਸ ਦਾ ਸਾਫ ਅਰਥ ਹੈ ਕਿ ਅਰਥਵਿਵਸਥਾ ਵਿਚ ਆ ਰਹੀਆਂ ਸਮੱਸਿਆਵਾਂ ਨੂੰ ਮੋਦੀ ਸਰਕਾਰ ਲਗਾਤਾਰ ਨਜ਼ਰ-ਅੰਦਾਜ਼ ਕਰਦੀ ਆ ਰਹੀ ਹੈ। ਧਾਰਾ 370 ਅਤੇ 35-ਏ ਦੇ ਸਹਾਰੇ ਵੋਟ ਹਾਸਲ ਕਰਨ ਦਾ ਤਰੀਕਾ ਮਹਾਰਾਸ਼ਟਰ ਅਤੇ ਹਰਿਆਣਾ ਵਿਚ ਸਿਆਸੀ ਤੌਰ ਉਤੇ ਵੀ ਭਾਜਪਾ ਦੀ ਇੱਛਾ ਮੁਤਾਬਕ ਕਾਮਯਾਬ ਨਹੀਂ ਹੋਇਆ ਪਰ ਆਰਥਿਕ ਖੇਤਰ ਦੀ ਕਾਰਗੁਜ਼ਾਰੀ ਦੇ ਮਾਮਲੇ ਵਿਚ ਲੋਕਾਂ ਸਾਹਮਣੇ ਜਵਾਬਦੇਹੀ ਤੋਂ ਮੂੰਹ ਫੇਰਨ ਵਿਚ ਸਫਲਤਾ ਨੂੰ ਵੀ ਜ਼ਿਆਦਾ ਦੇਰ ਤੱਕ ਛੁਪਾਇਆ ਨਹੀਂ ਜਾ ਸਕਿਆ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪ੍ਰੋਫੈਸਰ ਅਰੁਣ ਕੁਮਾਰ ਸਮੇਤ ਬਹੁਤ ਸਾਰੇ ਅਰਥਸ਼ਾਸਤਰੀਆਂ ਨੇ ਨੋਟਬੰਦੀ ਦੇ ਦੂਰ-ਰਸ ਨਤੀਜਿਆਂ ਬਾਰੇ ਚਿਤਾਵਨੀ ਦਿੱਤੀ ਸੀ, ਪਰ ਸਰਕਾਰ ਨੇ ਮਾਹਿਰਾਂ ਦੀਆਂ ਸਲਾਹਾਂ ਨੂੰ ਬਿਆਨਬਾਜ਼ੀ ਵਿਚ ਉਡਾ ਦਿੱਤਾ ਸੀ। ਗਲੋਬਲ ਰੇਟਿੰਗ ਏਜੰਸੀ ਦੀ ਰਿਪੋਰਟ ਦੇ ਪਹਿਲਾਂ ਹੀ ਨਿਵੇਸ਼ ਵਿਚ ਆ ਰਹੀ ਗਿਰਾਵਟ ਉਤੇ ਹੋਰ ਬੁਰਾ ਪ੍ਰਭਾਵ ਪੈਣ ਦੇ ਆਸਾਰ ਹਨ। ਨਾਂਹ-ਪੱਖੀ ਰੁਝਾਨ ਉਸ ਵੇਲੇ ਦਿਖਾਇਆ ਗਿਆ ਹੈ ਜਦੋਂ ਕੇਂਦਰ ਸਰਕਾਰ ਨੇ ਅਰਥ-ਵਿਵਸਥਾ ਨੂੰ ਠੀਕ ਕਰਨ ਲਈ ਰਿਜ਼ਰਵ ਬੈਂਕ ਦੇ ਵੱਡੇ ਅਧਿਕਾਰੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਆਪਣੇ ਪਸੰਦੀਦਾ ਅਧਿਕਾਰੀਆਂ ਰਾਹੀਂ 1.76 ਲੱਖ ਕਰੋੜ ਰੁਪਏ ਲੈਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਸਰਕਾਰ ਦੀ ਕਾਰਗੁਜ਼ਾਰੀ ਉਤੇ ਜੀ.ਐਸ.ਟੀ. ਰਾਹੀਂ ਕਰ ਵਸੂਲੀ ਵਿਚ 13.2 ਫੀਸਦੀ ਟੀਚੇ ਦੇ ਮੁਕਾਬਲੇ ਕੇਵਲ 8.3 ਫੀਸਦੀ ਸਫਲਤਾ ਹਾਸਲ ਹੋਣੀ, ਕਾਰਪੋਰੇਟ ਟੈਕਸ ਵਿਚ ਕਟੌਤੀ ਅਤੇ ਖਾਸ ਤੌਰ ਉਤੇ ਨਿਵੇਸ਼ਕਾਂ ਅੰਦਰ ਉਤਸ਼ਾਹ ਦੀ ਕਮੀ ਦੇ ਕਾਰਨ ਸੁਆਲ ਉਠਾਇਆ ਗਿਆ ਹੈ।

ਰਿਪੋਰਟ ਵਿਚ ਦੇਸ਼ ਦੀ ਵਿਕਾਸ ਦਰ 6.1 ਤੋਂ ਘਟ ਕੇ 5 ਫੀਸਦੀ ਤੱਕ ਰਹਿ ਜਾਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਦਾ ਮਤਲਬ ਹੈ ਕਿ ਰੁਜ਼ਗਾਰ ਪ੍ਰਾਪਤੀ ਦੇ ਮੌਕੇ ਪਹਿਲਾਂ ਨਾਲੋਂ ਵੀ ਘਟ ਹੋ ਜਾਣਗੇ। ਵਿੱਤੀ ਘਾਟਾ ਜੀ.ਡੀ.ਪੀ. ਦਾ 3.3 ਦੇ ਮੁਕਾਬਲੇ ਵਧ ਕੇ 3.7 ਫੀਸਦੀ ਤੱਕ ਹੋ ਜਾਣ ਦੇ ਆਸਾਰ ਹਨ। ਇਸ ਨਾਲ ਕਰਜ਼ਜਾਲ ਵਿਚ ਫਸੀ ਸਰਕਾਰ ਨੂੰ ਹੋਰ ਕਰਜ਼ੇ ਦੀ ਲੋੜ ਪਵੇਗੀ। ਨੌਜਵਾਨ ਰੁਜ਼ਗਾਰ ਮੰਗ ਰਹੇ ਹਨ। ਖੇਤੀ ਖੇਤਰ ਦੀ ਵਿਕਾਸ ਦਰ ਗਿਰਾਵਟ ਵਿਚ ਹੋਣ ਕਰਕੇ ਕਰਜ਼ੇ ਦੇ ਬੋਝ ਹੇਠ ਫਸੇ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀ ਦੇ ਦੁਖਦਾਈ ਰਾਹ ਪਏ ਹੋਏ ਹਨ। 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਨਾਅਰੇ ਸਵਾਮੀਨਾਥਨ ਰਿਪੋਰਟ ਦਾ ਫਾਰਮੂਲਾ ਬਦਲ ਦੇਣ ਵਾਂਗ ਨਵੀਂ ਪਰਿਭਾਸ਼ਾ ਰਾਹੀਂ ਕਾਗਜ਼ਾਂ 'ਚ ਹੀ ਅਮਲੀ ਰੂਪ ਲੈਣਗੇ। ਕਿਸਾਨ ਖੁਦਕੁਸ਼ੀਆਂ ਨੂੰ ਰਿਕਾਰਡ ਕਰਨਾ ਹੀ ਬੰਦ ਕਰਾ ਕੇ ਇਹ ਦਿਖਾਉਣ ਦੀ ਕੋਸ਼ਿਸ਼ ਹੋ ਰਹੀ ਹੈ ਕਿ ਨਾ ਅੰਕੜੇ ਆਉਣਗੇ ਅਤੇ ਨਾ ਹੀ ਉਨ੍ਹਾਂ ਨੂੰ ਸਰਕਾਰ ਖਿਲਾਫ ਆਧਾਰ ਬਣਾ ਕੇ ਕੋਈ ਅੰਦੋਲਨ ਹੋ ਸਕੇਗਾ। ਵਪਾਰਕ ਅਤੇ ਉਦਯੋਗਿਕ ਖੇਤਰ ਵੀ ਸੰਕਟ ਦੀ ਹਾਲਤ ਵਿਚ ਹੈ। ਇਸੇ ਲਈ ਖੇਤਰੀ ਵਿਆਪਕ ਆਰਥਿਕ ਹਿੱਸੇਦਾਰੀ (ਆਰ. ਸੀ. ਈ. ਪੀ.) ਦਾ ਦੇਸ਼ ਦੇ ਸਾਰੇ ਖੇਤਰਾਂ ਦੇ ਆਗੂਆਂ ਨੇ ਵਿਰੋਧ ਕੀਤਾ ਸੀ, ਜਿਸ ਕਾਰਨ ਸਰਕਾਰ ਨੂੰ ਪਿੱਛੇ ਹਟਣਾ ਪਿਆ।

ਦੁਨੀਆਂ ਭਰ ਵਿਚ ਵਪਾਰ ਸ਼ਰਤਾਂ ਭਾਰਤ ਦੇ ਹੱਕ ਵਿਚ ਨਹੀਂ ਹਨ। ਯੋਜਨਾਵਾਂ ਦੇ ਐਲਾਨ ਹੁੰਦੇ ਹਨ, ਪਰ ਇਨ੍ਹਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ। ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਬੇਰੁਜ਼ਗਾਰੀ ਦੇ ਅੰਕੜੇ ਨਸ਼ਰ ਨਹੀਂ ਕਰਨ ਦਿੱਤੇ, ਜਿਸ ਕਰਕੇ ਕਈ ਅਧਿਕਾਰੀ ਅਸਤੀਫੇ ਦੇ ਗਏ। ਆਰ.ਬੀ.ਆਈ. ਦੇ ਡਾਇਰੈਕਟਰਾਂ ਦੀ ਵੀ ਅਜਿਹੀ ਹੀ ਹਾਲਤ ਰਹੀ। ਚੋਣਾਂ ਤੋਂ ਬਾਅਦ ਜਾਰੀ ਅੰਕੜਿਆਂ ਅਨੁਸਾਰ 45 ਸਾਲਾਂ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ 2017-18 ਵਿਚ ਰਹੀ ਸੀ। ਜੀ.ਐਸ.ਟੀ. ਨੂੰ ਆਜ਼ਾਦੀ ਦਿਵਸ ਨਾਲ ਜੋੜਦਿਆਂ ਸਰਕਾਰ ਨੇ ਰਾਤ ਨੂੰ ਸੰਸਦ ਦਾ ਇਜਲਾਸ ਬੁਲਾ ਕੇ ਜਸ਼ਨ ਮਨਾਏ। ਇਸ ਨੇ ਸੰਘੀ ਢਾਂਚੇ ਨੂੰ ਸੱਟ ਮਾਰੀ ਅਤੇ ਰਾਜਾਂ ਦਾ ਟੈਕਸ ਲਗਾਉਣ ਤੇ ਹਟਾਉਣ ਦਾ ਅਧਿਕਾਰ ਖੋਹ ਲਿਆ। ਹੁਣ ਕੇਂਦਰ ਟੈਕਸ ਵਸੂਲੀ ਵਿਚ ਆਪਣੇ ਟੀਚੇ ਪੂਰੇ ਨਹੀਂ ਕਰ ਸਕੀ ਅਤੇ ਰਾਜਾਂ ਦੇ ਹਿੱਸੇ ਦਾ ਪੈਸਾ ਸਮੇਂ ਸਿਰ ਜਾਰੀ ਨਾ ਹੋਣ ਕਰਕੇ ਪੰਜਾਬ ਸਮੇਤ ਬਹੁਤ ਸਾਰੇ ਰਾਜ ਗੰਭੀਰ ਆਰਥਿਕ ਸੰਕਟ ਵਿਚ ਫਸੇ ਮਹਿਸੂਸ ਕਰ ਰਹੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਮੁੱਦਾ ਕਈ ਵਾਰ ਕੇਂਦਰ ਸਰਕਾਰ ਕੋਲ ਉਠਾ ਚੁੱਕੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥ-ਸ਼ਾਸਤਰ ਵਿਭਾਗ ਦੀ ਪ੍ਰੋਫੈਸਰ ਡਾ. ਅਨੁਪਮਾ ਉਪਲ ਨੇ ਕਿਹਾ ਕਿ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਕਿਉਂਕਿ ਇਸ ਤੋਂ ਪਹਿਲਾਂ ਆਰ. ਬੀ. ਆਈ., ਏਸ਼ੀਅਨ ਡਿਵੈਲਪਮੈਂਟ ਬੈਂਕ ਸਮੇਤ ਕਈ ਰਿਪੋਰਟਾਂ ਅਰਥਵਿਵਸਥਾ ਦੀ ਗਿਰਾਵਟ ਦੀ ਗੱਲ ਕਰ ਚੁੱਕੀਆਂ ਹਨ। ਵਿਆਜ ਦੀਆਂ ਦਰਾਂ ਘਟਾਉਣ ਦਾ ਵੀ ਆਮ ਲੋਕਾਂ ਨੂੰ ਲਾਭ ਨਹੀਂ ਹੋਇਆ। ਅਸਲ ਸਮੱਸਿਆ ਮੰਗ ਪੈਦਾ ਕਰਨ ਦੀ ਹੈ। ਰੁਜ਼ਗਾਰ ਨਹੀਂ ਮਿਲੇਗਾ ਤਾਂ ਲੋਕਾਂ ਦੀਆਂ ਜੇਬਾਂ ਵਿਚ ਪੈਸਾ ਨਹੀਂ ਜਾਵੇਗਾ ਅਤੇ ਉਹ ਮੰਡੀ ਵਿਚ ਵਸਤਾਂ ਖਰੀਦਣ ਨਹੀਂ ਆਉਣਗੇ। ਜੇਕਰ ਮੰਗ ਹੀ ਨਹੀਂ ਹੋਵੇਗੀ ਤਾਂ ਨਿਵੇਸ਼ਕ ਵੀ ਨਿਵੇਸ਼ ਨਹੀਂ ਕਰਨਗੇ। ਇਸ ਪਾਸੇ ਨੀਤੀਗਤ ਪੱਧਰ ਉਤੇ ਸਰਕਾਰੀ ਧਿਆਨ ਦਿਖਾਈ ਨਹੀਂ ਦੇ ਰਿਹਾ।

## ਮੂਡੀਜ਼ ਨੇ ਭਾਰਤ ਦੀ ਕਰੈਡਿਟ ਦਰਜਾਬੰਦੀ ਘਟਾਈ

**ਨਵੀਂ ਦਿੱਲੀ:** ਆਲਮੀ ਦਰਜਾਬੰਦੀ ਏਜੰਸੀ ਮੂਡੀਜ਼ ਇਨਵੈਸਟਰਜ਼ ਸਰਵਿਸ ਨੇ ਭਾਰਤ ਨੂੰ ਵੱਡਾ ਝਟਕਾ ਦਿੰਦਿਆਂ ਉਹਦੀ ਕਰੈਡਿਟ ਦਰਜਾਬੰਦੀ ਨੂੰ ਸਥਿਰ ਤੋਂ ਘਟਾ ਕੇ ਨਕਾਰਾਤਮਿਕ ਸ਼੍ਰੇਣੀ ਵਿਚ ਰੱਖਿਆ ਹੈ। ਏਜੰਸੀ ਨੇ ਕਿਹਾ ਕਿ ਸਰਕਾਰ ਆਰਥਿਕ ਮੰਚ 'ਤੇ ਜਾਰੀ ਮੰਦੀ ਨੂੰ ਦੂਰ ਕਰਨ ਵਿਚ ਆਰਜ਼ੀ ਰੂਪ ਵਿਚ ਨਾਕਾਮ ਰਹੀ ਹੈ, ਜਿਸ ਕਰਕੇ ਆਰਥਿਕ ਵਿਕਾਸ ਦੇ ਹੇਠਲੇ ਪੱਧਰ ਉਤੇ ਬਣੇ ਰਹਿਣ ਦਾ ਜੋਖਮ ਵਧ ਗਿਆ ਹੈ। ਮੂਡੀਜ਼ ਨੇ ਸਥਾਨਕ ਕਰੰਸੀ ਜਾਰੀ ਕਰਨ ਦੀ ਦਰਜਾਬੰਦੀ ਤੇ ਵਿਦੇਸ਼ੀ ਕਰੰਸੀ ਦਰਜਾਬੰਦੀ ਨੂੰ ਬੀਏਏ 2 ਰੱਖਿਆ ਹੈ। ਨਿਵੇਸ਼ ਦੇ ਲਿਹਾਜ਼ ਨਾਲ ਇਹ ਦੂਜਾ ਹੇਠਲਾ ਗ੍ਰੇਡ ਸਕੋਰ ਹੈ। ਰੇਟਿੰਗ ਏਜੰਸੀ ਮੁਤਾਬਕ ਮੌਜੂਦਾ ਵਿੱਤੀ ਸਾਲ ਵਿਚ ਸਰਕਾਰ ਦਾ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ 3.7 ਫੀਸਦੀ ਰਹਿਣ ਦਾ ਅਨੁਮਾਨ ਹੈ। ਇਹ ਸਰਕਾਰ ਦੇ ਵਿੱਤੀ ਘਾਟੇ ਦੇ 3.3 ਫੀਸਦ ਰਹਿਣ ਦੇ ਟੀਚੇ ਤੋਂ ਕਾਫੀ ਹੇਠਾਂ ਹੈ।

## ਮੋਦੀ ਸਰਕਾਰ ਵੱਲੋਂ ਮੂਡੀਜ਼ ਦਾ ਦਾਅਵਾ ਖਾਰਜ

ਸਰਕਾਰ ਨੇ ਰੇਟਿੰਗ ਏਜੰਸੀ ਨੇ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਵਿੱਤ ਮੰਤਰਾਲੇ ਨੇ ਕਿਹਾ ਕਿ ਅਰਥਚਾਰੇ ਦੇ ਬੁਨਿਆਦੀ ਕਾਰਕ ਮਜ਼ਬੂਤ ਬਣੇ ਹੋਏ ਹਨ ਤੇ ਸਰਕਾਰ ਵੱਲੋਂ ਕੀਤੇ ਗਏ ਸੁਧਾਰਾਂ ਨਾਲ ਨਿਵੇਸ਼ ਵਿਚ ਤੇਜ਼ੀ ਆਏਗੀ। ਮੰਤਰਾਲੇ ਨੇ ਕਿਹਾ ਕਿ ਸਰਕਾਰ ਨੇ ਪੂਰੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਿੱਤੀ ਤੇ ਹੋਰਨਾਂ ਖੇਤਰਾਂ ਵਿਚ ਕਈ ਉਪਾਅ ਕੀਤੇ ਹਨ। ਆਲਮੀ ਮੰਦੀ ਨਾਲ ਨਜਿੱਠਣ ਲਈ ਸਰਕਾਰ ਨੇ ਖੁਦ ਅੱਗੇ ਵੱਧ ਕੇ ਨੀਤੀਗਤ ਫੈਸਲੇ ਲਏ ਹਨ, ਜਿਨ੍ਹਾਂ ਨਾਲ ਪੂੰਜੀ ਦੇ ਵਹਾਅ ਨੂੰ ਆਕਰਸ਼ਿਤ ਕਰਨ ਵਿਚ ਮਦਦ ਮਿਲੇਗੀ ਤੇ ਨਿਵੇਸ਼ ਨੂੰ ਹੁਲਾਰਾ ਮਿਲੇਗਾ।

## ਕਾਂਗਰਸ ਵਲੋਂ ਨੋਟਬੰਦੀ ਵੱਡੀ ਭੁੱਲ ਕਰਾਰ

**ਨਵੀਂ ਦਿੱਲੀ:** ਨੋਟਬੰਦੀ ਨੂੰ ਵੱਡੀ ਭੁੱਲ ਕਰਾਰ ਦਿੰਦਿਆਂ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਕਿਹਾ ਕਿ ਨੋਟਬੰਦੀ ਰਾਹੀਂ ਲੋਕਾਂ ਤੋਂ ਰੋਜ਼ੀ ਰੋਟੀ ਖੋਹਣ ਲਈ ਮੋਦੀ ਸਰਕਾਰ ਜ਼ਿੰਮੇਵਾਰ ਹੈ ਅਤੇ ਯਕੀਨੀ ਤੌਰ ਉਤੇ ਦੇਸ਼ ਵਾਸੀ ਇਸ ਨੂੰ ਕਦੇ ਨਹੀਂ ਭੁੱਲਣਗੇ ਅਤੇ ਨਾ ਹੀ ਇਸ 'ਤੁਗਲਕੀ ਭੁੱਲ' ਨੂੰ ਮੁਆਫ਼ ਕਰਨਗੇ। ਨੋਟਬੰਦੀ ਦੀ ਤੀਜੀ ਵਰ੍ਹੇਗੰਢ ਮੌਕੇ ਬੋਲਦਿਆਂ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਨੋਟਬੰਦੀ ਨਾਲ ਪੈਦਾ ਹੋਏ ਹਾਲਾਤ ਦੀ ਕਦੇ ਜ਼ਿੰਮੇਵਾਰੀ ਨਹੀਂ ਲਈ ਜਿਸ ਕਾਰਨ 120 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ ਭਾਰਤ ਦੇ ਛੋਟੇ ਤੇ ਦਰਮਿਆਨੇ ਕਾਰੋਬਾਰ ਤਬਾਹ ਹੋ ਗਏ ਸਨ। ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਨੋਟਬੰਦੀ ਨੂੰ 'ਅਤਿਵਾਦੀ ਹਮਲਾ' ਕਰਾਰ ਦਿੰਦਿਆਂ ਕਿਹਾ ਕਿ ਇਸ 'ਨਿਰਦਈ' ਹਮਲੇ ਦੇ ਪੀੜਤਾਂ ਨੂੰ ਅਜੇ ਤੱਕ ਇਨਸਾਫ ਨਹੀਂ ਮਿਲਿਆ।

# ਉਤਰੀ ਭਾਰਤ ਵਿਚ ਹਵਾ ਪ੍ਰਦੂਸ਼ਣ ਅਤੇ ਧੂੰਆਂਖੀ ਧੁੰਦ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਿੱਲੀ, ਹਰਿਆਣਾ, ਪੰਜਾਬ ਸਮੇਤ ਉਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕੁਝ ਹਿੱਸੇ ਹਵਾ ਦੇ ਖਤਰਨਾਕ ਪ੍ਰਦੂਸ਼ਣ ਧੂੰਆਂਖੀ ਧੁੰਦ ਦੀ ਲਪੇਟ ਵਿਚ ਹਨ। ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਸਾਹ, ਅਲਰਜ਼ੀ, ਚਮੜੀ ਅਤੇ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਿਤ ਹਨ। ਬੱਚੇ ਅਤੇ ਬਜ਼ੁਰਗਾਂ ਦੇ ਨਾਲ ਨਾਲ ਸਾਹ, ਦਮੇ ਅਤੇ ਐਲਰਜ਼ੀ ਦੇ ਮਰੀਜ਼ਾਂ ਦੀ ਸਥਿਤੀ ਵੱਧ ਨਾਜ਼ੁਕ ਹੈ। ਧੂੰਆਂਖੀ ਧੁੰਦ ਨਾਲ ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਵੱਖ ਵੱਖ ਹਿੱਸਿਆਂ ਵਿਚ ਵਾਹਨਾਂ ਦੇ ਆਪਸ ਵਿਚ ਟਕਰਾਉਣ ਨਾਲ ਸੜਕ ਹਾਦਸਿਆਂ ਵਿਚ ਕਈ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਾਫੀ ਲੋਕ ਜ਼ਖਮੀ ਹੋ ਗਏ। ਦਿੱਲੀ ਵਿਚ ਵੱਧ ਪ੍ਰਦੂਸ਼ਣ ਹੋਣ ਕਾਰਨ 3 ਨਵੰਬਰ ਨੂੰ ਕੌਮਾਂਤਰੀ ਹਵਾਈ ਅੱਡੇ ਤੋਂ 32 ਉਡਾਣਾਂ ਦੇ ਰੂਟ ਅੰਮ੍ਰਿਤਸਰ, ਜੈਪੁਰ, ਮੁੰਬਈ ਅਤੇ ਲਖਨਊ ਵੱਲ ਬਦਲਨੇ ਪਏ। ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦੇ ਖਤਰਨਾਕ ਪੱਧਰ ਤੱਕ ਪਹੁੰਚਣ ਕਾਰਨ ਸੁਪਰੀਮ ਕੋਰਟ ਵੱਲੋਂ ਗਠਿਤ ਪੈਨਲ ਨੂੰ ਦਿੱਲੀ ਐਨ. ਸੀ. ਆਰ. ਖੇਤਰ ਵਿਚ ਜਨਤਕ ਸਿਹਤ ਅਮਰਜੈਂਸੀ ਦਾ ਐਲਾਨ ਕਰਨ ਦੇ ਨਾਲ ਕੋਲੇ ਅਤੇ ਤੇਲ ਨਾਲ ਚੱਲਣ ਵਾਲੀਆਂ ਉਦਯੋਗਿਕ ਇਕਾਈਆਂ 'ਤੇ ਆਰਜ਼ੀ ਪਾਬੰਦੀ ਲਾਉਣੀ ਪਈ। ਪਟਾਕੇ ਚਲਾਉਣ ਉਤੇ ਵੀ ਪਾਬੰਦੀ ਹੈ।



**ਡਾ. ਗੁਰਿੰਦਰ ਕੌਰ**
**ਫੋਨ: 408-493-9776**

ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਸਕੂਲ ਦੇ ਬੱਚਿਆਂ ਨੂੰ ਹਵਾ ਦੇ ਪ੍ਰਦੂਸ਼ਣ ਤੋਂ ਬਚਾਉਣ ਲਈ 50 ਲੱਖ ਮਾਸਕ ਵੀ ਵੰਡੇ ਹਨ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਦਫਤਰ ਨੇ ਵੀ ਇਸ ਮਾਮਲੇ ਵਿਚ ਦਖਲ ਦੇ ਕੇ ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਮੁੱਖ ਸਕੱਤਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ 24 ਘੰਟੇ ਸਥਿਤੀ ਉਤੇ ਨਜ਼ਰ ਰੱਖਣ ਦੀ ਹਦਾਇਤ ਕੀਤੀ ਹੈ। ਕਰੀਬ 300 ਟੀਮਾਂ ਹਵਾ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਤਾਇਨਾਤ ਕੀਤੀਆਂ ਗਈਆਂ ਹਨ।

ਹਰ ਸਾਲ ਸਰਦੀਆਂ ਦੇ ਸ਼ੁਰੂ ਵਿਚ ਹੀ ਦਿੱਲੀ ਸਮੇਤ ਸਾਰਾ ਉਤਰੀ ਭਾਰਤ ਧੂੰਆਂਖੀ ਧੁੰਦ ਦੀ ਲਪੇਟ ਵਿਚ ਆ ਜਾਂਦਾ ਹੈ। ਇਸ ਵਰਤਾਰੇ ਨੂੰ ਪਿਛਲੇ ਇਕ ਦਹਾਕੇ ਤੋਂ ਵਧ ਦਾ ਸਮਾਂ ਹੋ ਗਿਆ ਹੈ। ਹਰ ਸਾਲ ਛੋਟੇ-ਮੋਟੇ ਉਪਰਾਲੇ ਕਰ ਦਿੱਤੇ ਜਾਂਦੇ ਹਨ, ਜੋ ਪੱਕਾ ਹੱਲ ਨਹੀਂ ਹਨ।

ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦੀ ਖਤਰਨਾਕ ਹੱਦ ਤੱਕ ਪਹੁੰਚਣ ਦੀ ਪੁਸ਼ਟੀ ਹਰ ਸਾਲ ਦੁਨੀਆਂ ਦੀ ਕੋਈ ਨਾ ਕੋਈ ਖੋਜ ਏਜੰਸੀ ਕਰ ਹੀ ਦਿੰਦੀ ਹੈ। ਡਬਲਿਓ. ਐਚ. ਓ. ਦੀ 2012 ਦੀ ਇਕ ਰਿਪੋਰਟ ਅਨੁਸਾਰ ਦੁਨੀਆਂ ਦੇ ਪਹਿਲੇ ਸਭ ਤੋਂ ਪ੍ਰਦੂਸ਼ਿਤ 20 ਸ਼ਹਿਰਾਂ ਵਿਚੋਂ 13 ਸਿਰਫ ਭਾਰਤ ਵਿਚ ਸਨ ਅਤੇ ਦਿੱਲੀ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਸੀ। 2014 ਵਿਚ ਅਮਰੀਕਾ ਦੀ ਯੇਲ ਯੂਨੀਵਰਸਿਟੀ ਦੀ ਇਕ ਖੋਜ ਅਨੁਸਾਰ ਵੀ ਦਿੱਲੀ ਨੂੰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਗਿਆ ਸੀ। ਲੈਨਸੈਟ ਨਾਂ ਦੇ ਕੌਮਾਂਤਰੀ ਰਸਾਲੇ ਵਿਚ ਛਪੀ ਇਕ ਖੋਜ ਅਨੁਸਾਰ ਦੁਨੀਆਂ ਵਿਚ 2015 ਦੌਰਾਨ ਲਗਭਗ 90 ਲੱਖ ਲੋਕਾਂ ਦੀ ਮੌਤ ਵੱਖ ਵੱਖ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਹੋਈ ਸੀ ਅਤੇ ਇਨ੍ਹਾਂ ਮੌਤਾਂ ਵਿਚੋਂ 25 ਲੱਖ ਮੌਤਾਂ ਭਾਰਤ ਵਿਚ ਹੋਈਆਂ ਸਨ, ਜੋ ਦੁਨੀਆਂ ਦੇ ਸਭ ਦੇਸ਼ਾਂ ਤੋਂ ਵੱਧ ਸਨ।

ਗਰੀਨਪੀਸ ਦੀ 2019 ਦੀ ਇਕ ਖੋਜ ਅਨੁਸਾਰ ਵੀ ਦਿੱਲੀ ਦੁਨੀਆਂ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਅਤੇ ਗੁਰੂਗ੍ਰਾਮ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਇਸ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਵਿਚ ਹਰ ਸਾਲ ਹਵਾ ਦੇ ਪ੍ਰਦੂਸ਼ਣ ਨਾਲ ਹੋਈਆਂ ਮੌਤਾਂ ਦੀ ਗਿਣਤੀ



ਏਡਜ਼, ਤਪਦਿਕ, ਮਲੇਰੀਆ, ਡੇਂਗੂ ਜਿਹੀਆਂ ਨਾਮੁਰਾਦ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਤੋਂ ਤਿੰਨ ਗੁਣਾ ਵੱਧ ਹੈ। ਹਵਾ ਦੇ ਪ੍ਰਦੂਸ਼ਣ ਨਾਲ ਦਿਲ, ਸਾਹ, ਫੇਫੜਿਆਂ ਦੀਆਂ ਬਿਮਾਰੀਆਂ ਦੇ ਨਾਲ ਨਾਲ ਚਮੜੀ ਅਤੇ ਕੈਂਸਰ ਜਿਹੀਆਂ ਲਾਇਲਾਜ ਬਿਮਾਰੀਆਂ ਵੀ ਹੋ ਜਾਂਦੀਆਂ ਹਨ। ਦਿੱਲੀ ਸ਼ਹਿਰ ਦੇ ਹਸਪਤਾਲਾਂ ਤੋਂ ਪ੍ਰਾਪਤ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸ਼ਹਿਰ ਵਿਚ ਹਰ ਸਾਲ ਸਾਹ ਦੇ ਰੋਗਾਂ ਨਾਲ ਪੀੜਿਤ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। 3 ਨਵੰਬਰ 2019 ਨੂੰ ਦਿੱਲੀ ਦਾ ਏਅਰ ਕੁਆਲਟੀ ਇੰਡਕਸ ਇੰਨਾ ਵੱਧ ਸੀ ਕਿ ਦਿੱਲੀ ਨੂੰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਆਂਕਿਆ ਗਿਆ।

ਦਿੱਲੀ ਅਤੇ ਐਨ. ਸੀ. ਆਰ. ਖੇਤਰ ਵਿਚ 1700 ਲੋਕਾਂ ਉਤੇ ਕੀਤੇ ਗਏ ਇਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਇਥੇ ਹਵਾ ਵਿਚ ਵਧ ਰਹੇ ਪ੍ਰਦੂਸ਼ਣ ਕਾਰਨ 40 ਫੀਸਦ ਲੋਕ ਦਿੱਲੀ ਛੱਡ ਕੇ ਜਾਣਾ ਚਾਹੁੰਦੇ ਹਨ, ਕਿਉਂਕਿ ਹਵਾ ਦੇ ਪ੍ਰਦੂਸ਼ਣ ਕਾਰਨ ਦਿੱਲੀ ਦੇ ਕਰੀਬ 50 ਫੀਸਦ ਬੱਚੇ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਪੀੜਿਤ ਹਨ। ਵੱਖ ਵੱਖ ਖੋਜਾਂ ਦੇ ਆਧਾਰ 'ਤੇ ਇਹ ਕਹਿਣਾ ਅਤਿਕਥਨੀ ਨਹੀਂ ਕਿ ਹਵਾ ਦਾ ਪ੍ਰਦੂਸ਼ਣ ਭਾਰਤ ਵਿਚ ਦਿਨੋ ਦਿਨ ਖਤਰਨਾਕ ਰੂਪ ਧਾਰਦਾ ਜਾ ਰਿਹਾ ਹੈ ਅਤੇ ਹੁਣ ਸਰਕਾਰ ਨੂੰ ਇਸ ਉਤੇ ਕਾਬੂ ਪਾਉਣ ਦੇ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

ਦਿੱਲੀ ਅਤੇ ਇਸ ਦੇ ਨਾਲ ਲੱਗਦੇ ਰਾਜਾਂ ਵਿਚ ਹਵਾ ਦੇ ਪ੍ਰਦੂਸ਼ਣ ਦੇ ਮੁੱਖ ਕਾਰਨਾਂ ਵਿਚ ਇਸ ਖੇਤਰ ਵਿਚ ਵਾਹਨਾਂ ਦੀ ਵਧਦੀ ਗਿਣਤੀ, ਉਦਯੋਗ, ਇੱਟਾਂ ਦੇ ਭੱਠੇ, ਥਰਮਲ ਪਾਵਰ ਪਲਾਂਟ, ਉਸਾਰੀ ਦੇ ਕੰਮ, ਕੂੜੇ ਦੇ ਢੇਰਾਂ ਦਾ ਬਲਣਾ, ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਅਤੇ ਦੁਸਹਿਰੇ ਤੇ ਦੀਵਾਲੀ ਨੂੰ ਪਟਾਕੇ ਚਲਾਉਣਾ ਆਦਿ ਸ਼ਾਮਲ ਹਨ। ਇਹ ਸਭ ਹਵਾ ਵਿਚ ਵੱਡੀ ਮਾਤਰਾ 'ਚ ਪ੍ਰਦੂਸ਼ਿਤ ਗੈਸਾਂ, ਧੂੰਏਂ ਤੇ ਧੂੜ ਦੇ ਕਣ ਛੱਡਦੀਆਂ ਹਨ। ਸਰਦੀ ਵਿਚ ਜਦੋਂ ਰਾਤ ਦਾ ਤਾਪਮਾਨ ਘਟਣਾ ਸ਼ੁਰੂ ਹੋ ਜਾਂਦਾ ਹੈ ਤਾਂ ਮੌਸਮੀ ਅਤੇ ਭੂਗੋਲਿਕ ਸਥਿਤੀਆਂ ਵਿਚ ਧੂੰਏਂ ਅਤੇ ਧੂੜ ਦੇ ਕਣ ਧੁੰਦ ਨਾਲ ਮਿਲ ਕੇ ਖਾਸ ਤਰ੍ਹਾਂ ਦੀ ਧੂੰਆਂਖੀ ਧੁੰਦ ਵਿਚ ਤਬਦੀਲ ਹੋ ਜਾਂਦੇ ਹਨ। ਦਿੱਲੀ ਸਰਕਾਰ ਪੰਜਾਬ ਅਤੇ ਹਰਿਆਣਾ ਵਰਗੇ ਗਵਾਂਢੀ ਰਾਜਾਂ ਨੂੰ ਦਿੱਲੀ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ, ਜਦੋਂਕਿ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਇਸ ਨੂੰ ਕਿਸਾਨਾਂ ਦੀ ਮਜਬੂਰੀ ਦੱਸ ਕੇ ਆਪਣਾ ਪੱਲਾ ਝਾੜਨ ਲੱਗਦੀਆਂ ਹਨ।

ਅਸਲ ਵਿਚ ਧੂੰਆਂਖੀ ਧੁੰਦ ਦਾ ਜ਼ਿੰਮੇਵਾਰ ਭਾਰਤ ਦਾ ਬੇਢੰਗਾ ਆਰਥਕ ਵਿਕਾਸ ਮਾਡਲ ਹੈ, ਦਿੱਲੀ ਵਿਚ ਨਿੱਜੀ ਵਾਹਨਾਂ ਦੀ ਵਧਦੀ ਅਤੇ ਜਨਤਕ ਵਾਹਨਾਂ ਦੀ ਘਟਦੀ ਗਿਣਤੀ ਹੈ। ਟਾਂਕ-ਜਿਸਤ ਗੱਡੀਆਂ ਦੀ ਸਕੀਮ ਲਾਗੂ ਕਰਨ ਦੀ ਥਾਂ ਜਨਤਕ ਬੱਸ ਸੇਵਾ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਜਨਤਕ ਵਾਹਨ ਵੀ ਬਿਜਲੀ ਜਾਂ ਸੌਰ ਊਰਜਾ ਨਾਲ ਚੱਲਣ ਵਾਲੇ ਹੋਣੇ ਚਾਹੀਦੇ ਹਨ। ਉਦਯੋਗਿਕ ਇਕਾਈਆਂ ਵਿਚ ਵਾਤਾਵਰਣ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਨਿਰਮਾਣ ਕਾਰਜਾਂ ਨੂੰ ਸਿਰਫ ਧੂੰਆਂਖੀ ਧੁੰਦ ਦੇ ਦਿਨਾਂ ਵਿਚ ਬੰਦ ਕਰਨ ਦੀ ਥਾਂ ਆਮ ਦਿਨਾਂ ਵਿਚ ਵੀ ਉਸਾਰੀ ਵੇਲੇ ਧੂੜ, ਮਿੱਟੀ, ਰੇਤਾ ਆਦਿ ਨੂੰ ਢੱਕ ਕੇ ਰੱਖਣ ਅਤੇ ਉਸਾਰੀ ਦੇ ਨਿਯਮ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ।

ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਧਾਨ ਦੀ ਫਸਲ ਦੀ ਥਾਂ ਕੇਂਦਰ ਸਰਕਾਰ ਨੂੰ ਮੱਕੀ, ਕਪਾਹ, ਨਰਮਾ ਆਦਿ ਫਸਲਾਂ ਦਾ ਸਹੀ ਭਾਅ ਨਿਰਧਾਰਤ ਕਰ ਕੇ ਅਤੇ ਉਨ੍ਹਾਂ ਦੀ ਖਰੀਦ ਨੂੰ ਯਕੀਨੀ ਬਣਾਉਂਦਿਆਂ ਧਾਨ ਦੀ ਫਸਲ ਤੋਂ ਖਹਿੜਾ ਛੁਡਵਾਉਣਾ ਚਾਹੀਦਾ ਹੈ, ਜਿਸ ਨਾਲ ਨਾ ਤਾਂ ਝੋਨੇ ਦੀ ਰਹਿੰਦ-ਖੂੰਹਦ ਹੋਵੇਗੀ ਅਤੇ ਨਾ ਹੀ ਕਿਸਾਨਾਂ ਨੂੰ ਉਸ ਨੂੰ ਅੱਗ ਲਾਉਣੀ ਪਵੇਗੀ। ਜੇ ਸਰਕਾਰ ਉਸ ਨੂੰ ਲਾਗੂ ਕਰਨ ਤੋਂ ਹਾਲ ਦੀ ਘੜੀ ਅਸਮਰਥ ਹੈ ਤਾਂ ਕਿਸਾਨਾਂ ਨੂੰ ਪਰਾਲੀ ਸਮੇਟਣ ਲਈ ਸਸਤੀਆਂ ਦਰਾਂ 'ਤੇ ਅਜਿਹੀ ਮਸ਼ੀਨਰੀ ਮੁਹੱਈਆ ਕਰਵਾਏ, ਜਿਸ ਨਾਲ ਉਹ ਫਸਲਾਂ ਦੀ ਰਹਿੰਦ-ਖੂੰਹਦ ਤੋਂ ਖਾਦ, ਪਸ਼ੂਆਂ ਲਈ ਚਾਰਾ ਆਦਿ ਬਣਾ ਸਕਣ, ਨਾ ਕਿ ਉਸ ਨੂੰ ਸਾੜ ਕੇ ਵਾਤਾਵਰਣ ਨੂੰ ਗੰਧਲਾ ਕਰਕੇ ਬਿਮਾਰੀਆਂ ਵਿਚ ਵਾਧਾ ਕਰਕੇ ਆਪਣੀ ਅਤੇ ਹੋਰ ਲੋਕਾਂ ਦੀ ਸਿਹਤ ਖਰਾਬ ਕਰਨ। ਲਗਾਤਾਰ ਵਧਦੇ ਪ੍ਰਦੂਸ਼ਣ ਉਤੇ ਕਾਬੂ ਪਾਉਣਾ ਸਿਰਫ ਸਰਕਾਰਾਂ ਦੀ ਹੀ ਜ਼ਿੰਮੇਵਾਰੀ ਨਹੀਂ, ਲੋਕਾਂ ਨੂੰ ਵੀ ਇਸ ਪਾਸੇ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ -ਗੁਰੂ ਨਾਨਕ ਦੇਵ ਜੀ

'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖ ਸਮੇਂ ਦੇ ਹਾਕਮਾਂ ਨੂੰ ਫਿੱਟ ਲਾਹਨਤ ਪਾਉਣ ਵਾਲੇ ਤੇ ਜਾਲਮਾਂ ਦੇ ਜੁਲਮਾਂ ਪ੍ਰਤੀ ਰੱਬ ਨੂੰ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ ਅਤੇ 'ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ' ਆਖ ਔਰਤ ਜਾਤ ਨੂੰ ਉਚੇਰਾ ਦਰਜਾ ਬਖਸ਼ਣ ਵਾਲੇ

# ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਕੁਲ ਲੋਕਾਈ ਨੂੰ

# ਕੋਟਾਨਿ ਕੋਟਿ ਵਧਾਈ

ਆਓ ਸਾਰੇ ਰਲ-ਮਿਲ ਕੇ ਵਿਸ਼ਵ ਨੂੰ ਗਦਰੀ ਬਾਬਿਆਂ ਦੇ ਸੁਪਨਿਆਂ ਦੇ ਹਾਣ ਦਾ ਬਣਾਉਣ ਲਈ ਸਿਰਤੋੜ ਯਤਨ ਕਰੀਏ






ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਫੋਨ: 916-420-2390
ਸਕੱਤਰ ਗਿਆਨ ਸਿੰਘ ਬਿਲਗਾ ਫੋਨ: 661-397-7330
ਖਜ਼ਾਨਚੀ ਜਗਜੀਤ ਸਿੰਘ ਗਿੱਲ ਫੋਨ: 209-985-1552
ਸਤਵਿੰਦਰ ਸਿੰਘ ਰਾਣਾ ਫੋਨ: 559-514-9777

ਰੁਪਿੰਦਰ ਸਿੰਘ ਸੰਘਾ, ਫੋਨ: 530-682-7810 ਬਲਵੰਤ ਬਾਂਕਾ, ਫੋਨ: 916-271-4216 ਸੁਰਿੰਦਰ ਸਿੰਘ ਗਿੱਲ, ਫੋਨ: 209-594-5602

ਪ੍ਰਬੰਧਕ: ਸੁਮਿੱਤਰ ਸਿੰਘ ਉਪਲ, ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਪਿੰਦਰ ਸੰਘਾ, ਮਲਕੀਅਤ ਬੈਂਸ, ਮਾਸਟਰ ਬਲਬੀਰ ਸਿੰਘ ਬੇਕਰਜ਼ਫੀਲਡ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਭਾਗ ਸਿੰਘ ਰੱਕੜ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਡਾ. ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਹਰ, ਸੁਖਦੀਪ ਸੋਹਲ, ਅੰਮ੍ਰਿਤਪਾਲ ਭਠਲਾਵਾ, ਸਤਵਿੰਦਰ ਸਿੰਘ ਰਾਣਾ, ਮਨਦੀਪ ਸਿੰਘ।

ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ ਐਸ ਏ)

# ਸੁਖਬੀਰ ਤੇ ਮਜੀਠੀਆ ਖਿਲਾਫ ਮਾਣਹਾਨੀ ਦਾ ਕੇਸ ਦਰਜ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਪਾਰਟੀ ਦੇ ਦੋ ਹੋਰ ਸੀਨੀਅਰ ਆਗੂਆਂ ਅਤੇ ਅਕਾਲੀ ਦਲ ਦੀ ਸੋਸ਼ਲ ਮੀਡੀਆ ਟੀਮ ਦੇ ਮੈਂਬਰਾਂ ਖਿਲਾਫ ਮਾਣਹਾਨੀ (ਇੱਜ਼ਤ ਹੱਤਕ) ਦਾ ਮਾਮਲਾ ਦਾਇਰ ਕੀਤਾ ਹੈ।

ਮੁੱਖ ਮੰਤਰੀ ਦਫਤਰ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਸਰਕਾਰ ਨੂੰ ਦਿੱਤੀ ਦਰਖਾਸਤ ਦੇ ਅਧਾਰ ਉਤੇ ਇਹ ਮਾਮਲਾ ਦਾਇਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਮੁੱਖ ਮੰਤਰੀ ਦੀ ਪ੍ਰਵਾਨਗੀ ਮਗਰੋਂ ਗ੍ਰਹਿ ਵਿਭਾਗ ਨੇ ਪ੍ਰੌਸੀਕਿਊਸ਼ਨ ਵਿਭਾਗ ਨੂੰ ਇਹ ਸ਼ਿਕਾਇਤ ਦਾਇਰ ਕਰਾਉਣ ਦੇ ਨਿਰਦੇਸ਼ ਦਿੱਤੇ ਸਨ। ਪ੍ਰੌਸੀਕਿਊਸ਼ਨ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਲੰਘੇ ਹਫਤੇ ਅੰਮ੍ਰਿਤਸਰ ਦੀ ਇਕ ਅਦਾਲਤ ਵਿਚ ਸੀ.ਆਰ.ਪੀ.ਸੀ. ਦੀ ਧਾਰਾ 199 ਤਹਿਤ ਸਰਕਾਰੀ ਵਕੀਲ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਅਤੇ ਹੋਰਨਾਂ ਖਿਲਾਫ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਇਹ ਸ਼ਿਕਾਇਤ ਫੌਜਦਾਰੀ ਕਾਨੂੰਨ ਦੀਆਂ ਧਾਰਾਵਾਂ 499, 500, 501 ਅਤੇ ਸੂਚਨਾ ਤਕਨਾਲੋਜੀ ਐਕਟ ਤਹਿਤ ਦਾਇਰ ਕੀਤੀ ਗਈ ਹੈ।

ਸੂਤਰਾਂ ਦਾ ਦੱਸਣਾ ਹੈ ਕਿ ਆਈ.ਜੀ. ਕੁੰਵਰਵਿਜੈ ਪ੍ਰਤਾਪ ਸਿੰਘ ਨੂੰ ਗਵਾਹ ਵਜੋਂ ਰੱਖਿਆ ਗਿਆ ਹੈ। ਸਰਕਾਰ ਵੱਲੋਂ ਵਿਰੋਧੀ ਪਾਰਟੀ ਦੇ ਪ੍ਰਧਾਨ ਅਤੇ ਹੋਰਨਾਂ ਆਗੂਆਂ ਖਿਲਾਫ ਇਕ ਪੁਲਿਸ ਅਧਿਕਾਰੀ ਦੀ ਸ਼ਿਕਾਇਤ ਉਤੇ ਦਾਇਰ ਕੀਤਾ ਗਿਆ ਇਹ ਮਾਮਲਾ ਆਪਣੇ ਆਪ ਵਿਚ ਵਿਲੱਖਣ ਹੈ। ਇਸ ਪੁਲਿਸ ਅਧਿਕਾਰੀ ਵੱਲੋਂ ਕੁਝ ਮਹੀਨੇ ਪਹਿਲਾਂ ਹੀ ਮਾਣਹਾਨੀ ਦਾ ਮਾਮਲਾ ਦਾਇਰ ਕਰਨ ਸਬੰਧੀ ਸਰਕਾਰ ਨੂੰ ਲਿਖਿਆ ਗਿਆ ਸੀ ਤੇ ਸਰਕਾਰ ਨੇ ਇਹ ਕਾਰਵਾਈ ਕਾਨੂੰਨੀ ਮਸ਼ਵਰੇ ਮਗਰੋਂ ਅਮਲ ਵਿਚ ਲਿਆਂਦੀ ਹੈ।

ਪੰਜਾਬ ਸਰਕਾਰ ਵੱਲੋਂ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਨਾਲ ਸਬੰਧਤ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਅਤੇ ਕੋਟਕਪੂਰਾ ਪੁਲਿਸ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਦੇ ਸਰਗਰਮ ਤੇ ਵਿਵਾਦਿਤ ਮੰਨੇ ਜਾਂਦੇ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਖਿਲਾਫ ਅਕਾਲੀ ਦਲ ਵੱਲੋਂ ਸੰਸਦੀ ਚੋਣਾਂ ਤੋਂ ਪਹਿਲਾਂ ਹੱਲਾ ਬੋਲਿਆ ਗਿਆ ਸੀ।

ਅਕਾਲੀ ਦਲ ਵੱਲੋਂ ਇਸ ਪੁਲਿਸ ਅਧਿਕਾਰੀ ਖਿਲਾਫ ਪੱਖਪਾਤੀ ਤੇ ਬਦਲਾਖੋਰੀ ਦੀ ਭਾਵਨਾ ਨਾਲ ਕੰਮ ਕਰਨ ਦੀਆਂ ਸ਼ਿਕਾਇਤਾਂ ਚੋਣ ਕਮਿਸ਼ਨ ਨੂੰ ਕੀਤੀਆਂ ਗਈਆਂ ਸਨ ਤੇ ਚੋਣ ਕਮਿਸ਼ਨ ਨੇ ਇਸ ਅਧਿਕਾਰੀ ਦਾ ਤਬਾਦਲਾ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ। ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਰਕਾਰ ਨੂੰ ਕੀਤੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ ਸੰਸਦੀ ਚੋਣਾਂ ਦੇ ਅਮਲ ਦੌਰਾਨ ਹੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਇਸ ਪੁਲਿਸ ਅਧਿਕਾਰੀ ਖਿਲਾਫ ਸਿੱਧੀ ਬਿਆਨਬਾਜ਼ੀ ਕੀਤੀ ਗਈ ਸੀ।

ਪੁਲਿਸ ਅਧਿਕਾਰੀ ਨੇ ਇਹ ਦੋਸ਼ ਵੀ ਲਾਇਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਸੋਸ਼ਲ ਮੀਡੀਆ ਟੀਮ ਵੱਲੋਂ ਵੀ ਉਸ ਖਿਲਾਫ ਕਈ ਤਰ੍ਹਾਂ ਦੀਆਂ 'ਪੋਸਟਾਂ' ਪਾਈਆਂ ਗਈਆਂ ਸਨ। ਅਕਾਲੀ ਨੇਤਾਵਾਂ ਦੀਆਂ ਖਬਰਾਂ ਅਖਬਾਰੀ ਅਤੇ ਬਿਜਲਈ ਮੀਡੀਆ ਦਾ ਹਿੱਸਾ ਬਣੀਆਂ ਸਨ। ਇਸ ਪੁਲਿਸ ਅਧਿਕਾਰੀ ਨੇ ਵੀ ਅਕਾਲੀ ਨੇਤਾਵਾਂ ਨੂੰ ਸੋਸ਼ਲ ਮੀਡੀਆ ਰਾਹੀਂ ਅਸਿੱਧੇ ਤੌਰ ਉਤੇ ਨਿਸ਼ਾਨਾ ਬਣਾਇਆ ਸੀ।

# ਮਨੀ ਲਾਂਡਰਿੰਗ ਖਿਲਾਫ ਯੂਰਪੀ ਯੂਨੀਅਨ ਦੀ ਮੁਹਿੰਮ

**ਬ੍ਰਸਲਜ਼:** ਯੂਰਪੀ ਯੂਨੀਅਨ ਦੇ ਵੱਡੇ ਦੇਸ਼ ਸਾਂਝੇ ਤੌਰ ਉਤੇ ਨਵੀਂ ਨਿਗਰਾਨ ਅਥਾਰਟੀ ਕਾਇਮ ਕਰਨ ਲਈ ਸਰਗਰਮ ਹੋ ਗਏ ਹਨ। ਇਹ ਏਜੰਸੀ ਵੱਖ ਵੱਖ ਦੇਸ਼ਾਂ ਵਿਚ ਕਾਲੇ ਧਨ ਨੂੰ ਚਿੱਟਾ ਬਣਾਉਣ (ਮਨੀ ਲਾਂਡਰਿੰਗ) ਦੇ ਮਾਮਲਿਆਂ ਨਾਲ ਦੇਸ਼ ਪੱਧਰ ਤੋਂ ਉਪਰ ਉਠ ਕੇ ਸਿੱਧੀ ਕਾਰਵਾਈ ਕਰ ਸਕੇਗੀ। ਜ਼ਿਕਰਯੋਗ ਹੈ ਕਿ ਯੂਰਪੀ ਯੂਨੀਅਨ ਦੇ ਬੈਂਕਾਂ ਵਿਚ ਮਨੀ ਲਾਂਡਰਿੰਗ ਦੇ ਅਨੇਕਾਂ ਮਾਮਲੇ ਸਾਹਮਣੇ ਆ ਰਹੇ ਹਨ। ਜਰਮਨੀ, ਫਰਾਂਸ, ਇਟਲੀ, ਸਪੇਨ, ਨੈਦਰਲੈਂਡਜ਼ ਅਤੇ ਲਾਤਵੀਆ ਨੇ ਸਾਂਝੇ ਬਿਆਨ ਵਿਚ ਕਿਹਾ ਹੈ ਕਿ 28 ਦੇਸ਼ਾਂ ਦੀ ਯੂਰਪੀ ਯੂਨੀਅਨ ਨੂੰ ਇਕ ਕੇਂਦਰੀ ਨਿਗਰਾਨ ਦੀ ਲੋੜ ਹੈ ਜੋ ਯੂਰਪੀ ਯੂਨੀਅਨ ਦੇ ਵਿੱਤੀ ਪ੍ਰਬੰਧ ਵਿਚ ਧਨ ਦੀ ਸਿੱਧੀ ਆਮਦ ਦੀ ਬੁਰਾਈ ਨਾਲ ਨਜਿੱਠ ਸਕੇ।

ਇਸ ਪਹਿਲਕਦਮੀ ਨੂੰ ਸ਼ੁਰੂ ਕਰਨ ਪਿੱਛੇ ਇਕ ਪਾਸੇ ਮੁੱਖ ਕਾਰਨ ਲਾਤਵੀਆ, ਮਾਲਟਾ ਅਤੇ ਸਾਈਪਰਸ ਵਿਚ ਮਨੀ ਲਾਂਡਰਿੰਗ ਦੇ ਮੁੱਦੇ ਉਤੇ ਯੂਰਪੀਅਨ ਵਿੱਤੀ ਸੰਸਥਾਵਾਂ ਵੱਲੋਂ ਕੀਤੀਆਂ ਜਾ ਰਹੀਆਂ ਹੜਤਾਲਾਂ ਹਨ ਅਤੇ ਦੂਜੇ ਪਾਸੇ ਬਾਲਟਿਕ ਅਤੇ ਉੱਤਰੀ ਯੂਰਪ ਦੇ ਵੱਡੇ ਬੈਂਕਾਂ ਵਿਚ ਰੂਸ ਦੇ ਵਿਚੋਂ ਗਲਤ ਤਰੀਕੇ ਨਾਲ ਇਕੱਤਰ ਕੀਤੀ ਹੋਈ ਅਰਬਾਂ ਯੂਰੋ ਦੀ ਰਾਸ਼ੀ ਜਮ੍ਹਾਂ ਹੋ ਰਹੀ ਹੈ। ਇਹ ਰਾਸ਼ੀ ਅਸਤੋਨੀਆ ਵਿਚ ਡਾਂਸਕੇ ਬੈਂਕ ਦੀ ਬਰਾਂਚ ਰਾਹੀਂ ਜਮ੍ਹਾਂ ਹੋਈ ਹੈ, ਜੋ ਕਿ ਯੂਰਪ ਵਿਚ ਮਨੀਲਾਂਡਰਿੰਗ ਦਾ ਸਭ ਤੋਂ ਵੱਡਾ ਸਕੈਂਡਲ ਮੰਨਿਆ ਜਾ ਰਿਹਾ ਹੈ। ਮਨੀਲਾਂਡਰਿੰਗ ਦੀ ਬੁਰਾਈ ਨਾਲ ਯੂਰਪੀ ਯੂਨੀਅਨ ਨੂੰ ਇਕਜੁੱਟ ਹੋ ਕੇ ਨਜਿੱਠਣ ਦੀ ਲੋੜ ਇਸ ਕਰਕੇ ਪਈ ਹੈ ਕਿਉਂਕਿ ਯੂਰਪੀ ਯੂਨੀਅਨ ਦੇ ਮੈਂਬਰ ਦੇਸ਼ ਆਪਣੇ ਪੱਧਰ 'ਤੇ ਇਸ ਨਾਲ ਨਜਿੱਠਣ ਵਿਚ ਨਾਕਾਮ ਰਹੇ ਹਨ।

# ਕਰਤਾਰਪੁਰ ਸਾਹਿਬ ਦਾ ਲਾਂਘਾ ਦੋ ਮੁਲਕਾਂ ਵਿਚਾਲੇ ਮੁਹੱਬਤ ਦਾ ਲਾਂਘਾ

**ਸ਼ਿਕਾਗੋ (ਬਿਊਰੋ):** "ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਣਾ ਅਸਲ 'ਚ ਦੋ ਮੁਲਕਾਂ ਵਿਚਾਲੇ ਮੁਹੱਬਤ ਦਾ ਲਾਂਘਾ ਖੁਲ੍ਹਣ ਵਾਂਗ ਹੈ। 1947 ਦੀ ਵੰਡ ਸਮੇਂ ਪਾਕਿਸਤਾਨ ਵਿਚ ਰਹਿ ਗਏ ਸਿੱਖ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਤੇ ਸੇਵਾ ਸੰਭਾਲ ਲਈ 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥' ਦੇ ਮਹਾਂਵਾਕ ਅਨੁਸਾਰ ਸਮੂਹ ਸਿੱਖ ਜਗਤ ਵਲੋਂ ਗੁਰੂਘਰਾਂ 'ਚ ਹੁੰਦੀਆਂ ਅਰਦਾਸਾਂ ਗੁਰੂ ਨਾਨਕ ਦੇ ਦਰ 'ਤੇ ਸੁਣੀਆਂ ਗਈਆਂ ਹਨ। ਇਨ੍ਹਾਂ ਵਿਚ ਸਤਿਕਾਰਯੋਗ ਸਵਰਗੀ ਜਥੇਦਾਰ ਸ. ਕੁਲਦੀਪ ਸਿੰਘ ਵਡਾਲਾ ਦੀਆਂ ਕੀਤੀਆਂ ਅਰਦਾਸਾਂ ਵੀ ਕੋਈ ਨਹੀਂ ਭੁੱਲ ਸਕਦਾ।



ਅਮਰੀਕ ਸਿੰਘ ਸ਼ਿਕਾਗੋ

ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਵਲੋਂ ਕੀਤੀਆਂ ਹਾਂ-ਪੱਖੀ ਕੋਸ਼ਿਸ਼ਾਂ ਅਤੇ ਸਿੱਖਾਂ ਦੇ 72 ਸਾਲਾਂ ਤੋਂ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਲਾਂਘਾ ਖੁਲ੍ਹਣ ਲਈ ਜਿਸ ਇਨਸਾਨ ਸ. ਨਵਜੋਤ ਸਿੰਘ ਸਿੱਧੂ ਦੀ ਕੋਸ਼ਿਸ਼ ਰੰਗ ਲਿਆਈ, ਉਨ੍ਹਾਂ ਦੀ ਇੱਕ ਮਿਲਣੀ ਇਤਿਹਾਸਕ ਹੋ ਨਿਬੜੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਫੌਜ ਦੇ ਜਨਰਲ ਬਾਜਵਾ ਨੇ ਉਹ ਕੁਝ ਕਰ ਦਿੱਤਾ, ਜਿਸ ਦੀ ਆਸ ਨਜ਼ਰ ਨਹੀਂ ਸੀ ਆਉਂਦੀ।"

ਇਹ ਵਿਚਾਰ ਪ੍ਰਗਟਾਉਂਦਿਆਂ ਸਥਾਨਕ ਅਕਾਲੀ ਆਗੂ ਅਮਰੀਕ ਸਿੰਘ ਸ਼ਿਕਾਗੋ ਨੇ ਸਮੂਹ ਸਿੱਖ ਜਗਤ ਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਣ ਦੀ ਵਧਾਈ ਦਿੰਦਿਆਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਵਰਗੀ ਕੁਲਦੀਪ ਸਿੰਘ ਵਡਾਲਾ ਤੇ ਨਵਜੋਤ ਸਿੰਘ ਸਿੱਧੂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬਾਬੇ ਨਾਨਕ ਦੀ ਮਿਹਰ ਹੀ ਹੈ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹ ਜਾਣ ਲਈ ਨਾਨਕ ਨਾਮ ਲੇਵਾ ਸੰਗਤ ਦੀਆਂ ਅਰਦਾਸਾਂ ਅਤੇ ਨਵਜੋਤ ਸਿੰਘ ਸਿੱਧੂ ਤੇ ਉਸ ਦੇ ਦੋਸਤ ਦੀ ਦੋਸਤੀ ਉਹ ਕੁਝ ਕਰ ਗਈ, ਜੋ 72 ਸਾਲਾਂ ਵਿਚ ਨਾ ਹੋ ਸਕਿਆ। ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਬਾਜਵਾ ਦੀਆਂ ਕੋਸ਼ਿਸ਼ਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਾਲਾਂਕਿ ਸ. ਸਿੱਧੂ ਨੂੰ ਇਸ ਦੀ ਕੀਮਤ ਆਪਣੀ ਮੰਤਰੀ ਦੀ ਕੁਰਸੀ ਗਵਾ ਕੇ ਚੁਕਾਉਣੀ ਪਈ, ਪਰ ਉਸ ਨੂੰ ਜੋ ਕੁਰਸੀ ਗੁਰੂ ਨਾਨਕ ਦੇ ਘਰ ਤੋਂ ਮਿਲੇਗੀ, ਉਹ ਆਉਣ ਵਾਲੇ ਸਮੇਂ ਵਿਚ ਸਭ ਦੇਖਣਗੇ। ਸਭ ਪਰਵਾਸੀ ਪੰਜਾਬੀ ਇਹ ਸੁਜੱਗ ਯਤਨ ਸਦਾ ਦਿਲ ਵਿਚ ਵਸਾ ਕੇ ਰੱਖਣਗੇ।

ਅਮਰੀਕ ਸਿੰਘ ਸ਼ਿਕਾਗੋ ਨੇ ਕਿਹਾ ਕਿ ਸਾਨੂੰ ਸਭ ਨੂੰ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਅਰਦਾਸ ਵੀ ਕਰਨੀ ਚਾਹੀਦੀ ਹੈ ਕਿ ਬਾਬਾ ਨਾਨਕ ਦੋਹਾਂ ਦੇਸ਼ਾਂ ਦੇ ਰਿਸ਼ਤੇ ਇਸ ਤਰ੍ਹਾਂ ਦੇ ਕਰ ਦੇਣ, ਜਿੱਥੇ ਐਟਮ ਬੰਬਾਂ ਦੀ ਨਹੀਂ, ਪਿਆਰ-ਮੁਹੱਬਤ ਦੀਆਂ ਗਲਵੱਕੜੀਆਂ ਦੀ ਉਡੀਕ ਹੋਵੇ ਤੇ ਐਟਮ ਬੰਬਾਂ ਵਾਲਾ ਪੈਸਾ ਗਰੀਬ ਜਨਤਾ 'ਤੇ ਖਰਚ ਹੋ ਕੇ ਦੋਹਾਂ ਦੇਸ਼ਾਂ ਨੂੰ ਗੁਰਬਤ ਤੋਂ ਨਿਜਾਤ ਦਿਵਾਉਣ 'ਤੇ ਲੱਗੇ; ਕੋਈ ਭੁੱਖਾ ਨਾ ਸੌਂਵੇ ਤੇ ਕੋਈ ਕਿਸਾਨ ਖੁਦਕੁਸ਼ੀ ਕਰਨ ਦੀ ਨਾ ਸੋਚੇ। ਉਨ੍ਹਾਂ ਕਿਹਾ ਕਿ ਸਾਨੂੰ ਸਿੱਖ ਭਾਈਚਾਰੇ ਅਤੇ ਪਰਵਾਸੀ ਪੰਜਾਬੀਆਂ ਨੂੰ ਅਜਿਹੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ, ਜਿਸ ਨਾਲ ਮੁਹੱਬਤ ਦਾ ਇਹ ਲਾਂਘਾ ਕਦੇ ਬੰਦ ਨਾ ਹੋਵੇ, ਸਗੋਂ ਬਾਕੀ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰਿਆਂ ਲਈ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਪਾਕਿਸਤਾਨ ਵਾਸੀਆਂ ਨੂੰ ਵੀ ਭਾਰਤ ਆਉਣ-ਜਾਣ ਦੀ ਖੁੱਲ੍ਹ ਦੇਵੇ ਤਾਂ ਜੋ ਉਹ ਆਪਣੇ ਅਸਥਾਨਾਂ ਦੇ ਦਰਸ਼ਨ ਕਰ ਸਕਣ।






# ਕਰਤਾਰਪੁਰ ਲਾਂਘੇ ਦੇ ਨੀਂਹ-ਪੱਥਰ ਉਤੇ ਪੰਜਾਬੀ ਭਾਸ਼ਾ ਦੀ ਅਣਹੋਂਦ

ਇਹ ਕਿੰਨੀ ਮੰਦਭਾਗੀ, ਅਫਸੋਸਜਨਕ ਅਤੇ ਸਨਸਨੀਖੇਜ ਗੱਲ ਹੈ ਕਿ ਕਰਤਾਰਪੁਰ ਦੇ ਲਾਂਘੇ ਦੇ ਨੀਂਹ-ਪੱਥਰ 'ਤੇ ਹਿੰਦੀ ਅਤੇ ਅੰਗਰੇਜ਼ੀ ਦੀ ਇਬਾਰਤ ਹੈ, ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕੀਤਾ ਗਿਆ ਹੈ। ਇਹ ਸਭ ਕੁਝ ਅਕਾਲ ਤਖਤ, ਅਕਾਲੀ ਦਲ ਅਤੇ ਪੰਜਾਬ ਸਰਕਾਰ ਦੇ ਨੱਕ ਹੇਠ ਹੋਇਆ ਹੈ। ਜਿਸ ਗੁਰੂ ਨੇ 'ਪੱਟੀ ਲਿਖੀ', ਬਾਣੀ ਵਿਚ ਪੰਜਾਬੀ ਦੇ ਪੈਂਤੀ ਅੱਖਰ ਵਰਤੇ, ਜਿਸ ਦੇ ਮੂਲਮੰਤਰ ਤੋਂ ਗੁਰੂ ਗ੍ਰੰਥ ਸਾਹਿਬ ਦਾ ਅਰੰਭ ਹੋਇਆ ਤੇ ਜਿਸ ਦੀ ਫਿਲਾਸਫੀ ਨੇ ਸਿੱਖ ਧਰਮ ਦੀ ਨੀਂਹ ਰੱਖੀ, ਉਸ ਗੁਰੂ ਦੇ ਘਰ ਨੂੰ ਜਾਂਦੇ ਲਾਂਘੇ ਦੇ ਉਦਘਾਟਨ ਦੇ ਨੀਂਹ-ਪੱਥਰ 'ਤੇ ਪੰਜਾਬੀ ਦਾ ਨਾਂ-ਥਾਂ ਹੀ ਨਹੀਂ!

ਕੀ ਅਕਾਲ ਤਖਤ ਦੇ ਜਥੇਦਾਰ, ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਤੇ ਮੰਤਰੀਆਂ ਦੇ ਧਿਆਨ ਵਿਚ ਨਾ ਆਇਆ ਕਿ ਉਨ੍ਹਾਂ ਦੇ ਸਾਹਮਣੇ ਐਡੀ ਵੱਡੀ ਖੁਨਾਮੀ ਹੋ ਰਹੀ ਹੈ?

ਸਿੱਖ ਜਗਤ ਲਈ ਇਹ ਬੇਹਦ ਹੇਠੀ ਵਾਲੀ ਗੱਲ ਹੈ। ਸਿੱਖ ਜਗਤ ਨੂੰ ਇਸ ਅਣਗਹਿਲੀ ਅਤੇ ਭੁੱਲ ਦਾ ਹਿਸਾਬ-ਕਿਤਾਬ ਮੰਗਣਾ ਚਾਹੀਦਾ ਹੈ। ਵਿਦੇਸ਼ਾਂ ਵਿਚ ਬਣੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਇਸ ਦਾ ਨੋਟਿਸ ਲੈ ਕੇ ਜਿੰਮੇਵਾਰ ਅਦਾਰਿਆਂ ਤੋਂ ਪੁਛ-ਪੜਤਾਲ ਕਰਨੀ ਚਾਹੀਦੀ ਹੈ। ਖਾਸ ਕਰਕੇ ਪੰਜਾਬੀ ਲੇਖਕਾਂ ਅਤੇ ਸੰਸਥਾਵਾਂ ਨੂੰ ਇਸ ਘੋਰ ਅਵੱਗਿਆ ਵਿਰੁਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

*-ਡਾ. ਗੁਰੁਮੇਲ ਸਿੱਧੂ*


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
**Ph: (408) 737-7100**
Fax: (408)737-7102 www.homeopathicvibes.com
*We sell and ship homeopathic remedies through out North America.*

**Gas Station with Convenience Store For Sale**

Sunoco Aplus Gas Station with Convenience store (business only) for IMMEDIATE sale in Chester. PA. The store is very busy & located at a busy intersection.

The owner is absentee owner & has employees to operate 24 hours a day. Very high volume (1.2M gallons/year) of gas & in-store grocery sales (1M).

Asking $550,000 plus Inventory.
Serious inquiries only.

**Please contact at 317-509-7163**

Note: Please do not contact any employee at the store.

**ਗੈਸ ਸਟੇਸ਼ਨ ਤੇ ਕਨਵੀਨੀਐਂਸ ਸਟੋਰ ਵਿਕਾਊ ਹੈ**

ਚੈਸਟਰ, ਪੈਨਸਿਲਵੇਨੀਆ ਵਿਚ ਸੁਨੋਕੋ ਏ-ਪਲੱਸ ਗੈਸ ਸਟੇਸ਼ਨ ਅਤੇ ਕਨਵੀਨੀਐਂਸ ਸਟੋਰ (ਸਿਰਫ ਬਿਜਨਸ) ਫੌਰੀ ਤੌਰ 'ਤੇ ਵਿਕਾਊ ਹੈ। ਸਟੋਰ ਬਿਜ਼ੀ ਇੰਟਰਸੈਕਸ਼ਨ 'ਤੇ ਹੈ ਅਤੇ ਬਹੁਤ ਹੀ ਬਿਜ਼ੀ ਹੈ।
ਮਾਲਕ ਐਬਸੈਂਟੀ ਓਨਰ ਹੈ ਅਤੇ ਗੈਸ ਸਟੇਸ਼ਨ 24 ਘੰਟੇ ਮੁਲਾਜ਼ਮ ਚਲਾਉਂਦੇ ਹਨ। ਬਹੁਤ ਹਾਈ ਵਾਲਿਊਮ (1.2 ਮਿਲੀਅਨ ਗੈਲਨ ਸਾਲਾਨਾ) ਅਤੇ ਇਨ-ਸਟੋਰ ਸੇਲ ਗਰੌਸਰੀ ਸੇਲ (ਇਕ ਮਿਲੀਅਨ)

ਕੀਮਤ: $550,000 + ਗਰੌਸਰੀ
ਸਿਰਫ ਗੰਭੀਰ ਗਾਹਕ ਹੀ ਸੰਪਰਕ ਕਰਨ
**ਫੋਨ: 317-509-7163**

44-46

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

**ਜਗਤ ਜਲੰਦੇ ਨੂੰ ਤਾਰਨ ਲਈ, ਵਹਿਮਾਂ-ਭਰਮਾਂ 'ਚੋਂ ਕੱਢ ਕੇ ਸੱਚ ਹੱਕ ਦਾ ਹੋਕਾ ਦੇ ਕੇ ਜਗਾਉਣ ਆਈ ਨਿਰੰਕਾਰੀ ਜੋਤ**

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ



**ਜੁਗਰਾਜ ਸਿੰਘ ਸਹੋਤਾ**
ਪ੍ਰਧਾਨ, ਯੁਨਾਈਟਿਡ ਸਪੋਰਟਸ ਕਲੱਬ,
ਕੈਲੀਫੋਰਨੀਆ



**ਨਰਿੰਦਰ ਸਿੰਘ ਸਹੋਤਾ**
ਜੁਆਇੰਟ ਫਾਈਨਾਂਸ ਸੈਕਟਰੀ
ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

**J & N Petroleum Inc.**
**Sahota Petroleum Inc.**

# ਗਾਖਲ ਭਰਾਵਾਂ ਅਤੇ ਸਮੂਹ ਪਰਿਵਾਰ ਵਲੋਂ

ਕੁਲ ਲੋਕਾਈ ਨੂੰ ਪ੍ਰਥਮ ਪਾਤਸ਼ਾਹ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ**

**550ਵੇਂ ਪ੍ਰਕਾਸ਼ ਪੁਰਬ**


ਅਤੇ ਕਰਤਾਰਪੁਰ ਸਾਹਿਬ ਦਾ

ਲਾਂਘਾ ਖੁੱਲ੍ਹਣ ਦੀ

# ਲੱਖ ਲੱਖ ਵਧਾਈ ਹੋਵੇ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

# A & I Transport Inc.

A&I WATSONVILLE, CA.

123 E Lee Rd Watsonville, CA Ph: 831-763-7805

A&I WATSONVILLE, CA.

# ਸਿੱਖੀ ਦੀ ਆਨ ਤੇ ਸ਼ਾਨ

ਕੌਫੀ ਟੇਬਲ ਪੁਸਤਕਾਂ ਮੁੱਖ ਤੌਰ 'ਤੇ ਕੌਫੀ ਟੇਬਲਾਂ ਦੇ ਸ਼ਿੰਗਾਰ ਲਈ ਹੁੰਦੀਆਂ ਹਨ। ਇਨ੍ਹਾਂ 'ਤੇ ਸਿਰਫ ਨਜ਼ਰ ਮਾਰੀ ਜਾਂਦੀ ਹੈ; ਤਸਵੀਰਾਂ ਦੀ ਭਰਮਾਰ ਕਾਰਨ ਪੜ੍ਹਨ ਲਈ ਬਹੁਤਾ ਕੁਝ ਨਹੀਂ ਹੁੰਦਾ। ਤਸਵੀਰਾਂ ਨਾਲ ਜੋ ਜਾਣਕਾਰੀ ਦਿੱਤੀ ਗਈ ਹੁੰਦੀ ਹੈ, ਉਹ ਵੀ ਸਰਸਰੀ ਕਿਸਮ ਦੀ ਹੁੰਦੀ ਹੈ। 'ਸਿੱਖ ਹੈਰੀਟੇਜ: ਏ ਹਿਸਟਰੀ ਆਫ ਵੇਲਰ ਐਂਡ ਡਿਵੋਸ਼ਨ' (ਸਿੱਖ ਵਿਰਾਸਤ: ਸੂਰਮਗਤੀ ਤੇ ਸ਼ਰਧਾ ਦਾ ਇਤਿਹਾਸ) ਮੁਹਾਂਦਰੇ ਪੱਖੋਂ ਤਾਂ ਕੌਫੀ ਟੇਬਲ ਪੁਸਤਕ ਹੈ, ਪਰ ਸੁਭਾਅ ਪੱਖੋਂ ਕੁਝ ਵੱਖਰੀ ਹੈ। ਇਹ ਤਸਵੀਰਾਂ ਦੇ ਨਾਲ ਨਾਲ ਆਪਣੇ ਵਿਸ਼ੇ ਬਾਰੇ ਨਿੱਗਰ ਜਾਣਕਾਰੀ ਨਾਲ ਲੈਸ ਹੈ।

ਇਸ ਪੁਸਤਕ ਦਾ ਲੇਖਕ ਰਿਸ਼ੀ ਸਿੰਘ ਕੌਮਾਂਤਰੀ ਪੱਧਰ ਦਾ ਸਿੱਖ ਵਿਦਵਾਨ ਤੇ ਅਕਾਦਮੀਸ਼ਨ ਹੈ। ਉਹ ਪੰਜਾਬੀ ਅਤੇ ਅੰਗਰੇਜ਼ੀ ਤੋਂ ਇਲਾਵਾ ਫਾਰਸੀ, ਹਿੰਦੀ ਤੇ ਉਰਦੂ ਦਾ ਵੀ ਗਿਆਤਾ ਹੈ। ਇਹ ਬਹੁਭਾਸ਼ਾਈ ਮੁਹਾਰਤ ਉਸ ਦੀ ਲੇਖਣੀ ਦੀ ਜਿੰਦ-ਜਾਨ ਹੈ। ਸਿੱਖ ਵਿਰਸੇ ਦੀ ਸੁਹਜ-




ਸੁਰਿੰਦਰ ਸਿੰਘ ਤੇਜ

ਸੰਭਾਲ ਨਾਲ ਸਬੰਧਤ ਪ੍ਰਾਜੈਕਟਾਂ ਨਾਲ ਜੁੜਿਆ ਹੋਣਾ ਵੀ ਉਸ ਦੀ ਲੇਖਣੀ ਵਿਚੋਂ ਝਲਕਦਾ ਹੈ। ਅੰਗਰੇਜ਼ੀ ਸ਼ਬਦਾਂ ਦੀ ਸਹੀ ਚੋਣ ਅਤੇ ਸਿੱਖ ਬਿੰਬਾਵਲੀ ਦੀ ਸਹੀ ਵਿਆਖਿਆ ਇਸ ਪੁਸਤਕ ਨੂੰ ਅਕਾਦਮਿਕ ਪੁਖਤਗੀ ਬਖਸ਼ਦੀ ਹੈ।

ਤਸਵੀਰਾਂ ਉਘੇ ਫੋਟੋ ਕਲਾਕਾਰ ਸੰਦੀਪ ਸ਼ੰਕਰ ਦੀਆਂ ਹਨ। ਸੰਦੀਪ ਬੰਗਾਲੀ ਹੈ, ਪਰ ਪੰਜਾਬ ਦੇ ਸਿੱਖ ਭਾਈਚਾਰੇ ਨਾਲ ਉਸ ਦਾ ਮੋਹ ਚਾਰ ਦਹਾਕਿਆਂ ਤੋਂ ਵੀ ਪੁਰਾਣਾ ਹੈ। ਪੰਜਾਬ ਦੇ ਕਾਲੇ ਦਿਨਾਂ ਦੌਰਾਨ ਉਸ ਦੀਆਂ ਜੋ ਤਸਵੀਰਾਂ ਕੋਲਕਾਤਾ ਦੇ ਅੰਗਰੇਜ਼ੀ ਅਖਬਾਰ 'ਦਿ ਟੈਲੀਗ੍ਰਾਫ' ਵਿਚ ਛਪਦੀਆਂ ਰਹੀਆਂ ਸਨ, ਉਹ ਸੰਵੇਦਨਾਵਾਂ ਨੂੰ ਸਜੀਵ ਰੂਪ ਵਿਚ ਪੇਸ਼ ਕਰਨ ਦੀ ਕਲਾ ਦਾ ਪ੍ਰਮਾਣ ਸਨ। ਪੁਸਤਕ ਵਿਚਲੀਆਂ ਤਸਵੀਰਾਂ 'ਚ ਵੀ ਇਹੋ ਬਾਰੀਕਬੀਨੀ ਭਰਪੂਰ ਮਿਕਦਾਰ 'ਚ ਮੌਜੂਦ ਹੈ।

ਕਿਤਾਬ ਸਿੱਖ ਮਤ ਦੇ ਜਨਮ ਤੋਂ ਲੈ ਕੇ ਹੁਣ ਤਕ ਦੇ ਵਿਕਾਸ-ਵਿਗਾਸ ਦੀ ਗਾਥਾ ਤਸਵੀਰਾਂ ਦੀ ਮਦਦ ਨਾਲ ਪੇਸ਼ ਕਰਦੀ ਹੈ। ਮੁੱਖ ਬੰਦ ਤੇ ਭੂਮਿਕਾ ਤੋਂ ਇਲਾਵਾ ਇਸ ਦੇ ਚਾਰ ਅਧਿਆਇ ਹਨ। ਪਹਿਲਾ ਸਿੱਖ ਮਤ ਦੀ ਪੈਦਾਇਸ਼ ਤੇ ਉਭਾਰ ਬਾਰੇ ਹੈ; ਦੂਜਾ ਹਰਿਮੰਦਰ ਸਾਹਿਬ ਉਤੇ ਕੇਂਦ੍ਰਿਤ ਹੈ; ਤੀਜਾ ਤਖਤਾਂ ਦੇ ਇਤਿਹਾਸ ਤੇ ਮਹੱਤਵ ਨੂੰ ਬਿਆਨ ਕਰਦਾ ਹੈ ਅਤੇ ਚੌਥਾ ਕਿਲ੍ਹਿਆਂ ਤੇ ਗੜ੍ਹੀਆਂ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਾ ਹੈ। ਅਖੀਰ ਵਿਚ ਭਾਰਤ-ਪਾਕਿਸਤਾਨ ਅੰਦਰਲੇ ਅਹਿਮ ਗੁਰ-ਅਸਥਾਨਾਂ ਬਾਬਤ ਵੀ ਸੰਖੇਪ ਜਾਣਕਾਰੀ ਪੇਸ਼ ਕੀਤੀ ਗਈ ਹੈ।

ਪੁਸਤਕ ਦੀ ਭੂਮਿਕਾ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਲਿਖੀ ਹੈ। ਇਹ ਸਿੱਖੀ




***ਕੌਫੀ ਟੇਬਲ ਪੁਸਤਕ 'ਸਿੱਖ ਹੈਰੀਟੇਜ: ਏ ਹਿਸਟਰੀ ਆਫ ਵੇਲਰ ਐਂਡ ਡਿਵੋਸ਼ਨ' ਦਾ ਮੁਖੜਾ।***

ਦੇ ਉਦਗਮ, ਵਿਕਾਸ ਤੇ ਵਿਗਾਸ ਦਾ ਤੱਤ-ਸਾਰ ਪੇਸ਼ ਕਰਦੀ ਹੈ। ਭਾਰਤ ਵਿਚ ਇਸਲਾਮੀ ਹੁਕਮਰਾਨੀ ਦੀ ਆਮਦ ਤੇ ਇਸਲਾਮ ਦੇ ਪ੍ਰਸਾਰ ਤੋਂ ਹਿੰਦੂ ਮਤ ਨੂੰ ਉਪਜੀਆਂ ਚੁਣੌਤੀਆਂ ਦਾ ਹਵਾਲਾ ਦਿੰਦਿਆਂ ਇਹ ਭਗਤੀ ਲਹਿਰ ਦੇ ਉਭਾਰ ਦਾ ਜ਼ਿਕਰ ਕਰਦੀ ਹੈ। ਸ੍ਰੀ ਰਾਮਾਨੁਜ ਤੇ ਆਦਿ ਸ਼ੰਕਰਾਚਾਰੀਆ ਦੇ ਯਤਨਾਂ ਸਦਕਾ ਦੱਖਣ ਤੋਂ ਉਤਰ ਵੱਲ ਨੂੰ ਆਈ ਇਸ ਲਹਿਰ ਨੇ ਜਿਥੇ ਹਿੰਦੂ ਵਰਣ-ਵਿਵਸਥਾ ਨੂੰ ਖੋਰਾ ਲਾਇਆ, ਉਥੇ ਇਸਲਾਮ ਦੇ ਸਮਨੈਅਵਾਦੀ ਸਰੂਪ, ਖਾਸ ਕਰਕੇ ਸੂਫੀਵਾਦ ਦੇ ਹਿੰਦੋਸਤਾਨੀ ਧਰਤੀ 'ਤੇ ਪਨਪਣ-ਵਿਗਸਣ ਦਾ ਮੈਦਾਨ ਵੀ ਤਿਆਰ ਕੀਤਾ।

ਇਹ ਲਿਖਤ ਇਹ ਵੀ ਦੱਸਦੀ ਹੈ ਕਿ ਗੁਰੂ ਨਾਨਕ ਦੇਵ ਦੇ ਆਗਮਨ ਸਮੇਂ ਤਕ ਭਗਤੀ ਲਹਿਰ ਆਪਣਾ ਜਲੌਅ ਗੁਆ ਚੁਕੀ ਸੀ। ਹਿੰਦੂ ਸਮਾਜ ਕਰਮ-ਕਾਂਡੀ ਰਾਹ 'ਤੇ ਪਰਤ ਗਿਆ ਸੀ ਅਤੇ ਇਸਲਾਮ ਵੀ ਮੁਤੱਸਬ ਤੇ ਤੁਅੱਸਬ ਦੇ ਰਸਤੇ ਪੈ ਚੁਕਾ ਸੀ। ਅਜਿਹੇ ਆਲਮ ਵਿਚ ਗੁਰੂ ਨਾਨਕ ਦੇਵ ਨੇ 'ਨਾ ਕੋ ਹਿੰਦੂ, ਨਾ ਮੁਸਲਮਾਨ' ਦੇ ਨਾਅਰੇ ਰਾਹੀਂ ਧਰਮ ਦੀ ਥਾਂ ਇਨਸਾਨੀਅਤ ਨੂੰ ਤਰਜੀਹ ਦਾ ਪੈਗਾਮ ਦੁਨੀਆਂ ਨੂੰ ਦਿੱਤਾ। 'ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ' ਦਾ ਮੂਲ-ਮੰਤਰ ਇਸੇ ਪੈਗਾਮ ਦਾ ਹਿੱਸਾ ਸੀ। ਇਸੇ ਮੂਲ-ਮੰਤਰ ਸਦਕਾ ਕਿਰਤ ਤੇ ਸੇਵਾ ਦੇ ਸੰਕਲਪ, ਨਾਨਕ ਨਾਮਲੇਵੀਆਂ ਦੇ ਵਜੂਦ ਦਾ ਹਿੱਸਾ ਬਣੇ। ਇਨ੍ਹਾਂ ਸੰਕਲਪਾਂ ਤੇ ਅਕੀਦਿਆਂ ਦੀ ਬਦੌਲਤ ਹੀ ਅੱਜ ਸਿੱਖ ਭਾਈਚਾਰਾ ਦੁਨੀਆਂ ਦੇ ਸਭ ਤੋਂ ਪ੍ਰਭਾਵਸ਼ਾਲੀ ਤੇ ਪ੍ਰਭਾਵਕਾਰੀ ਧਾਰਮਿਕ ਭਾਈਚਾਰਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ।

ਚੇਤਨਾ ਦਾ ਉਕਾਬ: ਡਾ. ਯੋਗਰਾਜ ਦੀ ਕਿਤਾਬ 'ਚੇਤਨਾ ਦਾ ਉਕਾਬ: ਭਰਥਰੀ' ਬੜੀ ਅਹਿਮ ਹੈ। ਭਰਥਰੀ ਰਾਜੇ ਦੇ ਤਿਆਗ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ ਅਤੇ ਲੋਕ ਕਥਾਵਾਂ ਵਿਚ ਵੀ। ਅਸਲ ਕਿੱਸਾ ਕੀ ਸੀ, ਡਾ. ਯੋਗਰਾਜ ਨੇ ਆਪਣੀ ਕਿਤਾਬ ਰਾਹੀਂ ਇਸ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਨਾਲ ਹੀ ਉਨ੍ਹਾਂ ਨੇ ਉਸ ਵਿਸ਼ੇ ਨੂੰ ਹੱਥ ਪਾਇਆ, ਜਿਸ ਬਾਰੇ ਭਾਈ ਵੀਰ ਸਿੰਘ, ਬਾਵਾ ਬੁੱਧ ਸਿੰਘ ਤੇ ਧਨੀ ਰਾਮ ਚਾਤ੍ਰਿਕ ਪਹਿਲਾਂ ਹੀ ਲਿਖ ਚੁਕੇ ਹਨ।

'ਚੇਤਨਾ ਦਾ ਉਕਾਬ' ਭਾਵੇਂ ਬੁਨਿਆਦੀ ਤੌਰ 'ਤੇ ਅਕਾਦਮਿਕ ਕਵਾਇਦ ਹੈ, ਫਿਰ ਵੀ ਇਹ ਅਕਾਦਮਿਕ ਮਸ਼ਕਾਂ ਜਿਹੀ ਖੁਸ਼ਕ ਰਚਨਾ ਨਹੀਂ। ਇਸ ਵਿਚ ਭਰਥਰੀ ਹਰੀ ਵਲੋਂ ਮਾਲਵੇ (ਮੱਧ ਭਾਰਤ) ਦਾ ਰਾਜ ਸਿੰਘਾਸਨ ਤਿਆਗਣ ਦਾ ਬਿਰਤਾਂਤ ਇਤਿਹਾਸਕ ਸਿਧਾਂਤਾਂ ਤੇ ਪੈਮਾਨਿਆਂ ਮੁਤਾਬਕ ਪੇਸ਼ ਕੀਤਾ ਗਿਆ ਹੈ। ਨਾਲ ਹੀ ਭਗਤੀ ਤੇ ਵੈਰਾਗ ਪਰੰਪਰਾ ਨੂੰ ਉਸ ਦੀ ਦੇਣ ਦਾ ਵਿਖਿਆਨ ਸਹਿਜ ਤੇ ਸਰਲ ਢੰਗ ਨਾਲ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਤਤਕਾਲੀ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਭੂਮਿਕਾ ਵਿਚ ਲਿਖਿਆ ਹੈ, "ਭਰਥਰੀ ਦੇ ਤ੍ਰੈ-ਸ਼ਤਕਾਂ ਦਾ ਪੰਜਾਬੀ ਅਨੁਵਾਦ ਇਸ ਕਿਤਾਬ ਰਾਹੀਂ ਪਹਿਲੀ ਵਾਰ ਅਖੰਡ ਰੂਪ ਵਿਚ ਪੇਸ਼ ਕੀਤਾ ਗਿਆ ਹੈ।" ਇਹ ਇਸ ਕਿਤਾਬ ਦੀ ਅਹਿਮ ਪ੍ਰਾਪਤੀ ਹੈ।



***ਪੁਸਤਕ ਵਿਚ ਦਰਜ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਚਿੱਤਰ।***

ਗਾਂਧੀ ਜੈਅੰਤੀ: ਮਹਾਤਮਾ ਗਾਂਧੀ ਦੀ 150ਵੀਂ ਜੈਅੰਤੀ ਮੌਕੇ ਵੱਖ-ਵੱਖ ਪ੍ਰਕਾਸ਼ਨਾਵਾਂ ਵਿਚ ਪੜ੍ਹੀਆਂ ਰਚਨਾਵਾਂ ਤੋਂ ਇਹ ਪ੍ਰਭਾਵ ਪਕੇਰਾ ਹੋਇਆ ਕਿ ਜੱਗ ਚਾਨਣ ਕਰਨ ਵਾਲਿਆਂ ਵਿਚੋਂ ਬਹੁਤਿਆਂ ਦੇ ਆਪਣੇ ਘਰਾਂ ਦੇ ਚਿਰਾਗ ਰੌਸ਼ਨ ਨਹੀਂ ਹੁੰਦੇ। ਮਹਾਤਮਾ ਦੇ ਚਹੁੰ ਪੁੱਤਰਾਂ-ਹਰੀਲਾਲ, ਮਣੀਲਾਲ, ਰਾਮਦਾਸ ਤੇ ਦੇਵਦਾਸ ਵਿਚੋਂ ਕੋਈ ਵੀ ਆਪਣੇ ਪਿਤਾ ਦਾ ਖੁੱਲ੍ਹ ਕੇ ਪ੍ਰਸ਼ੰਸਕ ਨਹੀਂ ਰਿਹਾ। ਸਭ ਨੇ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ 'ਤੇ ਮਹਾਤਮਾ ਖਿਲਾਫ ਬਗਾਵਤ ਕੀਤੀ; ਉਸ ਉਤੇ ਪਿਤਾ ਵਾਲਾ ਧਰਮ ਨਾ ਨਿਭਾਉਣ ਅਤੇ ਤਾਨਾਸ਼ਾਹਾਂ ਵਾਂਗ ਪੇਸ਼ ਆਉਣ ਦੇ ਦੋਸ਼ ਲਾਏ। ਹਰੀਲਾਲ ਤੇ ਮਣੀਲਾਲ ਤਾਂ ਮਹਾਤਮਾ ਨੂੰ 'ਬਾ' (ਕਸਤੂਰਬਾ ਗਾਂਧੀ) ਨਾਲ ਜ਼ਿਆਦਤੀਆਂ ਦਾ ਦੋਸ਼ੀ ਵੀ ਦੱਸਦੇ ਰਹੇ। ਸਭ ਨੇ ਪਿਤਾ ਦਾ ਅਨੁਸਰਨ ਕਰਦਿਆਂ ਸਤਿਆਗ੍ਰਿਹਾਂ ਵਿਚ ਹਿੱਸਾ ਲਿਆ, ਜੇਲ੍ਹਾਂ ਕੱਟੀਆਂ, ਗੁਰਬਤ ਹੰਢਾਈ, ਪਰ ਅੰਤ ਪਿਤਾ ਦੀ ਅਸੂਲਪ੍ਰਸਤੀ ਖਿਲਾਫ ਵਿਦਰੋਹ ਕਰਦਿਆਂ ਪੱਛਮੀ ਤਰਜ਼ ਦੀ ਸਿੱਖਿਆ ਤੇ ਜੀਵਨ ਸ਼ੈਲੀ ਅਪਨਾਉਣੀ ਵਾਜਬ ਸਮਝੀ। ਹਰੀਲਾਲ ਨੇ ਪਹਿਲਾਂ 1906 ਅਤੇ ਫਿਰ 1911 ਵਿਚ ਪਿਤਾ ਨਾਲੋਂ ਨਾਤਾ ਤੋੜਿਆ, ਫਿਰ ਬਗਾਵਤ ਵਜੋਂ ਇਸਲਾਮ ਧਾਰਨ ਕਰਕੇ ਆਪਣਾ ਨਾਂ ਅਬਦੁੱਲਾ ਗਾਂਧੀ ਰੱਖ ਲਿਆ। ਚੰਦ ਮਹੀਨਿਆਂ ਬਾਅਦ ਮਾਂ ਦਾ ਆਖਾ ਮੰਨ ਕੇ ਭਾਵੇਂ ਉਸ ਨੇ ਆਰੀਆ ਸਮਾਜ ਰਾਹੀਂ 'ਘਰ ਵਾਪਸੀ' ਕਰਦਿਆਂ ਹੀਰਾਲਾਲ ਦੇ ਨਾਂ ਹੇਠ ਹਿੰਦੂ ਜਾਮਾ ਮੁੜ ਅਖਤਿਆਰ ਕਰ ਲਿਆ, ਪਰ ਪਿਤਾ ਦੇ ਘਰ ਕਦੇ ਨਹੀਂ ਪਰਤਿਆ।

ਉਸ ਵਲੋਂ 31 ਮਾਰਚ 1915 ਨੂੰ ਪਿਤਾ ਦੇ ਨਾਮ ਲਿਖਿਆ ਗਿਆ ਬਾਰਾਂ ਸਫਿਆਂ ਦਾ ਖਤ 'ਗਾਂਧੀ: ਐਨ ਇਲਸਟ੍ਰੇਟਿਡ ਬਾਇਓਗ੍ਰੈਫੀ' (ਰੋਲੀ ਬੁੱਕਸ) ਦਾ ਹਿੱਸਾ ਹੈ। ਇਹੋ ਖਤ ਜੋ ਅੰਗਰੇਜ਼ੀ ਹਫਤਾਵਾਰੀ 'ਆਊਟਲੁੱਕ' ਨੇ ਵੀ ਪ੍ਰਕਾਸ਼ਿਤ ਕੀਤਾ ਹੈ, ਦਰਸਾਉਂਦਾ ਹੈ ਕਿ ਹਰੀਲਾਲ ਦੇ ਮਨ ਵਿਚ ਪਿਤਾ ਪ੍ਰਤੀ ਕਿੰਨੇ ਗਿਲੇ-ਸ਼ਿਕਵੇ ਸਨ। ਉਸ ਨੂੰ ਪਿਤਾ ਦੀ ਅਸੂਲਪ੍ਰਸਤੀ ਪਿੱਛੇ ਦੰਭ ਨਜ਼ਰ ਆਉਂਦਾ ਸੀ। ਉਸ ਦਾ ਮੁੱਖ ਸ਼ਿਕਵਾ ਸੀ ਕਿ ਪਿਤਾ ਨੇ ਆਪਣੇ ਦੰਭ ਖਾਤਿਰ ਪੁੱਤਰਾਂ ਦਾ ਜੀਵਨ ਦਾਅ 'ਤੇ ਲਾ ਦਿੱਤਾ। ਹਰੀਲਾਲ, ਮਹਾਤਮਾ ਗਾਂਧੀ ਦੇ ਸਸਕਾਰ ਸਮੇਂ (ਹੁਣ ਵਾਲੇ) ਸ਼ਾਂਤੀ ਵਨ ਪਹੁੰਚਿਆ ਸੀ, ਪਰ ਉਸ ਸਮੇਂ ਉਹ ਨਸ਼ੇ 'ਚ ਏਨਾ ਧੁੱਤ ਸੀ ਕਿ ਕਿਸੇ ਨੇ ਉਸ ਨੂੰ ਪਛਾਣਿਆ ਹੀ ਨਹੀਂ। ਪਿਤਾ ਦੀ ਚਿਤਾ ਨੂੰ ਅੱਗ ਸਭ ਤੋਂ ਛੋਟੇ ਬੇਟੇ ਦੇਵਦਾਸ ਨੇ ਦਿਖਾਈ। ਕੌਮੀ ਆਜ਼ਾਦੀ ਤੋਂ ਕੁਝ ਸਮਾਂ ਬਾਅਦ ਦੇਵਦਾਸ ਗਾਂਧੀ 'ਹਿੰਦੁਸਤਾਨ ਟਾਈਮਜ਼' ਦਾ ਸੰਪਾਦਕ ਰਿਹਾ। ਬਤੌਰ ਸੰਪਾਦਕ ਉਸ ਦਾ ਜੋ ਕਾਰ-ਵਿਹਾਰ ਰਿਹਾ, ਉਸ ਦਾ ਕਿੱਸਾ ਨਾਮਵਰ ਪੱਤਰਕਾਰ ਐਸ. ਮੁਲਗਾਓਂਕਰ ਦੀ ਆਤਮ-ਕਥਾ ਦਾ ਹਿੱਸਾ ਹੈ।

ਮਹਾਤਮਾ ਦੇ ਫਲਸਫੇ ਅਤੇ ਅਸੂਲਪ੍ਰਸਤੀ ਨੂੰ ਪੁੱਤਰਾਂ ਨਾਲੋਂ ਪਰਿਵਾਰ ਦੀ ਤੀਜੀ-ਚੌਥੀ ਪੀੜ੍ਹੀ (ਮਨੂ ਗਾਂਧੀ, ਰਾਜਮੋਹਨ ਗਾਂਧੀ, ਗੋਪਾਲ ਕ੍ਰਿਸ਼ਨ ਗਾਂਧੀ, ਤੁਸ਼ਾਰ ਅਰੁਨ ਗਾਂਧੀ ਤੇ ਤਾਰਾ ਭੱਟਾਚਾਰੀਆ-ਗਾਂਧੀ) ਪਾਸੋਂ ਵੱਧ ਮਾਨਤਾ ਮਿਲੀ। ਅਜਿਹਾ ਸ਼ਾਇਦ ਇਸ ਕਰਕੇ ਹੋਇਆ, ਕਿਉਂਕਿ ਇਨ੍ਹਾਂ ਪੀੜ੍ਹੀਆਂ ਨੂੰ ਉਨ੍ਹਾਂ ਕਸ਼ਟਾਂ ਤੇ ਥੁੜ੍ਹਾਂ ਨਾਲ ਨਹੀਂ ਜੂਝਣਾ ਪਿਆ, ਜੋ ਮਹਾਤਮਾ ਦੀ ਅਸੂਲਪ੍ਰਸਤੀ ਕਾਰਨ ਉਸ ਦੀ ਪਤਨੀ ਤੇ ਪੁੱਤਰਾਂ ਦੀ ਜ਼ਿੰਦਗੀ ਦਾ ਅੰਗ ਰਹੀਆਂ।

---

**ਗੁਰਪੁਰਬ 'ਤੇ ਵਿਸ਼ੇਸ਼**

## ਨਾਨਕ ਦਾ ਡੇਰਾ

ਯਾਦ ਤੇਰੀ 'ਚ ਜੁੜ ਕੇ ਬਾਬਾ
ਜਦ ਪਿੱਛੇ ਟੁਰ ਜਾਨਾਂ,
ਘੁੱਗ ਵੱਸਦਾ ਡੇਰਾ ਉਹ ਤੇਰਾ
ਮਨ ਦੀ ਅੱਖੀਂ ਵੇਹਨਾਂ।
ਜਿੱਥੇ ਤਾਰ ਕੇ ਚਾਰੇ ਚੱਕ ਤੁਸੀਂ
ਆ ਡੇਰਾ ਸੀ ਲਾਇਆ,
ਕਿਰਤ ਕਰ ਖਾਣਾ, ਨਾਮ ਜਪਣਾ
ਵੰਡ ਛਕਣਾ ਸਿਖਾਇਆ।

ਤੱਕਿਆਂ ਮਨ ਨੂੰ ਠੰਡਕ ਪੈਂਦੀ
ਸ਼ਾਂਤੀ ਦਾ ਮੁਜੱਸਮਾ,
ਰੌਣਕਾਂ ਭਰਿਆ ਚਾਰ ਚੁਫੇਰਾ
ਨਿਰਾ ਪ੍ਰੇਮ ਦਾ ਚਸ਼ਮਾ।
ਅੰਮ੍ਰਿਤ ਵੇਲੇ, ਸਤਿਨਾਮ ਧੁੰਨ
ਵਿਚ ਹਵਾਵਾਂ ਤਰਦੀ,
ਕੇਹਾ ਅਲੌਕਿਕ ਨਜ਼ਾਰਾ ਬੱਝਦਾ
ਤਪਦੀ ਰੂਹ ਠਰਦੀ।

ਮਾਤ ਸੁਲੱਖਣੀ ਉਠ ਸੰਗਤਾਂ ਦੀ
ਹੱਥੀਂ ਸੇਵਾ ਕਰਦੀ,
ਦਰ 'ਤੇ ਆਏ ਲੋੜਵੰਦਾਂ ਦੀਆਂ
ਖਾਲੀ ਝੋਲੀਆਂ ਭਰਦੀ।
ਤੜਕੇ ਹਰਨਾਲੀ ਕਰਦਾ ਦਿੱਸੇਂ
ਪੈਲੀ ਵਾਹੁਣ ਨੂੰ ਜਾਂਦਾ,
ਕਿਤੇ ਤੂੰ ਨੱਕੇ ਮੋੜਦਾ ਪਿਆ ਏਂ
ਖੇਤ ਨੂੰ ਪਾਣੀ ਲਾਉਂਦਾ।

ਕਿਤੇ ਪੰਡਾਂ ਚੁੱਕ, ਚੁੱਕ ਸਿਰ 'ਤੇ
ਫਿਰੇਂ ਖਲਵਾੜੇ ਲਾਉਂਦਾ,
ਕਿਧਰੇ, ਗਾਹ ਪਾ ਫਲ੍ਹਿਆਂ ਦਾ
ਦਿੱਸੇਂ ਫਸਲ ਗਾਹੁੰਦਾ।
ਬਲਦਾਂ ਦੇ ਗਲ ਛਣਕਣ ਘੁੰਗਰੂ
ਅਨੰਦ ਅਨੋਖਾ ਆਉਂਦਾ,
ਜਦੋਂ ਤੂੰ 'ਤੱਤਾ ਤੱਤਾ' ਕਹਿ ਕੇ
ਸਾਵਾ, ਬੱਗਾ ਲਲਕਾਰੇਂ
ਗਾਨੀਆਂ ਦੀ ਛਣਕਾਹਟ ਵਿਚ
ਸਤਿਨਾਮ ਧੁੰਨ ਗੁੰਜ਼ਾਰੇ।

ਪੈਲੀ ਵਾਹ ਚੁੱਕ ਭਰੀ ਚਾਰੇ ਦੀ
ਹਰਨਾਲੀ ਅੱਗੇ ਲਾਈ,
ਜੱਗ ਦਾ ਤਾਰਨਹਾਰਾ ਚੱਲਿਆ
ਕਰਕੇ ਕਿਰਤ ਕਮਾਈ।
ਜਿਨ੍ਹਾਂ ਪੈਲੀਆਂ ਦੇ ਵਿਚ ਬਾਬਾ
ਹਲ ਤੂੰ ਕਦੀ ਚਲਾਏ,
ਖੁਸ਼ਬੋਈ, ਮੁੜ੍ਹਕੇ ਤੇਰੇ ਦੀ ਪਈ
ਅੱਜ ਤੱਕ ਉਥੋਂ ਆਏ।

ਫਿਜ਼ਾਵਾਂ ਅੰਦਰ ਸਤਿਨਾਮ ਦੀ
ਧੁੰਨ ਜਿਵੇਂ ਕੋਈ ਗਾਏ,
ਅੱਜ ਤੱਕ ਉਸ ਧੁੰਨ ਦੀ ਬਾਬਾ
ਪਈ ਪੌਣ ਭੁਲੇਖੇ ਪਾਏ।
ਕਿੰਨੇ ਭਾਗਾਂ ਵਾਲੀ ਉਹ ਧਰਤੀ
ਚਰਨ ਤੂੰ ਜਿੱਥੇ ਪਾਏ,
ਹੱਥੀਂ ਕਿਰਤ, ਕਮਾਈ ਕਰ ਕੇ
ਹੱਕ ਦੇ ਰਾਹ ਦਰਸਾਏ।

ਮਿਹਨਤ ਕਰਨੀ, ਨਾਮ ਜਪਣਾ,
ਵੰਡ ਵੰਡਾ ਰਲ ਖਾਣਾ,
ਤੁਹਾਡੇ ਦਰ ਸਨ ਸਾਰੇ ਬਰਾਬਰ
ਕੀ ਰੰਕ, ਕੀ ਰਾਣਾ।
ਸਭ ਦੀ ਸਾਂਝੀ ਥਾਂ ਬੈਠਣ ਲਈ
ਧਰਮਸਾਲ ਬਣਵਾਈ,
ਸੰਗਤ ਜਿੱਥੇ ਰਲ ਮਿਲ ਬਹਿ ਕੇ
ਜਪਦੀ ਨਾਮ ਖੁਦਾਈ।

ਸ਼ਾਮ, ਸਵੇਰੇ ਡੇਰੇ ਵੱਲ ਸੰਗਤਾਂ
ਬੰਨ੍ਹ ਵਹੀਰਾਂ ਆਵਣ,
ਤੇਰਿਆਂ ਚਰਨਾਂ ਦੀ ਛੋਹ ਪਾ ਕੇ
ਧੰਨ ਧੰਨ ਹੋ ਜਾਵਣ।
ਦੋਵੇਂ ਵੇਲੇ, ਨਿੱਤ ਨਾਮ-ਕਥੂਰੀ
ਦਰ ਸੀ ਤੇਰੇ ਵੰਡੀਂਦੀ,
ਸੇਵਾ-ਸਿਮਰਨ-ਦਯਾ, ਪ੍ਰੇਮ ਦੀ
ਦਾਤ ਸੀ ਸੰਗਤ ਥੀਂਦੀ।

ਕਰਮ-ਕਾਡਾਂ, ਵਹਿਮਾਂ-ਭਰਮਾਂ
ਤੋਂ ਨਿਜ਼ਾਤ ਦੁਆਈ,
ਬੁੱਤ ਖਾਨੇ, ਬੁੱਤ ਪੂਜਾ ਦੀ ਥਾਂ
ਇਕ ਦੀ ਬਾਂਹ ਫੜਾਈ।
ਜਾਤਾਂ-ਪਾਤਾਂ ਨੂੰ ਭੁੱਲ ਭੁਲਾ ਕੇ
ਸਾਰੇ ਇਕ ਥਾਂ ਬਹਿੰਦੇ,
ਮਿਲ ਕੇ ਲੰਗਰ ਤਿਆਰ ਕਰਦੇ
'ਕੱਠੇ ਬਹਿ ਛਕ ਲੈਂਦੇ।
ਅਤੁਟ, ਅਖੁਟ ਲੰਗਰ ਦੇ ਐਸੇ
ਪਰਵਾਹ ਸਨ ਚਲਾਏ,
ਅੱਜ ਤਾਈਂ ਪਿਆ ਵਰਤੇ ਬਾਬਾ
ਤੋਟ ਕਦੀ ਨਾ ਆਏ।

ਦੇਵੀ ਭਗਤ, ਲਹਿਣਾ ਜੀ ਜਦ
ਘੋੜੀ ਚੜ੍ਹ ਕੇ ਆਏ,
ਫੜ ਕੇ ਵਾਗ ਅਗਵਾਈ ਕੀਤੀ
ਬਾਬਾ ਕਰਮ ਕਮਾਏ।
ਲਹਿਣਾ ਲਹਿਣੇਦਾਰ ਚਾ ਕੀਤਾ
ਸਿਰ 'ਤੇ ਛਤਰ ਝੁਲਾਏ।
ਜਿਹੜਾ ਬੂਟਾ ਲਾ ਗਿਉਂ ਹੱਥੀਂ
ਮਹਿਕਾਂ ਪਿਆ ਫੈਲਾਏ,
ਤੇਰੀ ਉਸਤਿਤ ਸਿਖਿਆ ਬਾਬਾ
ਜਗਤ ਪਈ ਰੁਸ਼ਨਾਏ।

***-ਚੰਨ***
***ਫੋਨ: 908-788-8427***

## ਗੁਰੂ ਨਾਨਕ ਆਇਆ

ਅੰਮ੍ਰਿਤ ਵੇਲਾ ਦਿਨ ਪੁੰਨਿਆ ਦਾ
ਚੰਨ ਚਾਨਣੀ ਵੱਸਦੀ ਪਈ ਸੀ।
ਕੁਦਰਤ ਰਾਣੀ ਦੇਖ ਜਗਤ ਵਲ
ਨਿੱਕਾ ਨਿੱਕਾ ਹੱਸਦੀ ਪਈ ਸੀ।
ਅਰਸ਼ਾਂ ਤੋਂ ਇਕ ਜੋਤ ਇਲਾਹੀ
ਧਰਤੀ ਦੇ ਵਲ ਆ ਰਹੀ ਸੀ,
ਬਾਬੇ ਕਾਲੂ ਦੇ ਵਿਹੜੇ ਵੱਲ
ਹੌਲੀ ਹੌਲੀ ਜਾ ਰਹੀ ਸੀ।

ਤਲਵੰਡੀ ਦੀ ਧਰਤੀ ਉਤੇ
ਚੜ੍ਹ ਪਿਆ ਸੀ ਇਕ ਚੰਨ ਅਚਾਨਕ,
ਮਾਂ ਤ੍ਰਿਪਤਾ ਦੀ ਝੋਲੀ ਦੇ ਵਿਚ
ਆ ਬੈਠਾ ਸੀ ਸਤਿਗੁਰੂ ਨਾਨਕ।
ਦਾਈ ਦੌਲਤਾਂ ਤੱਕ ਬੱਚੇ ਨੂੰ
ਹੋ ਗਈ ਕੁਝ ਖਾਮੋਸ਼ ਜਿਹੀ ਸੀ,
ਖੁੱਲ੍ਹੀਆਂ ਅੱਖਾਂ, ਸੁੱਤੀ ਨਹੀਂ ਸੀ
ਪਰ ਲੱਗਦੀ ਮਦਹੋਸ਼ ਜਿਹੀ ਸੀ।

ਇੰਜ ਜਾਪੇ ਕੁਝ ਬੋਲਣ ਲੱਗੀ
ਜਿਹਬਾ ਉਸ ਦੀ ਰੁਕੀ ਹੋਈ ਸੀ,
ਹੱਥ ਉਸ ਦੇ ਜੁੜੇ ਹੋਏ ਸਨ
ਗਰਦਨ ਉਸ ਦੀ ਝੁਕੀ ਹੋਈ ਸੀ।
ਸੀਸ ਨਿਵਾ ਕੇ ਬਾਲਕ ਚੁਕ ਕੇ
ਮਾਂ ਤ੍ਰਿਪਤਾ ਦੀ ਝੋਲੀ ਪਾਇਆ,
ਤਲਵੰਡੀ ਵਿਚ ਪੈ ਗਿਆ ਰੌਲਾ
ਕਾਲੂ ਦੇ ਘਰ ਪੁੱਤਰ ਆਇਆ।

ਮਾਂ ਤ੍ਰਿਪਤਾ ਆਵਾਜ਼ ਸੂ ਦਿੱਤੀ
ਆ ਨਾਨਕੀ ਤੱਕ ਲੈ ਵੀਰਾ,
ਨਿੱਤ ਕਹਿੰਦੀ ਸੈਂ ਵੀਰਾ ਲੈਣੈ
ਆ ਹੁਣ ਆ ਕੇ ਚੱਕ ਲੈ ਵੀਰਾ।
ਭੈਣ ਨਾਨਕੀ ਦੌੜੀ ਆਈ
ਆ ਕੇ ਚੁੱਪ ਚੁੱਪੀਤੀ ਖੜ੍ਹ ਗਈ,
ਇੱਕ ਟੱਕ ਵੀਰ ਨੂੰ ਦੇਖੀ ਜਾਵੇ
ਸੁਰਤੀ ਦਸਮ ਦੁਆਰੇ ਚੜ੍ਹ ਗਈ।

ਮਾਂ ਤ੍ਰਿਪਤਾ ਵੀ ਤੱਕ ਪੁੱਤਰ ਨੂੰ
ਜਾਏ ਸਦਕੜੇ, ਜਾਵੇ ਵਾਰੇ,
ਅਰਸ਼ਾਂ 'ਤੇ ਪਏ ਆਰਤੀ
ਝੂਮ ਝੂਮ ਕੇ ਚੰਨ ਸਿਤਾਰੇ।
ਬਾਬਾ ਕਾਲੂ, ਚਾਚਾ ਲਾਲੂ
ਝੱਟ ਫੈਸਲਾ ਲਿਆ ਅਚਾਨਕ,
ਨਾਨਕੀ ਦਾ ਇਹ ਵੀਰ ਪਿਆਰਾ
ਨਾਮ ਇਹਦਾ ਵੀ ਰੱਖੀਏ ਨਾਨਕ।

ਨਿੱਕੜਾ ਨਾਨਕ ਤੱਕ ਬੇਬੇ ਨੂੰ
ਮੰਦ ਮੰਦ ਮੁਸਕਾਈ ਜਾਵੇ,
ਭੈਣ ਨਾਨਕੀ ਚੁਕ ਵੀਰੇ ਨੂੰ
ਘੁਟ ਘੁਟ ਗਲ ਨਾਲ ਲਾਈ ਜਾਵੇ।
ਕਿਹਾ ਨਾਨਕੀ ਮਾਂ ਤੇਰੇ ਘਰ
ਇਹ ਕਰਤਾ ਕਰਤਾਰ ਹੈ ਆਇਆ,
ਜੱਗ ਨੂੰ ਦਾਤਾਂ ਵੰਡਣ ਵਾਲਾ
ਖੁਦ ਦਾਤਾ ਦਾਤਾਰ ਹੈ ਆਇਆ।

ਵੀਰ ਮੇਰੇ ਨੇ ਦੁਨੀਆਂ ਦੇ ਲਈ
ਨਾਮ ਦਾ ਇਕ ਜਹਾਜ ਬਣਾਉਣਾ,
ਜੋ ਵੀ ਸ਼ਰਣ ਪ੍ਰਭੂ ਦੀ ਆਇਆ
ਭਵਸਾਗਰ ਤੋਂ ਪਾਰ ਲੰਘਾਉਣਾ।
ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ
ਚਹੁੰ ਕੁੰਟਾਂ ਨੇ ਸ਼ਬਦ ਅਲਾਇਆ,
ਜਾਹਰ ਪੀਰ ਜਗਤ ਗੁਰੂ ਬਾਬਾ
ਕਲਿ ਤਾਰਣ ਗੁਰੂ ਨਾਨਕ ਆਇਆ।

ਨਜ਼ਰ ਮਿਹਰ ਦੀ ਕਰਕੇ ਸਤਿਗੁਰ
ਆਪਣੇ ਘਰ ਦੀ ਪ੍ਰੀਤ ਬਣਾ ਲੈ,
ਕਈ ਜਨਮਾਂ ਤੋਂ ਮਰੀ ਪਈ ਹਾਂ
ਹੁਣ ਮੈਨੂੰ 'ਸੁਰਜੀਤ' ਬਣਾ ਲੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

ੴ ੴ

ਸੁਣੀ ਪੁਕਾਰ ਦਾਤਾਰ ਪ੍ਰਭ
ਗੁਰ ਨਾਨਕ ਜਗ ਮਾਹਿੰ ਪਠਾਯਾ॥
ਚਰਨ ਧੋਇ ਰਹਿਰਾਸ ਕਰ
ਚਰਨਾਮ੍ਰਿਤ ਸਿੱਖਾਂ ਪੀਲਾਯਾ॥

# ਸਮੂਹ ਸੰਗਤਾਂ ਨੂੰ ਜਗਤ ਗੁਰੂ ਬਾਬਾ ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ




ਵਲੋਂ: ਤੀਰਥ ਗਾਖਲ (ਫੋਨ: 209-277-1661)
ਅਤੇ ਪਰਿਵਾਰ

# ਮਾਈਕਲਐਂਜਲੋ ਦੀ ਮੁਹਾਰਤ

**ਕਲਾ ਪਰਿਕਰਮਾ**

ਮਾਈਕਲਐਂਜਲੋ (Michelangelo Buonarroti) ਇਤਾਲਵੀ ਮੁੜ-ਸੁਰਜੀਤੀ ਲਹਿਰ ਦਾ ਇਕ ਹੋਰ ਮਹਾਨ ਕਲਾਕਾਰ ਸੀ ਜਿਸ ਦੀਆਂ ਸ਼ਾਹਕਾਰ ਰਚਨਾਵਾਂ ਵਿਚੋਂ ਡੇਵਿਡ, ਪੀਏਤਾ ਅਤੇ ਸਿਸਟਾਇਨ ਚੈਪਲ ਦੀ ਛੱਤ ਦੇ ਚਿੱਤਰ 'ਆਖਰੀ ਫਤਵਾ' (Last Judgment) ਸਨ। ਮਾਈਕਲਐਂਜਲੋ ਮੁੜ-ਸੁਰਜੀਤੀ ਲਹਿਰ ਦੇ ਬਹੁ-ਪਾਸਾਰੀ ਕਲਾਕਾਰ ਸਨ ਜੋ ਚਿੱਤਰਕਾਰੀ, ਮੂਰਤੀਕਲਾ, ਇਮਾਰਤਸਾਜ਼ੀ ਵਿਚ ਮੁਹਾਰਤ ਦੇ ਨਾਲ ਨਾਲ ਕਵੀ ਵੀ ਸਨ।

ਮੂਰਤੀਕਲਾ ਦੀ ਮੁਹਾਰਤ ਤੋਂ ਪਹਿਲਾਂ ਮਾਈਕਲਐਂਜਲੋ ਨੇ ਮੁਢਲੀ ਸਿਖਿਆ ਚਿੱਤਰਕਲਾ ਤੋਂ ਸ਼ੁਰੂ ਕੀਤੀ। ਮਾਈਕਲਐਂਜਲੋ ਦਾ ਜਨਮ 6 ਮਾਰਚ 1475 ਵਿਚ ਇਟਲੀ ਦੇ ਕੇਪ੍ਰੇਸੇ ਦੇ ਛੋਟੇ ਪਿੰਡ ਵਿਚ ਹੋਇਆ ਅਤੇ ਉਨ੍ਹਾਂ ਦੇ ਪਿਤਾ ਬੁਓਨਾਰ੍ਰੋਤਾ ਸਿਮੋਨੀ ਉਥੇ ਅਧਿਕਾਰੀ ਵਜੋਂ ਤਾਇਨਾਤ ਸਨ। ਮਾਈਕਲਐਂਜਲੋ ਭਾਵੇਂ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਰੋਮ ਵਿਚ ਹੀ ਰਹੇ ਪਰ ਉਹ ਅਕਸਰ ਆਪਣੇ ਆਪ ਨੂੰ ਫਲੋਰੈਂਸ ਵਾਸੀ ਸੱਦਦੇ ਸਨ ਕਿਉਂਕਿ ਬਾਲ ਉਮਰੇ ਉਨ੍ਹਾਂ ਦਾ ਪਰਿਵਾਰ ਫਲੋਰੈਂਸ ਵਿਚ ਰਹਿਣ ਲੱਗ ਗਿਆ ਸੀ। ਮਾਂ ਫ੍ਰਾਂਸਿਸਕਾ ਨੇਰੀ ਦੀ ਬਿਮਾਰੀ ਕਾਰਨ ਉਨ੍ਹਾਂ ਨੂੰ ਪੱਥਰ ਤਰਾਸ਼ਣ ਵਾਲੇ ਪਰਿਵਾਰ ਕੋਲ ਭੇਜ ਦਿਤਾ ਗਿਆ। ਸ਼ਾਇਦ ਬਾਅਦ ਵਿਚ ਇਹ ਉਨ੍ਹਾਂ ਲਈ ਬਾਲ-ਉਮਰੇ ਝਟਕੇ ਵਾਂਗ ਸੀ।



**ਰਣਦੀਪ ਮੱਦੋਕੇ**
ਫੋਨ: +91-98146-93368

ਮਾਈਕਲਐਂਜਲੋ ਕਹਿੰਦੇ ਹਨ, "ਮੈਂ ਆਪਣੀ ਦਾਈ ਦੇ ਦੁੱਧ ਦੇ ਨਾਲ ਨਾਲ ਛੈਣੀ ਅਤੇ ਹਥੌੜੇ ਨੂੰ ਵੀ ਚੁੰਘਿਆ ਜਿਸਨੇ ਮੇਰੀ ਸ਼ਖਸੀਅਤ ਘੜੀ।" ਮਾਈਕਲਐਂਜਲੋ ਨੂੰ ਸਕੂਲੀ ਪੜ੍ਹਾਈ ਨਾਲੋਂ ਨਜ਼ਦੀਕੀ ਗਿਰਜਿਆਂ ਵਿਚਲੇ ਚਿੱਤਰ ਦੇਖਣ ਦੀ ਬਹੁਤੀ ਰੁਚੀ ਸੀ। ਇਕ ਦਿਨ ਉਸ ਦੇ ਮੁਢਲੇ ਸਕੂਲ ਦੇ ਸੀਨੀਅਰ ਫ੍ਰਾਂਸਿਸਕੋ ਗ੍ਰਾਂਸਿਸੀ ਨੇ ਉਸ ਨੂੰ ਚਿੱਤਰਕਾਰ ਡੋਮੀਨੀਕੋ ਗਿਰਲਾਂਦਿਓ ਨਾਲ ਮਿਲਾਇਆ।

ਮਾਈਕਲਐਂਜਲੋ ਦੇ ਪਿਤਾ ਨੂੰ ਅੰਦਾਜ਼ਾ ਹੋ ਗਿਆ ਕਿ ਪਰਿਵਾਰਿਕ ਕਾਰੋਬਾਰ ਵਿਚ ਉਸ ਦੇ ਪੁੱਤਰ ਦੀ ਕੋਈ ਦਿਲਚਸਪੀ ਨਹੀਂ ਹੈ, ਇਸ ਲਈ ਉਸ ਨੂੰ 13 ਸਾਲ ਦੀ ਉਮਰ ਵਿਚ ਡੋਮੀਨੀਕੋ ਗਿਰਲਾਂਦਿਓ ਦੀ ਕਾਰਜਸ਼ਾਲਾ ਵਿਚ ਕਲਾ ਦੀ ਸਿਖਲਾਈ ਲੈਣ ਲਈ ਭੇਜ ਦਿੱਤਾ ਗਿਆ ਜਿਥੇ ਉਨ੍ਹਾਂ ਕੰਧ ਚਿੱਤਰਾਂ ਦੀਆਂ ਵਖ-ਵਖ ਸ਼ੈਲੀਆਂ ਦੀ ਤਕਨੀਕੀ ਮੁਹਾਰਤ ਹਾਸਿਲ ਕੀਤੀ। ਇਸ ਤੋਂ ਸਾਲ ਬਾਅਦ ਗਿਰਲਾਂਦਿਓ ਦੀ ਸ਼ਿਫਾਰਸ਼ 'ਤੇ ਉਹ ਫਲੋਰੈਂਸ ਦੇ ਰਾਜਘਰਾਣੇ ਲਾਰੈਂਜੋ ਡੀ ਮਿਡੀਸੀ ਕੋਲ ਕਲਾਸਕੀ ਮੂਰਤੀਕਲਾ ਸਿੱਖਣ ਚਲਾ ਗਿਆ। ਇਥੇ ਉਨ੍ਹਾਂ ਨੇ ਮਸ਼ਹੂਰ ਮੂਰਤੀਕਾਰ ਬਰਤੋਲਦੋ ਦੀ ਜੀਓਵਾਨੀ ਕੋਲੋਂ ਸਿਖਲਾਈ ਲਈ। ਇਹ ਵੱਡਾ ਮੌਕਾ ਸੀ ਜਿਥੇ ਉਸ ਨੂੰ ਫਲੋਰੈਂਸ ਦੇ ਕੁਲੀਨ ਵਰਗ ਵਿਚ ਵਿਚਰਨ ਅਤੇ ਮੁੱਖ ਕਵੀਆਂ, ਵਿਦਵਾਨਾਂ ਅਤੇ ਸਮਾਜ ਵਿਗਿਆਨੀਆਂ ਕੋਲੋਂ ਸਿਖਣ ਦਾ ਮੌਕਾ ਮਿਲਿਆ।



*ਮਾਈਕਲਐਂਜਲੋ ਦਾ ਚਿੱਤਰ।*

ਡੇਵਿਡ, ਪੀਏਤਾ ਅਤੇ ਸਿਸਟਾਇਨ ਚੈਪਲ ਦੀ ਛੱਤ ਦੇ ਚਿੱਤਰ 'ਆਖਰੀ ਫਤਵਾ' ਬਾਰੇ:


ਪੀਏਤਾ ਮਾਈਕਲਐਂਜਲੋ ਦੇ ਸ਼ਾਹਕਾਰਾਂ ਵਿਚੋ ਇਕ ਹੈ ਜਿਸ ਵਿਚ ਸੂਲੀ ਤੋਂ ਬਾਅਦ ਵਿਚ ਮਦਰ ਮੈਰੀ ਹਜ਼ਰਤ ਈਸਾ ਦੀ ਦੇਹ ਬੁੱਕਲ ਵਿਚ ਸੰਭਾਲੀ ਬੈਠੀ ਹੈ। ਇਹ ਮੂਰਤੀ ਜਿਥੇ ਸਿਰਜਣਾਤਮਿਕ ਯਥਾਰਥ ਪੱਖੋਂ ਅਨੂਠੀ ਹੈ, ਨਾਲੋ-ਨਾਲ ਭਾਵਨਾਤਮਿਕ ਅਹਿਸਾਸਾਂ ਦਾ ਬੇਮਿਸਾਲ ਪ੍ਰਗਟਾਵਾ ਹੀ ਨਹੀ ਸਗੋਂ ਤਕਨੀਕੀ ਪਖੋਂ ਸੰਗਮਰਮਰੀ ਮੂਰਤੀ ਤਰਾਸ਼ਣ ਦੇ ਸੂਖਮ ਸੁਹਜ ਦਾ ਆਹਲਾ ਨਮੂਨਾ ਹੈ। ਮਦਰ ਮੈਰੀ ਈਸਾ ਦੀ ਬੇਜਾਨ ਦੇਹ ਉਪਰ ਰਹੱਸਮਈ ਵੈਰਾਗ 'ਚ ਵਿੰਨ੍ਹੀ ਨਜ਼ਰ ਆਉਂਦੀ ਹੈ ਜਿਸ ਵਿਚ ਖੁਦਾਈ ਅਤੇ ਮਮਤਾ ਵਿਚਕਾਰ ਪਸਰੇ ਦਵੰਦ ਦਾ ਦਰਸ਼ਨ ਹੈ। ਧਰਮ ਅਤੇ ਸਿਆਸੀ ਗਠਜੋੜ ਵਿਚ ਗਹਿਰੇ ਗੁੰਦੇ ਹੋਏ ਸਮਾਜਿਕ, ਸਿਆਸੀ ਅਤੇ ਵਿਤੀ ਤਾਣੇਬਾਣੇ ਵਿਚ ਕਲਾਕਾਰ ਕੋਲ ਅਹਿਸਾਸਾਂ ਦੀ ਬਾਤ ਪਾਉਣ ਦੇ ਸੀਮਤ ਮੌਕਿਆਂ ਵਿਚ ਉਹ ਹਾਸਿਲ ਹਾਲਾਤ ਵਿਚ ਸਥਾਪਤੀ ਦੇ ਏਜੰਡੇ ਰਾਹੀਂ ਹੀ ਦਰਦ ਦੀ ਸੂਖਮ ਬਾਤ ਪਾਉਂਦਾ ਹੈ। ਇਸ ਕਿਰਤ ਵਿਚ ਜਿਥੇ ਕਲਾਕਾਰ ਮੂਰਤੀ ਕਲਾ ਦੀ ਤਕਨੀਕੀ ਮੁਹਾਰਤ, ਮਨੁੱਖੀ ਸਰੀਰ ਦੀਆਂ ਕੋਮਲ ਬਾਰੀਕੀਆਂ, ਕੱਪੜਿਆਂ ਦੀਆਂ ਸਿਲਵਟਾਂ ਨੂੰ ਪਥਰ ਵਿਚ ਜਿਸ ਕਦਰ ਬੁਣਦਾ ਹੈ ਕਿ ਦੇਖਣ ਵਾਲਾ ਅਸਚਰਜ ਹੋਏ ਬਿਨਾ ਨਹੀਂ ਰਹਿ ਸਕਦਾ।

ਡੇਵਿਡ ਦੀ ਮੂਰਤੀ ਮਾਈਕਲਐਂਜਲੋ ਦਾ ਇਕ ਹੋਰ ਕਲਾਤਮਿਕ ਅਜੂਬਾ ਹੈ। ਸਡੌਲ ਜੁੱਸੇ ਵਾਲੇ ਆਜੜੀ ਨੌਜਵਾਨ ਦੀ ਮੂਰਤ ਵਿਚ ਸਿਰਫ ਅਤੇ ਸਿਰਫ ਸਾਹਾਂ ਦੀ ਹੀ ਕਮੀ ਰੜਕਦਦੀ ਹੈ; ਬਾਕੀ ਮਨੁੱਖੀ ਸਰੀਰਕ ਯਥਾਰਥ ਪੱਖੋਂ ਕੋਈ ਕਮੀ ਕੱਢਣਾ ਨਾਮੁਮਕਿਨ ਹੈ। 14 ਫੁੱਟ ਉਚੀ ਇਹ ਆਦਮ-ਕੱਦ ਮੂਰਤੀ ਫਲੋਰੈਂਸ ਕੈਥੇਡਰਲ ਵਲੋਂ ਬਣਵਾਈ ਗਈ ਸੀ।

ਮਾਈਕਲਐਂਜਲੋ ਭਾਵੇਂ ਖੁਦ ਨੂੰ ਵਧੇਰੇ ਕਰਕੇ ਮੂਰਤੀਕਾਰ ਹੀ ਸਮਝਦੇ ਸਨ ਪਰ ਪੋਪ ਦੇ ਕਹਿਣ 'ਤੇ ਉਸ ਨੇ ਵੈਟੀਕਨ ਦੇ ਮਸ਼ਹੂਰ ਮਕਬਰੇ ਸਿਸਟਾਇਨ ਚੈਪਲ ਦੀ ਛੱਤ ਦੇ ਚਿੱਤਰ 'ਆਖਰੀ ਫਤਵਾ' ਦੀ ਸਿਰਜਣਾ ਵੀ ਕੀਤੀ ਜੋ ਮੂਰਤੀਕਾਰ ਹੋਣ ਦੇ ਨਾਲ-ਨਾਲ ਚਿੱਤਰਕਾਰ ਵਜੋਂ ਉਸ ਦੀ ਮਹਾਨ ਕਿਰਤ ਹੈ। ਇਹ ਚਿੱਤਰ ਇੰਨਾ ਵੱਡ ਆਕਾਰੀ ਹੈ ਕਿ ਕੋਈ ਵੀ ਇਸ ਦੇ ਚਿਤਰਨ ਬਾਰੇ ਅਚੰਭੇ ਵਿਚ ਪੈ ਜਾਂਦਾ ਹੈ। ਇਸ ਦੇ ਬਿਲਕੁਲ ਮਧ ਵਿਚ ਹਜ਼ਰਤ ਈਸਾ ਹੈ ਅਤੇ ਪੂਰੇ ਫੈਲਾਓ ਵਿਚ ਪੁਰਾਤਨ ਅੰਜੀਲ (Old Testment) ਦੀਆਂ ਮਿਥਹਾਸਿਕ ਕਹਾਣੀਆਂ ਦਾ ਚਿਤਰਨ ਹੈ।

ਇਸ ਮਹਾਨ ਚਿੱਤਰ ਨਾਲ ਬਹੁਤ ਸਾਰੀਆਂ ਮਿਥਾਂ ਵੀ ਜੁੜ ਗਾਈਆਂ ਹਨ। ਇਸ ਨੂੰ ਮਾਈਕਲਐਂਜਲੋ ਦਾ ਮਹਾਂ-ਘੁਟਾਲਾ ਵੀ ਕਿਹਾ ਗਿਆ ਕਿਉਂਕਿ ਇਹ ਚਿੱਤਰ ਪੂਰਵ ਤੋਂ ਚਲੇ ਆਉਂਦੇ ਧਾਰਮਿਕ ਵਿਸ਼ਵਾਸਾਂ ਨੂੰ ਚਿੱਤਰਨ ਦੇ ਸਥਾਪਿਤ ਪੈਮਾਨਿਆਂ ਦੇ ਉਲਟ ਅਤੇ ਬਹੁਤ ਹੀ ਚਲਾਕੀ ਨਾਲ ਇਸ ਦੇ ਖਿਲਾਫ ਗੁੱਝਾ ਵੀ ਹਮਲਾ ਸੀ। ਇਸ ਕਰਕੇ ਮਾਈਕਲਐਂਜਲੋ ਦੀ ਚੌਤਰਫਾ ਆਲੋਚਨਾ ਵੀ ਹੋਈ ਕਿਉਂਕਿ ਸਥਾਪਤੀ ਅਤੇ ਸਥਾਪਤ ਮਾਨਸਿਕਤਾ ਦੀਆਂ ਜ਼ੰਜੀਰਾਂ 'ਚ ਜਕੜੇ ਸਮਾਜ ਵਲੋਂ ਇਹ ਆਸਾਨੀ ਨਾਲ ਹਜ਼ਮ ਕਰਨ ਯੋਗ ਨਹੀਂ ਸੀ ਜਿਸ ਵਿਚ ਮਿਥਹਾਸਿਕ ਅਤੇ ਕਾਲਪਨਿਕ ਈਸਾਈ ਸੰਤਾਂ ਨੂੰ ਬੇਪਰਦ ਕਰ ਦਿੱਤਾ ਗਿਆ ਸੀ।

ਪੁਰਾਤਨ ਚਿਤਰਾਂ ਵਿਚ ਉਨ੍ਹਾਂ ਦੇ ਰੁਤਬੇ ਮੁਤਾਬਿਕ ਸਥਾਨ ਅਤੇ ਲਿਬਾਸ ਚਿੱਤਰੇ ਜਾਂਦੇ ਸਨ ਪਰ 'ਆਖਰੀ ਫਤਵਾ' ਵਿਚ ਮਾਈਕਲਐਂਜਲੋ ਨੇ ਬੜੀ ਚਲਾਕੀ ਨਾਲ ਉਨ੍ਹਾਂ ਸਭ ਦੇ ਲੀੜੇ ਲਾਹ ਦਿੱਤੇ। ਵਿਅੰਗਕਾਰ ਪੀਏਤਰੋ ਅਰੇਤਿਨੋ ਨੇ ਮਾਈਕਲਐਂਜਲੋ ਨੂੰ ਅਧਰਮੀ ਅਤੇ ਸਮਲਿੰਗੀ ਆਖ ਕੇ ਭੰਡਿਆ। ਬਾਅਦ ਵਿਚ ਧਰਮ ਦੇ ਠੇਕੇਦਾਰਾਂ ਨੇ ਕੁਝ ਮਿਥਿਹਾਸਕ ਪਾਤਰਾਂ ਨੂੰ ਛੱਡ ਕੇ ਬਾਕੀਆਂ ਦੇ ਨੰਗੇਜ਼ ਨੂੰ ਕੱਜਣ ਲਈ ਮਾਈਕਲਐਂਜਲੋ ਦੇ ਇਕ ਚੇਲੇ ਕੋਲੋਂ ਉਨ੍ਹਾਂ ਦੇ ਅੰਗਾਂ ਉਪਰ ਅੰਜੀਰ ਦੇ ਪੱਤਿਆਂ ਦਾ ਚਿੱਤਰਨ ਕਰਵਾਇਆ। ਇਸ ਚਿੱਤਰ ਦੀ ਮਹਾਨਤਾ ਦੇ ਨਾਲ-ਨਾਲ ਇਸ ਬਾਰੇ ਭਰਪੂਰ ਮਿਥਾਂ, ਭਰਮ-ਭੁਲੇਖੇ ਅਤੇ ਬਹਿਸਾਂ ਹਨ। ਇਹ ਵਰ੍ਹੇ ਮਾਈਕਲਐਂਜਲੋ ਅਤੇ ਉਸ ਦੀ ਕਲਾ ਦੇ 500ਵੀਂ ਸ਼ਤਾਬਦੀ ਵਰ੍ਹੇ ਹਨ। ਸਾਇੰਟੇਫਿਕ ਜਰਨਲ ਆਫ ਨਿਊਰੋਸਰਜਰੀ ਦੇ 2010 ਵਾਲੇ ਅੰਕ ਵਿਚ ਇਆਨ ਸੁਕ ਅਤੇ ਰਾਫੇਲ ਤਮਾਰਗੋ ਦੇ ਲਿਖੇ ਖੋਜ ਪੱਤਰ ਵਿਚ ਮਾਈਕਲਐਂਜਲੋ ਦੀਆਂ ਸਿਸਟਾਇਨ ਚੈਪਲ ਦੇ ਚਿੱਤਰਾਂ ਵਿਚ ਮਨੁੱਖੀ ਸਰੀਰ ਸੰਰਚਨਾ (Anatomy) ਬਾਰੇ ਅਸਾਧਾਰਨ ਸਮਝ ਬਾਰੇ ਲਿਖਿਆ ਗਿਆ ਹੈ ਅਤੇ ਇਸ ਨੂੰ ਖੁਦਾ ਤੇ ਮਨੁੱਖੀ ਦਿਮਾਗ ਦੇ ਮੁਕਾਬਲੇ ਵਜੋਂ ਦਰਸਾਇਆ ਗਿਆ ਹੈ। ਅੱਜ 500 ਸਾਲਾਂ ਬਾਅਦ ਕਲਾ ਇਤਿਹਾਸਕਾਰ, ਕਲਾ ਵਿਗਿਆਨੀ ਅਤੇ ਕਲਾ ਪ੍ਰੇਮੀ ਮਾਈਕਲਐਂਜਲੋ ਦੀਆਂ ਕਿਰਤਾਂ ਨੂੰ ਮਹਾਨ ਮਨੁੱਖੀ ਹਾਸਲ ਮੰਨਦੇ ਹਨ।



*ਸਿਸਟਾਇਨ ਚੈਪਲ ਦੀ ਛੱਤ ਦੇ ਚਿੱਤਰ 'ਆਖਰੀ ਫਤਵਾ'।*



*ਮਾਈਕਲਐਂਜਲੋ ਦੀ ਪੀਏਤਾ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਨਵੰਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-404



*ਕੀ ਹੋਇਆ ਜੇ ਵਰਦੀ ਖਾਖੀ, ਦਿਲ ਗੁਰਦਾ ਤਾਂ ਅੰਦਰ ਹੈ।*
*ਭੁੱਖੇ ਤਾਂਈਂ ਖਵਾਉਣੀ ਰੋਟੀ, ਨਹੀਂ ਪੂਜਾ ਦਾ ਮੰਦਿਰ ਹੈ?*
*ਢਿੱਡ ਪਾਲਣ ਲਈ ਸੱਚ ਜਾਣੋ, ਬਸ ਹੈਗੇ ਸਾਰੇ ਧੰਦੇ ਨੇ।*
*ਟੁੱਟੇ ਨਹੀਂ ਮਨੁੱਖਤਾ ਨਾਲੋਂ, ਪੁਲਿਸ ਵਾਲੇ ਵੀ ਬੰਦੇ ਨੇ।*

## ਕੈਪਸ਼ਨ ਮੁਕਾਬਲਾ-402



ਪੜ੍ਹਨ ਦੇ ਸ਼ੌਕ 'ਤੇ ਨਹੀਂ
ਕਿਸੇ ਫਿਰਕੇ ਦਾ ਅਧਿਕਾਰ।
ਵਿੱਦਿਆ ਜੋਤੀ ਜਗ ਕੇ
ਮਿਟਾਵੇ ਮਨ ਦਾ ਅੰਧਕਾਰ।
ਜੇ ਜਗਿਆਸਾ ਜਾਗਦੀ
ਨਾ ਹੀ ਕੋਈ ਸਮੇਂ ਦੀ ਟੋਕ।
ਨਾ ਅਮੀਰ, ਨਾ ਗਰੀਬ
ਨਾ ਮਜਹਬ ਹੀ ਸਕਦਾ ਰੋਕ।

*-ਸੇਵਾ ਸਿੰਘ ਨੂਰਪੁਰੀ*

---

ਹੱਟ ਗਿਆਨ ਦੀ ਹੋਈ ਮਹਿੰਗੀ
ਜਣੇ-ਖਣੇ ਦਾ ਵੱਸ ਨਾ ਜਾਵੇ।
ਪਰ ਲਗਨ ਨਾ ਟਲਦੀ ਟਾਲੀ
ਭਾਲ ਕੇ ਮੌਕਾ ਦਾਅ ਲਗਾਵੇ।
ਤਰਕੀਬਾਂ ਆਪੇ ਅਹੁੜਦੀਆਂ ਨੇ
ਭੁੱਖ ਗਿਆਨ ਦੀ ਜੇ ਸਤਾਵੇ।

*-ਜਗਮੀਤ ਸਿੰਘ ਪੰਧੇਰ, ਕੈਨੇਡਾ*
*ਫੋਨ: 431-887-7222)*

---

ਰਿਜ਼ਕ ਦੀ ਖਾਤਰ ਛੱਡਿਆ ਦੇਸ਼
ਬੋਲ, ਬਾਣੀ ਬਦਲ ਗਿਆ ਭੇਸ।
ਭਾਵੇਂ ਅੱਜ ਪਰਵਾਸੀ ਹਾਂ, ਮਜ਼ਦੂਰ
ਪੜ੍ਹ-ਲਿਖ ਪੰਜਾਬੀ, ਰਹਿਣਾ ਪੰਜਾਬ
ਕਰਾਂਗੇ ਲੀਡਰੀ, ਦਿਨ ਨਹੀਂ ਦੂਰ।

*-ਦਵਿੰਦਰ ਕੌਰ*

---

ਸੰਘਣੀ ਵਸੋਂ ਹੈ ਦੇਸ਼ ਮੇਰੇ ਦੀ
ਅੰਨ ਦਾ ਪੈ ਗਿਆ ਕਾਲ।
ਦਾਣੇ-ਦਾਣੇ ਨੂੰ ਤਰਸਣ ਲੋਕ
ਹੋ ਗਿਆ ਏ ਮੰਦਾ ਹਾਲ।
ਪੀ. ਏ. ਯੂ. ਲੁਧਿਆਣੇ ਦੀਆਂ ਖੋਜਾਂ
ਨਵੇਂ ਢੰਗ ਹਨ ਅਪਨਾਏ,
ਯੂ. ਪੀ. ਤੇ ਬਿਹਾਰ ਵਾਲਿਆਂ
ਆ ਸਾਡੇ ਹੱਥ ਵਟਾਏ।
ਨੀਲੇ-ਪੀਲੇ ਬਸਤਰ ਪਹਿਨੇ
ਜੋ ਸਿੱਖਾਂ ਲਈ ਹੈ ਖਾਸ,
ਵਿਚ ਪੰਜਾਬ ਦੇ ਬਣੇ ਪੰਜਾਬੀ
ਪੜ੍ਹਦੇ ਸਿੱਖ ਇਤਿਹਾਸ।

*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਇਕੋ ਦੇਸ਼ ਦੇ ਹੋ ਕੇ ਕਹਾਉਂਦੇ ਪਰਵਾਸੀ
ਕਾਮਾ ਜਾਤ ਮਜਹਬ ਤੋਂ ਹੈ ਆਜ਼ਾਦ
ਜਿਥੇ ਰਹਿਣਾ, ਉਹੀ ਹੈ ਘਰ
ਬੱਚੇ ਜਨਮੇ ਜਿਥੇ, ਉਹੀ ਹੈ ਮਾਤ-ਭੂਮੀ।
ਕੁਝ ਤਾਂ ਸਥਾਨਕ ਭੇਸ ਵਟਾਉਣਾ ਪਊ
ਪੜ੍ਹ ਲਿਖ ਹੋਵਣਗੇ ਗੁਣੀ
ਪੰਜਾਬ ਨੂੰ ਮੁੜ ਖੜ੍ਹਾ ਕਰੇਗੀ ਉਹ ਪੁਸ਼ਤ
ਕਹਾਉਣਗੇ ਇਹ ਸਭ ਪੰਜਾਬੀ
ਸੁਆਗਤ ਹੈ ਜੋ ਹੱਡ ਤੋੜਵੀਂ ਮਿਹਨਤ ਕਰਦੇ।

*-ਦਰਸ਼ਨਪਾਲ ਦੋਸਾਂਝ*

---

ਬੁੱਧ ਧਰਮ ਦਾ ਮੁੱਢ ਭਾਵੇਂ ਇਥੇ ਬੱਝਾ
ਪਰ ਇਹ ਨਾਮੁਰਾਦ ਜਾਤ-ਪਾਤ
ਛੂਆ-ਛਾਤ ਨਹੀਂ ਮੁੱਕੀ।
ਜਗੀਰੂ ਰਾਜ 'ਚ ਸਾਡੀ ਪੁਸ਼ਤ ਹੋਈ ਖਤਮ
ਨਾਨਕ ਦੀ 'ਉਜੜ ਜਾਓ' ਦੀ
ਵਿਚਾਰ ਸਾਰੇ 'ਤੇ ਢੁੱਕੀ।
ਪੰਜਾਬੀਆਂ ਨੇ ਵਸਾਇਆ ਕੈਨੇਡਾ
ਹੁਣ ਅਸੀਂ ਪੰਜਾਬ ਨੂੰ ਕੈਨੇਡਾ ਬਣਾਵਾਂਗੇ।
ਆਪਣੇ ਬੱਚਿਆਂ ਨੂੰ ਪੜ੍ਹਾ ਕੇ ਪੰਜਾਬੀ
ਖਾਲਸ ਪੰਜਾਬ ਰਾਜ ਚਲਾਵਾਂਗੇ।

*-ਅਮਰਜੀਤ ਸਿੰਘ ਤੂਰ, ਚੰਡੀਗੜ੍ਹ*
*ਫੋਨ: 91-98784-69639*

# ਤਾਰੀਫ-ਤਰੰਗਾਂ ਦੀ ਤਾਸੀਰ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮਸ਼ਹੂਰ ਹੋਣ ਤੇ ਮਹਾਨ ਹੋਣ ਵਿਚ ਫਰਕ ਦੱਸਿਆ ਸੀ, "ਮਸ਼ਹੂਰ ਹੋਣਾ ਬਹੁਤ ਅਸਾਨ, ਜਦੋਂ ਕਿ ਮਹਾਨ ਹੋਣਾ ਬਹੁਤ ਔਖਾ। ਵਿਅਕਤੀ ਚੰਗੇ ਕਾਰਜਾਂ ਕਰਕੇ ਵੀ ਮਸ਼ਹੂਰ ਹੋ ਸਕਦਾ ਜਾਂ ਮਾੜੇ ਕੰਮਾਂ ਕਰਕੇ ਵੀ।...ਮਹਾਨ ਲੋਕ ਸਦਾ ਸੱਚੇ, ਸਪੱਸ਼ਟ, ਸਮਝਦਾਰ, ਸਮਰਪਿਤ ਅਤੇ ਸਿਦਕ ਵਾਲੇ ਹੁੰਦੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਤਾਰੀਫ ਦੀ ਤਾਰੀਫ ਵਿਚ ਫੁਰਮਾਇਆ ਹੈ, "ਤਾਰੀਫ ਕਰਨ 'ਤੇ ਮਨ ਚਹਿਕਦਾ। ਮੁੱਖ 'ਤੇ ਖੇੜਾ, ਬੋਲਾਂ ਵਿਚ ਉਤਸ਼ਾਹ, ਕਦਮਾਂ ਵਿਚ ਚਾਅ।... ਤਾਰੀਫ ਉਹ ਹੁੰਦੀ, ਜੋ ਲੋਕ, ਸਾਥੀ ਜਾਂ ਸਮਾਜ ਕਰਦਾ, ਕਿਉਂਕਿ ਤੁਹਾਡੀ ਅਸਲੀਅਤ ਤਾਂ ਦੂਜਿਆਂ ਦੀ ਤੱਕੜੀ ਵਿਚ ਹੀ ਤੁਲਦੀ। ਵਿਅਕਤੀ ਖੁਦ ਤਾਂ ਹਮੇਸ਼ਾ ਪਾਸਕੂੰ ਹੀ ਰੱਖਦਾ। ਸੱਚੀ ਤਾਰੀਫ ਕਮਾਈ ਜਾਂਦੀ, ਮੁੱਲ ਨਹੀਂ ਮਿਲਦੀ।" ਉਹ ਸਾਵਧਾਨ ਕਰਦੇ ਹਨ, "ਤਾਰੀਫ ਦਾ ਮਿਆਰ ਇੰਨਾ ਨੀਂਵਾਂ ਵੀ ਨਾ ਹੋਵੇ ਕਿ ਇਹ ਚਮਚਾ-ਗਿਰੀ ਜਾਪੇ।...ਪਰ ਕਈ ਵਾਰ ਕੁਝ ਲੋਕ ਕਿਸੇ ਚੰਗੇ ਪੱਖ ਦੀ ਤਾਰੀਫ ਕਰਨ ਦੀ ਥਾਂ ਚੰਗੇ ਨੂੰ ਮਾੜਾ ਕਹਿਣ ਦੇ ਆਦੀ। ਸ਼ਾਇਦ ਉਨ੍ਹਾਂ ਦੇ ਮਨ ਵਿਚ ਕਿਸੇ ਦੇ ਉਪਰ ਉਠਣ ਦਾ ਤੌਖਲਾ ਹੁੰਦਾ, ਜੋ ਉਨ੍ਹਾਂ ਦੀ ਮਾਨਸਿਕ ਕਮਜ਼ੋਰੀ ਨੂੰ ਜੱਗ-ਜਾਹਰ ਕਰਦਾ।" -ਸੰਪਾਦਕ***

ਤਾਰੀਫ, ਉਸਤਤ, ਸ਼ਾਬਾਸ਼, ਸਿਫਤ, ਹੱਲਾਸ਼ੇਰੀ, ਹੌਂਸਲਾ-ਅਫਜ਼ਾਈ ਆਦਿ ਦੀ ਤਾਸੀਰ ਤੇ ਤਸ਼ਬੀਹ। ਬਹੁਤ ਥੋੜ੍ਹਾ ਅੰਤਰ। ਇਹ ਅਲਫਾਜ਼ ਕਿਸੇ ਵੀ ਚੰਗੇਰੇ ਕਾਰਜ ਦੇ ਅਰੰਭ ਜਾਂ ਪੂਰਨਤਾ ਲਈ ਸ਼ੁਭ। ਤਾਰੀਫ ਕਰਨਾ, ਉਸਾਰੂ ਸੋਚ ਦਾ ਪ੍ਰਗਟਾਅ। ਚੰਗੇ ਨੂੰ ਚੰਗਾ ਕਹਿਣ ਦਾ ਹੀਆ। ਸਿਫਤਿ-ਸਾਲਾਹ ਦਾ ਜੇਰਾ, ਕਿਸੇ ਦੀ ਪ੍ਰਾਪਤੀ ਨੂੰ ਨਤਮਸਤਕ। ਕਿਸੇ ਦੀਆਂ ਗੁਣਾਤਮਕ ਤੇ ਉਚਾਤਮਕ ਦੇਣਾਂ ਨੂੰ ਸਜਦਾ।

ਤਾਰੀਫ ਕਰਨਾ ਹਰੇਕ ਦੇ ਵੱਸ ਨਹੀਂ। ਚੰਗੀ ਭਾਵਨਾ ਵਾਲੇ ਹੀ ਤਾਰੀਫ ਕਰਦੇ। ਛੋਟੀ ਸੋਚ, ਹੀਣ-ਭਾਵਨਾ ਜਾਂ ਹੋਛੀ ਸਮਝ ਵਾਲੇ ਸਿਰਫ ਈਰਖਾ ਕਰਦੇ। ਬਦ-ਲੋਕ ਬਦਨਾਮੀ ਹੀ ਕਰ ਸਕਦੇ। ਉਹ ਮਨ 'ਚ ਕੁੜ੍ਹਦੇ, ਸੜਦੇ, ਭੁੱਜਦੇ ਅਤੇ ਅੰਦਰ ਨੂੰ ਸਾੜ ਕੇ ਰਾਖ ਕਰਦੇ। ਕਿਸੇ ਨਾਲ ਸਾੜਾ ਕਰਨ, ਬਦਖੋਈ ਕਰਨ ਜਾਂ ਨੀਵਾਂ ਦਿਖਾਉਣ ਦੀ ਥਾਂ ਜੇ ਅਸੀਂ ਉਪਰ ਉਠਾਂਗੇ, ਸੋਚ-ਸਮਝ ਨੂੰ ਸਮਿਆਂ ਦਾ ਹਾਣੀ ਬਣਾਉਣ ਵੰਨੀਂ ਪ੍ਰੇਰਿਤ ਕਰਾਂਗੇ ਤਾਂ ਅਸੀਂ ਖੁਦ ਉਪਰ ਉਠ ਕੇ, ਚੰਗੀ ਸੋਚ ਦਾ ਪ੍ਰਮਾਣ ਬਣ ਸਕਦੇ ਹਾਂ।

ਤਾਰੀਫ, ਤਰਫਦਾਰੀ ਨਹੀਂ ਹੋਣੀ ਚਾਹੀਦੀ। ਬਿਨਾ ਭੇਦ-ਭਾਵ, ਜਾਤ-ਪਾਤ, ਰੰਗ-ਨਸਲ, ਦੇਸ਼, ਧਰਮ ਦੇ ਹੋਵੇ। ਤਾਰੀਫ, ਸਿਰਫ ਤਾਰੀਫ ਹੁੰਦੀ, ਹੋਰ ਕੁਝ ਨਹੀਂ। ਤਾਰੀਫ, ਤੰਗ-ਦਿਲੀ ਸੌੜੀ ਸੋਚ, ਪਿਛਲੱਗ ਨਜ਼ਰੀਆ ਜਾਂ ਨਿੱਜ-ਵਲਗਣਾਂ ਤੋਂ ਪਾਰ। ਇਹ ਮਨੁੱਖਵਾਦੀ ਸੋਚ 'ਚੋਂ ਪਨਪਦੀ, ਫੈਲਦੀ ਤੇ ਮਹਿਕਾਂ ਖਿਲਾਰਦੀ।

ਤਾਰੀਫ ਕਰਨ ਲਈ ਤਾਰੀਫ ਦੇ ਯੋਗ ਹੋਣਾ ਜਰੂਰੀ। ਕਿਸੇ ਦੀ ਪ੍ਰਾਪਤੀ ਨੂੰ ਪੂਰਨ ਰੂਪ ਵਿਚ ਸਮਝ ਕੇ ਕੀਤੀ ਤਾਰੀਫ, ਹੌਸਲਾ-ਅਫਜ਼ਾਈ। ਨਵੇਂ ਸੁਪਨਿਆਂ ਦੀ ਸਾਹ-ਸਰਦਲ, ਤਮੰਨਾ ਭਰੀ ਤਾਂਘ, ਹੋਰ ਚੰਗਾ ਸਿਰਜਣ ਦਾ ਚਾਅ ਅਤੇ ਅਵਚੇਤਨ ਵਿਚ ਵੱਖਰਾ ਕਰਨ ਦੀ ਲੋਚਾ।

ਤਾਰੀਫ, ਮਨ-ਭਾਵਾਂ ਨੂੰ ਸਰਸ਼ਾਰ ਕਰਦੀ। ਸੁਹਜ ਤੇ ਸੂਖਮ ਤਰੰਗਾਂ ਵਿਚ ਰਾਗ-ਰਾਗਣੀ। ਆਤਮਕ ਰਸ 'ਚ ਵਲੀਨਤਾ। ਅੰਬਰ ਨੂੰ ਕਲਾਵੇ 'ਚ ਲੈਣ ਦੀ ਤਾਂਘ। ਪਰਬਤੀ ਟੀਸੀ 'ਤੇ ਚੜ੍ਹ ਕੇ ਸਮੁੱਚੀ ਕਾਇਨਾਤ ਨੂੰ ਨਿਹਾਰਨ ਦੀ ਲਾਲਸਾ। ਦਰਿਆ ਦੀਆਂ ਲਹਿਰਾਂ ਸੰਗ ਲਹਿਰ ਬਣਨ ਦਾ ਵਿਸਮਾਦ।

ਪੜ੍ਹਾਈ, ਖੇਡਾਂ ਜਾਂ ਕਲਾ ਖੇਤਰ ਵਿਚ ਪ੍ਰਾਪਤੀ ਸਮੇਂ ਬੱਚੇ ਦੀ ਤਾਰੀਫ ਜਰੂਰ ਕਰਨਾ। ਇਸ ਨਾਲ ਉਸ ਦੇ ਮਨ ਵਿਚ ਕੁਝ ਸੁਪਨੇ ਪੈਦਾ ਹੋਣਗੇ, ਜਿਨ੍ਹਾਂ ਦੀ ਪੂਰਤੀ, ਉਸ ਦਾ ਇਸ਼ਟ ਬਣ ਜਾਵੇਗਾ। ਉਹ ਕਰਮ-ਧਰਮ ਦਾ ਸਰੂਪ ਹੋਵੇਗਾ। ਅਜਿਹੇ ਸੁਪਨਿਆਂ ਵਿਚੋਂ ਹੀ ਵਿਸ਼ਵ ਪੱਧਰ ਦਾ ਭਵਿੱਖੀ ਖਿਡਾਰੀ, ਵਿਗਿਆਨੀ, ਕਲਾਕਾਰ, ਦੇਸ਼ ਭਗਤ ਜਾਂ ਰੋਲ-ਮਾਡਲ ਪੈਦਾ ਹੁੰਦਾ। ਉਹ 'ਵੱਡੇ ਸੁਪਨੇ ਲਓ' ਵਾਲੀ ਲਿਖਤ ਨੂੰ ਕਮਰੇ ਵਿਚ ਸਜਾਉਂਦਾ।

ਤਾਰੀਫ ਕਰਨ 'ਤੇ ਮਨ ਚਹਿਕਦਾ। ਮੁੱਖ 'ਤੇ ਖੇੜਾ, ਬੋਲਾਂ ਵਿਚ ਉਤਸ਼ਾਹ, ਕਦਮਾਂ ਵਿਚ ਚਾਅ। ਜਦ ਤਾਰੀਫ ਦੀ ਥਾਂ ਨਿੰਦਿਆ ਜਾਂ ਨੁਕਤਾਚੀਨੀ ਦਾ ਪੋਚਾ ਕੋਮਲ ਮਨ 'ਤੇ ਫੇਰਿਆ ਜਾਂਦਾ ਤਾਂ ਮਨ ਮੁਰਝਾਅ ਜਾਂਦਾ। ਨੈਣਾਂ ਵਿਚਲੇ ਸੁਪਨੇ ਸਹਿਕਣ ਲੱਗਦੇ ਤੇ ਕੁਝ ਵੀ ਚੰਗਾ ਨਾ ਲੱਗਦਾ। ਉਹ ਖੁਦ ਆਪਣੀਆਂ ਨਜ਼ਰਾਂ ਵਿਚ ਹੀਣਾ ਤੇ ਘਟੀਆ ਮਹਿਸੂਸ ਕਰਦਾ। ਇਹ ਅਹਿਸਾਸ ਕਈ ਵਾਰ ਉਸ ਦਾ ਭਵਿੱਖ ਧੁਆਂਖਦਾ। ਬੱਚੇ ਨੂੰ ਸਿਫਤ ਵਿਚੋਂ ਸੇਧ ਮਿਲ ਜਾਵੇ, ਊਣਤਾਈਆਂ ਦਾ ਗਿਆਨ ਹੋ ਜਾਵੇ ਅਤੇ ਇਨ੍ਹਾਂ ਦੀ ਪੂਰਤੀ ਕਰਨ ਦਾ ਅਹਿਸਾਸ ਹੋ ਜਾਵੇ ਤਾਂ ਬੱਚਾ ਨਵੇਂ ਹੌਂਸਲੇ, ਉਤਸ਼ਾਹ ਅਤੇ ਦਲੇਰੀ ਨਾਲ ਨਰੋਏ ਮਾਰਗ ਦੀ ਨਿਸ਼ਾਨਦੇਹੀ ਕਰਦਾ।

ਤਾਰੀਫ ਦੀ ਤਾਂਘ ਨਹੀਂ ਹੋਣੀ ਚਾਹੀਦੀ। ਸਿਰਫ ਤਾਰੀਫ ਲਈ ਹੀ ਕੀਤੇ ਕਾਰਜ ਦੇ ਕੋਈ ਅਰਥ ਨਹੀਂ। ਕੁਝ ਵਿਲੱਖਣ ਅਤੇ ਨਿਵੇਕਲਾ ਹੋਵੇਗਾ ਤਾਂ ਤਾਰੀਫ ਤਾਂ ਹੋਵੇਗੀ ਹੀ। ਤਾਰੀਫ ਦੀ ਆਸ ਪਾਲਣ ਵਾਲੇ ਫਿਰ ਬਹੁਤ ਨਿਰਾਸ਼ ਹੁੰਦੇ, ਜਦ ਕਿਆਸੀ ਤਾਰੀਫ ਨਾ ਮਿਲਦੀ।

ਤਾਰੀਫ ਨੂੰ ਤਕੀਆ-ਕਲਾਮ ਨਾ ਬਣਾਓ। ਲੋੜ ਅਨੁਸਾਰ ਤਾਰੀਫ ਕਰੋ। ਤਕੀਆ-ਕਲਾਮ ਬਣਾਇਆਂ ਤਾਰੀਫ, ਤਾਰੀਫ ਹੀ ਨਹੀਂ ਰਹਿੰਦੀ।

ਤਾਰੀਫ ਦਾ ਮਿਆਰ ਇੰਨਾ ਨੀਂਵਾਂ ਵੀ ਨਾ ਹੋਵੇ ਕਿ ਇਹ ਚਮਚਾ-ਗਿਰੀ ਜਾਪੇ। ਬੌਸ, ਅਮੀਰ ਵਿਅਕਤੀ ਜਾਂ ਨੇਤਾ ਦੀ ਤਾਰੀਫ ਸਿਰਫ ਚਮਚਾਗਿਰੀ। ਨਿੱਜੀ ਮੁਫਾਦ ਦਾ ਲੋਭ ਜਾਂ ਕੁਰਸੀ ਨੂੰ ਸਲਾਮ। ਕਪਟੀ ਤਾਰੀਫ ਵਿਚੋਂ ਸੁੱਚੇ ਅਰਥ ਕਿੰਜ ਤਲਾਸ਼ੋਗੇ?

ਤਾਰੀਫ, ਤਰਜਮਾਨੀ ਵੀ ਨਹੀਂ ਹੁੰਦੀ। ਹਰੇਕ ਪੱਖ ਦੀਆਂ ਸਿਫਤਾਂ ਹੀ ਸਿਫਤਾਂ। ਘਟੀਆ ਅਤੇ ਵਧੀਆ ਪੱਖ ਦੀਆਂ ਇਕੋ ਜਿਹੀਆਂ ਸਿਫਤਾਂ। ਅਜਿਹੀ ਤਰਜਮਾਨੀ ਬਹੁਤ ਘਾਤਕ।

ਇਕ-ਪਾਸੜ ਤਾਰੀਫ, ਨਾਂਹ-ਪੱਖੀ ਵਰਤਾਰਾ। ਵਿਅਕਤੀਤਵ ਵਿਕਾਸ ਰੁਕ ਜਾਂਦਾ। ਜੇ ਕਮੀਆਂ ਤੇ ਊਣਤਾਈਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਦੂਰ ਨਹੀਂ ਕਰਾਂਗੇ ਤਾਂ ਵਿਕਾਸ ਕਿੰਜ ਹੋਵੇਗਾ?

ਲਿਹਾਜ਼ਦਾਰੀ ਕਾਰਨ ਕੀਤੀ ਤਾਰੀਫ ਸਰਘੀ ਦੇ ਸੂਰਜ ਨੂੰ ਸ਼ਾਮ ਦੇ ਘੁਸਮੁੱਸੇ ਵਿਚ ਉਲਝਾਉਣਾ। ਕਿਸੇ ਸੰਸਥਾ, ਸਾਥੀ ਜਾਂ ਗਰੁਪ ਦੀ ਨੇੜਤਾ ਕਾਰਨ ਕੀਤੀ ਗਈ ਤਾਰੀਫ ਰਾਹ ਵਿਚ ਉਗੇ ਖੱਡੇ ਤੇ ਖਾਈਆਂ।

ਕਈ ਵਾਰ ਕੁਝ ਲੋਕ ਕਿਸੇ ਚੰਗੇਰੇ ਪੱਖ ਦੀ ਤਾਰੀਫ ਕਰਨ ਦੀ ਥਾਂ ਚੰਗੇ ਨੂੰ ਮਾੜਾ ਕਹਿਣ ਦੇ ਆਦੀ। ਸ਼ਾਇਦ ਉਨ੍ਹਾਂ ਦੇ ਮਨ ਵਿਚ ਕਿਸੇ ਦੇ ਉਪਰ ਉਠਣ ਦਾ ਤੌਖਲਾ ਹੁੰਦਾ, ਜੋ ਉਨ੍ਹਾਂ ਦੀ ਮਾਨਸਿਕ ਕਮਜ਼ੋਰੀ ਨੂੰ ਜੱਗ-ਜਾਹਰ ਕਰਦਾ।

ਤਾਰੀਫ ਇੰਨੀ ਕੁ ਹੀ ਕਰੋ, ਜਿਨ੍ਹਾਂ ਕਿਸੇ ਦਾ ਹੱਕ ਹੋਵੇ। ਰੂਸ ਦੇ ਵਿਦਵਾਨ ਦਾ ਕਹਿਣਾ ਹੈ ਕਿ ਦੀਵੇ ਨੂੰ ਇੰਨੀ ਕੁ ਹਵਾ ਦਿਓ ਕਿ ਉਹ ਜਗਦਾ ਰਹੇ। ਇੰਨੀ ਜੋਰ ਦੀ ਫੂਕ ਵੀ ਨਾ ਮਾਰੋ ਕਿ ਦੀਵਾ ਹੀ ਬੁੱਝ ਜਾਵੇ।

ਤਾਰੀਫ ਬਹੁ-ਰੂਪੀ। ਨਿੱਜੀ, ਸੰਸਥਾਈ ਅਤੇ ਸਮਾਜਕ ਵੀ। ਵਿਸ਼ਵ ਪੱਧਰੀ ਇਨਾਮ ਜਿਵੇਂ ਨੋਬਲ ਪੁਰਸਕਾਰ ਆਦਿ ਵੱਖ-ਵੱਖ ਪੱਧਰ ਦੀਆਂ ਤਾਰੀਫਾਂ ਦੇ ਰੂਪ ਜੋ ਕਈ ਵਾਰ ਨਿੱਜੀ ਪੱਧਰ 'ਤੇ, ਕਈ ਵਾਰ ਸਾਂਝੇ ਰੂਪ ਵਿਚ ਅਤੇ ਕਈ ਵਾਰ ਸੰਸਥਾਵਾਂ ਨੂੰ ਦਿੱਤੇ ਜਾਂਦੇ।

ਸੱਚੀ ਤਾਰੀਫ ਕਮਾਈ ਜਾਂਦੀ, ਮੁੱਲ ਨਹੀਂ ਮਿਲਦੀ ਅਤੇ ਨਾ ਹੀ ਬਾਜ਼ਾਰ ਵਿਕੇਂਦੀ। ਕਿਰਤ-ਸਾਧਨਾ ਵਿਚੋਂ ਉਗੀ ਆਭਾ, ਸਮਾਜ ਨੂੰ ਰੁਸ਼ਨਾਉਂਦੀ, ਪਰ ਜਦ ਇਹ ਤਾਰੀਫ ਸੌੜੀ ਸਿਆਸਤ 'ਚੋਂ ਸਿੰਮਦੀ, ਜਾਤਾਂ-ਪਾਤਾਂ ਦੀ ਗਿਣਤੀਆਂ/ਮਿਣਤੀਆਂ ਵਿਚ ਉਲਝਦੀ ਜਾਂ ਸਨਮਾਨ ਦੇਣ ਵਾਲਿਆਂ ਦੇ ਹਿੱਤ-ਪੂਰਤੀ ਦਾ ਖਿਆਲ ਬਣਦੀ ਤਾਂ ਤਾਰੀਫ ਤੜਫ ਕੇ ਰਹਿ ਜਾਂਦੀ। ਅਜਿਹੀ ਤਾਰੀਫ ਸਿਰਫ ਥੋੜ੍ਹ-ਚਿਰੀ ਅਤੇ ਸੰਕੀਰਨ ਦਾਇਰੇ ਤੀਕ ਹੀ ਸੀਮਤ।

ਤਾਰੀਫ ਹੋਣ ਜਾਂ ਮਾਣ-ਸਨਮਾਨ ਮਿਲਣ 'ਤੇ ਹਾਸਲ-ਕਰਤਾ ਦੀ ਜਿੰਮੇਵਾਰੀ ਹੋਰ ਵੱਧ ਜਾਂਦੀ, ਕਿਉਂਕਿ ਤਾਰੀਫ ਨੂੰ ਸਹੀ ਸਾਬਤ ਕਰਨ ਅਤੇ ਸਨਮਾਨ ਦੇ ਹਾਣੀ ਬਣਨ ਪਿਛੋਂ ਉਪਰ ਉਠਣ ਅਤੇ ਹੋਰ ਅੱਗੇ ਵਧਣ ਦੀ ਤਵੱਕੋ ਵੀ ਹਰ ਕੋਈ ਕਰਦਾ। ਹਰੇਕ ਦੇ ਮਨ ਵਿਚ ਕੁਝ ਹੋਰ ਚੰਗਾ ਕਰਨ, ਦੇਣ ਜਾਂ ਅਰਪਿਤ ਕਰਨ ਦੀ ਧਾਰਨਾ ਪੈਦਾ ਹੁੰਦੀ।

ਕੁਝ ਲੋਕ ਸਿਰਫ ਮਾਣ-ਸਨਮਾਨ ਨੂੰ ਮਨ ਵਿਚ ਰੱਖ ਕੇ ਕੁਝ ਕਰਦੇ ਅਤੇ ਇਸ ਦੀ ਪ੍ਰਾਪਤੀ ਪਿਛੋਂ ਚੁੱਪ ਹੋ ਜਾਂਦੇ। ਅਜਿਹੇ ਲੋਕ ਦਰਅਸਲ ਇਸ ਦੇ ਯੋਗ ਹੀ ਨਹੀਂ ਹੁੰਦੇ। ਕਰਮ-ਯੋਗੀਆਂ ਦੀ ਕਰਮ-ਯੋਗਤਾ ਦਾ ਸਫਰ ਤਾਂ ਨਿਰੰਤਰ ਜਾਰੀ ਰਹਿੰਦਾ।



***ਪੜ੍ਹਾਈ, ਖੇਡਾਂ ਜਾਂ ਕਲਾ ਖੇਤਰ ਵਿਚ ਪ੍ਰਾਪਤੀ ਸਮੇਂ ਬੱਚੇ ਦੀ ਤਾਰੀਫ ਜਰੂਰ ਕਰਨਾ। ਇਸ ਨਾਲ ਉਸ ਦੇ ਮਨ ਵਿਚ ਕੁਝ ਸੁਪਨੇ ਪੈਦਾ ਹੋਣਗੇ, ਜਿਨ੍ਹਾਂ ਦੀ ਪੂਰਤੀ, ਉਸ ਦਾ ਇਸ਼ਟ ਬਣ ਜਾਵੇਗਾ। ਉਹ ਕਰਮ-ਧਰਮ ਦਾ ਸਰੂਪ ਹੋਵੇਗਾ। ਅਜਿਹੇ ਸੁਪਨਿਆਂ ਵਿਚੋਂ ਹੀ ਵਿਸ਼ਵ ਪੱਧਰ ਦਾ ਭਵਿੱਖੀ ਖਿਡਾਰੀ, ਵਿਗਿਆਨੀ, ਕਲਾਕਾਰ, ਦੇਸ਼ ਭਗਤ ਜਾਂ ਰੋਲ-ਮਾਡਲ ਪੈਦਾ ਹੁੰਦਾ। ਉਹ 'ਵੱਡੇ ਸੁਪਨੇ ਲਓ' ਵਾਲੀ ਲਿਖਤ ਨੂੰ ਕਮਰੇ ਵਿਚ ਸਜਾਉਂਦਾ।***

ਤਾਰੀਫ ਨੂੰ ਕਦੇ ਵੀ ਤਨ ਤੇ ਧਨ ਤੀਕ ਸੀਮਤ ਨਾ ਕਰੋ। ਅਜਿਹੀ ਤਾਰੀਫ ਬਹੁਤ ਹੀ ਹਲਕੀ, ਕੋਝੀ ਅਤੇ ਭਰਮ-ਭਾਵੀ। ਤਾਰੀਫ ਕਰਨੀ ਹੈ ਤਾਂ ਮਨ-ਜੋਤ ਦੀ ਕਰੋ, ਸੂਖਮ ਭਾਵਾਂ ਦੀ, ਅਹਿਸਾਸ ਭਰੀਤੇ ਚਾਵਾਂ ਦੀ, ਕਿਸੇ ਦੀ ਪੀੜ 'ਚ ਸਲਾਬੇ ਨੈਣਾਂ ਦੀ, ਸਾਰਥਕ ਸੋਚ ਦੀ, ਚੇਤਨਾ-ਚਿਰਾਗ ਦੀ, ਕਿਰਤ 'ਚ ਗੂੰਜਦੇ ਜੀਵਨ-ਨਾਦ ਦੀ, ਹਰਫਾਂ ਵਿਚਲੀ ਲੋਅ ਦੀ, ਅਰਥਾਂ ਦੀ ਮਿਲਦੀ ਸੋਅ ਦੀ, ਕਾਇਨਾਤ ਦੇ ਸੁੰਦਰ ਪਸਾਰੇ ਦੀ, ਨਦੀਆਂ ਦੀ ਮਟਕਦੀ ਤੋਰ ਦੀ, ਝਰਨਿਆਂ ਦੇ ਸੁਰੀਲੇ ਸ਼ੋਰ ਦੀ, ਪਰਬਤੀ-ਪਾਹੁਲ ਦੀ, ਪੌਣ-ਪਾਕੀਜ਼ਗੀ ਦੀ, ਧਰਤ-ਧਰਮ ਦੀ, ਕੀਰਤੀ-ਕਰਮ ਦੀ, ਜੀਵਨ-ਜਾਚ ਦੀ, ਸੁਖਨਵਰ ਸਾਥ ਦੀ, ਪਿਆਰ-ਪਰੁੱਚੇ ਪਲਾਂ ਦੀ, ਪਿਆਰਿਆਂ ਦੀ ਸੰਗਤ ਦੀ, ਆਪਣਿਆਂ ਦੀ ਅਪਣੱਤ ਦੀ, ਬਜੁਰਗੀ ਅਸੀਸ ਦੀ ਅਤੇ ਵਡੇਰਿਆਂ ਦੀ ਬਰਕਤ-ਬੰਦਗੀ ਦੀ। ਫਿਰ ਤਾਰੀਫ ਨੂੰ ਵੀ ਆਪਣੀ ਹੋਂਦ 'ਤੇ ਮਾਣ ਹੋਵੇਗਾ। ਸੂਰਤ ਤੇ ਸੀਰਤ ਦੇ ਸੰਗਮ ਵਿਚੋਂ ਸਿੰਮਦੀ ਸਿਫਤਿ-ਸਲਾਹ, ਅੰਗੜਾਈ ਲੈਂਦਾ ਸੱਚ ਦਾ ਸੂਰਜ, ਜੋ ਮਨ-ਬਨੇਰੇ ਨੂੰ ਚਾਨਣ ਤੇ ਨਿੱਘ ਨਾਲ ਭਿਉਂਦਾ।

ਤਾਰੀਫ ਹੋਣ ਦਾ ਮਤਲਬ ਕਿ ਵਿਅਕਤੀ ਆਪਣੇ ਵਿਸ਼ਵਾਸ ਵਿਚ ਅਡੋਲ। ਦੁਸ਼ਮਣਾਂ ਦੀ ਚਾਲਾਂ ਤੋਂ ਅਭਿੱਜ ਤੇ ਅਡਿੱਗ। ਮੰਜ਼ਿਲ-ਮਕਸਦ ਪੂਰਤੀ ਲਈ ਹਰ ਔਕੜ ਦਾ ਸਾਹਮਣਾ ਕਰਨ ਦੇ ਸਮਰੱਥ ਅਤੇ ਸਫਲਤਾ ਨੂੰ ਹਾਸਲ ਬਣਾਉਣ ਦਾ ਹਾਮੀ।

ਤਾਰੀਫ ਜਦ ਬੇਵਜ਼ਾ ਤੇ ਬੇਹੂਦਾ ਹੋ ਜਾਵੇ ਤਾਂ ਤਾਰੀਫ ਬਦਨਾਮੀ ਹੁੰਦੀ। ਅਜਿਹੀ ਤਾਰੀਫ ਕਿਸੇ ਨੂੰ ਨੀਵਾਂ ਦਿਖਾਉਣ ਲਈ ਕੋਹਝੀਆਂ ਹਰਕਤਾਂ ਰਾਹੀਂ ਕਿਸੇ ਨੂੰ ਘਟੀਆ ਸਾਬਤ ਕਰਨ ਦੀ ਚਾਲ ਹੁੰਦੀ।

ਤਾਰੀਫ ਕਦੇ ਵੀ ਸੰਖੀਆ ਨਾ ਹੋਵੇ, ਜੋ ਮਨੁੱਖ ਨੂੰ ਹੌਲੀ ਹੌਲੀ ਗਾਲੇ। ਸਗੋਂ ਨਿੰਮ ਵਰਗੀ ਜਾਂ ਔਲ਼ੇ ਵਰਗੀ ਹੋਵੇ, ਜੋ ਮਨੁੱਖੀ ਸਦੀਵਤਾ ਦਾ ਧਰਮ ਪਾਲੇ, ਸੋਚ-ਸਰਵਰ ਨੂੰ ਹੰਗਾਲੇ ਅਤੇ ਮਨ-ਚਾਹਿਆ ਫਲ ਪਾ ਲਏ।

ਹਲੀਮੀ ਨੂੰ ਹਾਸਲ ਬਣਾਉਣ ਵਾਲਿਆਂ ਲਈ ਤਾਰੀਫ ਜਾਂ ਬਦਨਾਮੀ ਦਾ ਕੋਈ ਅਸਰ ਨਹੀਂ। ਉਨ੍ਹਾਂ ਲਈ ਜਗਿਆਸਾ, ਜਜ਼ਬਾਤ, ਜ਼ਿੰਦਾਦਿਲੀ, ਜਸ਼ਨ ਤੇ ਜਜ਼ਬਾ ਹੀ ਜ਼ਿੰਦਗੀ ਦਾ ਨਾਮਕਰਨ ਹੁੰਦੇ ਨੇ। ਉਹ ਜਾਣਦੇ ਕਿ ਉਹ ਕੀ ਹਨ ਅਤੇ ਕੀ ਕਰ ਰਹੇ ਨੇ?

ਤਾਰੀਫ ਕਰਨ ਵਾਲੇ ਲੋਕ ਜ਼ਿੰਦਗੀ ਦਾ ਜਸ਼ਨ। ਸੁਹੰਢਣੇ ਪਲਾਂ ਦੇ ਲਾਡਲੇ ਪੁੱਤ। ਹੁਸੀਨ ਪਲ ਉਨ੍ਹਾਂ ਦੀ ਹਰ ਦਮ ਉਡੀਕ ਕਰਦੇ। ਰਹਿਮਤ ਦੀ ਝੋਲੀ ਭਰ ਭਰ ਵੰਡਦੇ। ਉਹ ਖੁਦ ਵੀ ਜਿਉਂਦੇ ਅਤੇ ਜਿਉਣ ਦਾ ਸਬਕ ਵੀ ਹੁੰਦੇ।

ਇਲਹਾਮੀ ਤਾਰੀਫ ਕਰਨੀ ਹੀ ਹੈ ਤਾਂ ਕੁਦਰਤ ਦੀ ਕਰੋ। ਕਾਇਨਾਤ ਵਿਚ ਬਿਖਰੇ ਰੰਗਾਂ ਦਾ ਗੁਣਗਾਣ ਕਰੋ। ਚੰਨ-ਚਾਨਣੀ ਰਾਤ ਵਿਚ ਚੰਨ ਵਰਗਾ ਬਣਨ ਦੀ ਤਮੰਨਾ ਮਨ ਵਿਚ ਪਾਲੋ। ਰਾਤ ਦੇ ਮੱਥੇ 'ਤੇ ਹੀਰੇ ਵਾਂਗ ਚਮਕਦੇ ਤਾਰੇ ਦੀ ਤਾਂਘ ਬਣੋ। ਕਦੇ ਉਸ ਜੁਗਨੂੰ ਨੂੰ ਅਕੀਦਤ ਭੇਟ ਕਰੋ, ਜੋ ਹਨੇਰਿਆਂ ਨਾਲ ਆਢਾ ਲਾਉਂਦਾ, ਚਾਨਣ ਦੀ ਲੀਕ ਸਿਰਜਣ ਵਿਚ ਲੀਨ। ਬਿਰਖਾਂ, ਪੱਤਿਆਂ ਤੇ ਫੁੱਲਾਂ ਦੇ ਰੰਗ-ਸੁਗੰਧ ਅਤੇ 'ਵਾ-ਰੁਮਕਣੀ ਨੂੰ ਰੂਹ-ਰਮਤਾ ਦਾ ਰਾਗ ਬਣਾਓ। ਦੇਖਣਾ! ਜ਼ਿੰਦਗੀ ਕਿੰਨੀ ਸੁੰਦਰ ਹੋਵੇਗੀ, ਕਿਉਂਕਿ ਤਾਰੀਫ ਵਿਚੋਂ ਤਕਦੀਰ ਵੀ ਉਦੈ ਹੁੰਦੀ।

ਤਾਰੀਫ ਕ੍ਰਿਸ਼ਮਿਆਂ ਦੀ ਜਨਮਦਾਤੀ। ਜਦ ਕੋਈ ਆਮ ਵਿਅਕਤੀ ਕ੍ਰਿਸ਼ਮਈ ਕੀਰਤੀ ਕਰਦਾ ਤਾਂ ਇਸ ਪਿਛੇ ਕਈ ਵਾਰ ਅਧਿਆਪਕ ਜਾਂ ਗੁਰੂ ਦਾ ਅਹਿਮ ਰੋਲ ਹੁੰਦਾ, ਕਿਉਂਕਿ ਆਮ ਅਧਿਆਪਕ ਸਿਰਫ ਦੱਸਦਾ ਹੈ, ਵਧੀਆ ਅਧਿਆਪਕ ਵਿਸਥਾਰ ਨਾਲ ਸਮਝਾਉਂਦਾ ਹੈ, ਬਹੁਤ ਵਧੀਆ ਅਧਿਆਪਕ ਕਰਕੇ ਦਿਖਾਉਂਦਾ ਹੈ, ਉਤਮ ਅਧਿਆਪਕ ਪ੍ਰੇਰਿਤ ਕਰਦਾ ਹੈ, ਪਰ ਸਭ ਤੋਂ ਉਤਮ ਅਧਿਆਪਕ ਪ੍ਰੇਰਿਤ ਕਰਨ ਦੇ ਨਾਲ-ਨਾਲ ਉਸ ਦੀ ਤਾਰੀਫ ਵੀ ਕਰਦਾ ਹੈ। ਫਿਰ ਕੁਝ ਅਲੋਕਾਰੀ ਵਾਪਰਦਾ ਹੈ।

ਕਦੇ ਵੀ ਤਾਰੀਫ ਲਈ ਹੀ ਕਾਰਜ ਨਾ ਕਰੋ, ਸਗੋਂ ਕੋਈ ਵੀ ਕਾਰਜ ਕਰਦੇ ਸਮੇਂ ਰੂਹ ਦੀ ਤ੍ਰਿਪਤੀ, ਮਨ ਦੀ ਮੌਜ ਅਤੇ ਸਮਾਜ ਲਈ ਕੁਝ ਚੰਗਾ ਕਰਨ ਦਾ ਸਕੂਨ ਮਨ ਵਿਚ ਪਾਲੋ। ਤਾਰੀਫ ਜਾਂ ਹੱਲਾਸ਼ੇਰੀ ਖੁਦ-ਬਖੁਦ ਤੁਹਾਡਾ ਮਾਣ ਬਣੇਗੀ। ਨੇਕ ਕਾਰਜ ਵਾਲਿਆਂ ਲਈ ਤਾਰੀਫ ਵੀ ਬਹੁਤ ਛੋਟੀ ਹੁੰਦੀ। ਉਹ ਵੱਡੇ ਅਰਥਾਂ ਵਾਲੇ ਵੱਡੇ ਕਾਰਜਾਂ ਨੂੰ ਹੀ ਅਰਪਿਤ ਹੁੰਦੇ। ਅਜਿਹੇ ਲੋਕਾਂ ਲਈ ਵਾਦ-ਵਿਵਾਦ, ਚਰਚਾ, ਲਾਅਨਤ, ਦੂਸ਼ਣਬਾਜੀ, ਹੱਲਾਸ਼ੇਰੀ, ਸ਼ਾਬਾਸ਼ ਜਾਂ ਤਾਰੀਫ ਦੇ ਅਰਥ ਵੀ ਸਮਾਨੰਤਰ। ਉਹ ਤਾਂ ਆਪਣੇ ਕੰਮ ਵਿਚ ਹੀ ਲੀਨ। ਉਹ ਸਿਰਫ ਕੰਮ ਕਰਦੇ। ਇਸ ਦਾ ਇਵਜ਼ਾਨਾ, ਲਾਭ ਜਾਂ ਹਾਨੀ ਦੇ ਕੋਈ ਅਰਥ ਨਹੀਂ। ਅਜਿਹੇ ਲੋਕ ਸਰਬੋਤਮ ਹੁੰਦੇ।

ਕੁਝ ਲੋਕ ਝੂਠੀ ਤਾਰੀਫ ਸੁਣ ਕੇ ਖੁਦ ਨੂੰ ਭੁੱਲ ਜਾਂਦੇ ਅਤੇ ਆਪਣਾ ਆਪ ਬਰਬਾਦ ਕਰ ਲੈਂਦੇ। ਅਜਿਹੇ ਲੋਕ ਆਲੋਚਨਾ ਸੁਣਨ ਤੋਂ ਨਾਬਰ; ਤਾਂ ਹੀ ਉਨ੍ਹਾਂ ਦਾ ਵਿਕਾਸ ਰੁਕ ਜਾਂਦਾ। ਦਰਅਸਲ ਆਲੋਚਨਾ ਹੀ ਵਿਕਾਸ ਦਾ ਮੂਲ-ਮੰਤਰ। ਤਾਰੀਫ ਨੂੰ ਆਲੋਚਨਾਮਈ ਤਰੀਕੇ ਨਾਲ ਸਮਝੋਗੇ ਤਾਂ ਇਹ ਤੁਹਾਡੇ ਰਾਹਾਂ ਵਿਚ ਚਾਨਣ ਬਿਖੇਰੇਗੀ।


ਤਾਰੀਫ ਤੇ ਇੱਜਤ ਕਮਾਈ ਜਾਂਦੀ, ਜੋ ਵਿਅਕਤੀਗਤ ਜਾਂ ਸਮੂਹਕ ਕੰਮ ਨਾਲ ਮਿਲਦੀ। ਅੱਖਾਂ ਕੇਵਲ ਦ੍ਰਿਸ਼ਟੀ ਜਦ ਕਿ ਮਨ ਦਿੱਭ-ਦ੍ਰਿਸ਼ਟੀ।

ਤਾਰੀਫ ਕਦੇ ਖੁਦ ਨਹੀਂ ਕਰੀਦੀ। ਤਾਰੀਫ ਤਾਂ ਉਹ ਹੁੰਦੀ, ਜੋ ਲੋਕ, ਸਾਥੀ ਜਾਂ ਸਮਾਜ ਕਰਦਾ, ਕਿਉਂਕਿ ਤੁਹਾਡੀ ਅਸਲੀਅਤ ਤਾਂ ਦੂਜਿਆਂ ਦੀ ਤੱਕੜੀ ਵਿਚ ਹੀ ਤੁਲਦੀ। ਵਿਅਕਤੀ ਖੁਦ ਤਾਂ ਹਮੇਸ਼ਾ ਪਾਸਕੂੰ ਹੀ ਰੱਖਦਾ।

ਤਾਰੀਫ ਕਰਨ ਲੱਗਿਆਂ ਕਾਹਦੀ ਤੰਗਦਿਲੀ, ਭਰਪੂਰਤਾ ਨਾਲ ਕਰੋ। ਸ਼ੁਭ-ਚਿੰਤਨ ਦਾ ਸੁਨੇਹਾ, ਹੱਕਦਾਰ ਦੇ ਨਾਮ ਲਾਓ। ਖੁਦ 'ਤੇ ਨਾਜ਼ ਮਹਿਸੂਸ ਹੋਵੇ।

ਮਹਾਨ ਵਿਅਕਤੀ ਕਦੇ ਵੀ ਤਾਰੀਫ ਨਹੀਂ ਚਾਹੁੰਦੇ। ਉਨ੍ਹਾਂ ਦਾ ਕੁਝ ਕਰਨ ਵਿਚ ਵਿਸ਼ਵਾਸ। ਮਾਣ-ਸਨਮਾਨ ਤੋਂ ਬੇਲਾਗ। ਪ੍ਰਾਪਤੀ ਪਿਛੋਂ ਵੀ ਆਪਣੀ ਧੁਨ ਵਿਚ ਮਗਨ, ਸੁਚਾਰੂ ਆਹਰ 'ਚ ਲੀਨ, ਸਮਾਜ ਨੂੰ ਵਧੀਆ ਸਿਰਜਣ ਲਈ ਸਮਰਪਿਤ। ਜ਼ਿੰਦਗੀ ਨੂੰ ਹੋਰ ਸੁੰਦਰ ਤੇ ਹੁਸੀਨ ਬਣਾਉਣਾ, ਜੀਵਨੀ-ਮੰਤਵ। ਖੁਦ ਨੂੰ ਪਛਾਣਨ ਵਾਲੇ ਹੀ ਮਹਾਨ ਵਿਅਕਤੀ ਹੁੰਦੇ। ਉਨ੍ਹਾਂ ਦੀ ਤਾਰੀਫ ਕਰਨ ਲੱਗਿਆਂ ਕਈ ਵਾਰ ਵਿਅਕਤੀ ਖੁਦ ਨੂੰ ਹੀਣਾ ਸਮਝਦਾ।

ਤਾਰੀਫ ਕਰੋ ਤਾਂ ਹੋਰ ਜ਼ਿਆਦਾ ਲੋਕ ਤਾਰੀਫ ਦੇ ਹੱਕਦਾਰ ਬਣਨ ਲਈ ਹਿੰਮਤ ਨੂੰ ਯਾਰ ਬਣਾਉਣਗੇ। ਪ੍ਰਸ਼ੰਸਾ ਕਰੋ ਰੱਜ ਕੇ ਉਨ੍ਹਾਂ ਪ੍ਰਾਪਤੀਆਂ ਦੀ, ਜਿਨ੍ਹਾਂ ਨੇ ਮਨੁੱਖੀ ਸਦੀਵਤਾ ਅਤੇ ਸੰਦਰਤਾ ਨੂੰ ਆਪਣਾ ਮਕਸਦ ਬਣਾਇਆ ਕਿਉਂਕਿ ਮਾਨਵੀ ਸਰੋਕਾਰ ਤਾਂ ਮਨੁੱਖੀ ਸਲਾਮਤੀ ਨਾਲ ਹੀ ਜੁੜੇ ਹੋਏ ਨੇ।



***ਹਲੀਮੀ ਨੂੰ ਹਾਸਲ ਬਣਾਉਣ ਵਾਲਿਆਂ ਲਈ ਤਾਰੀਫ ਜਾਂ ਬਦਨਾਮੀ ਦਾ ਕੋਈ ਅਸਰ ਨਹੀਂ। ਉਨ੍ਹਾਂ ਲਈ ਜਗਿਆਸਾ, ਜਜ਼ਬਾਤ, ਜ਼ਿੰਦਾਦਿਲੀ, ਜਸ਼ਨ ਤੇ ਜਜ਼ਬਾ ਹੀ ਜ਼ਿੰਦਗੀ ਦਾ ਨਾਮਕਰਨ ਹੁੰਦੇ ਨੇ।***

# ਕਰਤਾਰ(ਪੁਰ) ਦੀ ਬਾਣੀ-ਜਪੁਜੀ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-991-4249

ਜਨਮ-ਸਾਖੀਆਂ ਅਨੁਸਾਰ ਉਦਾਸੀਆਂ ਉਪਰੰਤ ਗੁਰੂ ਨਾਨਕ ਇਕ ਦਿਨ ਰਾਵੀ ਦੇ ਪੱਛਮੀ ਪਾਸੇ ਚਲਦੇ ਕਿਤੇ ਜਾ ਰਹੇ ਸਨ। ਰਾਹ ਵਿਚ ਦਰਿਆ ਦੇ ਨਾਲ ਉਨ੍ਹਾਂ ਨੂੰ ਇਕ ਥਾਂ ਪਸੰਦ ਆਈ। ਉਹ ਉਥੇ ਬੈਠ ਗਏ ਤੇ ਉਨ੍ਹਾਂ ਉਥੇ ਪੱਕੇ ਤੌਰ 'ਤੇ ਟਿਕਣ ਦਾ ਮਨ ਬਣਾ ਲਿਆ। ਚੁਫੇਰੇ ਖਬਰ ਫੈਲ ਗਈ ਕਿ ਕੋਈ ਨਾਨਕ ਬੇਦੀ ਜਾਂ ਨਾਨਕ ਤਪਾ 'ਉਥੈ ਆਇ ਟਿਕਿਆ ਹੈ', ਜੋ ਸੱਚੀ ਬਾਣੀ ਬੋਲਦਾ ਹੈ ਤੇ ਸੁੱਖ ਵੰਡਦਾ ਹੈ। ਇਹ ਸੁਣ ਕੇ ਲਾਗਲੇ ਪਿੰਡਾਂ ਦੇ ਲੋਕ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਣ ਲੱਗ ਪਏ ਤੇ ਉਨ੍ਹਾਂ ਲਈ ਭੋਜਨ ਪ੍ਰਸਾਦਾ ਪਹੁੰਚਾਉਣ ਲੱਗ ਪਏ। ਉਨ੍ਹਾਂ ਨੇ ਗੁਰੂ ਸਾਹਿਬ ਲਈ ਸਰਕੜਿਆਂ ਦੀ ਇਕ ਕੱਚੀ ਕੁਟੀਆ ਵੀ ਪਾ ਦਿੱਤੀ। ਉਨ੍ਹਾਂ ਦੇ ਉਥੇ ਠਹਿਰਣ ਦੀ ਚਰਚਾ ਲਾਹੌਰ ਸ਼ਹਿਰ ਤੀਕ ਪਹੁੰਚ ਗਈ, ਜਿਥੋਂ ਦੇ ਕ੍ਰੋੜੀਏ ਦੁਨੀ ਚੰਦ ਨੇ ਉਥੇ ਉਨ੍ਹਾਂ ਦੀ ਪੱਕੀ ਰਿਹਾਇਸ਼ ਬਣਵਾ ਦਿੱਤੀ ਤੇ ਨਾਲ ਇਕ ਗੋਸ਼ਟੀ ਹਾਲ ਵੀ ਉਸਰਵਾ ਦਿੱਤਾ। ਇਸ ਪਿਛੋਂ ਇਲਾਕੇ ਦਾ ਸਿੱਕਦਾਰ ਉਨ੍ਹਾਂ ਨੂੰ ਮਿਲਣ ਆਇਆ ਤੇ ਖੁਸ਼ ਹੋ ਕੇ ਉਸ ਜ਼ਮੀਨ ਦਾ ਪਟਾ ਉਨ੍ਹਾਂ ਦੇ ਨਾਂ ਲਿਖ ਗਿਆ। ਇਸ ਤਰ੍ਹਾਂ ਕਰਤਾਰਪੁਰ ਦਾ ਮੁੱਢ ਬੰਨਿਆ ਗਿਆ, ਜਿਥੇ ਗੁਰੂ ਸਾਹਿਬ ਨੇ ਆਪਣੀ ਉਮਰ ਦੇ ਆਖਰੀ 15-18 ਸਾਲ ਨਿਵਾਸ ਕੀਤਾ।

ਗੁਰੂ ਸਾਹਿਬ ਦੀ ਪ੍ਰਤਿਭਾ ਕਾਰਨ ਕਰਤਾਰਪੁਰ ਬੌਧਿਕ ਤੇ ਭਾਈਚਾਰਕ ਸਰਗਰਮੀਆਂ ਦਾ ਕੇਂਦਰ ਬਣ ਗਿਆ। ਸ਼ਰਧਾਲੂ ਹੇੜਾਂ ਲਾ ਲਾ ਕੇ ਇੱਥੇ ਆਉਣ ਲੱਗੇ ਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਸੁਣਨ ਲੱਗੇ। ਹਰ ਰੋਜ਼ ਕੋਈ ਨਾ ਕੋਈ ਧਾਰਮਿਕ ਆਗੂ ਗੱਲਬਾਤ ਕਰਨ ਲਈ ਉਨ੍ਹਾਂ ਕੋਲ ਆਇਆ ਰਹਿੰਦਾ। ਭਾਈ ਲਹਿਣਾ (ਗੁਰੂ ਅੰਗਦ) ਵੀ ਸਾਥੀਆਂ ਨਾਲ ਜਵਾਲਾ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਇੱਥੇ ਹੀ ਗੁਰੂ ਸਾਹਿਬ ਨੂੰ ਮਿਲੇ ਤੇ ਇੱਥੋਂ ਦੇ ਹੀ ਬਣ ਕੇ ਰਹਿ ਗਏ। ਗਿਆਨ ਗੋਸ਼ਟੀਆਂ ਤੇ ਗੁਰਬਾਣੀ ਦੀ ਸਿਖਿਆ ਦੇ ਨਾਲ ਗੁਰੂ ਸਾਹਿਬ ਆਪਣੇ ਖੇਤ ਵਿਚ ਹੱਥੀਂ ਹਲ ਵਾਹ ਕੇ ਖੇਤੀ ਕਰਦੇ। ਉਨ੍ਹਾਂ ਦੇ ਸਿੱਖ ਉਨ੍ਹਾਂ ਨਾਲ ਕੰਮ ਕਰਦੇ ਤੇ ਜੋ ਪੈਦਾ ਹੁੰਦਾ, ਉਸ ਨਾਲ ਮੁਫਤ ਲੰਗਰ ਪ੍ਰਸਾਦਾ ਚਲਾਉਂਦੇ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦੀ ਸਿੱਖਿਆ ਉਨ੍ਹਾਂ ਨੇ ਇਥੇ ਹੀ ਦਿੱਤੀ ਸੀ।

ਸਾਰੀਆਂ ਜਨਮ ਸਾਖੀਆਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦੇ ਸਥਾਨਕ ਸਿੱਖ ਬਹੁਤ ਸਿੱਧੇ ਸਾਦੇ ਸਨ। ਜਿੱਥੇ ਗੁਰੂ ਸਾਹਿਬ ਨੂੰ ਆਲਮੀ ਪੱਧਰ ਦਾ ਗਿਆਨ ਤੇ ਅਨੁਭਵ ਸੀ, ਉਥੇ ਸਿੱਖ ਇਸ ਪੱਖੋਂ ਕੋਰੇ ਸਨ। ਉਹ ਤਾਂ ਬੱਸ ਗੁਰੂ ਸਾਹਿਬ ਨੂੰ ਇਕ ਅਜਿਹਾ ਚਮਤਕਾਰੀ ਪੁਰਸ਼ ਮੰਨਦੇ ਸਨ, ਜਿਸ ਦੇ ਦਰਸ਼ਨ ਕਰਕੇ ਤੇ ਬਾਣੀ ਸੁਣ ਕੇ ਉਨ੍ਹਾਂ ਦੇ ਸਭ ਕਸ਼ਟ ਦੂਰ ਹੋ ਜਾਣਗੇ। ਲਗਦਾ ਹੈ ਕਿ ਗੁਰੂ ਸਾਹਿਬ ਇਨ੍ਹਾਂ ਸ਼ਰਧਾਵਾਨ ਲੋਕਾਂ ਨੂੰ ਆਪਣੇ ਬਾਰੇ ਅਜਿਹੇ ਭਰਮ ਪਾਲਣ ਅਤੇ ਅਗਿਆਨ-ਵਸ ਕੂੜ-ਕਰਮ ਕਮਾਉਣ ਦੀ ਥਾਂ ਸੱਚ ਦੇ ਸਿੱਧੇ ਰਸਤੇ ਪਾਉਣਾ ਚਾਹੁੰਦੇ ਸਨ ਤਾਂ ਜੋ ਉਹ ਆਪਣਾ ਧਿਆਨ ਸੱਚੇ ਕਰਤਾਰ ਦੀ ਪ੍ਰਸ਼ੰਸਾ ਵਲ ਪਲਟਾਉਣ। ਉਹ ਉਨ੍ਹਾਂ ਨੂੰ ਸਿੱਖੀ ਦੇ ਰਾਹ ਪਾ ਭਾਵ ਵਿਗਿਆਨਕ ਲੀਹਾਂ 'ਤੇ ਤੋਰ ਕੇ ਸ੍ਰਿਸ਼ਟੀ ਦੇ ਭੇਦ ਸਮਝਣ ਤੇ ਇਸ ਦੇ ਅਟੱਲ ਹੁਕਮਾਂ ਦਾ ਭਾਣਾ ਮੰਨਣ ਦੇ ਕਾਬਲ ਬਣਾਉਣਾ ਚਾਹੁੰਦੇ ਸਨ। ਸ਼ਾਇਦ ਇਨ੍ਹਾਂ ਉਦੇਸ਼ਾਂ ਨੂੰ ਮੁੱਖ ਰੱਖ ਕੇ ਹੀ ਉਨ੍ਹਾਂ ਨੇ ਸਿਰਫ ਕਰਤਾਰ ਦੀ ਖੋਜ ਨਾਲ ਸਬੰਧਤ ਇਕ ਸੰਖੇਪ ਤੇ ਸਰਲ ਜਿਹੀ ਸਿਧਾਂਤਕ ਬਾਣੀ ਬਣਾਉਣ ਦੀ ਠਾਣੀ, ਜੋ ਦਰਸ਼ਨ ਅਭਿਲਾਸ਼ੀਆਂ ਨੂੰ ਉਨ੍ਹਾਂ ਦੀ ਸਿੱਖਿਆ ਦਾ ਨਿਚੋੜ ਦੱਸੇ ਤੇ ਸ਼ਰਧਾਲੂ ਸਿੱਖਾਂ ਦੀ ਅਗਵਾਈ ਕਰੇ।

ਵੱਖ ਵੱਖ ਜਨਮ-ਸਾਖੀਆਂ ਵਿਚ ਇਸ ਗੱਲ ਦਾ ਬਿਰਤਾਂਤ ਵੱਖ ਵੱਖ ਹੈ, ਪਰ ਸਾਰ ਇਕ ਹੀ ਹੈ। ਸਭ ਅਨੁਸਾਰ ਇਕ ਦਿਨ ਅਚਾਨਕ ਗੁਰੂ ਸਾਹਿਬ ਨੇ ਲਹਿਣੇ ਸਿੱਖ ਨੂੰ ਸੰਬੋਧਨ ਕਰਦਿਆਂ ਕਿਹਾ, 'ਪੁਰਖਾ ਕਰਤਾਰ ਦੀ ਪ੍ਰਸ਼ੰਸਾ ਕਰਨ ਦਾ ਹੁਕਮ ਹੋਇਆ ਹੈ, ਜਾਹ ਮੇਰੀਆਂ ਸਭ ਪੋਥੀਆਂ ਲੈ ਆ।' ਲਹਿਣਾ ਗੁਰੂ ਸਾਹਿਬ ਦੀਆਂ ਲਿਖੀਆਂ ਸਭ ਕਾਪੀਆਂ ਲੈ ਆਇਆ। ਫਿਰ ਗੁਰੂ ਸਾਹਿਬ ਨੇ ਉਸ ਨੂੰ ਫੁਰਮਾਇਆ ਕਿ ਉਹ ਇਨ੍ਹਾਂ ਨੂੰ ਵਾਰੀ ਵਾਰੀ ਪੜ੍ਹ ਕੇ ਸੁਣਾਵੇ। ਹਰੇਕ ਬਾਣੀ ਸੁਣ ਕੇ ਗੁਰੂ ਸਾਹਿਬ ਕਹਿੰਦੇ, "ਸਾਬਾਸ, ਇਸ ਕੁ ਇਥਾਊਂ ਰਖ" ਤੇ ਕਿਸੇ ਦੂਜੀ ਬਾਰੇ ਕਹਿੰਦੇ, "ਇਸ ਕੁ ਉਥਾਊਂ ਰਖ।" ਉਨ੍ਹਾਂ ਨੂੰ ਯਕੀਨ ਹੋ ਰਿਹਾ ਸੀ ਕਿ ਭਾਈ ਲਹਿਣਾ ਬਹੁਤ ਨਿਪੁੰਨਤਾ ਨਾਲ ਕੰਮ ਕਰ ਰਿਹਾ ਸੀ। ਉਹ ਨਾਲ ਨਾਲ ਉਸ ਦੇ ਕੰਮ ਦੀ ਤਾਰੀਫ ਵੀ ਕਰ ਰਹੇ ਸਨ।

ਗੁਰੂ ਸਾਹਿਬ ਨੇ ਲਹਿਣੇ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਦੱਸੇ ਅਨੁਸਾਰ ਬਹੁਤ ਵਧੀਆ ਕੰਮ ਕਰ ਲੈਂਦਾ ਹੈ। ਫਿਰ ਉਨ੍ਹਾਂ ਨੇ ਇਕ ਕਾਗਜ਼ ਲਿਆ ਤੇ ਇਸ 'ਤੇ ਆਪਣੇ ਹੱਥ ਨਾਲ ੴ ਲਿਖਿਆ। ਇਸ ਤੋਂ ਅੱਗੇ ਉਨ੍ਹਾਂ ਨੇ 'ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਲਿਖਿਆ। ਇਸ ਤੋਂ ਹੇਠਾਂ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਲਿਖ ਕੇ ਉਨ੍ਹਾਂ ਨੇ ਕਾਗਜ਼ ਲਹਿਣੇ ਸਿੱਖ ਨੂੰ ਦਿੰਦਿਆਂ ਕਿਹਾ ਕਿ ਇਹ ਕਰਤਾਰ ਦੀ ਬਾਣੀ ਦਾ ਮੁਖੜਾ ਹੈ। ਉਨ੍ਹਾਂ ਨੇ ਉਸ ਨੂੰ ਹੁਕਮ ਕੀਤਾ ਕਿ ਉਹ ਚੁਣੀ ਹੋਈ ਬਾਣੀ ਵਿਚੋਂ ਇਸ ਨਾਲ ਮੇਲ ਖਾਂਦੀਆਂ ਸਾਰੀਆਂ ਤੁਕਾਂ ਛਾਂਟੇ ਤੇ ਫਿਰ ਉਨ੍ਹਾਂ ਨੂੰ ਮਹੱਤਵ ਅਨੁਸਾਰ ਪਉੜੀ-ਬੱਧ ਕਰੇ। ਗੁਰੂ ਜੀ ਨੇ ਇਹ ਵੀ ਚਾਹਿਆ ਕਿ ਉਹ ਹਰ ਰੋਜ਼ ਇਕ ਪਉੜੀ ਤਿਆਰ ਕਰਕੇ ਉਨ੍ਹਾਂ ਨੂੰ ਪੜ੍ਹ ਕੇ ਸੁਣਾਵੇ ਤੇ ਆਪਣਾ ਕੰਮ ਉਨ੍ਹਾਂ ਤੋਂ ਪ੍ਰਵਾਨ ਕਰਵਾਵੇ। ਇਸ ਤਰ੍ਹਾਂ ਲਹਿਣੇ ਸਿੱਖ ਨੇ 38 ਪੌੜੀਆਂ ਤਿਆਰ ਕੀਤੀਆਂ ਤੇ ਗੁਰੂ ਸਾਹਿਬ ਨੂੰ ਪੜ੍ਹ ਕੇ ਸੁਣਾਈਆਂ।

ਡਾ. ਕਿਰਪਾਲ ਸਿੰਘ ਅਨੁਸਾਰ ਇਹ ਸਿਲਸਿਲਾ ਕਈ ਦਿਨ ਚਲਦਾ ਰਿਹਾ। ਤਦ ਗੁਰੂ ਸਾਹਿਬ ਨੇ ਲਹਿਣੇ ਨੂੰ ਸਾਬਾਸ਼ ਦੇ ਕੇ ਉਸ ਦਾ ਕੰਮ ਸਹੀ ਠਹਿਰਾਇਆ। ਇਸ ਉਪਰੰਤ ਉਨ੍ਹਾਂ ਨੇ ਇਸ ਬਾਣੀ ਪਿੱਛੇ 'ਪਵਣੁ ਗੁਰੂ ਪਾਣੀ ਪਿਤਾ...' ਵਾਲਾ ਸ਼ਲੋਕ ਜੋੜ ਕੇ ਇਸ ਦਾ ਨਾਂ 'ਜਪੁ' ਰੱਖਿਆ ਤੇ ਸਭ ਸਿੱਖਾਂ ਨੂੰ ਇਸ ਨੂੰ ਧਿਆਨ ਨਾਲ ਵਿਚਾਰਨ ਦੀ ਤਾਕੀਦ ਕੀਤੀ।

ਪਰ ਕਿਸੇ ਜਨਮਸਾਖੀ ਨੇ ਇਹ ਨਹੀਂ ਦੱਸਿਆ ਹੈ ਕਿ ਗੁਰੂ ਸਾਹਿਬ ਨੇ ਇਹ ਮਹਾਨ ਕੰਮ ਆਪ ਕਰਨ ਦੀ ਥਾਂ ਲਹਿਣੇ ਸਿੱਖ ਤੋਂ ਕਿਉਂ ਕਰਵਾਇਆ? ਨਾ ਹੀ ਕਿਸੇ ਸਿੱਖ ਵਿਦਵਾਨ ਨੇ ਇਸ ਗੱਲ 'ਤੇ ਚਾਨਣਾ ਪਾਇਆ ਹੈ ਕਿ ਆਪਣੇ ਜੀਵਨ ਦੇ ਆਖਰੀ 15-18 ਸਾਲਾਂ ਵਿਚ ਉਨ੍ਹਾਂ ਨੇ ਨਵੀਂ ਬਾਣੀ ਕਿਉਂ ਨਹੀਂ ਰਚੀ; ਪਰ ਜਾਪਦਾ ਹੈ ਕਿ ਗੁਰੂ ਸਾਹਿਬ ਇਹ ਕੰਮ ਆਪਣੇ ਸ਼ਰਧਾਲੂ ਲਹਿਣੇ ਤੋਂ ਹੀ ਕਰਵਾਉਣਾ ਚਾਹੁੰਦੇ ਸਨ ਤੇ ਇਸ ਕਾਰਜ ਲਈ ਉਹ ਉਸ ਦੀ ਕਾਬਲੀਅਤ ਪਰਖ ਰਹੇ ਸਨ। ਸ਼ਾਇਦ ਉਹ ਉਸ ਨੂੰ ਗੁਰਬਾਣੀ ਵਿਸ਼ਲੇਸ਼ਣ ਦੀ ਸਿਖਲਾਈ ਦੇ ਰਹੇ ਸਨ। ਜੋ ਵੀ ਹੋਵੇ ਲਹਿਣੇ ਨੇ ਗੁਰੂ ਜੀ ਦੀ ਬਾਣੀ ਵਿਚੋਂ ਕੁਲ 41 ਬਾਣੀ-ਅੰਸ਼ ਘੜ-ਜੋੜ ਕੇ ਜਪੁਜੀ ਸਾਹਿਬ ਦਾ ਖਰੜਾ ਤਿਆਰ ਕੀਤਾ ਤੇ ਇਸ ਨੂੰ ਗੁਰੂ ਸਾਹਿਬ ਤੋਂ ਤਸਦੀਕ ਕਰਵਾਇਆ। ਇਸ ਰਚਨਾ ਵਿਚ 38 ਪੌੜੀਆਂ ਹਨ, ਜਿਨ੍ਹਾਂ ਦੇ ਅੱਗੇ-ਪਿੱਛੇ ਇਕ ਇਕ ਸਲੋਕ ਹੈ। ਇਸ ਦੇ ਅਰੰਭ ਵਿਚ ਗੁਰੂ ਸਾਹਿਬ ਦਾ ਲਿਖਿਆ ਮੂਲਮੰਤਰ ਹੈ, ਜੋ ੴ ਦੇ ਚਿੰਨ-ਸੰਗ੍ਰਿਹ ਨਾਲ ਸ਼ੁਰੂ ਹੁੰਦਾ ਹੈ। ਮੂਲਮੰਤਰ ਵਿਚ ੴ ਤੋਂ ਬਿਨਾ 12 ਹੋਰ ਸ਼ਬਦ ਹਨ, ਜੋ ਸਾਰੇ ਵਿਸ਼ੇਸ਼ਣ ਜਾਂ ਕ੍ਰਿਆ ਵਿਸ਼ੇਸ਼ਣ ਹਨ। ਮੂਲਮੰਤਰ ਅਤੇ ਪਹਿਲੇ ਸਲੋਕ ਦੇ ਵਿਚਕਾਰ ਇਕ ਇੱਕਲਾ ਸ਼ਬਦ ॥ਜਪੁ॥ ਲਿਖਿਆ ਹੋਇਆ ਹੈ, ਜੋ ਸ਼ਾਇਦ ਮੂਲਮੰਤਰ ਪਿਛੋਂ ਆਉਣ ਵਾਲੀ ਬਾਣੀ ਦਾ ਸਿਰਲੇਖ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਭਾਵੇਂ ਮੂਲਮੰਤਰ ਤਕਨੀਕੀ ਤੌਰ 'ਤੇ ਜਪੁਜੀ ਸਾਹਿਬ ਦਾ ਹਿੱਸਾ ਹੈ, ਪਰ ਇਸ ਦੀ ਆਪਣੀ ਇਕ ਵੱਖਰੀ ਤੇ ਉਚੀ ਮਹੱਤਤਾ ਹੈ। ਸ਼ਾਇਦ ਇਸੇ ਕਰਕੇ ਮੂਲਮੰਤਰ ਦਾ ਕੋਈ ਕਰਮਆਂਕ ਨਹੀਂ ਹੈ, ਜਦੋਂ ਕਿ ਸਭ ਪੌੜੀਆਂ ਤੇ ਦੋਵੇਂ ਸਲੋਕਾਂ ਦੇ ਕਰਮ ਅਨੁਸਾਰ ਆਪਣੇ ਆਪਣੇ ਨੰਬਰ ਹਨ। ਜਪੁਜੀ ਦੀ ਇਹ ਸੰਖੇਪ ਬਾਣੀ ਆਦਿ ਗ੍ਰੰਥ ਦੇ ਪਹਿਲੇ ਸਾਢੇ ਸੱਤ ਪੰਨਿਆਂ ਵਿਚ ਦਰਜ ਹੈ।

ਜਪੁਜੀ ਦੀ ਬਾਣੀ ਦੀਆਂ ਕੁਝ ਵਿਲੱਖਣ ਵਿਸ਼ੇਸ਼ਤਾਈਆਂ ਹਨ, ਜੋ ਗੁਰੂ ਸਾਹਿਬ ਦੀਆਂ ਦੂਜੀਆਂ ਬਾਣੀਆਂ ਤੋਂ ਭਿੰਨ ਹਨ। ਪਹਿਲੀ ਇਹ ਕਿ ਇਸ ਬਾਣੀ ਦੇ ਸਾਰੇ 41 ਅੰਸ਼, ਭਾਵ ਇਕ ਮੂਲਮੰਤਰ, ਦੋ ਸਲੋਕ ਤੇ 38 ਪੌੜੀਆਂ, ਇਕੋ ਜਿਹੀ ਲੰਬਾਈ ਦੇ ਨਹੀਂ ਹਨ। ਸਭ ਬਾਣੀ-ਅੰਸ਼ਾਂ ਦੀ ਲੰਬਾਈ ਭਿੰਨ ਭਿੰਨ ਹੈ। ਇਨ੍ਹਾਂ ਵਿਚੋਂ ਇਕ ਅੰਸ਼ ਤਾਂ 26 ਤੋਂ ਵਧ ਲਾਈਨਾਂ ਦਾ ਹੈ, ਜਦੋਂ ਕਿ 8 ਅੰਸ਼ 5 ਤੋਂ ਵੀ ਘਟ ਲਾਈਨਾਂ ਦੇ ਹਨ। ਇਸ ਤੋਂ ਇਲਾਵਾ 6 ਅੰਸ਼ 16 ਤੋਂ 25 ਲਾਈਨਾਂ ਦੇ ਅਤੇ 26 ਅੰਸ਼ 6 ਤੋਂ 15 ਲਾਈਨਾਂ ਦੇ ਹਨ। ਬਾਕੀ ਦੇ 4 ਅੰਸ਼ਾਂ ਵਿਚ 16 ਤੋਂ 20 ਲਾਈਨਾਂ ਹਨ। ਇਹ ਵੱਡੇ ਜਾਂ ਛੋਟੇ ਆਕਾਰ ਦੇ ਅੰਸ਼ ਜਪੁਜੀ ਦੇ ਕਿਸੇ ਇਕ ਵਿਸ਼ੇਸ਼ ਹਿੱਸੇ ਵਿਚ ਇੱਕਠੇ ਨਹੀਂ ਹਨ, ਸਗੋਂ ਸਾਰੀ ਰਚਨਾ ਵਿਚ ਬਿਖਰੇ ਮਿਲਦੇ ਹਨ।



ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨੇ ਦਾ ਇਕ ਕਾਲਪਨਿਕ ਚਿੱਤਰ

ਇਸ ਦੀ ਦੂਜੀ ਵਿਸ਼ੇਸ਼ਤਾਈ ਇਹ ਹੈ ਕਿ ਇਸ ਦੇ ਅੰਸ਼ਾਂ ਦੀਆਂ ਪੰਕਤੀਆਂ ਦੀ ਗਿਣਤੀ ਪਰੰਪਰਾਗਤ ਢੰਗ ਅਨੁਸਾਰ ਨਹੀਂ ਹੈ। ਪਰੰਪਰਾਗਤ ਕਾਵਿ ਰਚਨਾ ਦੋਹਿਆਂ (2 ਲਾਈਨਾਂ), ਚੌਪਈਆਂ (4 ਲਾਈਨਾਂ), ਛੰਤਾਂ (6 ਲਾਈਨਾਂ) ਤੇ ਅਸਟਪਦੀਆਂ (8 ਲਾਈਨਾਂ) ਵਿਚ ਮਿਲਦੀ ਹੈ। ਇਨ੍ਹਾਂ ਦੀਆਂ ਕੁਲ ਪੰਕਤੀਆਂ ਦੀ ਗਿਣਤੀ ਜਿਸਤ (even) ਹੁੰਦੀ ਹੈ, ਜੋ 2 ਨਾਲ ਵੰਡੀ ਜਾ ਸਕਦੀ ਹੈ। ਸਾਰੀ ਬਾਣੀ ਇਨ੍ਹਾਂ ਪ੍ਰਬੰਧਾਂ ਵਿਚ ਹੀ ਰਚੀ ਹੋਈ ਹੈ, ਜੋ ਰਾਗਾਂ ਅਨੁਸਾਰ ਗਾਉਣ ਲਈ ਵੀ ਢੁਕਵੀਂ ਹੈ। ਪਰ ਜਪੁਜੀ ਸਾਹਿਬ ਦੇ 41 ਵਿਚੋਂ 12 ਕਾਵਿ ਅੰਸ਼ਾਂ ਦੀਆਂ ਪੰਕਤੀਆਂ ਟਾਂਕ (odd) ਨੰਬਰਾਂ ਦੀਆਂ ਹਨ। ਇਸ ਦੇ 5 ਅੰਸ਼ਾਂ ਵਿਚ 5-5 ਪੰਕਤੀਆਂ, 3 ਵਿਚ 7-7 ਤੇ 2 ਵਿਚ 11-11 ਪੰਕਤੀਆਂ ਸ਼ਾਮਿਲ ਹਨ। ਇਸ ਤੋਂ ਇਲਾਵਾ 2 ਅੰਸ਼ ਕ੍ਰਮਵਾਰ 15 ਤੇ 17 ਪੰਕਤੀਆਂ ਦੇ ਹਨ। ਟਾਂਕ ਗਿਣਤੀ ਦੀਆਂ ਇਹ ਪਉੜੀਆਂ ਵੀ ਸਮੂਹਕ ਤੌਰ 'ਤੇ ਕਿਸੇ ਇਕੋ ਭਾਗ ਵਿਚ ਇੱਕਠੀਆਂ ਦਰਜ ਨਹੀਂ, ਸਗੋਂ ਸਾਰੇ ਜਪੁਜੀ ਵਿਚ ਬਿਖਰੀਆਂ ਹੋਈਆਂ ਹਨ। ਹੈਰਾਨੀ ਦੀ ਗੱਲ ਇਹ ਕਿ ਇਨ੍ਹਾਂ ਪਉੜੀਆਂ ਵਿਚ ਪੰਕਤੀ ਜੋੜ ਜਿਸਤ ਨਾ ਹੋਣ 'ਤੇ ਵੀ ਇਨ੍ਹਾਂ ਦੇ ਪੜ੍ਹਨ ਜਾਂ ਉਚਾਰਨ ਵਿਚ ਕੋਈ ਔਕੜ ਨਹੀਂ ਆਉਂਦੀ। ਸਗੋਂ ਸਮੁੱਚੇ ਜਪੁਜੀ ਦੇ ਪਾਠ ਦੀ ਰਵਾਨਗੀ ਇੰਨੀ ਮੁਲਾਇਮ ਹੈ ਕਿ ਬਹੁਤਿਆਂ ਨੂੰ ਪਤਾ ਹੀ ਨਹੀਂ ਕਿ ਇਸ ਦੀਆਂ ਪਉੜੀਆਂ ਵਿਚ ਪੰਕਤੀਆਂ ਦੀ ਗਿਣਤੀ ਘੱਟ ਵੱਧ ਹੈ।

ਇਸ ਦੀ ਤੀਜੀ ਧਿਆਨ ਖਿੱਚਣ ਵਾਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਕੋਈ ਕਾਵਿ ਮੀਟਰ ਨਹੀਂ ਹੈ। ਇਸ ਦਾ ਭਾਵ ਇਹ ਹੈ ਕਿ ਇਸ ਦੇ ਸਭ ਅੰਸ਼ਾਂ ਜਾਂ ਪਉੜੀਆਂ ਦੀਆਂ ਪੰਕਤੀਆਂ ਦੀ ਲੰਬਾਈ ਇਕੋ ਜਿਹੀ ਨਹੀਂ ਹੈ। ਸਾਰੀਆਂ ਕਾਵਿ ਰਚਨਾਵਾਂ ਜਿਨ੍ਹਾਂ ਵਿਚ ਗੁਰੂ ਸਾਹਿਬ ਦੀ ਹੋਰ ਬਾਣੀ ਵੀ ਸ਼ਾਮਲ ਹੈ, ਵਿਚ ਲਾਈਨਾਂ ਦੀ ਲੰਬਾਈ ਇਕੋ ਜਿਹੀ ਤੇ ਤੁਕਾਂਤ ਮੇਲਵੀਆਂ ਧੁਨੀਆਂ ਦੇ ਹੁੰਦੇ ਹਨ। ਇਸ ਕਾਰਨ ਇਨ੍ਹਾਂ ਨੂੰ ਸੁਰ-ਤਾਲ ਵਿਚ ਪੜ੍ਹਿਆ ਜਾਂ ਗਾਇਆ ਜਾ ਸਕਦਾ ਹੈ; ਪਰ ਜਪੁਜੀ ਵਿਚ ਇਹ ਗੱਲ ਉਲਟ ਹੈ। ਇਸ ਦੇ 41 ਵਿਚੋਂ 20 ਕਾਵਿ-ਅੰਸ਼ਾਂ ਵਿਚ ਕੇਵਲ 3 ਤੋਂ 7 ਸ਼ਬਦਾਂ ਦੀਆਂ ਪੰਕਤੀਆਂ ਹਨ, ਜਦੋਂ ਕਿ 11 ਕਾਵਿ-ਅੰਸ਼ਾਂ ਦੀਆਂ ਪੰਕਤੀਆਂ ਵਿਚ ਸ਼ਬਦਾਂ ਦੀ ਗਿਣਤੀ 8 ਤੋਂ 13 ਹੈ। ਬਾਕੀ ਦੇ 10 ਕਾਵਿ-ਅੰਸ਼ 3 ਤੋਂ 11 ਸ਼ਬਦਾਂ ਦੀਆਂ ਰਲੀਆਂ ਮਿਲੀਆਂ ਪੰਕਤੀਆਂ ਤੋਂ ਬਣੇ ਹੋਏ ਹਨ। ਇਕ ਪਉੜੀ ਵਿਚ ਤਾਂ ਇਕ 3 ਸ਼ਬਦਾਂ ਦੀ ਪੰਕਤੀ ਨਾਲ 8 ਸ਼ਬਦਾਂ ਵਾਲੀ ਪੰਕਤੀ ਮੇਲੀ ਗਈ ਹੈ। ਇਹ ਗੱਲ ਕਿਸੇ ਕਾਵਿ ਰਚਨਾ, ਖਾਸ ਕਰਕੇ ਬਾਣੀ ਵਿਚ ਆਸਾਧਾਰਣ ਹੈ। ਪਰ ਜਿਵੇਂ ਉਪਰ ਕਿਹਾ ਗਿਆ ਹੈ, ਇਸ ਦਾ ਵੀ ਬਾਣੀ ਦੇ ਉਚਾਰਣੀ ਤਾਲਮੇਲ ਜਾਂ ਰਵਾਨਗੀ 'ਤੇ ਕੋਈ ਅਸਰ ਨਹੀਂ ਪੈਂਦਾ। ਸ਼ਾਇਦ ਇਸੇ ਕਰਕੇ ਬਹੁਤੇ ਸਿੱਖ ਵਿਦਵਾਨਾਂ ਦਾ ਕਦੇ ਇਸ ਗੱਲ ਵਲ ਧਿਆਨ ਨਹੀਂ ਗਿਆ। ਉਂਜ ਸਭ ਜਾਣਦੇ ਹਨ ਕਿ ਜਪੁਜੀ ਨੂੰ ਰਾਗਾਂ ਮੁਤਾਬਕ ਨਹੀਂ ਗਾਇਆ ਜਾ ਸਕਦਾ।

ਜਪੁਜੀ ਸਾਹਿਬ ਦੀ ਚੌਥੀ ਅਚੰਭੇ ਵਾਲੀ ਗੱਲ ਇਹ ਹੈ ਕਿ ਜਿੱਥੇ ਗੁਰੂ ਸਾਹਿਬ ਆਪਣੀ ਹਰੇਕ ਬਾਣੀ ਦੇ ਅੰਤ ਵਿਚ ਆਪਣਾ ਨਾਮ 'ਨਾਨਕ' ਜਰੂਰ ਲਿਖਦੇ ਹਨ, ਉਥੇ ਇਸ ਬਾਣੀ ਦੇ ਬਹੁਤੇ ਕਾਵਿ-ਅੰਸ਼ਾਂ ਪਿੱਛੇ 'ਨਾਨਕ' ਨਾਮ ਦੀ ਮੋਹਰ ਨਹੀਂ ਲੱਗੀ ਹੋਈ। ਜੇ ਮੂਲਮੰਤਰ ਨੂੰ ਇਕ ਮੁਢਲੀ ਇਬਾਰਤ ਸਮਝ ਕੇ ਇਸ ਨਿਯਮ ਤੋਂ ਮੁਕਤ ਵੀ ਮੰਨ ਲਿਆ ਜਾਵੇ ਤਾਂ ਵੀ 38 ਵਿਚੋਂ ਸਿਰਫ 16 ਪੌੜੀਆਂ ਦੇ ਪਿੱਛੇ ਹੀ 'ਨਾਨਕ' ਸ਼ਬਦ ਲਿਖਿਆ ਮਿਲਦਾ ਹੈ। ਪਰੰਪਰਾਗਤ ਢੰਗ ਦੇ ਉਲਟ 11 ਪਉੜੀਆਂ ਵਿਚ ਨਾਨਕ ਸ਼ਬਦ ਉਕਾ ਹੀ ਨਹੀਂ ਹੈ। ਬਾਕੀ ਦੀਆਂ 12 ਪਉੜੀਆਂ ਵਿਚ ਇਹ ਸ਼ਨਾਖਤੀ ਸ਼ਬਦ ਆਇਆ ਜਰੂਰ ਹੈ, ਪਰ ਇਨ੍ਹਾਂ ਵਿਚੋਂ ਦਸਾਂ (10) ਦੇ ਮੱਧ ਵਿਚ ਅਤੇ 2 ਦੇ ਮੱਧ ਤੇ ਅੰਤ ਵਿਚ, ਭਾਵ ਦੋ-ਦੋ ਵਾਰੀ ਲਿਖਿਆ ਹੋਇਆ ਹੈ। ਇਹ ਗੱਲ ਭਾਵੇਂ ਤੱਥਾਂ ਅਨੁਸਾਰ ਸਹੀ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਜਿਨ੍ਹਾਂ ਪਉੜੀਆਂ ਵਿਚ 'ਨਾਨਕ' ਸ਼ਬਦ ਨਹੀਂ ਹੈ, ਉਹ ਗੁਰੂ ਨਾਨਕ ਦੀਆਂ ਲਿਖੀਆਂ ਹੋਈਆਂ ਨਹੀਂ ਹਨ। ਅਜਿਹਾ ਸ਼ੰਕਾ ਕਦੇ ਕਿਸੇ ਨੇ ਉਠਾਇਆ ਨਹੀਂ ਹੈ ਤੇ ਕੋਈ ਉਠਾਇਗਾ ਵੀ ਨਹੀਂ। ਇਸ ਦਾ ਇਕ ਕਾਰਨ ਤਾਂ ਇਹ ਵੀ ਹੈ ਕਿ ਇਹ ਤੱਥ ਕਦੇ ਕਿਸੇ ਵਿਦਵਾਨ ਨੇ ਨੋਟ ਹੀ ਨਹੀਂ ਕੀਤੇ। ਜੇ ਕੀਤੇ ਹੁੰਦੇ ਤਾਂ ਉਹ ਇਸ ਗੱਲ ਦਾ ਜ਼ਿਕਰ ਜਰੂਰ ਕਰਦੇ, ਪਰ ਜੇ ਕੋਈ ਅਜਿਹਾ ਭਰਮ ਪਾਲਣ ਦੀ ਕੋਸ਼ਿਸ਼ ਵੀ ਕਰੇਗਾ ਤਾਂ ਪਾਲ ਨਹੀਂ ਸਕੇਗਾ, ਕਿਉਂਕਿ ਇਸ ਦੇ ਪ੍ਰਮਾਣ ਇਸ ਬਾਣੀ 'ਚ ਹੀ ਮੌਜੂਦ ਹਨ।

ਗੁਰੂ ਸਾਹਿਬ ਨੇ ਕਰਤਾਰ ਦੀ ਸੋਧ ਵਾਲੀ ਤੇ ਸਿੱਖੀ ਸਿਧਾਂਤ ਨੂੰ ਪੇਸ਼ ਕਰਦੀ ਜਪੁ ਸਿਰਲੇਖ ਵਾਲੀ ਬਾਣੀ ਆਪਣੀ ਕਿਸੇ ਪੂਰਬਲੀ ਬਾਣੀ ਵਿਚੋਂ ਛਾਂਟ ਕੇ ਇੱਕਠੀ ਕਰਵਾਈ ਸੀ। ਮਿਹਰਬਾਨ ਵਾਲੀ ਜਨਮਸਾਖੀ ਅਨੁਸਾਰ ਉਨ੍ਹਾਂ ਨੇ ਇਹ ਕੰਮ ਆਪਣੀ ਦੇਖ-ਰੇਖ ਵਿਚ ਆਪਣੇ ਸਭ ਤੋਂ ਭਰੋਸੇਯੋਗ ਸ਼ਰਧਾਲੂ ਲਹਿਣੇ ਸਿੱਖ ਤੋਂ ਕਰਵਾਇਆ ਸੀ। ਇਹ ਬਿਲਕੁਲ ਸੰਭਵ ਹੈ ਕਿ ਤੁਕਾਂ ਨੂੰ ਅੱਗੇ-ਪਿੱਛੇ ਕਰਦੇ ਸਮੇਂ ਕਈ ਪਉੜੀਆਂ ਦਾ 'ਨਾਨਕ' ਵਾਲਾ ਅੰਤਲਾ ਹਿੱਸਾ ਕਟ ਗਿਆ ਹੋਵੇ, ਜਾਂ ਕੋਈ 'ਨਾਨਕ' ਰਹਿਤ ਤੁਕਾਂ 'ਨਾਨਕ' ਵਾਲੀਆਂ ਤੁਕਾਂ ਦੇ ਪਿੱਛੇ ਲੱਗ ਗਈਆਂ ਹੋਣ ਤੇ ਜਾਂ ਫਿਰ ਕੋਈ 'ਨਾਨਕ' ਅੰਤ ਵਾਲੀਆਂ ਤੁਕਾਂ ਦੂਜੀਆਂ ਨਾਨਕ ਅੰਤੀ ਤੁਕਾਂ ਪਿੱਛੇ ਲੱਗ ਕੇ ਦੋ-ਦੋ ਵਾਰ ਨਾਨਕ ਆਉਣ ਦਾ ਸਬੱਬ ਬਣੀਆਂ ਹੋਣ। ਇਸ ਵਰਤਾਰੇ ਦਾ ਕੋਈ ਹੋਰ ਜਚਦਾ ਕਾਰਨ ਨਾ ਹੋਣ ਕਰਕੇ ਇਹੀ ਸਪਸ਼ਟੀਕਰਣ ਸੱਚ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ।

ਜਪੁਜੀ ਸਾਹਿਬ ਦੀ ਪੰਜਵੀਂ ਖਾਸ ਗੱਲ ਇਹ ਹੈ ਕਿ ਇਸ ਵਿਚ ਰੱਬ, ਪਰਮੇਸ਼ਰ, ਪ੍ਰਭ, ਵਾਹਿਗੁਰੂ ਜਾਂ ਪਰਮਾਤਮਾ ਜਿਹਾ ਦੈਵੀ ਭਾਵ ਦਾ ਕੋਈ ਸ਼ਬਦ ਦਰਜ ਨਹੀਂ ਹੈ। ਗੁਰੂ ਸਾਹਿਬ ਨੇ ਇਸ ਗੱਲ ਬਾਰੇ ਇੰਨੀ ਪਰਪੱਕਤਾ ਦਿਖਾਈ ਹੈ ਕਿ ਜਿਨ੍ਹਾਂ ਦੋ ਪਉੜੀਆਂ ਵਿਚ ਉਹ ਰੱਬ ਜਾਂ ਇਸ ਵਰਗੀ ਕੋਈ ਹੋਰ ਸੰਗਿਆ, ਜੇ ਚਾਹੁੰਦੇ ਤਾਂ ਆਸਾਨੀ ਨਾਲ ਵਰਤ ਸਕਦੇ ਸਨ, ਪਰ ਉਨ੍ਹਾਂ ਉਥੇ ਵੀ ਅਜਿਹਾ ਨਹੀਂ ਕੀਤਾ। ਹੋਰ ਤਾਂ ਹੋਰ ਇਸ ਬਾਣੀ ਵਿਚ ਪੂਜਾ ਪਾਠ, ਭਗਤੀ, ਸੇਵਾ, ਅਰਦਾਸ, ਅਰਾਧਨਾ, ਪੁੰਨ ਦਾਨ, ਤੀਰਥ, ਲੋਕ-ਪਰਲੋਕ, ਮਰਨ-ਜੰਮਣ ਜਾਂ ਆਤਮਾ-ਮੁਕਤੀ ਜਿਹੀ ਕੋਈ ਗੱਲ ਲਿਖੀ ਨਹੀਂ ਮਿਲਦੀ। ਸਾਰੀ ਬਾਣੀ ਕਰਤਾ ਪੁਰਖ ਦੇ ਗੁਣਾਂ, ਕੁਦਰਤ, ਹੁਕਮ, ਦਾਤ, ਆਕਾਰ, ਵਿਸਥਾਰ, ਗਿਆਨ ਤੇ ਉਸ ਤੀਕ ਪਹੁੰਚ ਦੀ ਵਿਧੀ ਨੂੰ ਸਮਰਪਿਤ ਹੈ। ਇਸ ਦਾ ਭਾਵ ਇਹ ਹੈ ਕਿ ਇਹ ਕੋਈ ਅਧਿਆਤਮਕ ਬਾਣੀ ਨਹੀਂ ਹੈ, ਜਿਸ ਦੇ ਪੜ੍ਹਨ ਨਾਲ ਕੋਈ ਦੈਵੀ ਸ਼ਕਤੀ ਪ੍ਰਸੰਨ ਹੋਵੇ ਤੇ ਉਸ ਤੋਂ ਧਨ ਦੌਲਤ ਦੇ ਗੱਫੇ ਪ੍ਰਾਪਤ ਕੀਤੇ ਜਾਣ। ਭਾਵ ਇਹ ਵੀ ਹੈ ਕਿ ਇਸ ਦੇ ਪੜ੍ਹਨ ਦਾ ਕੋਈ ਆਤਮਿਕ, ਆਰਥਕ, ਸਵਾਰਥਕ ਜਾਂ ਸਿਹਤ ਸਬੰਧੀ ਕੋਈ ਗੈਬੀ ਜਾਂ ਗੁੱਝਾ ਲਾਭ ਨਹੀਂ ਹੈ, ਜਿਵੇਂ ਕਿ ਬਹੁਤੇ ਸਿੱਖ ਸ਼ਰਧਾਲੂ ਤੇ ਵਿਦਵਾਨ ਮੰਨਦੇ ਹਨ। ਇਸ ਦੇ ਵਿਸ਼ੇ ਵਸਤੂ ਤੇ ਸਰੋਕਾਰਾਂ ਮੁਤਾਬਕ ਤਾਂ ਇਹ ਇਕ ਬਹੁਤ ਹੀ ਦਾਰਸ਼ਨਿਕ ਤੇ ਵਿਗਿਆਨਕ ਪ੍ਰਕ੍ਰਿਤੀ ਦੀ ਲਿਖਤ ਹੈ, ਜੋ ਮੱਨੁਖ ਨੂੰ ਅਗਿਆਨ ਦੇ ਹਨੇਰੇ ਵਿਚੋਂ ਕੱਢ ਕੇ ਸੱਚ ਦੀ ਸੋਧੇ ਪਾਉਂਦੀ ਹੈ। ਅਸਲ ਵਿਚ ਇਹ ਆਲਮੀ ਸਿਖਰ ਨੂੰ ਛੋਂਹਦੇ ਗੁਰੂ ਸਾਹਿਬ ਦੇ ਸਿੱਖੀ ਸਿਧਾਂਤ ਦਾ ਧੁਰਾ ਹੈ, ਭਾਵੇਂ ਬਹੁਤੇ ਲੋਕ ਅਨਜਾਣਪੁਣੇ ਵਿਚ ਉਨ੍ਹਾਂ ਦੇ 'ਸਿੱਖੀ' ਸੰਕਲਪ ਨੂੰ 'ਸਿੱਖ ਧਰਮ' ਹੀ ਕਹੀ ਜਾਂਦੇ ਹਨ!

ਜਪੁਜੀ ਸਾਹਿਬ ਦੀ ਸੱਤਵੀ ਵਿਸ਼ੇਸ਼ ਗੱਲ ਇਹ ਹੈ ਕਿ ਇਹ ੴ ਦੇ ਸੂਤਰ ਨਾਲ ਸ਼ੁਰੂ ਹੁੰਦਾ ਹੈ, ਜੋ ਮੂਲਮੰਤਰ ਦੇ ਸ਼ੁਰੂ ਵਿਚ ਅੰਕਿਤ ਹੈ। ਇਹ ਗੁਰੂ ਸਾਹਿਬ ਦੀ ਇਕ ਅਤਿ ਅਹਿਮ ਤੇ ਅਦੁੱਤੀ ਘਾੜਤ ਹੈ, ਜੋ ਜਪੁਜੀ ਤੋਂ ਬਾਹਰ ਵੀ ਗੁਰੂ ਗ੍ਰੰਥ ਸਾਹਿਬ ਵਿਚ 567 ਵਾਰ ਆਇਆ ਮਿਲਦਾ ਹੈ। ਇੰਨੀ ਵਾਰ ਲਿਖਿਆ ਹੋਣ ਦੇ ਬਾਵਜੂਦ ਵੀ ਕਿਸੇ ਗੁਰੂ ਸਾਹਿਬ, ਭਗਤ ਜਾਂ ਭੱਟ ਨੇ ਇਸ ਦੀ ਕਿਸੇ ਥਾਂ ਵਿਆਖਿਆ ਨਹੀਂ ਕੀਤੀ ਹੋਈ। ਇਸ ਦੇ ਦੋ ਹੀ ਕਾਰਨ ਹੋ ਸਕਦੇ ਹਨ। ਇਕ ਇਹ ਕਿ ਇਹ ਸੂਤਰ ਉਸ ਵੇਲੇ ਇੰਨਾ ਪ੍ਰਚਲਿਤ ਹੋਵੇ ਕਿ ਇਸ ਦੇ ਅਰਥ ਸਭ ਲਈ ਆਮ ਸਮਝ ਦੀ ਗੱਲ ਹੋਵੇ। ਇਸ ਲਈ ਕਿਸੇ ਨੇ ਇਸ ਦੀ ਵਿਆਖਿਆ ਕਰਨ ਦੀ ਲੋੜ ਹੀ ਨਾ ਸਮਝੀ ਹੋਵੇ। ਦੂਜਾ ਇਹ ਕਿ ਗੁਰੂ ਨਾਨਕ ਨੇ ਇਸ ਨੂੰ ਜਪੁਜੀ ਸਾਹਿਬ ਲਈ ਉਚੇਚਾ ਘੜ੍ਹਿਆ ਹੋਵੇ ਤੇ ਆਪਣੇ ਸਿੱਖਾਂ ਤੇ ਜੁੜਦੀਆਂ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਰਾਹੀਂ ਇਸ ਦਾ ਬੋਧ ਕਰਾਇਆ ਹੋਵੇ; ਪਰ ਗੁਰੂ ਸਾਹਿਬ ਤੇ ਸਮਕਾਲੀ ਸਿੱਖਾਂ ਦੇ ਮਾਨਸਿਕ ਪੱਧਰ ਵਿਚ ਭਾਰੀ ਫਰਕ ਹੋਣ ਕਰਕੇ ਇਸ ਦਾ ਸਹੀ ਭਾਵ ਉਨ੍ਹਾਂ ਦੀ ਸਮਝ ਵਿਚ ਨਾ ਉਤਰਿਆ ਹੋਵੇ। ਹੌਲੀ ਹੌਲੀ ਸਿੱਖਾਂ ਨੇ ਇਸ ਨੂੰ ਵਿਧਿਆਤਮਕ ਦੀ ਥਾਂ ਇਕ ਅਧਿਆਤਮਕ ਸ਼ਬਦ ਸਮਝ ਲਿਆ ਹੋਵੇ ਤੇ 'ਇਕਓਂਕਾਰ' ਕਹਿ ਕੇ ਉਚਾਰਨਾ ਸ਼ੁਰੂ ਕਰ ਦਿੱਤਾ ਹੋਵੇ। ਸਮਾਂ ਪਾ ਕੇ ਵਿਗਿਆਨਕ ਮੂਲ ਦਾ ਇਹ ਸੂਤਰ ਦੈਵੀ ਰੰਗਤ ਅਖਤਿਆਰ ਕਰ ਗਿਆ ਹੋਵੇ ਤੇ ਹੌਲੀ ਹੌਲੀ ਰੱਬ ਦੀ ਸੰਗਿਆ ਲਈ ਵਰਤਿਆ ਜਾਣ ਵਾਲਾ ਇਕ ਆਮ 'ਸ਼ਬਦ' ਬਣ ਗਿਆ ਹੋਵੇ। ਭਾਵੇਂ ਗੁਰੂ ਅਰਜਨ ਦੇਵ ਨੇ ਇਸ ਦੀ ਮੌਲਿਕਤਾ ਨੂੰ ਧਿਆਨ ਵਿਚ ਰੱਖਦਿਆਂ ਇਸ ਨੂੰ ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਸਭ ਬਾਣੀਆਂ ਦੇ ਮੁੱਢ ਵਿਚ ਅੰਕਿਤ ਕਰ ਦਿੱਤਾ ਸੀ, ਪਰ ਇਸ ਵੇਲੇ ਤੀਕ ਇਸ ਸੂਤਰ ਦੇ ਦੈਵੀ ਅਰਥਾਂ ਬਾਰੇ ਸਿੱਖਾਂ ਦੀ ਸਮਝ ਪੱਕ ਜਾਣ ਕਰ ਕੇ ਕਿਸੇ ਨੇ ਵੀ ਇਸ ਦੀ ਵਿਸਥਾਰਪੂਰਵਕ ਵਿਆਖਿਆ ਕਰਨੀ ਯੋਗ ਨਾ ਸਮਝੀ ਹੋਵੇ। ਇਹ ਤਾਂ ਇਕ ਭਲਾ ਜਿਹਾ ਅਨੁਮਾਨ ਹੈ। ਹੋ ਸਕਦਾ ਹੈ, ੴ ਦੇ ਅਰਥਾਂ ਦੇ ਭੇਤ ਦਾ ਜਿੰਮੇਵਾਰ ਕੋਈ ਹੋਰ ਕਾਰਨ ਹੋਵੇ। ਇਸ ਦਾ ਪਤਾ ਸਿੱਖ ਵਿਦਵਾਨ ਖੋਜ ਕਰ ਕੇ ਹੀ ਲਾ ਸਕਦੇ ਹਨ।

ਅੱਜ ਕੱਲ ਸਾਰੇ ਸਿੱਖ ਵਿਦਵਾਨ, ਸਮੇਤ ਰਾਗੀ ਢਾਡੀ, ਪ੍ਰਚਾਰਕ ਤੇ ਪੁਜਾਰੀ ੴ ਨੂੰ ਇਕਓਂਕਾਰ ਪੜ੍ਹਦੇ ਹਨ ਤੇ ਇਸ ਦੀ ਵਿਆਖਿਆ ਕਰਕੇ ਦੱਸਦੇ ਹਨ ਕਿ ਇਸ ਦਾ ਮੋਢੀ ਚਿੰਨ (੧) ਇਸਲਾਮ ਦੇ ਮੌਖਿਕ ਅਲਾਪ ਤੋਂ ਲਿਆ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗਿਣਤੀ ਦਾ ਏਕਾ ਗੁਰੂ ਸਾਹਿਬ ਨੇ ਇਸਲਾਮੀ ਤਰਜ਼ 'ਤੇ ਇਕ ਰੱਬ ਜਾਂ ਦੈਵੀ ਸ਼ਕਤੀ ਲਈ ਵਰਤਿਆ ਹੈ। ਇਵੇਂ ਹੀ ਖੁਲ੍ਹੇ ਮੂੰਹ ਵਾਲੇ ਊੜੇ (ੳ) ਦਾ ਭਾਵ 'ਓਂ' ਜਾਂ ਓਮ ਹੈ, ਜੋ ਵੇਦਾਂ ਅਨੁਸਾਰ ਉਸ ਆਦਿ ਸ਼ਕਤੀ ਦਾ ਪ੍ਰਤੀਕ ਹੈ। ਉਹ ਹਿੰਦੂ ਗ੍ਰੰਥਾਂ ਵਾਂਗ ਇੱਥੇ ਵੀ ਇਸ ਦਾ ਅਰਥ ਰੱਬ ਹੀ ਮੰਨਦੇ ਹਨ। ਇਨ੍ਹਾਂ ਵਿਦਵਾਨਾਂ ਦੇ ਆਪਣੇ ਅਨੁਮਾਨ ਅਨੁਸਾਰ 'ਓ' ਅੱਖਰ 'ਤੇ ਲੱਗੀ ਗੋਲਾਕਾਰ ਰੇਖਾ ਸਰਬਸ਼ਕਤੀਮਾਨ ਪਰਮਾਤਮਾ ਦੀ ਬ੍ਰਹਿਮੰਡੀ ਆਭਾ ਦਾ ਪ੍ਰਤੀਕ ਹੈ, ਜੋ ਆਪਣੇ ਅਸੀਮ ਘੇਰੇ ਕਾਰਨ ਪੂਰੀ ਸ੍ਰਿਸ਼ਟੀ ਨੂੰ ਕਲਾਵੇ ਵਿਚ ਲੈਂਦੀ ਹੈ।

ੴ ਦੀ ਅਜਿਹੀ ਵਿਆਖਿਆ ਕਈ ਪ੍ਰਸ਼ਨ ਖੜ੍ਹੇ ਕਰਦੀ ਹੈ। ਪਹਿਲਾ, ਗੁਰੂ ਸਾਹਿਬ ਉਚੀ ਤੇ ਅਦੁੱਤੀ ਪ੍ਰਤਿਭਾ ਦੇ ਮਾਲਕ ਸਨ, ਇਸ ਲਈ ਉਹ ਆਪਣੇ ਸਿਧਾਂਤ ਦੇ ਚਿੰਨ ਕਿਤੋਂ ਬਾਹਰੋਂ ਉਧਾਰ ਲੈਣ ਦੀ ਥਾਂ ਆਪ ਸਿਰਜ ਸਕਦੇ ਸਨ। ਦੂਜਾ, ਜਿਨ੍ਹਾਂ ਧਾਰਮਿਕ ਨਿਜ਼ਾਮਾਂ ਦਾ ਗੁਰੂ ਸਾਹਿਬ ਨੇ ਖੁਦ ਖੰਡਨ ਕੀਤਾ, ਉਨ੍ਹਾਂ ਦੇ ਪ੍ਰਤੀਕਾਂ ਨੂੰ ਭਲਾ ਉਹ ਆਪਣੇ ਸਿਧਾਂਤ ਦੀ ਬੁਨਿਆਦ ਕਿਵੇਂ ਬਣਾ ਸਕਦੇ ਸਨ? ਤੀਜਾ, ਗੁਰੂ ਨਾਨਕ ਦਾ ਉਦੇਸ਼ ਸੇਂਟ ਐਕੁਆਨੈਸ ਵਾਂਗ ਦੋ ਆਤਮ-ਵਿਰੋਧੀ ਧਰਮਾਂ (ਹਿੰਦੂਮੱਤ ਤੇ ਇਸਲਾਮ) ਵਿਚਾਲੇ ਸੁਲਾਹ ਕਰਵਾਉਣਾ ਨਹੀਂ ਸੀ, ਸਗੋਂ ਦੋਹਾਂ ਦੀ ਖਲਜਗਣ ਤੋਂ ਅਲੱਗ ਇਕ ਤਰਕ-ਸੰਗਤ ਤੇ ਵਿਗਿਆਨਕ ਰਾਹ ਦੱਸਣਾ ਸੀ। ਚੌਥਾ, ਜੇ ੴ ਰੱਬ ਦਾ ਪ੍ਰਤੀਕ ਹੁੰਦਾ ਤਾਂ ਗੁਰੂ ਸਾਹਿਬ ਇਸ ਨੂੰ ਬੁਝਾਰਤੀ ਤੇ ਆਸਾਨੀ ਨਾਲ ਸਮਝ ਨਾ ਆਉਣ ਵਾਲੇ ਢੰਗ

(ਬਾਕੀ ਅਗਲੇ ਸਫੇ 'ਤੇ)

# ਗੁਰੂ ਨਾਨਕ ਨਿਰਦੇਸ਼ ਤੇ ਸਮਕਾਲੀ ਰਾਜਨੀਤਕ ਸੰਕਟ

***"ਸਿਆਸਤ ਉਤੇ ਧਰਮ ਦੇ ਕੁੰਡੇ ਦੀ ਥਾਂ ਧਰਮ ਉਤੇ ਸਿਆਸਤ ਭਾਰੂ ਹੋ ਜਾਣ ਕਾਰਨ ਸਿੱਖ-ਸਿਆਸਤ ਵਿਚ ਜਿਸ ਤਰ੍ਹਾਂ ਸਿੱਖੀ ਨੂੰ ਵਰਤਿਆ ਜਾ ਰਿਹਾ ਹੈ, ਉਸ ਤਰ੍ਹਾਂ ਸਿੱਖੀ ਨੂੰ ਸਮਝਿਆ ਨਹੀਂ ਜਾ ਰਿਹਾ। ਸਿਆਸਤ ਨਾਲ ਨਿਭਦਿਆਂ ਜਿਥੇ ਪਹੁੰਚ ਗਏ ਹਾਂ, ਉਸ ਵਿਚੋਂ ਪਹਿਲਾਂ ਸਿੱਖੀ, ਫਿਰ ਗੁਰਮਤਿ ਅਤੇ ਫਿਰ ਪੰਥਕਤਾ ਦਿਨੋ ਦਿਨ ਮਨਫੀ ਹੁੰਦੇ ਜਾ ਰਹੇ ਹਨ। ਨਤੀਜਾ ਇਹ ਹੈ ਕਿ ਸਿੱਖ ਧਰਮ ਦੀ ਖੁਦਮੁਖਤਿਆਰੀ ਸਿੱਖ ਸਿਆਸਤ ਦੇ ਹੱਥ ਆ ਗਈ ਹੈ।...ਨਾਨਕ-ਚਿੰਤਨ ਵਿਚ ਧਰਮਨੁਮਾ ਸਿਆਸਤ ਅਤੇ ਸਿਆਸਤਨੁਮਾ ਧਰਮ ਦੋਹਾਂ ਨੂੰ ਕੋਈ ਥਾਂ ਨਹੀਂ ਹੈ। ਇਸ ਦੇ ਬਾਵਜੂਦ ਇਹੀ ਮੌਜੂਦਾ ਸਿੱਖ ਸਿਆਸਤ ਦੀ ਪ੍ਰਧਾਨ ਸੁਰ ਹੋ ਗਿਆ ਹੈ। ਸਿਆਸਤ ਵੀ ਕਦੇ ਸਿੱਖੀ ਦੇ ਹੱਕ ਵਿਚ ਨਹੀਂ ਭੁਗਤੀ।" ਇਹ ਵਿਚਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਅਤੇ ਵਰਲਡ ਪੰਜਾਬੀ ਸੈਂਟਰ, ਪਟਿਆਲਾ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ 10 ਨਵੰਬਰ ਨੂੰ ਮਨਾਈ ਗਈ ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਮੌਕੇ ਹੋਏ ਸੈਮੀਨਾਰ ਵਿਚ ਪਰਚਾ ਪੜ੍ਹਦਿਆਂ ਪ੍ਰਗਟਾਏ। ਉਨ੍ਹਾਂ ਅਨੁਸਾਰ "ਨਾਨਕ-ਬਾਣੀ ਵਿਚ ਜੇ ਪ੍ਰਾਪਤ ਨੂੰ ਇਕ ਗੋਲਾਕਾਰ ਤਸਲੀਮ ਕਰਕੇ ਵੇਖੀਏ ਤਾਂ ਕੇਂਦਰ ਵਿਚ ਅਧਿਆਤਮ ਹੈ ਅਤੇ ਹਾਸ਼ੀਏ 'ਤੇ ਧਰਮ ਤੇ ਸਭਿਆਚਾਰ ਹਨ।...ਇਸ ਦੇ ਬਾਵਜੂਦ ਇਸ ਸਵਾਲ ਦਾ ਜਵਾਬ ਤਾਂ ਲੱਭਣਾ ਹੀ ਪਵੇਗਾ ਕਿ ਸਿੱਖੀ ਦਾ ਸਿਆਸੀਕਰਨ ਕਦੋਂ ਤੇ ਕਿਵੇਂ ਸ਼ੁਰੂ ਹੋ ਗਿਆ?" -ਸੰਪਾਦਕ***

ਗੁਰੂ ਨਾਨਕ ਦੇਵ ਜੀ ਦਾ ਸਮਾਂ ਧਰਮ ਛੱਡਣ ਦੀ ਸਿਆਸਤ ਅਤੇ ਧਰਮ ਥੋਪਣ ਦੀ ਸਿਆਸਤ ਦਾ ਸਮਾਂ ਸੀ। ਇਸ ਨਾਲ ਸਬੰਧਤ ਸਮਕਾਲ ਹੀ ਸੰਕਟ ਵਿਚ ਆ ਗਿਆ ਸੀ। ਕੋਈ ਵੀ ਸਮਕਾਲ ਬੇਸ਼ੱਕ ਕਿਸੇ ਹੋਰ ਸਮਕਾਲ ਜਿਹਾ ਨਹੀਂ ਹੁੰਦਾ, ਕਿਉਂਕਿ ਕੋਈ ਵੀ ਸਮਕਾਲ ਸਿਧਾਂਤ ਨਹੀਂ ਹੁੰਦਾ, ਵਰਤਾਰਾ ਹੁੰਦਾ ਹੈ। ਵਰਤਾਰਾ ਜੇ ਸਿਧਾਂਤ ਦੇ ਨਾਲ ਹੋਵੇ ਤਾਂ ਵੀ ਨਾਲ ਨਹੀਂ ਹੁੰਦਾ ਅਤੇ ਜੇ ਨਾ ਹੋਵੇ ਤਾਂ ਵੀ ਸਿਧਾਂਤ ਤੋਂ ਮੁਕਤ ਨਹੀਂ ਹੁੰਦਾ। ਕਿਸੇ ਵੀ ਸਮਕਾਲ ਦੀ ਸਿਆਸਤ ਨੂੰ ਧਰਮ ਰਾਹੀਂ ਅਤੇ ਕਿਸੇ ਵੀ ਸਮਕਾਲ ਦੇ ਧਰਮ ਨੂੰ ਰਾਜਨੀਤੀ ਰਾਹੀਂ ਸਮਝਣ ਦੇ ਯਤਨ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣੇ ਚਾਹੀਦੇ ਹਨ। ਕਿਸੇ ਵੀ ਸਮਕਾਲ ਦੀ ਰਾਜਨੀਤੀ ਅਤੇ ਧਰਮ ਇਕ ਨਹੀਂ ਹੋ ਸਕਦੇ, ਕਿਉਂਕਿ ਰਾਜਨੀਤੀ ਦੀ ਧਰਾਤਲ ਸਭਿਆਚਾਰ ਹੁੰਦਾ ਹੈ ਅਤੇ ਧਰਮ ਦੀ ਧਰਾਤਲ ਅਧਿਆਤਮ ਹੁੰਦਾ ਹੈ। ਇਸ ਦੇ ਬਾਵਜੂਦ ਸਭਿਆਚਾਰ, ਧਰਮ ਅਤੇ ਅਧਿਆਤਮ ਕਿਸੇ ਨਾ ਕਿਸੇ ਮਾਤਰਾ ਵਿਚ ਇਕ ਦੂਜੇ ਨਾਲ ਜੁੜੇ ਰਹਿੰਦੇ ਹਨ। ਇਸੇ ਕਰਕੇ ਜਿਵੇਂ ਰਾਜਨੀਤੀ ਦੇ ਧਰਮ ਦੀ ਕਲਪਨਾ ਕੀਤੀ ਜਾ ਸਕਦੀ ਹੈ, ਉਵੇਂ ਧਰਮ ਦੀ ਰਾਜਨੀਤੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸ ਦੇ ਬਾਵਜੂਦ ਧਰਮ ਦੀ ਰਾਜਨੀਤੀ ਹਰ ਸਮਕਾਲ ਦੀ ਸਮੱਸਿਆ ਰਹੀ ਹੈ ਤੇ ਰਹਿਣੀ ਵੀ ਹੈ।



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਨਾਨਕ-ਬਾਣੀ ਵਿਚ ਜੇ ਪ੍ਰਾਪਤ ਨੂੰ ਇਕ ਗੋਲਾਕਾਰ ਤਸਲੀਮ ਕਰਕੇ ਵੇਖੀਏ ਤਾਂ ਕੇਂਦਰ ਵਿਚ ਅਧਿਆਤਮ ਹੈ ਅਤੇ ਹਾਸ਼ੀਏ 'ਤੇ ਧਰਮ ਅਤੇ ਸਭਿਆਚਾਰ ਹਨ। ਧਰਮ ਅਤੇ ਸਭਿਆਚਾਰ ਜਿਸ ਮਾਤਰਾ ਵਿਚ ਅਧਿਆਤਮ ਨੂੰ ਧੱਕ ਕੇ ਕੇਂਦਰ ਵਿਚ ਆਉਣ ਦੀ ਕੋਸ਼ਿਸ਼ ਕਰਨਗੇ, ਉਸ ਮਾਤਰਾ ਵਿਚ ਅਧਿਆਤਮ ਕੇਂਦਰ ਵਿਚੋਂ ਉਖੜਦਾ ਜਾਏਗਾ ਅਤੇ ਆਪਣੀ ਭੂਮਿਕਾ ਨਹੀਂ ਨਿਭਾ ਸਕੇਗਾ। ਗੁਰੂ ਨਾਨਕ ਦੇਵ ਜੀ ਦਾ ਸਮਕਾਲ ਜਿਹੋ ਜਿਹਾ ਵੀ ਸੀ, ਉਸ ਵਿਚ ਬਾਬਾ ਜੀ ਦਾ ਦਿੱਭ ਦਖਲ ਆਪਣੀ ਭੂਮਿਕਾ ਨਿਭਾਉਂਦਾ ਰਿਹਾ ਸੀ। ਸਾਡਾ ਸਮਕਾਲ ਉਹੋ ਜਿਹਾ ਬੇਸ਼ੱਕ ਨਹੀਂ ਹੈ; ਪਰ ਜਿਹੋ ਜਿਹਾ ਵੀ ਹੈ, ਉਸ ਵਾਸਤੇ ਨਾਨਕ ਨਿਰਦੇਸ਼ ਤੋਂ ਉਸੇ ਕਿਸਮ ਦੀ ਭੂਮਿਕਾ ਦੀ ਆਸ, ਸਿੱਖ-ਆਸਥਾ ਦਾ ਹਿੱਸਾ ਹੈ। ਇਸ ਦਾ ਆਧਾਰ ਦੇਹ-ਗੁਰੂ+ਸ਼ਬਦ-ਗੁਰੂ ਹੈ। ਇਸ ਕਰਕੇ ਦੇਹ-ਗੁਰੂ ਵਾਲੇ ਨਾਨਕ-ਸਮਕਾਲ ਵਿਚੋਂ ਬਾਹਰ ਨਿਕਲ ਕੇ ਹੀ ਸ਼ਬਦ-ਗੁਰੂ ਨਾਲ ਜੁੜੇ ਹੋਏ ਸਮਕਾਲੀ ਰਾਜਨੀਤਕ ਸੰਕਟ ਦੇ ਸਨਮੁਖ ਹੋਇਆ ਜਾ ਸਕਦਾ ਹੈ। ਇਸ ਹਾਲਤ ਵਿਚ ਇਹ ਨਹੀਂ ਭੁੱਲਣਾ ਚਾਹੀਦਾ ਕਿ ਨਾਨਕ ਨਿਰਦੇਸ਼ ਅਰਥਾਤ ਨਾਨਕ-ਬਾਣੀ ਅਰਥਾਤ ਸ਼ਬਦ-ਗੁਰੂ ਦੀ ਰੋਸ਼ਨੀ ਵਿਚ ਫੈਸਲੇ ਲੈ ਸਕਣ ਦੀਆਂ ਸੰਭਾਵਨਾਵਾਂ 'ਗੁਰੂ ਅੰਗ ਸੰਗ' ਵਾਂਗ ਸਕਰਮਕ ਜਗਿਆਸੂ ਚੇਤਨਾ ਦੇ ਨਾਲ ਹਨ।

ਨਾਨਕ-ਚਿੰਤਨ ਵਿਚ ਸਮਕਾਲੀ ਰਾਜਨੀਤਕ ਸੰਕਟ ਨਾਲ ਵੀ ਉਵੇਂ ਹੀ ਨਿਭਣ ਦਾ ਨਿਰਦੇਸ਼ ਹੈ, ਜਿਵੇਂ ਪੰਜ ਵਿਕਾਰਾਂ ਨਾਲ ਨਿਭਣ ਦਾ ਗੁਰਮਤਿ ਪ੍ਰਸੰਗ ਪ੍ਰਾਪਤ ਹੈ*(1)। ਨਾਨਕ-ਚਿੰਤਨ ਦੀ ਚੂਲ ਲੈਣਯੋਗ ਨੂੰ ਲੈਣ ਅਤੇ ਛੱਡਣਯੋਗ ਨੂੰ ਛੱਡਣ ਵਿਚ ਹੋਣ ਕਰਕੇ ਪ੍ਰਾਪਤ ਅਧਿਆਤਮਕ ਪਰਤਾਂ ਦੇ ਗੁਨ੍ਹੇ ਹੋਏ ਰੂਪ ਵਾਂਗ ਉਨ੍ਹਾਂ ਦੀ ਬਾਣੀ ਹੋ ਗਈ ਹੈ। ਇਸ ਵਾਸਤੇ ਵਰਤੀ ਗਈ ਵਿਧੀ ਸਹਿਜ ਸਥਾਪਨ ਦੀ ਵਿਧੀ ਸੀ ਤੇ ਹੈ। ਇਸ ਵਿਚੋਂ ਕੁਝ ਵੀ ਸਿਆਸਤ ਵੱਲ ਸਿੱਧਿਆਂ ਸੇਧਤ ਨਹੀਂ ਹੈ। ਇਸੇ ਕਰਕੇ ਸਿੱਖੀ ਵਿਚ ਸਿਆਸਤ ਸਦਾ ਹਾਸ਼ੀਏ 'ਤੇ ਹੀ ਰਹੀ ਹੈ ਅਤੇ ਵਰਤਮਾਨ ਵਾਂਗ ਸਿਆਸੀ ਸੰਕਟ ਕਦੇ ਵੀ ਨਹੀਂ ਸੀ। ਸਿੱਖੀ ਤੋਂ ਪੰਥ ਤੱਕ ਦੀ ਯਾਤਰਾ ਨੂੰ ਧਰਮ ਤੋਂ ਸਿਆਸਤ ਤੱਕ ਦੀ ਯਾਤਰਾ ਸਮਝਣ ਵਾਲਿਆਂ ਨੂੰ ਬਾਣੀ ਦੀ ਰੋਸ਼ਨੀ ਵਿਚ ਸਮਝਿਆ ਅਤੇ ਸਮਝਾਇਆ ਨਹੀਂ ਜਾ ਸਕਦਾ। ਇਸ ਦੇ ਬਾਵਜੂਦ ਇਸ ਸਵਾਲ ਦਾ ਜਵਾਬ ਤਾਂ ਲੱਭਣਾ ਹੀ ਪਵੇਗਾ ਕਿ ਸਿੱਖੀ ਦਾ ਸਿਆਸੀਕਰਨ ਕਦੋਂ ਤੇ ਕਿਵੇਂ ਸ਼ੁਰੂ ਹੋ ਗਿਆ?

ਸਿੱਖ ਸਿਆਸਤ ਦੇ ਜਿੰਨੇ ਵੀ ਰੰਗ ਸਾਹਮਣੇ ਆ ਰਹੇ ਹਨ, ਉਨ੍ਹਾਂ ਤੋਂ ਤਾਂ ਇਹੀ ਲੱਗਦਾ ਹੈ ਕਿ ਜਿੱਤ ਦੀ ਆਸ ਵਿਚ ਵਿਹਾਜੀਆਂ ਜਾ ਰਹੀਆਂ ਹਾਰਾਂ, ਵਰਤਮਾਨ ਸਿੱਖ-ਸਮਕਾਲ ਨੂੰ ਹੋਣੀ ਵਾਂਗ ਹੰਢਾਉਣੀਆਂ ਪੈ ਰਹੀਆਂ ਹਨ। ਇਸ ਦੀਆਂ ਪੈੜਾਂ ਮੈਨੂੰ ਗੁਰਮਤਿ ਦੀ ਥਾਂ ਖੱਬੂ ਸਿਧਾਂਤਕੀਆਂ ਵੱਲ ਜਾਂਦੀਆਂ ਲੱਗਦੀਆਂ ਹਨ। ਇਸ ਤੋਂ ਪਹਿਲਾਂ ਸਿੱਖੀ ਦੇ ਕੇਂਦਰੀ ਸਰੋਕਾਰਾਂ ਵਿਚ ਗ੍ਰੰਥ (common object), ਪੰਥ (common organization), ਗੁਰਦੁਆਰਾ (common conviction) ਅਤੇ ਰਹਿਤ (common code of conduct) ਸ਼ਾਮਲ ਸਨ। ਸਮਕਾਲ ਦੀ ਸਿੱਖ ਸਿਆਸਤ ਨੇ ਇਨ੍ਹਾਂ ਚਾਰਾਂ ਦੀ ਅੰਤਰ-ਸਬੰਧਤਾ ਨੂੰ ਇਕ ਦੂਜੇ ਦੀ ਪੂਰਕਤਾ 'ਚ ਭੁਗਤਣ ਦਾ ਰਾਹ ਰੋਕ ਦਿੱਤਾ ਹੈ। ਨਤੀਜਨ ਸਿੱਖ ਸਿਆਸਤ ਆਪਸੀ ਕਮਜ਼ੋਰੀਆਂ ਦੇ ਸ਼ਿਕਾਰੀਆਂ ਤੇ ਵਪਾਰੀਆਂ ਦੀ ਖੇਡ ਹੋ ਗਈ ਹੈ। ਇਸ ਦੇ ਭਾਈਵਾਲਾਂ ਤੱਕ ਮੈਂ ਇਸ ਸ਼ੇਅਰ ਰਾਹੀਂ ਪਹੁੰਚਣਾ ਚਾਹੁੰਦਾ ਹਾਂ:

ਮੁਹੱਬਤ ਗੋਲੀਓਂ ਸੇ ਬੋਅ ਰਹੇ ਹੋ।
ਜ਼ਮੀਨ ਕਾ ਚਿਹਰਾ ਖ਼ੂੰ ਸੇ ਧੋ ਰਹੇ ਹੋ।
ਘੁਮੰਡ ਤੁਮ ਕੋ ਹੈ ਕਿ ਰਾਸਤਾ ਨਿਕਲ ਰਹਾ ਹੈ
ਯਕੀਂ ਮੁਝ ਕੋ ਹੈ ਕਿ ਮੰਜ਼ਲ ਖੋ ਰਹੇ ਹੋ।

ਨਾਨਕ-ਚਿੰਤਨ ਵਿਚ ਧਰਮਨੁਮਾ ਸਿਆਸਤ ਅਤੇ ਸਿਆਸਤਨੁਮਾ ਧਰਮ ਦੋਹਾਂ ਨੂੰ ਕੋਈ ਥਾਂ ਨਹੀਂ ਹੈ। ਇਸ ਦੇ ਬਾਵਜੂਦ ਇਹੀ ਮੌਜੂਦਾ ਸਿੱਖ ਸਿਆਸਤ ਦੀ ਪ੍ਰਧਾਨ ਸੁਰ ਹੋ ਗਿਆ ਹੈ। ਉਲਾਰ ਦੀ ਕੋਈ ਦਾਸਤਾਨ ਸਿੱਖ ਦਾਸਤਾਨ ਨਹੀਂ ਹੋ ਸਕਦੀ। ਸਿੱਖੀ ਵਿਚ ਜਿਵੇਂ ਧਰਮ ਕਦੇ ਸਿਆਸਤ ਦੇ ਹੱਕ ਵਿਚ ਨਹੀਂ ਭੁਗਤਿਆ, ਉਸੇ ਤਰ੍ਹਾਂ ਸਿਆਸਤ ਵੀ ਕਦੇ ਸਿੱਖੀ ਦੇ ਹੱਕ ਵਿਚ ਨਹੀਂ ਭੁਗਤੀ। ਮੌਜੂਦਾ ਸਿਆਸਤ ਜਿਵੇਂ ਭਾਰਤੀ ਰਾਸ਼ਟਰ ਤੋਂ ਹਿੰਦੂ ਰਾਸ਼ਟਰ ਤੱਕ ਪਹੁੰਚ ਗਈ ਹੈ, ਉਸ ਨਾਲ ਪੈਦਾ ਹੋ ਰਹੇ ਘੜਮੱਸ ਵਿਚੋਂ ਇਨਕਲਾਬ ਪੈਦਾ ਕਰਨ ਦੇ ਮੁੱਦਈਆਂ ਨੂੰ ਹਾਲਾਤ ਸਾਜ਼ਗਾਰ ਲੱਗਣ ਲੱਗ ਪਏ ਹਨ। ਕੌਣ ਕਿਸ ਨੂੰ ਦੱਸੇ ਕਿ ਸਮਕਾਲੀ ਰਾਜਸੀ ਸੰਕਟ ਸਿਆਸਤ ਦੀਆਂ ਨਹੁੰਦਰਾਂ ਨਾਲ ਧਰਮ ਨੂੰ ਨੋਚਣ ਵਾਲੇ ਰਾਹ, ਉਸੇ ਤਰ੍ਹਾਂ ਪੈਦਾ ਜਾ ਰਿਹਾ ਹੈ, ਜਿਸ ਤਰ੍ਹਾਂ ਬਾਬੇ ਨਾਨਕ ਨੂੰ ਸ਼ੇਰਾਂ ਅਤੇ ਕੁੱਤਿਆਂ ਦੇ ਬਿੰਬ ਰਾਹੀਂ*(2) ਨਜ਼ਰ ਆ ਗਿਆ ਸੀ।

ਸਿੱਖ-ਸਿਆਸਤ ਵਿਚ ਜਿਸ ਤਰ੍ਹਾਂ ਸਿੱਖੀ ਨੂੰ ਵਰਤਿਆ ਜਾ ਰਿਹਾ ਹੈ, ਉਸ ਤਰ੍ਹਾਂ ਸਿੱਖੀ ਨੂੰ ਸਮਝਿਆ ਨਹੀਂ ਜਾ ਰਿਹਾ। ਮਿਸਲਾਂ ਵਜੋਂ ਮੀਰੀ-ਪੀਰੀ ਦੇ ਗੁਰਮਤਿ ਸੰਕਲਪ ਨੂੰ ਭਗਤੀ ਤੇ ਸ਼ਕਤੀ, ਸ਼ਸਤਰ ਤੇ ਸ਼ਾਸਤਰ ਅਤੇ ਸੰਤ ਤੇ ਸਿਪਾਹੀ ਦੀ ਸੁਰ ਅਤੇ ਵਿਧੀ ਵਿਚ ਸਮਝਿਆ ਤੇ ਵਰਤਿਆ ਨਹੀਂ ਗਿਆ। ਨਤੀਜਨ ਪੀਰੀ-ਪੀਰੀ, ਆਪਣੇ ਗੁਰਮਤਿ ਪ੍ਰਸੰਗ ਵਿਚੋਂ ਨਿਕਲ ਕੇ ਸਿੱਖ-ਸਿਆਸਤ ਦੀ ਪੈਂਤੜੇਬਾਜ਼ੀ ਹੋ ਗਈ ਹੈ। ਇਸ ਨਾਲ ਧਰਮ ਅਤੇ ਸਿਆਸਤ ਇਕ ਦੂਜੇ ਦੇ ਟਕਰਾਉ ਵਿਚ ਆ ਗਈ ਹੈ। ਨਾਨਕ-ਨਿਰਦੇਸ਼ ਮੁਤਾਬਕ ਧਰਮ ਦੀ ਚੂਲ ਨੈਤਿਕ ਜਿੰਮੇਵਾਰੀਆਂ ਹਨ ਅਤੇ ਸਿੱਖ-ਸਿਆਸਤ ਮੁਤਾਬਕ ਤਾਕਤ ਵਿਚ ਜਿਵੇਂ ਸੰਭਵ ਹੋਵੇ, ਰਹਿਣ ਵਾਸਤੇ ਜੋ ਵੀ ਕੀਮਤ ਦੇਣੀ ਪਵੇ, ਦੇ ਦੇਣੀ ਚਾਹੀਦੀ ਹੈ।

ਇਸ ਵੇਲੇ ਦੀ ਸਿੱਖ-ਸਿਆਸਤ ਦੀਆਂ ਸੰਭਾਵਨਾਵਾਂ ਨਾਨਕ ਨਿਰਦੇਸ਼ਨ ਦੀ ਥਾਂ ਗਲੋਬਲ ਹੋ ਗਏ ਸਿੱਖ ਭਾਈਚਾਰੇ ਦੀ ਕਰਮਭੂਮੀ ਵਾਲੇ ਦੇਸ਼ ਦੇ ਵਿਧਾਨ ਨਾਲ ਜੁੜੀਆਂ ਹੋਈਆਂ ਹਨ। ਇਸ ਦੇ ਅੰਤਰਗਤ ਹੋ ਰਹੀ ਸਿਆਸਤ ਨਾਲ ਨਿਭਦਿਆਂ ਜਿਥੇ ਪਹੁੰਚ ਗਏ ਹਾਂ, ਉਸ ਵਿਚੋਂ ਪਹਿਲਾਂ ਸਿੱਖੀ, ਫਿਰ ਗੁਰਮਤਿ ਅਤੇ ਫਿਰ ਪੰਥਕਤਾ ਦਿਨੋ ਦਿਨ ਮਨਫੀ ਹੁੰਦੇ ਜਾ ਰਹੇ ਹਨ। ਅਜਿਹਾ ਪਛਾਣ ਨੂੰ ਸਿੱਖੀ ਸਮਝ ਲੈਣ ਨਾਲ ਸ਼ੁਰੂ ਹੋਇਆ ਸੀ ਅਤੇ ਸਰਬ ਅਲਿੰਗਨਕਾਰੀ ਗੁਰਮਤਿ ਨੂੰ ਪੰਥਕਤਾ ਦੇ ਸ਼ਿਕੰਜੇ ਵਿਚ ਕਸਦੇ ਜਾਣ ਦੀ ਸਿਆਸਤ ਤੱਕ ਪਹੁੰਚ ਗਏ ਹਾਂ। ਇਸ ਨਾਲ ਗੁਰੂ ਨਾਨਕ ਦੇਵ ਦੇ ਸਹਿਜ-ਮਾਡਲ ਦੀ ਥਾਂ ਸਿਆਸਤ ਦਾ ਸ਼ਿਕੰਜਾ-ਮਾਡਲ ਲਾਗੂ ਹੁੰਦਾ ਜਾ ਰਿਹਾ ਹੈ।

ਨਤੀਜਨ ਸਿੱਖੀ ਪੰਥਕਤਾ ਦੇ ਸ਼ਿਕੰਜੇ ਵਿਚ ਕਸੀ ਜਾ ਰਹੀ ਹੈ, ਪੰਥਕਤਾ ਸਿਆਸਤ ਦੇ ਸ਼ਿਕੰਜੇ ਵਿਚ ਕਸੀ ਜਾ ਰਹੀ ਹੈ ਅਤੇ ਸਿੱਖ-ਸਿਆਸਤ ਵਿਧਾਨਕਤਾ ਦੇ ਸ਼ਿਕੰਜੇ ਵਿਚ ਕਸੀ ਜਾ ਰਹੀ ਹੈ। ਇਸ ਵਿਚ ਨਾਨਕ ਨਿਰਦੇਸ਼ਨ ਲੋੜ ਮੁਤਾਬਕ (ਸੁਆਦਾਨੁਕੂਲ) ਹੀ ਨਜ਼ਰ ਆ ਰਿਹਾ ਹੈ। ਇਹ ਵਰਤਾਰਾ ਇਕ ਦੂਜੇ ਦੀ ਪੂਰਕਤਾ ਵਾਲੀ ਗੁਰਮਤਿ ਵਿਧੀ ਵਿਚੋਂ ਨਿਕਲ ਕੇ, ਇਕ ਦੂਜੇ ਨੂੰ ਫੇਲ੍ਹ ਕਰਨ ਵਾਲੀ ਵਕਤੀ ਸਿਆਸਤ ਦੇ ਰਾਹ ਪੈ ਗਿਆ ਹੈ। ਇਸ ਦੀ ਪਹਿਲ ਬੇਸ਼ੱਕ ਸਿੱਖ ਦੇ ਬਾਣੀ ਨਾਲੋਂ ਟੁੱਟਣ ਨਾਲ ਹੋਈ ਹੈ, ਪਰ ਇਸ ਨੂੰ ਠੱਲ੍ਹ ਪਾ ਸਕਣ ਵਾਲੀਆਂ ਗੁਰਮਤਿ ਸੰਭਾਵਨਾਵਾਂ ਇਸ ਕਰਕੇ ਕਮਜ਼ੋਰ ਦਰ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ ਕਿ ਨਾਨਕ-ਨਿਰਦੇਸ਼ਨ ਦੀ ਥਾਂ ਵਿਅਕਤੀਗਤ ਚੌਧਰ ਦੀ ਸਿਆਸਤ ਪ੍ਰਧਾਨ ਹੁੰਦੀ ਜਾ ਰਹੀ ਹੈ। ਇਸ ਨਾਲ ਆਸਥਾ ਦੀ ਸਿਆਸਤ ਵਿਚੋਂ ਆਸਥਾ ਦਾ ਸੁੱਚਮ ਉਸੇ ਤਰ੍ਹਾਂ ਮਨਫੀ ਹੁੰਦਾ ਜਾ ਰਿਹਾ ਹੈ, ਜਿਵੇਂ ਹਨੇਰਾ ਪੈਂਦਿਆਂ ਹੀ ਦਿਨ ਦਾ ਚਾਨਣ ਆਪਣੇ ਆਪ ਕੁਦਰਤੀ ਨੇਮ ਵਾਂਗ ਮਨਫੀ ਹੋ ਜਾਂਦਾ ਹੈ। ਸਾਡੀ ਇਸ ਹੋਣੀ ਦੀਆਂ ਜੜ੍ਹਾਂ ਸਾਡੀ ਵਿਰਾਸਤ 'ਚ ਨਹੀਂ ਹਨ, ਕਿਉਂਕਿ ਇਸ ਦਾ ਮੁੱਢ ਮਿਸਲਾਂ ਦੀ ਚੜ੍ਹਤ ਨਾਲ ਬੱਝਣਾ ਸ਼ੁਰੂ ਹੋ ਗਿਆ ਸੀ। ਇਹ ਇਸ ਲਈ ਕਹਿ ਰਿਹਾਂ ਹਾਂ ਕਿ ਇਸ ਦੌਰ ਵਿਚ ਸਿੱਖੀ ਨੂੰ ਬਾਣੀ ਰਾਹੀਂ ਸਮਝਣ ਦੀ ਥਾਂ ਪਹਿਲਾਂ ਇਤਿਹਾਸ ਰਾਹੀਂ ਅਤੇ ਫਿਰ ਸਿਆਸਤ ਰਾਹੀਂ ਸਮਝੇ ਜਾਣ ਦੀ ਸ਼ੁਰੂਆਤ ਹੋ ਗਈ ਸੀ।

ਨਾਨਕ-ਨਿਰਦੇਸ਼ਨ ਵਾਲੀ ਸਿੱਖੀ ਨੂੰ ਜਿਹੋ ਜਿਹੀ ਢਾਹ ਸਿੱਖ ਰਾਜ ਵੇਲੇ ਲੱਗਣੀ ਸ਼ੁਰੂ ਹੋ ਗਈ ਸੀ, ਉਸ ਨੂੰ ਬਾਣੀ ਦੀ ਅਗਵਾਈ ਵਿਚ ਠਲ੍ਹਣ ਵਾਲਾ ਕੋਈ ਵੀ ਚੇਤਨਾ ਕੇਂਦਰ ਸਾਹਮਣੇ ਨਹੀਂ ਆ ਰਿਹਾ ਸੀ। ਕਾਲੋਨੀਅਲ ਸਿਆਸਤ ਨੇ ਇਸ ਦਾ ਸਿਆਸੀ ਲਾਹਾ ਲੈਂਦਿਆਂ ਗੁਰਦੁਆਰਿਆਂ ਉਤੇ ਮਹੰਤਾਂ ਦੇ ਕਬਜ਼ਿਆਂ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਸੀ। ਗੁਰਦੁਆਰਿਆਂ ਦੀ ਸੁਰੱਖਿਆ ਲਈ ਗੁਰਮਤਿ ਦੇ ਰੰਗ ਜੁਝਣ ਦੇ ਨਤੀਜਿਆਂ ਦੇ ਵਿਸਥਾਰ ਵਿਚ ਜਾਏ ਬਿਨਾ ਕਹਿਣਾ ਇਹ ਚਾਹੁੰਦਾ ਹਾਂ ਕਿ ਸਭ ਪ੍ਰਾਪਤੀਆਂ ਬਾਣੀ ਦੀ ਅਗਵਾਈ ਵਿਚ ਸਿੱਖ ਵਾਂਗ ਜੂਝਦਿਆਂ ਗੁਰਦੁਆਰਾ ਸੁਧਾਰ ਲਹਿਰ ਰਾਹੀਂ ਪ੍ਰਾਪਤ ਹੋਈਆਂ ਸਨ। ਇਸੇ ਦੇ ਇਰਦ-ਗਿਰਦ ਉਸਰਦੀ ਸਿੰਘ ਸਭਾ ਲਹਿਰ ਲੱਗਦੀ ਹੈ। ਇਹੀ ਸਮਾਂ ਸੀ ਜਦੋਂ ਸਿੱਖ-ਧਰਮ ਅਤੇ ਸਿੱਖ-ਸਿਆਸਤ ਬਾਰੇ ਨਿੱਠ ਕੇ ਸੋਚਿਆ ਜਾ ਰਿਹਾ ਸੀ। ਸਿੱਖ ਚੇਤਨਾ ਸਾਹਮਣੇ ਇਹ ਸਾਫ ਹੋ ਗਿਆ ਸੀ ਕਿ ਸਿੱਖ-ਸਿਆਸਤ ਬਾਰੇ ਦੇਸ਼ ਦੇ ਕਾਨੂੰਨ ਮੁਤਾਬਕ ਹੀ ਸੋਚਿਆ ਜਾ ਸਕਦਾ ਹੈ। ਇਸੇ ਸੋਚ ਵਿਚੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਧਰਮ ਦੀ ਪ੍ਰਤੀਨਿਧ ਸੰਸਥਾ ਵਜੋਂ ਚਿਤਵਿਆ ਗਿਆ ਸੀ ਅਤੇ ਫਿਰ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖ-ਸਿਆਸਤ ਦੇ ਪ੍ਰਤੀਨਿਧ ਵਜੋਂ ਚਿਤਵਿਆ ਗਿਆ ਸੀ।

ਇਹ ਦੋਵੇਂ ਸੰਸਥਾਵਾਂ ਇਕ ਪਾਸੇ ਵਿਧਾਨਕਤਾ ਦੇ ਸ਼ਿਕੰਜੇ ਵਿਚ ਰਹਿਣ ਦੀ ਮਜਬੂਰੀ ਹੰਢਾ ਰਹੀਆਂ ਹਨ ਅਤੇ ਦੂਜੇ ਪਾਸੇ ਪਹਿਲਾਂ ਪੁਰਾਣੇ ਪੰਜਾਬ ਤੇ ਹੁਣ ਪੰਜਾਬੀ ਸੂਬੇ ਤੱਕ ਸੁੰਗੜਨ ਦੀ ਮਜਬੂਰੀ ਹੰਢਾ ਰਹੀਆਂ ਹਨ। ਨਾਨਕ ਨਿਰਦੇਸ਼ਨ ਦਾ ਕਿਰਦੇ ਜਾਣਾ ਇਨ੍ਹਾਂ ਦੋਹਾਂ ਸੰਸਥਾਵਾਂ ਦੀਆਂ ਵਜੂਦ ਸਮੋਈਆਂ ਕਮਜ਼ੋਰੀਆਂ ਬਣਦਾ ਚਲਾ ਗਿਆ ਹੈ। ਇਹ ਵਰਤਾਰਾ ਜਿਥੇ ਪਹੁੰਚ ਗਿਆ ਹੈ, ਉਸ ਤੋਂ ਤਾਂ ਇਹੀ ਸਮਝ ਆਉਂਦਾ ਹੈ ਕਿ ਇਹ ਦੋਵੇਂ ਸੰਸਥਾਵਾਂ, ਸਿੱਖ ਭਾਈਚਾਰੇ ਦੀਆਂ ਨਾ ਹੀ ਵਾਹਦ ਪ੍ਰਤੀਨਿਧ ਰਹੀਆਂ ਹਨ ਅਤੇ ਨਾ ਹੀ ਰਹਿ ਸਕਦੀਆਂ ਹਨ, ਕਿਉਂਕਿ ਪੰਜਾਬੀ ਸੂਬੇ ਦਾ ਬਣ ਜਾਣਾ, ਓਨਾ ਸਿੱਖੀ ਦੇ ਹੱਕ ਵਿਚ ਨਹੀਂ ਭੁਗਤਿਆ, ਜਿੰਨਾ ਸਿੱਖ ਸਿਆਸਤ ਦੇ ਹੱਕ ਵਿਚ ਭੁਗਤਿਆ ਹੈ। ਇਸ ਨਾਲ ਸਿੱਖ ਸਿਆਸਤ ਬਰਾਸਤਾ ਸ਼੍ਰੋਮਣੀ ਕਮੇਟੀ ਅਜਿਹੇ ਰਾਹ ਪੈ ਗਈ ਹੈ, ਜਿਸ 'ਤੇ ਚੱਲਦਿਆਂ ਨਤੀਜਿਆਂ ਦੀ ਕੀਮਤ ਨਤੀਜੇ ਨਿਕਲਣ ਤੋਂ ਪਹਿਲਾਂ ਹੀ ਚੁਕਾਉਣੀ ਪੈ ਰਹੀ ਹੈ। ਇਸ ਨਾਲ ਬਹੁਤ ਕੁਝ ਉਲਟ-ਪੁਲਟ ਹੋਈ ਜਾ ਰਿਹਾ ਹੈ।

ਨਾਨਕ ਨਿਰਦੇਸ਼ਨ ਵਿਚ ਪੰਜਾਬੀ ਸਭਿਆਚਾਰ, ਸਿੱਖ ਸਭਿਆਚਾਰ, ਸਿੱਖ ਧਰਮ ਅਤੇ ਸਿੱਖ ਅਧਿਆਤਮ ਇਕ ਦੂਜੇ ਦੀ ਪੂਰਕਤਾ ਵਿਚ ਤੇ ਇਕ ਦੂਜੇ ਦੀ ਪੂਰਕਤਾ ਲਈ ਨਿਭਣੇ ਚਾਹੀਦੇ ਹਨ; ਪਰ ਹੋ ਇਹ ਰਿਹਾ ਹੈ ਕਿ ਅਧਿਆਤਮ ਧਰਮ ਵਜੋਂ ਵਰਤਿਆ ਜਾ ਰਿਹਾ ਹੈ, ਧਰਮ ਸਭਿਆਚਾਰ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਸਭਿਆਚਾਰ ਬੇਲਗਾਮ ਵਹਿਣ ਵਾਂਗ ਵਹਿ ਰਿਹਾ ਹੈ। ਇਸ ਦਾ ਨਤੀਜਾ ਆਪਣੀ ਸਹਿਚਾਰ ਦੀ ਥਾਂ ਆਪਣੀ ਟਕਰਾਉ ਵਿਚ ਨਿਕਲਣਾ ਕੁਦਰਤੀ ਹੈ। ਨਤੀਜਿਆਂ ਦੀ ਸਿਆਸਤ ਵਿਚ ਫਸਦਾ ਜਾ ਰਿਹਾ ਸਿੱਖ ਭਾਈਚਾਰਾ ਆਪਣੇ ਆਪਣੇ ਕਬਜ਼ਿਆਂ ਦੇ ਵਰਤਾਰਿਆਂ ਦੀ ਸਿਆਸਤ ਨਾਲ ਸੰਤੁਸ਼ਟ ਹੋਣ ਦੀ ਹੋਣੀ ਭੋਗ ਰਿਹਾ ਹੈ। ਇਸ ਦਾ ਨਤੀਜਾ ਇਹ ਹੈ ਕਿ ਸਿੱਖ ਧਰਮ ਦੀ ਖੁਦਮੁਖਤਿਆਰੀ ਸਿੱਖ ਸਿਆਸਤ ਦੇ ਹੱਥ ਆ ਗਈ ਹੈ ਅਤੇ ਸਿੱਖ ਅਧਿਆਤਮ ਦੀ ਦਾਅਵੇਦਾਰੀ ਸੰਤਾਂ ਨੇ ਸੰਭਾਲ ਲਈ ਹੈ। ਇਸ ਦਾ ਪ੍ਰਗਟਾਵਾ ਅਧੀਨ ਮਾਨਸਿਕਤਾ (possessed) ਰਾਹੀਂ ਹੋਣ ਲੱਗ ਪਿਆ ਹੈ। ਇਸੇ ਦੇ ਨਾਲ ਨਾਲ ਆਸਥਾ ਵਿਹੂਣ ਸਿੱਖ ਵਰਤਾਰਿਆਂ ਦੀ ਖੁਲ੍ਹ ਖੇਡ ਵੀ ਚੱਲੀ ਜਾ ਰਹੀ ਹੈ ਅਤੇ ਸਿੱਖ-ਜਾਗ੍ਰਿਤੀ ਦੀ ਥਾਂ ਸਿੱਖ-ਅੰਧ ਦਾ ਬੋਲਬਾਲਾ ਹੋਈ ਜਾ ਰਿਹਾ ਹੈ। ਸਿੱਖ-ਸਿਆਸਤ ਨੇ ਇਸ ਨੂੰ ਏਜੰਸੀਆਂ ਦੇ ਖਾਤੇ ਵਿਚ ਪਾਉਣ ਵਿਚ ਸਫਲਤਾ ਹਾਸਲ ਕਰ ਲਈ ਹੈ।

ਇਸੇ ਵਿਧੀ ਦੀ ਵਰਤੋਂ ਕਰਦਿਆਂ ਇਸਲਾਮ ਅਤੇ ਹਿੰਦੂਤਵ ਵਾਂਗ ਸਿੱਖਤਵ ਦੀ ਸਿਆਸਤ ਨੂੰ ਪੰਥਕਤਾ ਕਹਿਣਾ ਸ਼ੁਰੂ ਕਰ ਦਿੱਤਾ ਹੈ। ਅਜਿਹਾ ਕਰਨ ਵਾਲਿਆਂ ਨੇ ਕਦਮ ਰੋਕ ਕੇ ਕਦੇ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸਿੱਖ ਰਾਜ ਦੇ ਉਦਰੇਵੇਂ ਦੇ ਮੁੱਦਈ ਹੋਣ ਦੇ ਬਾਵਜੂਦ ਸਿੰਘ ਸਭਾਈ ਚੇਤਨਾ ਵਿਚੋਂ ਕਿਸੇ ਵੀ ਵਿਦਵਾਨ ਨੇ ਸਿਆਸਤਦਾਨ ਹੋਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ? ਇਹ ਵੀ ਸੋਚਿਆ ਜਾਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਸਿਆਸਤ ਦਾ ਸ਼ਿਕਾਰ 1947 ਤੋਂ ਪਿੱਛੋਂ ਸਿੱਖ ਲਗਾਤਾਰ ਹੋਈ ਜਾ ਰਹੇ ਹਨ, ਇਸ ਦੇ ਕੀਟਾਣੂ ਮਿਸਲਾਂ ਪਿਛੋਂ ਕਿਵੇਂ ਜਿਉਂਦੇ ਰਹੇ ਸਨ? ਸਵਾਲ ਤਾਂ ਇਹ ਵੀ ਹੈ ਕਿ ਬਰਾਸਤਾ ਸਿਆਸਤ ਜਿੰਨੀਆਂ ਦੁਸ਼ਵਾਰੀਆਂ ਦੇ ਕੀਟਾਣੂ ਸਿੱਖ ਭਾਈਚਾਰੇ 'ਤੇ ਹਮਲਾਵਰ ਹਨ, ਉਸ ਬਾਰੇ ਕੌਣ ਅਤੇ ਕਦੋਂ ਸੋਚੇਗਾ?

ਸਵਾਲਾਂ ਦੇ ਜੰਗਲ ਵਿਚ ਗੁਆਚਿਆਂ ਵਾਂਗ ਸੋਚਦਾ ਹਾਂ ਤਾਂ ਲੱਗਦਾ ਹੈ ਕਿ ਨਾਨਕ ਨਿਰਦੇਸ਼ਨ ਵਿਚ ਸੋਚਾਂਗੇ ਤਾਂ ਸਮਝ ਸਕਾਂਗੇ ਕਿ ਜਵਾਬੀ ਹਮਲਿਆਂ ਦੀ ਸਿਆਸਤ ਨਾਲ ਓਨਾ ਸੰਵਰਦਾ ਨਹੀਂ, ਜਿੰਨਾ ਵਿਗੜਦਾ ਹੈ। ਇਸ ਵਿਚੋਂ ਨਿਕਲਣ ਦਾ ਰਾਹ ਸਿੱਖ ਚੇਤਨਾ ਨੂੰ ਪ੍ਰਚੰਡ ਕਰਕੇ ਹੀ ਕੱਢਿਆ ਜਾ ਸਕਦਾ ਹੈ। ਅਜਿਹਾ ਪ੍ਰਾਪਤ ਸਿਧਾਂਤਕੀਆਂ ਦੀਆਂ ਥੰਮ੍ਹੀਆਂ ਤੇ ਉਸਾਰਨ ਦੀ ਥਾਂ ਨਾਨਕ ਨਿਰਦੇਸ਼ਨ ਮੁਤਾਬਕ ਲੈਣਯੋਗ ਨੂੰ ਲੈ ਕੇ ਅਤੇ ਛੱਡਣਯੋਗ ਨੂੰ ਛੱਡਣ ਦੀ ਵਿਧੀ ਰਾਹੀਂ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਨਾਨਕ ਨਿਰਦੇਸ਼ਨ ਨੂੰ ਕਿਸੇ ਕਿਸਮ ਦੀ ਨਿਰੰਤਰਤਾ ਵਿਚ ਉਸਾਰਨ ਦੇ ਬੰਧਨ ਦੀ ਥਾਂ ਵਿਰਾਸਤੀ ਪ੍ਰਕਾਸ਼ਨ ਵਾਂਗ ਸਾਹਮਣੇ ਲਿਆਂਦਾ ਜਾ ਸਕਦਾ ਹੈ।

---

**ਹਵਾਲੇ:**

***1.** ਗੁਰੂ ਗ੍ਰੰਥ ਸਾਹਿਬ, ਮਹਲਾ 5, "ਹਉ ਗੋਸਾਈ ਕਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥੧੭॥" (ਪੰਨਾ 74)

***2.** ਗੁਰੂ ਗ੍ਰੰਥ ਸਾਹਿਬ, ਵਾਰ ਮਲਾਰ ਕੀ, ਮ. ੧, "ਪਹਿਲੇ ਦੇ ਜੜ ਅੰਦਰਿ ਜੰਮੈ ਤਾ ਉਪਰਿ ਆਵੈ ਛਾਉ॥....ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥ ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ॥" (ਪੰਨਾ 1288)

# ਕਰਤਾਰ(ਪੁਰ) ਦੀ ਬਾਣੀ-ਜਪੁਜੀ

(ਪਿਛਲੇ ਸਫੇ ਦੀ ਬਾਕੀ)

ਨਾਲ ਨਾ ਲਿਖਦੇ। ਉਹ ਲੋਕਾਂ ਦੀ ਬੋਲੀ 'ਚ ਸਰਲ ਸਿੱਖਿਆ ਦੇਣ ਦੇ ਹਾਮੀ ਸਨ ਤੇ ਸ਼ਬਦਾਂ ਦੇ ਧਨੀ ਸਨ। ਉਹ ਸੌਖਿਆਂ ਹੀ ਇਸ ਦੀ ਥਾਂ ਕੋਈ ਸਰਲ ਤੇ ਪ੍ਰਚਲਿਤ ਸ਼ਬਦ ਚੁਣ ਸਕਦੇ ਸਨ। ਪੰਜਵਾਂ, ਜੇ ਸਿੱਖ ਗਿਆਨੀ ਤੇ ਵਿਦਵਾਨ 'ਓ' ਨੂੰ ਹਿੰਦੂ 'ਓਮ' ਨਾਲ ਜੋੜਦੇ ਹਨ ਤਾਂ ਉਹ ਉਲਰ ਉਲਰ ਕੇ 'ਹਮ ਹਿੰਦੂ ਨਹੀਂ' ਦੀ ਦੁਹਾਈ ਕਿਉਂ ਪਾਉਂਦੇ ਹਨ? ਛੇਵਾਂ, ਗੁਰੂ ਸਾਹਿਬ ਨੇ ਤਾਂ ਸਾਰੇ ਜਪੁਜੀ ਵਿਚ ਰੱਬ ਭਾਵ ਦਾ ਕੋਈ ਸ਼ਬਦ ਨਹੀਂ ਲਿਖਿਆ, ਫਿਰ ਇਹ ਕਿਵੇਂ ਸੰਭਵ ਹੋਇਆ ਕਿ ਉਨ੍ਹਾਂ ਨੇ ਇਸ ਨੂੰ ਮੂਲਮੰਤਰ ਦੇ ਸ਼ੁਰੂ ਵਿਚ ਹੀ ਲਿਖ ਕੇ ਉਸ, ਭਾਵ ਰੱਬ ਦੀ ਗਿਣਤੀ ਵੀ ਦੱਸ ਦਿੱਤੀ!

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ੴ ਦੇ ਤਿੰਨਾਂ ਭਾਗਾਂ ੧, ਓ ਤੇ ⌒ ਵਿਚ ਕੋਈ ਸੁਮੇਲਤਾ ਨਹੀਂ ਹੈ। ਇਕ ਅੰਕ ਹੈ, ਦੂਜਾ ਅੱਖਰ ਤੇ ਤੀਜਾ ਗੋਲਾਕਾਰ ਲਕੀਰ। ਇਹ ਤਾਂ ਤਿੰਨੇ ਪੈਂਤੀ ਦੇ ਅੱਖਰ ਨਾ ਹੋ ਕੇ ਵਿਆਕਰਣ ਦੇ ਘੇਰੇ ਵਿਚ ਵੀ ਨਹੀਂ ਆਉਂਦੇ। ਇਸ ਲਈ ਨਾ ਇਹ ਕੋਈ ਸ਼ਬਦ ਸਿਰਜਦੇ ਹਨ, ਨਾ ਇਨ੍ਹਾਂ ਦਾ ਕੋਈ ਉਚਾਰਣ ਹੋ ਸਕਦਾ ਹੈ, ਤੇ ਨਾ ਹੀ ਅਰਥ। ਇਨ੍ਹਾਂ ਦੀ ਵਿਆਖਿਆ ਬਾਰੇ ਸਭ ਗੱਲਾਂ ਸਿੱਖ ਵਿਦਵਾਨਾਂ ਨੇ ਆਪਣੇ ਮੋਟੇ ਅੰਦਾਜ਼ੇ ਲਾ ਕੇ ਆਪ ਹੀ ਜੋੜੀਆਂ ਹਨ।

ਇਸ ਲਈ ਸਮੁੱਚੇ ਜਪੁਜੀ ਤੇ ਇਸ ਦੇ ਵਿਸਥਾਰ ਗੁਰੂ ਗ੍ਰੰਥ ਸਾਹਿਬ ਦੇ ਆਸੇ ਦਾ ਭੇਦ ੴ ਦੇ ਰਹੱਸਮਈ ਸੂਤਰ ਵਿਚ ਛੁਪਿਆ ਹੋਇਆ ਹੈ। ਇਹ ਭੇਦ ਤਾਂ ਹੀ ਖੁਲ੍ਹ ਸਕਦਾ ਹੈ, ਜੇ ਸਿੱਖ ਵਿਦਵਾਨ ਇਸ ਨੂੰ ਇਕ ਉਚ-ਪੱਧਰੀ ਮੌਲਿਕ ਸੂਤਰ ਸਮਝ ਕੇ ਇਸ ਦੀ ਰਹੱਸਮਈ ਘੁੰਡੀ ਨੂੰ ਸੰਜੀਦਗੀ ਨਾਲ ਖੋਲ੍ਹਣ ਦਾ ਉਪਰਾਲਾ ਕਰਨ। ਜੇ ਉਹ ਤਰਕ-ਸੰਗਤ ਢੰਗ ਨਾਲ ਜਾਣਨ ਦੀ ਕੋਸ਼ਿਸ਼ ਕਰਨ ਕਿ ਇਸ ਸੂਤਰ ਦੇ ਸਾਰੇ ਚਿੰਨ੍ਹਾਂ ਵਿਚ ਅਜਿਹੀ ਕਿਹੜੀ ਇਕਸਾਰਤਾ ਹੈ, ਜਿਸ ਕਾਰਨ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਇਕ ਥਾਂ ਕਲਮਬੱਧ ਕੀਤਾ ਹੈ ਤਾਂ ਇਹ ਸਿੱਖ ਸਿਧਾਂਤ ਲਈ ਬੜੀ ਵੱਡੀ ਪ੍ਰਾਪਤੀ ਹੋਵੇਗੀ। ਜਦੋਂ ਵੀ ਇਹ ਰਹੱਸ ਖੁਲ੍ਹ ਗਿਆ, ਉਦੋਂ ਹੀ ਗੁਰੂ ਨਾਨਕ ਦਾ ਕਰਤਾਰਪੁਰੀ ਬਾਣੀ ਵਿਚ ਦਿੱਤਾ ਅਨੋਖਾ ਸਿੱਖੀ ਸਿਧਾਂਤ ਫਿਰ ਉਨ੍ਹਾਂ ਹੀ ਦਾਰਸ਼ਨਿਕ ਬੁਲੰਦੀਆਂ ਨੂੰ ਛੋਹਣ ਲੱਗੇਗਾ, ਜਿਨ੍ਹਾਂ ਦੇ ਸੰਦਰਭ ਵਿਚ ਗੁਰੂ ਸਾਹਿਬ ਨੇ ਇਸ ਨੂੰ ਘੜਿਆ ਸੀ। ਉਦੋਂ ਹੀ ਅਜੋਕੇ ਸਿੱਖਾਂ ਨੂੰ ਪਤਾ ਲੱਗੇਗਾ ਕਿ ਗੁਰੂ ਸਾਹਿਬ ਦੇ ਆਗਮਨ ਨਾਲ ਕਿਹੜਾ ਚਾਨਣ ਹੋਇਆ ਸੀ ਤੇ ਸਿੱਖੀ ਸਿਧਾਂਤ ਕੀ ਹੈ!

# ਪੰਜਾਬ ਜਾਗ੍ਰਿਤੀ ਲਹਿਰ ਤੇ ਯੂਰਪੀਅਨ ਰੈਨੇਸਾਂਸ ਲਹਿਰ ਦੇ ਨਤੀਜੇ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

**ਜਾਣਕਾਰੀ ਤੇ ਪਿੱਠਭੂਮੀ:** ਮੱਧਕਾਲੀ ਯੁੱਗ ਦੌਰਾਨ ਯੂਰਪ ਤੇ ਪੰਜਾਬ ਵਿਚ ਇੱਕੋ ਸਮੇਂ ਦੋ ਲਹਿਰਾਂ ਚੱਲੀਆਂ। ਯੂਰਪ ਵਿਚ ਚੱਲੀ 'ਰੈਨੇਸਾਂਸ' ਨਾਂ ਦੀ ਜਾਗ੍ਰਿਤੀ ਲਹਿਰ ਅਤੇ ਪੰਜਾਬ ਵਿਚ ਜਾਗ੍ਰਿਤੀ ਲਹਿਰ ਦੇ ਮੁੱਖ ਤੱਤ ਸਾਂਝੇ ਸਨ: ਮਨੁੱਖੀ ਨੈਤਿਕਤਾ, ਮਨੁੱਖੀ ਆਤਮ-ਸਨਮਾਨ, ਮਨੁੱਖੀ ਹੱਕ ਤੇ ਬਰਾਬਰੀ, ਮਨੁੱਖੀ ਸਾਂਝੀਵਾਲਤਾ ਤੇ ਹੋਰ ਮਨੁੱਖੀ ਕਦਰਾਂ-ਕੀਮਤਾਂ ਦੀ ਮਾਨਤਾ, ਸਮਰਥਨ ਤੇ ਵਰਤੋਂ; ਲੋਕ ਭਲਾਈ ਲਈ ਸਰਗਰਮੀਆਂ; ਧਰਮ ਦੀਆਂ ਕੁਰੀਤੀਆਂ ਦਾ ਵਿਰੋਧ; ਅੰਧ-ਵਿਸ਼ਵਾਸਾਂ ਦਾ ਖੰਡਨ ਤੇ ਤਰਕ ਦੀ ਵਰਤੋਂ ਅਤੇ ਗਿਆਨ ਦਾ ਪਸਾਰਾ ਤੇ ਵਰਤੋਂ। ਇੰਜ ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਲਹਿਰ ਦੇ ਮਿੱਥੇ ਤੇ ਅਣਮਿੱਥੇ ਮੁੱਖ ਉਦੇਸ਼ ਵੀ ਮੂਲ ਰੂਪ ਵਿਚ ਕੁਦਰਤੀ ਤੌਰ 'ਤੇ ਸਾਂਝੇ ਸਨ, ਬਾਵਜੂਦ ਵੱਖ ਵੱਖ ਸਥਾਨਕ ਹਾਲਾਤਾਂ ਦੇ। ਮਿਸਾਲ ਵਜੋਂ ਮਨੁੱਖੀ ਬਰਾਬਰੀ ਦੇ ਪ੍ਰਸੰਗ ਵਿਚ, ਪੰਜਾਬ ਵਿਚ 'ਉਚੀਆਂ' 'ਨੀਵੀਆਂ' ਜਾਤਾਂ ਸਨ, ਤੇ ਯੂਰਪ ਵਿਚ 'ਉਚੀਆਂ' 'ਨੀਵੀਆਂ' ਸ਼ੋਸ਼ਲ ਜਮਾਤਾਂ



**ਡਾ. ਸੁਖਪਾਲ ਸੰਘੇੜਾ***
dr.sukhpal.sanghera@gmail.com

ਸਨ। ਇਨ੍ਹਾਂ ਦੋ ਮਾਨਵਵਾਦੀ ਲਹਿਰਾਂ ਦਾ ਮੂਲ ਸਾਂਝਾ ਉਦੇਸ਼, ਇਸ ਸੰਦਰਭ ਵਿਚ ਸੀ: ਲਿੰਗ, ਜਾਤ-ਪਾਤ, ਨਸਲ, ਅਮੀਰੀ-ਗਰੀਬੀ ਆਦਿ ਦੇ ਆਧਾਰ 'ਤੇ ਵਿਤਕਰੇ ਦਾ ਖਾਤਮਾ।

ਕਿਉਂਕਿ ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਲਹਿਰ ਦੇ ਮੁੱਖ ਤੱਤ ਤੇ ਉਦੇਸ਼ ਸਾਂਝੇ ਸਨ, ਇਹ ਪ੍ਰਸਥਿਤੀ ਇਨ੍ਹਾਂ ਦੋ ਲਹਿਰਾਂ ਦੇ ਤੁਲਨਾਤਮਕ ਅਧਿਅਨ ਦਾ ਸੁਨਹਿਰੀ ਮੌਕਾ ਪੇਸ਼ ਕਰਦੀ ਹੈ, ਜਿਸ ਨੂੰ ਵਰਤਦਿਆਂ ਇਸ ਲੇਖ ਵਿਚ ਅਸੀਂ ਜਾਂਚ ਕਰਦੇ ਹਾਂ ਕਿ ਇਹ ਦੋ ਲਹਿਰਾਂ ਸਮੁੱਚੇ ਰੂਪ ਵਿਚ ਆਪਣੇ ਉਦੇਸ਼ਾਂ ਦੀ ਪੂਰਤੀ ਵਿਚ ਕਿੰਨੀਆਂ ਕਾਮਯਾਬ ਜਾਂ ਨਾਕਾਮਯਾਬ ਰਹੀਆਂ। ਅਸੀਂ ਜਿੱਤ ਜਾਂ ਹਾਰ ਦੇ ਮੁੱਖ ਲੱਛਣ ਹੀ ਵਿਚਾਰਾਂਗੇ, ਮੂਲ ਕਾਰਨ ਨਹੀਂ। ਇਹ ਜਾਂਚ-ਪੜਤਾਲ ਕਰਨ ਲਈ ਅਸੀਂ ਇੱਕ ਤਕਨੀਕ ਵਰਤਦੇ ਹਾਂ, ਜਿਹਨੂੰ ਪੁੱਠੀ ਇੰਜੀਨੀਅਰਿੰਗ ਕਿਹਾ ਜਾਂਦਾ ਹੈ। ਇਸ ਤਕਨੀਕ ਨੂੰ ਲਾਗੂ ਕਰਨ ਲਈ ਅਸੀਂ ਕਿਸੇ ਵਰਤਾਰੇ ਜਾਂ ਸਿਸਟਮ ਬਾਰੇ ਸਵਾਲਾਂ ਦੇ ਉਤਰ ਲੱਭਣ ਲਈ ਵਰਤਾਰੇ ਜਾਂ ਸਿਸਟਮ ਦੇ ਨਤੀਜਿਆਂ ਜਾਂ ਮੌਜੂਦਾ ਅਵਸਥਾ ਤੋਂ ਸ਼ੁਰੂ ਕਰਕੇ ਉਨ੍ਹਾਂ ਦੇ ਇਤਿਹਾਸ ਨੂੰ ਪੁੱਠਾ ਗੇੜਦੇ ਹਾਂ, ਕਿਸੇ ਫਿਲਮ ਵਾਂਗ।

ਕਿਹੜਾ ਯੁੱਗ? ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਲਹਿਰ ਦੀ ਜਿੱਤ ਜਾਂ ਹਾਰ ਦੇ ਮੁੱਖ ਲੱਛਣਾਂ ਦੀ ਭਾਲ ਵਿਚ ਅਸੀਂ ਅੱਜ ਤੋਂ ਸ਼ੁਰੂ ਕਰਦੇ ਹਾਂ। ਰੈਨੇਸਾਂਸ ਲਹਿਰ ਦੇ ਵਾਰਿਸ ਦੇਸ਼ ਆਧੁਨਿਕ ਯੁੱਗ ਵਿਚ ਜੀਅ ਰਹੇ ਹਨ; ਆਧੁਨਿਕ ਯੁੱਗ, ਜੋ ਰੈਨੇਸਾਂਸ ਵਿਚੋਂ ਹੀ ਜਨਮ ਕੇ ਇਨ੍ਹਾਂ ਹੀ ਦੇਸ਼ਾਂ ਵਿਚ ਵਿਕਸਿਤ ਹੁੰਦਾ ਰਿਹਾ ਹੈ। ਇਨ੍ਹਾਂ ਦੇਸ਼ਾਂ ਵਿਚ ਸ਼ਾਮਲ ਹਨ-ਯੂਰਪੀਅਨ ਦੇਸ਼, ਕੈਨੇਡਾ ਤੇ ਅਮਰੀਕਾ। ਯਾਦ ਰਹੇ, ਕੈਨੇਡਾ ਤੇ ਅਮਰੀਕਾ, ਜਿੱਦਾਂ ਉਹ ਅੱਜ ਜਾਣੇ ਜਾਂਦੇ ਨੇ, ਰੈਨੇਸਾਂਸ ਲਹਿਰ ਦੇ ਵਾਰਿਸਾਂ ਯੂਰਪੀਅਨ ਲੋਕਾਂ ਨੇ ਹੀ ਸ਼ੁਰੂ ਕੀਤੇ ਸਨ।

ਪੰਜਾਬ ਜਾਗ੍ਰਿਤੀ ਲਹਿਰ ਦਾ ਵਾਰਿਸ ਪੰਜਾਬ ਅਰਧ ਆਧੁਨਿਕ ਯੁੱਗ ਜਾਂ ਅਰਧ ਮੱਧਕਾਲੀ ਯੁੱਗ ਰਹਿੰਦਾ ਹੈ, ਕਿਉਂਕਿ ਇੱਥੇ ਆਪੇ ਕਮਾਇਆ ਆਧੁਨਿਕ ਯੁੱਗ ਕਦੇ ਨਾ ਆਇਆ; ਇਥੇ ਆਧੁਨਿਕ ਯੁੱਗ ਇਹਦੀ ਇੰਗਲੈਂਡ ਤੋਂ ਆਈ ਗੁਲਾਮੀ ਦਾਜ ਵਿਚ ਲਿਆਈ, ਨਾ ਕਿ ਅਰਥਚਾਰੇ ਜਾਂ ਵਿਗਿਆਨ ਵਿਚ ਤਰੱਕੀ ਕਾਰਨ ਆਇਆ।

**ਮਰਦ-ਔਰਦ ਬਰਾਬਰੀ ਦਾ ਹਾਲ:** ਭਾਵੇਂ ਸੰਪੂਰਨ ਮਰਦ-ਔਰਦ ਬਰਾਬਰੀ ਤਾਂ ਅਜੇ ਦੁਨੀਆਂ ਵਿਚ ਕਿਤੇ ਨਾ ਹੋਵੇ, ਪਰ ਪੰਜਾਬ ਸਣੇ ਭਾਰਤ ਦੇ ਮੁਕਾਬਲੇ ਇਹ ਬਰਾਬਰੀ ਰੈਨੇਸਾਂਸ ਲਹਿਰ ਦੇ ਵਾਰਿਸ ਦੇਸ਼ ਵਿਚ ਸੰਪੂਰਨ ਏੜ-ਗੇੜ ਕਹੀ ਜਾ ਸਕਦੀ ਹੈ। ਮਿਸਾਲ ਵਜੋਂ ਮਾਪਿਆਂ ਦਾ ਬੱਚਿਆਂ ਪ੍ਰਤੀ ਵਤੀਰਾ ਕੱਢ-ਪਾ ਕੇ ਇੱਕੋ ਜਿਹਾ

## *ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...*

ਹੀ ਹੁੰਦਾ ਹੈ, ਬਿਨਾ ਲਿੰਗ ਦੇ ਭੇਦ-ਭਾਵ ਤੋਂ। ਯੁਵਾ ਅਵਸਥਾ ਤੋਂ ਹੀ ਕੁੜੀਆਂ, ਮੁੰਡਿਆਂ ਵਾਂਗੂ ਹੀ, ਆਪਣੀ ਜ਼ਿੰਦਗੀ ਦੇ ਫੈਸਲੇ ਖੁਦ ਕਰਨ ਲੱਗ ਪੈਂਦੀਆਂ ਨੇ। ਪੰਜਾਬ ਜਾਗ੍ਰਿਤੀ ਲਹਿਰ ਦੇ ਵਾਰਿਸ ਪੰਜਾਬ ਵਿਚ ਹਾਲਾਤ ਇਸ ਦੇ ਉਲਟ ਹਨ। ਇੱਥੇ ਅਸੀਂ ਗੁਰਬਾਣੀ ਦੀ ਉਲੰਘਣਾ ਕਰਦਿਆਂ ਸ਼ੁੱਰੇਆਮ ਔਰਤ ਦੇ ਮਰਦ ਨਾਲ ਬਰਾਬਰੀ ਹੱਕ 'ਤੇ ਛਾਪੇ ਮਾਰਦੇ ਹਾਂ। ਕਈ ਸਮਾਜਕ ਹਲਕਿਆਂ ਵਿਚ ਔਰਤ ਦੇ ਪੁਨਰ-ਵਿਆਹ ਦੀ ਹਾਲੇ ਵੀ ਮਨਾਹੀ ਜਾਂ ਅਪ੍ਰਵਾਨਗੀ ਤਾਂ ਹੈ ਹੀ, ਉਨ੍ਹਾਂ ਨੂੰ ਪਹਿਲਾਂ ਵਿਆਹ ਵੀ ਆਪਣੀ ਮਰਜ਼ੀ ਨਾਲ ਨਹੀਂ ਕਰਵਾਉਣ ਦਿੱਤਾ ਜਾਂਦਾ। ਜੇ ਕੁੜੀ ਤੇ ਮੁੰਡੇ ਦੀ ਘਰ ਦਿਆਂ ਦੀ ਮਰਜ਼ੀ ਤੋਂ ਪਹਿਲਾਂ ਆਪਸੀ ਸਮਝ ਬਣ ਜਾਵੇ, ਤਾਂ ਕੁੜੀ ਵਾਲਿਆਂ ਦੇ ਖਾਨਦਾਨ ਦੀ ਇੱਜਤ ਨੂੰ ਖਤਰਾ ਪੈ ਜਾਂਦਾ ਹੈ, ਭਾਈਚਾਰੇ ਵਿਚ ਨੱਕ ਵੱਢਿਆ ਜਾਂਦਾ ਹੈ। ਸਾਡੀਆਂ ਮੱਧਕਾਲੀ ਯੁੱਗ ਦੀਆਂ ਇੱਜਤਾਂ/ਗੌਰਵਾਂ ਦੇ ਪੈਮਾਨਿਆਂ ਅਤੇ ਕਦਰਾਂ-ਕੀਮਤਾਂ ਨੇ ਵਿਕਾਸ ਕਰਕੇ ਅਜੇ ਆਧੁਨਿਕ ਵਿਚ ਪ੍ਰਵੇਸ਼ ਨਹੀਂ ਕੀਤਾ। ਅਸੀਂ ਇੰਨੇ ਕੁ ਹੀ ਆਧੁਨਿਕ ਹੋਏ ਹਾਂ ਕਿ ਆਧੁਨਿਕ ਦੀ ਤਕਾਨਲੋਜੀ ਤੇ ਸੰਦਾਂ ਨੂੰ ਆਪਣੀ ਮੱਧਕਾਲੀ ਯੁੱਗ ਦੀ ਸੋਚ ਦੀ ਸੇਵਾ ਵਿਚ ਹੀ ਵਰਤਦੇ ਹਾਂ। ਮਸਲਨ, ਕਈ ਲੋਕ ਇਸ ਤਕਾਨਲੋਜੀ ਦੇ ਆਸਰੇ ਪਤਾ ਲਾਉਂਦੇ ਨੇ ਕਿ ਬਣਨ ਵਾਲੀ ਮਾਂ ਦੇ ਗਰਭ ਵਿਚ ਜੋ ਪਲ ਰਿਹਾ ਹੈ, ਉਹ ਕੁੜੀ ਹੈ ਜਾਂ ਮੁੰਡਾ, ਤਾਂ ਕਿ ਜੇ ਕੁੜੀ ਹੋਵੇ ਤਾਂ ਗਰਭ ਗਿਰਾ ਕੇ ਉਹਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਸਕਣ, ਆਦਿ। ਜਿਵੇਂ ਪਹਿਲਾਂ ਹੀ ਇੱਕ ਲੇਖ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਸਾਹਿਬਾਨ ਗੁਰਬਾਣੀ ਵਿਚ ਇਸ ਜ਼ਾਲਮਾਨਾ ਸਮਾਜਕ ਕੁਰੀਤੀ ਵਿਰੁਧ ਆਵਾਜ਼ ਉਠਾਉਂਦਿਆਂ ਇਹਨੂੰ ਘੋਰ ਪਾਪ ਕਰਾਰ ਦਿੰਦੇ ਹਨ।



*ਯੂਰਪੀਅਨ ਰੈਨੇਸਾਂਸ ਲਹਿਰ ਦਾ ਇੱਕ ਵਾਰਿਸ, ਅਮਰੀਕੀ ਫੌਜ ਦਾ ਕਮਾਂਡਰ ਜੌਰਜ ਵਾਸ਼ਿੰਗਟਨ, ਜਿਹਨੇ ਇੰਗਲੈਂਡ ਖਿਲਾਫ ਆਜ਼ਾਦੀ ਦਾ ਯੁੱਧ ਜਿੱਤਣ ਪਿਛੋਂ ਆਪਣੇ ਆਪ ਨੂੰ ਬਾਦਸ਼ਾਹ ਥਾਪਣ ਦੀ ਥਾਂ ਅਮਰੀਕਾ ਵਿਚ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ, ਤੇ ਸੰਨ 1789 ਵਿਚ ਅਮਰੀਕਾ ਦਾ ਪਹਿਲਾ ਚੁਣਿਆ ਪ੍ਰਧਾਨ ਬਣਿਆ।*

**ਜਾਤ-ਪਾਤ ਅਤੇ ਹੋਰ ਧਾਰਮਿਕ ਕੁਰੀਤੀਆਂ ਤੇ ਪਖੰਡ:** ਰੈਨੇਸਾਂਸ ਲਹਿਰ ਦੇ ਵਾਰਿਸ ਦੇਸ਼ ਵਿਚ ਪੁਰਾਣੀਆਂ ਧਾਰਮਿਕ ਕੁਰੀਤੀਆਂ ਜਾਂ ਉਨ੍ਹਾਂ ਦੇ ਨਵੇਂ ਰੂਪਾਂ ਦਾ, ਪੰਜਾਬ ਦੇ ਮੁਕਾਬਲੇ, ਲੋਕਾਂ 'ਤੇ ਇੰਨਾ ਦਬਦਬਾ ਨਹੀਂ ਹੈ। ਮਿਸਾਲ ਵਜੋਂ ਵਿਗਿਆਨ ਤੇ ਵਿਗਿਆਨਕ ਸੋਚ ਦੀ ਰੌਸ਼ਨੀ ਵਿਚ ਜੋਤਿਸ਼, ਧਾਰਮਿਕ ਪੰਥਾਂ (cults), ਤੇ ਹੋਰ ਪਖੰਡਾਂ ਦਾ ਬੋਲਬਾਲਾ ਨਹੀਂ, ਜਦ ਕਿ ਪੰਜਾਬ ਵਿਚ ਹਾਲੇ ਵੀ ਜੋਤਿਸ਼ੀਆਂ, ਤਾਂਤਰਿਕ ਪਖੰਡੀਆਂ ਤੇ ਪਖੰਡੀ ਬਾਬਿਆਂ ਦੀਆਂ ਪੌਂ ਬਾਰਾਂ ਹਨ। ਉਹ ਸਗੋਂ ਬਾਹਰਲੇ ਦੇਸ਼ਾਂ ਵਿਚ ਜਾ ਵਸੇ ਪੰਜਾਬੀਆਂ ਦੇ ਭਾਈਚਾਰਿਆਂ ਵਿਚ ਵੀ ਗੇੜਾ ਮਾਰ ਆਉਂਦੇ ਨੇ। ਪੱਛਮੀ ਦੇਸ਼ਾਂ ਵਿਚ ਅੱਜ ਦਾ 'ਰੈਨੇਸਾਂਸ ਮੈਨ' ਭਾਵੇਂ ਧਾਰਮਿਕ ਹੋਵੇ ਜਾਂ ਅਧਾਰਮਿਕ ਹੋਵੇ, ਅਕਸਰ ਵਿਗਿਆਨਕ ਸੋਚ ਦੀ ਰੌਸ਼ਨੀ ਵਿਚ ਤੁਰਦਾ ਮਨੁੱਖੀ ਹੱਕਾਂ, ਮਨੁੱਖੀ ਬਰਾਬਰੀ ਤੇ ਹੋਰ ਆਧੁਨਿਕ ਮਨੁੱਖੀ ਕਦਰਾਂ-ਕੀਮਤਾਂ ਦਾ ਝੰਡਾਬਰਦਾਰ ਹੋ ਨਿਬੜਦਾ ਹੈ।

ਪਹਿਲੇ ਲੇਖ ਵਿਚ ਗੁਰੂਆਂ ਦੀ ਲਹਿਰ ਵਿਚੋਂ ਜਨਮੇ ਨਵੇਂ ਮਨੁੱਖ, ਪੰਜਾਬ ਦੇ 'ਰੈਨੇਸਾਂਸ ਮੈਨ' ਦਾ ਜ਼ਿਕਰ ਸੀ, ਜਿਸ ਨੂੰ 'ਸਿੱਖ' ਦਾ ਨਾਂ ਦਿੱਤਾ ਗਿਆ; ਅਤੇ ਜਿਵੇਂ ਯੂਰਪ ਨੂੰ 'ਰੈਨੇਸਾਂਸ ਮੈਨ' ਆਧੁਨਿਕ ਯੁੱਗ ਵੱਲ ਲੈ ਲਿਆ, ਪੰਜਾਬ ਨੂੰ 'ਸਿੱਖ' ਨੇ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ? ਪੁੱਛਣਾ ਬਣਦਾ ਹੈ ਕਿ ਪੰਜਾਬ ਦੇ ਉਸ 'ਰੈਨੇਸਾਂਸ ਮੈਨ' ਦਾ ਅੱਜ ਕੱਲ ਕੀ ਹਾਲ ਹੈ?

ਉਹ ਗੁਰੂ ਗ੍ਰੰਥ ਸਾਹਿਬ 'ਤੇ ਸਤਿਕਾਰ ਨਾਲ ਚੌਰ ਵੀ ਕਰ ਰਿਹਾ ਹੈ, ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਵੀ ਟੇਕ ਰਿਹਾ ਹੈ (ਸਤਿਕਾਰ ਕੋਈ ਬੁਰੀ ਚੀਜ਼ ਨਹੀਂ); ਪਰ ਕਿਧਰੇ ਉਹ ਧਰਮ ਦੇ ਤਾਣੇ-ਬਾਣੇ 'ਚ ਫਸਿਆ ਆਰਤੀ ਦੇ ਪਖੰਡ ਨੂੰ ਨਕਾਰਨ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਥਾਲ ਵਿਚ ਦੀਵੇ ਬਾਲ ਕੇ ਉਤਾਰੀ ਜਾ ਰਹੀ ਆਰਤੀ ਵਿਚ ਵੀ ਸ਼ਰੀਕ ਹੋ ਰਿਹਾ ਹੈ। ਉਸੇ ਗੁਰੂ ਗ੍ਰੰਥ ਸਾਹਿਬ ਦੀ, ਜਿਸ ਵਿਚ ਲਿਖਿਆ ਹੈ,

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥
(ਪੰਨਾ 694)

ਭਾਵ ਅਨਜਾਣ ਲੋਕ ਤੇਰੀ ਮੂਰਤੀ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ ਪ੍ਰਭੂ ਤੇਰਾ ਨਾਮ ਹੀ ਆਰਤੀ ਹੈ; ਹੋਰ ਸਾਰੇ ਇਹ ਕੂੜ ਅਡੰਬਰ ਹਨ।

ਇਹ ਤੇ ਹੋਰ ਰਸਮਾਂ, ਜੋ ਗੁਰੂ ਗ੍ਰੰਥ ਸਾਹਿਬ ਸੰਗ ਜੋੜ ਦਿੱਤੀਆਂ ਗਈਆਂ ਨੇ, ਹਿੰਦੂ ਧਰਮ ਵਿਚਲੇ ਬ੍ਰਾਹਮਣਵਾਦ ਦੀ 'ਮੂਰਤੀ ਪੂਜਾ' ਦਾ ਹੀ ਬਦਲਿਆ ਹੋਇਆ ਰੂਪ ਹੈ; ਤੇ 'ਮੂਰਤੀ ਪੂਜਾ' ਦੇ ਅਡੰਬਰ ਦਾ ਖੰਡਨ ਪੰਜਾਬ ਜਾਗ੍ਰਿਤੀ ਲਹਿਰ ਦੇ ਸੰਚਾਲਕਾਂ ਨੇ ਕੀਤਾ, ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਹੈ,

ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ॥
ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ॥ (ਪੰਨਾ 479)



*ਪੰਜਾਬ ਜਾਗ੍ਰਿਤੀ ਲਹਿਰ ਦਾ ਇੱਕ ਵਾਰਿਸ ਤੇ ਸ਼ਕਰਚੱਕੀਆ ਮਿਸਲ ਦਾ ਮਿਸਲਦਾਰ ਰਣਜੀਤ ਸਿੰਘ, ਜਿਹਨੇ ਸੰਨ 1799 ਵਿਚ ਲਾਹੌਰ 'ਤੇ ਕਬਜ਼ਾ ਕਰਕੇ ਤੇ ਸਿੱਖ ਮਿਸਲਾਂ ਨੂੰ ਇੱਕਠਾ ਕਰਕੇ ਜਮਹੂਰੀਅਤ ਲਾਗੂ ਕਰਨ ਦੀ ਥਾਂ ਸੰਨ 1801 ਵਿਚ ਆਪਣੇ ਆਪ ਨੂੰ ਮਹਾਰਾਜਾ ਥਾਪ ਲਿਆ।*

ਭਾਵ ਭੱਤ, ਦਾਲ, ਪੰਜੀਰੀ ਤਾਂ ਛਕਣ ਵਾਲਾ (ਪੁਜਾਰੀ ਜਾਂ ਸ਼ਰਧਾਲੂ) ਛਕ ਜਾਂਦਾ ਹੈ, ਇਸ ਮੂਰਤੀ ਦੇ ਮੂੰਹ ਵਿਚ ਕੁਝ ਵੀ ਨਹੀਂ ਪੈਂਦਾ (ਨਿਰਜਿੰਦ ਹੈ, ਖਾਵੇ ਕਿਵੇਂ?)

ਇਸੇ ਗੁਰੂ ਗ੍ਰੰਥ ਸਾਹਿਬ ਨੂੰ ਹੀ ਭੋਗ ਲਵਾ ਰਿਹਾ ਹੈ ਪੰਜਾਬ ਦਾ 'ਰੈਨੇਸਾਂਸ ਮੈਨ।' ਜਾਹਰ ਹੈ, ਉਹ ਗੁਰਬਾਣੀ ਨੂੰ ਬਹੁਤਾ ਜਪ ਹੀ ਰਿਹਾ ਹੈ, ਸਮਝ ਜਾਂ ਲਾਗੂ ਨਹੀਂ ਕਰ ਰਿਹਾ।

ਇਸੇ ਤਰ੍ਹਾਂ ਕਈ ਥਾਂ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੀਰਥ/ਸਰੋਵਰ ਯਾਤਰਾ/ਇਸ਼ਨਾਨ ਦੇ ਅੰਧਵਿਸ਼ਵਾਸ/ਪਖੰਡ ਦਾ ਖੰਡਨ ਕਰਦੀ ਹੈ; ਫਿਰ ਵੀ ਪੰਜਾਬ ਦੇ ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿਚ ਸੰਗਰਾਂਦ, ਮੱਸਿਆ ਤੇ ਹੋਰ ਖਾਸ ਮੌਕਿਆਂ 'ਤੇ ਹਿੰਦੂ ਸ਼ਰਧਾਲੂਆਂ ਦੀ ਤੀਰਥ ਯਾਤਰਾ/ਇਸ਼ਨਾਨ ਵਾਂਗ ਹੀ ਇਸ਼ਨਾਨ ਕਰਦਾ ਵੇਖਿਆ ਜਾਂਦਾ ਹੈ; ਉਸੇ ਜਿਹੀ ਹੀ ਸ਼ਰਧਾ ਤੇ ਭਾਵਨਾਵਾਂ ਨਾਲ। ਉਸ ਗੁਰਬਾਣੀ ਵਿਚ ਨਕਾਰੀ ਹੋਈ ਸਰਾਧ ਪ੍ਰਥਾ ਨੂੰ ਵੀ ਜਾਰੀ ਰੱਖ ਰਿਹਾ ਹੈ, ਭੋਜਨ ਚਾਹੇ ਬ੍ਰਾਹਮਣਾਂ ਨੂੰ ਛਕਾਇਆ ਜਾਏ ਜਾਂ ਬ੍ਰਾਹਮਣਾਂ ਦੀ ਥਾਂ 'ਸਿੱਖ ਬਿਠਾਏ' ਜਾਣ। ਕਿਧਰੇ ਇਹ ਵਹਿਮਾਂ ਤੇ ਅੰਧਵਿਸ਼ਵਾਸ ਵਿਚ ਜਕੜਿਆਂ ਪਖੰਡੀ ਬਾਬਿਆਂ, ਤਾਂਤਰਿਕ ਪਖੰਡੀਆਂ ਤੇ ਜੋਤਿਸ਼ੀਆਂ ਆਦਿ ਹੱਥੋਂ ਲੁੱਟ ਹੋ ਰਿਹਾ ਹੈ; ਧਾਗੇ ਤਵੀਤ ਕਰ ਰਿਹਾ ਹੈ; ਸੁੱਖਣਾਂ ਸੁੱਖਣ, ਮੰਨਤਾਂ ਮੰਗਣ/ਮਨਾਉਣ ਤੇ ਚੜ੍ਹਾਵੇ ਚੜ੍ਹਾਉਣ ਦੀਆਂ ਰਸਮਾਂ 'ਚ ਗੜੁੱਚ ਹੈ।

ਪੰਜਾਬ ਦੇ ਇਸ 'ਰੈਨੇਸਾਂਸ ਮੈਨ' ਨੇ ਗੁਰੂਆਂ ਤੇ ਗੁਰਬਾਣੀ ਨੂੰ ਸਮਝ ਕੇ ਜਾਤ-ਪਾਤ ਖਤਮ ਤਾਂ ਕੀ ਕਰਨੀ ਸੀ, ਖੁਦ ਜਾਤ-ਪਾਤ ਵਿਚ ਖੇਰੂੰ ਹੋ ਗਿਆ: ਜੱਟ ਸਿੱਖ, ਮਜਹਬੀ ਸਿੱਖ, ਭਾਪੇ ਸਿੱਖ, ਰਾਮਗੜੀਏ ਸਿੱਖ, ਆਦਿ; ਗੁਰਦੁਆਰੇ ਵੀ ਜਾਤਾਂ ਵਿਚ ਵੰਡੇ ਗਏ: ਜੱਟਾਂ ਦਾ, ਭਾਪਿਆਂ ਦਾ, ਚਮਾਰਾਂ ਦਾ, ਤਰਖਾਣਾਂ ਦਾ ਗੁਰਦੁਆਰਾ। ਉਹ ਜਾਤ-ਪਾਤ 'ਤੇ ਵੀ ਨਹੀਂ ਰੁਕਦਾ; ਹੋਰ ਵੀ ਪਿੱਛੇ ਜਾਂਦਿਆਂ ਕਬੀਲਿਆਂ/ਗੋਤਾਂ ਵਿਚ ਵਟ ਜਾਂਦਾ ਹੈ ਤੇ 'ਸਾਹਿਬ' ਦੀ ਕਲਗੀ ਲਵਾਉਣ ਵਿਚ ਮਾਣ ਮਹਿਸੂਸ ਕਰਦਾ ਹੈ: ਬਰਾੜ ਸਾਹਿਬ, ਸੰਧੂ ਸਾਹਿਬ, ਢਿੱਲੋਂ ਸਾਹਿਬ, ਸੰਘੇੜਾ ਸਾਹਿਬ, ਕੋਹਲੀ ਸਾਹਿਬ, ਸੂਰੀ ਸਾਹਿਬ, ਵਿਰਕ ਸਾਹਿਬ, ਗਿੱਲ ਸਾਹਿਬ, ਆਦਿ। ਗੱਲ ਕੀ, ਪੰਜਾਬ ਦਾ 'ਰੈਨੇਸਾਂਸ ਮੈਨ' ਭਾਵ ਸਿੱਖ ਬ੍ਰਹਾਮਣਵਾਦ ਤੇ ਸਿੱਖੀ ਬਰਾਂਡ ਵਾਲੇ ਬ੍ਰਹਾਮਣਵਾਦ ਦੇ ਭਰਮ/ਪਖੰਡ ਜਾਲ ਵਿਚ ਫਸਿਆ ਹੋਇਆ ਹੈ।

ਜਿਨ੍ਹਾਂ ਸਮਾਜਕ ਬੁਰਾਈਆਂ ਤੇ ਲਾਹਨਤਾਂ ਵਿਰੁਧ ਪੰਜਾਬ ਜਾਗ੍ਰਿਤੀ ਲਹਿਰ ਨੇ ਸੰਘਰਸ਼ ਕੀਤਾ, ਉਹ ਕਰੀਬ ਸੱਭੇ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਬਰਕਰਾਰ ਹਨ। ਫਰਕ ਸਿਰਫ ਇੰਨਾ ਹੈ ਕਿ ਹੁਣ ਇਹ ਸਿਰਫ ਕੱਟੜ ਹਿੰਦੂ ਤੇ ਇਸਲਾਮ ਧਰਮਾਂ ਤੱਕ ਹੀ ਸੀਮਿਤ ਨਹੀਂ ਰਹੀਆਂ।

ਪੰਜਾਬ ਜਾਗ੍ਰਿਤੀ ਲਹਿਰ ਦੇ ਵਾਰਿਸਾਂ ਤੇ ਰੈਨੇਸਾਂਸ ਲਹਿਰ ਦੇ ਵਾਰਿਸਾਂ ਦੇ ਵੱਖ ਵੱਖ ਲੱਛਣ ਹੋਰ ਡੂੰਘਾਈ ਵਿਚ ਸਮਝਣ ਲਈ ਇਤਿਹਾਸ ਦੀ ਫਿਲਮ ਨੂੰ ਪੁੱਠਾ ਗੇੜਦੇ 18ਵੀਂ ਸਦੀ ਦੇ ਆਖਰੀ ਚੱਪੇ 'ਤੇ ਰੁਕ ਜਾਓ। ਇੱਥੇ ਮੈਂ ਤੁਹਾਡਾ ਧਿਆਨ ਦੋ ਵੱਖ ਵੱਖ ਦ੍ਰਿਸ਼ਾਂ ਵੱਲ ਖਿੱਚਣਾ ਚਾਹਾਂਗਾ-ਅਮਰੀਕਾ ਜਮਹੂਰੀਅਤ ਅਤੇ ਪੰਜਾਬ ਦੀ ਬਾਦਸ਼ਾਹਤ।

**ਅਮਰੀਕਾ ਜਮਹੂਰੀਅਤ:** ਜਿੱਦਾਂ ਅੱਜ ਜਾਣਿਆ ਜਾਂਦਾ ਹੈ, ਅਮਰੀਕਾ ਦੀ ਇੱਕ ਆਜ਼ਾਦ ਕੌਮ ਤੇ ਦੇਸ਼ ਵਜੋਂ ਨੀਂਹ ਰੱਖਣ ਵਾਲਿਆਂ, ਜਿਨ੍ਹਾਂ ਨੂੰ ਅਮਰੀਕਾ ਵਿਚ ਫਾਊਂਡਿੰਗ ਫਾਦਰ (ਬਾਨੀ ਪਿਤਾ) ਵੀ ਕਿਹਾ ਜਾਂਦਾ ਹੈ, ਵਿਚੋਂ ਬਾਹਲੇ ਖੁਦ ਜਾਂ ਉਨ੍ਹਾਂ ਦੇ ਪਰਿਵਾਰ ਯੂਰਪ ਵਿਚੋਂ ਆਏ ਸਨ; ਉਨ੍ਹਾਂ ਦੀ ਸੋਚ

## *ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ*

ਰੈਨੇਸਾਂਸ ਤੇ ਉਸ ਦੇ ਨਤੀਜਿਆਂ ਤੋਂ ਪ੍ਰਭਾਵਿਤ ਸੀ। ਸੋ, ਰੈਨੇਸਾਂਸ ਦੀ ਮਾਨਵਵਾਦੀ ਲਹਿਰ ਦੀ ਰੋਸ਼ਨੀ ਵਿਚ ਵੇਖਦਿਆਂ ਇਹ ਕੋਈ ਅਚੰਭਾ ਨਹੀਂ ਕਿ 18ਵੀਂ ਸਦੀ ਦੇ ਨੌਂਵੇਂ ਦਹਾਕੇ ਦੌਰਾਨ ਅਮਰੀਕੀ ਫੌਜ ਦੇ ਕਮਾਂਡਰ ਜੌਰਜ ਵਾਸ਼ਿੰਗਟਨ, ਇੱਕ ਬਾਨੀ ਪਿਤਾ ਨੇ ਇੰਗਲੈਂਡ ਖਿਲਾਫ ਆਜ਼ਾਦੀ ਦੀ ਲੜਾਈ ਜਿੱਤਣ ਪਿਛੋਂ ਆਪਣੇ ਆਪ ਨੂੰ ਬਾਦਸ਼ਾਹ ਥਾਪਣ ਦੀ ਥਾਂ ਅਮਰੀਕਾ ਵਿਚ ਜਮਹੂਰੀਅਤ ਲਾਗੂ ਕਰਨ ਦਾ ਐਲਾਨ ਕਰ ਦਿੱਤਾ। ਹੈਰਾਨੀ ਇਸ ਗੱਲ ਦੀ ਵੀ ਨਹੀਂ ਹੋਣੀ ਚਾਹੀਦੀ ਕਿ 4 ਜੁਲਾਈ 1776 ਨੂੰ ਜਾਰੀ ਕੀਤੇ ਆਜ਼ਾਦੀ ਦੇ ਜਿਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਅਮਰੀਕੀ ਫੌਜ ਲੜੀ, ਉਸ ਐਲਾਨਨਾਮੇ ਦੇ ਸ਼ੁਰੂ ਵਿਚ ਇੱਕ ਹੋਰ ਬਾਨੀ ਪਿਤਾ ਥੌਮਸ ਜੈਫਰਸਨ ਨੇ ਐਲਾਨ ਕੀਤਾ ਸੀ, "ਅਸੀਂ ਇਹ ਸੱਚਾਈ ਆਪਣੇ ਆਪ ਵਿਚ ਪ੍ਰਮਾਣਿਕ ਮੰਨਦੇ ਹਾਂ ਕਿ ਸਾਰੇ ਬੰਦੇ ਬਰਾਬਰ ਰਚੇ ਗਏ ਹਨ ਤੇ ਉਹ ਸਾਰੇ ਆਪਣੇ ਰਚਣਹਾਰੇ ਵਲੋਂ ਕੁਝ ਖਾਸ ਅਟੱਲ ਹੱਕਾਂ ਨਾਲ ਨਿਵਾਜ਼ੇ ਗਏ ਹਨ, ਜਿਨ੍ਹਾਂ ਵਿਚੋਂ ਕੁਝ ਹਨ-ਜ਼ਿੰਦਗੀ, ਸੁਤੰਤਰਤਾ ਤੇ ਖੁਸ਼ੀ ਦੀ ਭਾਲ।"

ਸਪੱਸ਼ਟ ਹੈ ਕਿ ਇਨ੍ਹਾਂ ਦੋਹਾਂ ਬਾਨੀ ਪਿਤਾ ਦੇ ਐਲਾਨਾਂ ਦੌਰਾਨ ਰੈਨੇਸਾਂਸ ਮਾਨਵਵਾਦ ਸਿਰ ਚੜ੍ਹ ਬੋਲ ਰਿਹਾ ਸੀ। ਇਸ ਤਰ੍ਹਾਂ ਇਨ੍ਹਾਂ ਨੇ ਅਮਰੀਕਾ ਵਿਚ ਪਹਿਲਾਂ ਸ਼ੁਰੂ ਹੋ ਚੁਕੀ ਆਧੁਨਿਕ ਯੁੱਗ ਦੀ ਉਸਾਰੀ ਵਿਚ ਆਪਣਾ ਅਹਿਮ ਹਿੱਸਾ ਪਾਇਆ।

**ਪੰਜਾਬ ਦੀ ਬਾਦਸ਼ਾਹਤ:** ਪੰਜਾਬ ਵਿਚ 18ਵੀਂ ਸਦੀ ਦੇ ਆਖਰੀ ਚੱਪੇ 'ਤੇ ਪੁੱਜਣ ਤੋਂ ਪਹਿਲਾਂ, ਯਾਦ ਕਰੋ ਕਿ ਮੁਗਲ ਹਕੂਮਤ ਨਾਲ ਹਥਿਆਰਬੰਦ ਲੜਾਈ ਲੜਨ ਲਈ ਸਿੱਖ ਲਹਿਰ ਦੇ ਆਖਰੀ ਦੇਹਧਾਰੀ ਗੁਰੂ, ਗੁਰੂ ਗੋਬਿੰਦ ਸਿੰਘ ਨੇ 1699 ਵਿਚ ਖਾਲਸਾ ਪੰਥ ਦੀ ਸਥਾਪਨਾ ਕੀਤੀ। ਗੁਰੂਆਂ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ, ਜੋ ਮੁਗਲ ਹਕੂਮਤ ਖਿਲਾਫ ਹਥਿਆਰਬੰਦ ਲੜਾਈ ਦੀ ਅਗਵਾਈ ਕਰਦਿਆਂ ਪਕੜੇ ਜਾਣ ਉਪਰੰਤ 1716 ਵਿਚ ਮੁਲਲ ਹਕੂਮਤ ਹੱਥੋਂ ਸ਼ਹੀਦ ਹੋਏ।

18ਵੀਂ ਸਦੀ ਦੇ ਦੂਜੇ ਅੱਧ ਵਿਚ ਜਦੋਂ ਮੁਗਲ ਰਾਜ ਦੀਆਂ ਢਹਿੰਦੀਆਂ ਕਲਾਂ ਦਾ ਸਮਾਂ ਪਹਿਲਾਂ ਸ਼ੁਰੂ ਹੋ ਚੁਕਾ ਸੀ, ਸਿੱਖ ਜਥਿਆਂ ਨੇ ਮੁੜ ਸਰਗਰਮੀ ਫੜੀ ਅਤੇ ਅਮਰੀਕਾ ਦੇ ਇੰਡਲੈਂਡ ਤੋਂ ਆਜ਼ਾਦੀ ਯੁੱਧ ਦੌਰਨ ਤੇ ਇਹਦੇ ਆਲੇ-ਦੁਆਲੇ ਦੇ ਸਮੇਂ ਵਿਚ ਸਿੱਖ ਪੰਜਾਬ ਵਿਚ ਛੋਟੇ-ਛੋਟੇ ਰਾਜ ਸਥਾਪਤ ਕਰਨ ਲੱਗੇ, ਜਿਨ੍ਹਾਂ ਨੂੰ ਮਿਸਲਾਂ ਕਿਹਾ ਜਾਂਦਾ ਸੀ। ਸੰਨ 1799 ਵਿਚ ਸ਼ਕਰਚੱਕੀਆ ਮਿਸਲ ਦੇ ਰਣਜੀਤ ਸਿੰਘ ਦੀ ਫੌਜ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ 1801 ਵਿਚ ਆਪਣੀ ਵਾਗਡੋਰ ਵਿਚਲੀ ਪੰਜਾਬ ਰਾਜ (ਸਟੇਟ) ਦੀ ਸਥਾਪਨਾ ਕੀਤੀ। ਪਰ ਜਿਵੇਂ ਰੈਨੇਸਾਂਸ ਲਹਿਰ ਦਾ ਮਾਨਵਵਾਦ ਥੌਮਸ ਜੈਫਰਸਨ ਤੇ ਜੌਰਜ ਵਾਸ਼ਿੰਗਟਨ ਦੇ ਸਿਰ ਚੜ੍ਹ ਬੋਲਿਆ ਸੀ, ਲੱਗਦਾ ਹੈ ਉਵੇਂ ਰਣਜੀਤ ਸਿੰਘ ਦੇ ਸਿਰ ਚੜ੍ਹ ਕੇ ਪੰਜਾਬ ਜਾਗ੍ਰਿਤੀ ਲਹਿਰ ਦਾ ਮਾਨਵਵਾਦ ਨਹੀਂ ਬੋਲਿਆ, ਤੇ ਉਨ੍ਹਾਂ ਜਮਹੂਰੀਅਤ ਲਾਗੂ ਕਰਨ ਦੀ ਥਾਂ ਆਪਣੇ-ਆਪ ਨੂੰ ਮਹਾਰਾਜਾ ਥਾਪ ਦਿੱਤਾ। ਜਾਹਰਾ ਹੈ, ਰਣਜੀਤ ਸਿੰਘ ਦੇ ਸਿਰ ਚੜ੍ਹ ਕੇ ਰਾਜਿਆਂ-ਮਹਾਰਾਜਿਆਂ ਦੀਆਂ ਕਲਗੀਆਂ ਦੀ ਆਭਾ ਗੁਰੂਆਂ ਦੀ ਮਾਨਵਵਾਦੀ ਲਹਿਰ ਦੇ ਉਦੇਸ਼ਾਂ ਤੋਂ ਕਿਤੇ ਉਚੀ ਬੋਲੀ ਹੋਵੇਗੀ; ਨਹੀ ਤਾਂ ਮਨੁੱਖੀ ਸਾਂਝੀਵਾਲਤਾ, ਮਨੁੱਖੀ ਬਰਾਬਰੀ ਤੇ ਮਨੁੱਖੀ ਕਦਰਾਂ-ਕੀਮਤਾਂ ਵਾਲਾ ਰੈਨੇਸਾਂਸ, ਗੁਰੂਆਂ, ਸੂਫੀਆਂ, ਭਗਤਾਂ ਦਾ ਮਾਨਵਵਾਦ ਇੱਕ ਆਦਮੀ ਜਾਂ ਪਰਿਵਾਰ ਦੇ ਰਾਜ ਤੋਂ ਦੂਰ ਤੇ ਜਮਹੂਰੀਅਤ ਨੇੜੇ ਸੀ। ਐਵੇਂ ਤਾਂ ਨਹੀਂ ਭਗਤ ਰਵਿਦਾਸ ਨੇ ਗੁਲਾਮੀ ਦਾ ਵਿਰੋਧ ਕਰਦਿਆਂ ਸਵਰਾਜ (ਜਮਹੂਰੀਅਤ) ਦਾ ਸੁਪਨਾ ਲਿਆ ਸੀ,

ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।

*(ਬਾਕੀ ਅਗਲੇ ਸਫੇ 'ਤੇ)*

***ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।***

# ਗੁਰੂ ਨਾਨਕ-ਕਿਰਤ ਦੇ ਪੋਟਿਆਂ 'ਤੇ ਲਿਖਿਆ ਨੇਕੀ ਦਾ ਗੀਤ

ਗੁਰੂ ਨਾਨਕ ਕਿਰਤ ਦੇ ਪੋਟਿਆਂ 'ਤੇ ਲਿਖੇ ਨੇਕੀ ਦੇ ਗੀਤ ਜਿਹਾ ਅਰਸ਼ ਹੈ। ਰੱਬ ਨਿਸ਼ਚਾ ਅਤੇ ਬੰਦਗੀ, ਇਨਸਾਨੀਅਤ ਦੇ ਇਤਫਾਕ ਜਿਹਾ। ਸਮਾਜਕ ਇਨਸਾਫ ਲਈ ਉਦਮ ਇਮਾਨਦਾਰ ਵਤੀਰਾ। ਉਹ ਘਰੇਲੂ ਜ਼ਿੰਦਗੀ ਦਾ ਰਿਸ਼ਤਾ ਤੇ ਰਸਤਾ ਵੀ ਹੈ। ਦਲੀਲ ਦਾ ਮਾਡਲ। ਸੂਰਜ ਦੀ ਸੋਚ, ਸਰਘੀ 'ਚੋਂ ਜਨਮਦਾ ਪਹਿਲਾ ਸੁਪਨਾ, ਸਵੇਰ ਦਾ ਪਹਿਲਾ ਨਗਮਾ। ਨਾਨਕ ਅਰਸ਼ ਦੀ ਕਿੱਲੀ 'ਤੇ ਟੰਗੀ ਨਵੀਂ ਤਰਜ਼ ਹੈ, ਰਬਾਬ ਦੀਆਂ ਤਾਰਾਂ ਦੀ ਪਹਿਲੀ ਕੰਬਣੀ। ਧਰਤੀ 'ਤੇ ਵਿਚਰਦਿਆਂ ਸਾਨੂੰ ਅਨੰਦ ਮਿਲਿਆ ਅਦਭੁਤ ਲੱਗਾ। ਬੇਅੰਤ ਭੰਡਾਰੇ ਅਣਮੁੱਲ ਖਜਾਨੇ ਉਪਹਾਰ ਪ੍ਰਾਪਤ ਹੋਏ; ਅਸੀਂ ਜੀਣ ਜੋਗੇ ਹੋਏ। ਮਿੱਟੀਆਂ ਸਾਡੇ ਬੋਝ



**ਡਾ. ਅਮਰਜੀਤ ਟਾਂਡਾ**
drtanda101@gmail.com

ਢੋਹਦੀਆਂ ਕੁਫਰ ਝੱਲਦੀਆਂ ਵੀ ਨਾ ਬੋਲਣ। ਨਾਨਕ ਉਚਾਰਦਾ ਗਿਆ, ਗਾਉਂਦਾ ਤੁਰਿਆ ਰਿਹਾ। ਜਗ ਨੂੰ ਸ਼ਬਦਾਂ ਦਾ ਚਾਨਣ ਵੰਡਦਾ ਰਿਹਾ।

ਨਾਨਕ ਸੂਰਜ ਹੈ, ਲੱਖਾਂ ਧਰਤੀਆਂ ਤੇ ਰੋਸ਼ਨੀ ਦੀ ਚਾਦਰ ਵਿਛਾਉਣ ਵਾਲਾ। ਰੋਸ਼ਨੀ ਠੰਢਕ ਹੈ, ਰੌਣਕ ਹੈ, ਖੇੜਾ ਹੈ। ਸ਼ਬਦ ਬਾਣੀ ਵਿਚ ਸੱਚੀ ਸੋਚ ਚੰਨ-ਸਿਤਾਰਿਆਂ ਦੀ ਲਿਸ਼ਕ ਹੈ। ਟੁਕੜੇ, ਕਾਤਰਾਂ ਨੇ ਸੂਰਜੀ ਰਿਸ਼ਮਾਂ ਗੁੰਨੀਆਂ ਹੋਈਆਂ। ਪੰਜ ਆਬ ਵਿਛਾ ਨਾਨਕ ਨੇ ਉੜਾ ਲਿਖ ਨਾਲ ਏਕਾ ਵੀ ਲਾਇਆ। ਪੰਜਾਬੀ ਸਾਰੀ ਦੁਨੀਆਂ 'ਚ ਤਾਰਿਆਂ ਵਾਂਗ ਲਿਸ਼ਕ ਗਏ ਤਾਂ ਹੀ ਪੰਜਾਬ ਦੇ ਪਾਣੀ ਪਿਤਾ ਬਣ ਗਏ ਤੇ ਧਰਤੀ ਮਾਤਾ ਬਣ ਸਜ ਗਈ। ਇਹਦੇ ਪਾਣੀ ਵਹਿੰਦੇ ਵੀ ਜਾਪ ਕਰਨ ਗੁਰਬਾਣੀ ਦਾ। ਹਵਾਵਾਂ ਰਾਗਨੀਆਂ ਗਾਉਣ। ਓਹੀ ਨਾਨਕ ਸ਼ਬਦ ਹੁਣ ਤੱਕ ਨਦੀਆਂ ਦੀਆਂ ਲਹਿਰਾਂ ਗਾ ਰਹੀਆਂ ਹਨ ਤੇ ਵਿਚ ਪੰਛੀ ਨਹਾਉਣ, ਜਪੁਜੀ ਗਾਉਣ।

ਨਾਨਕ ਧਰਤੀਆਂ ਗਾਹੁੰਦਾ ਨਹੀਂ ਥੱਕਦਾ। ਕੀ ਨਹੀਂ ਹੋ ਸਕਦਾ। 'ਕੱਲਾ ਸੀ ਨਾਨਕ, ਫਿਰ ਵੀ ਕੀ ਕੁਝ ਨਹੀਂ ਓਹਨੇ ਸਜਾਇਆ। ਕਿਰਤ ਕਰਨੀ ਦੱਸੀ, ਜੋ ਲੁਕਾਈ ਦੀਆਂ ਹਥੇਲੀਆਂ 'ਤੇ ਲਿਖੀ ਗਈ ਹੈ। ਪਿੰਡ ਵਸਾਇਆ ਕਿਰਤ ਦਾ ਕਰਤਾਰਪੁਰ ਬਣ ਸਜ ਗਿਆ, ਜਿਥੇ ਸ਼ਬਦ ਰਿਮਝਿਮ ਵਰਸੇ। ਵੰਡ ਕੇ ਖਾਣਾ ਦੱਸਿਆ, ਜਿਸ ਨਾਲ ਦੁਨੀਆਂ ਦੀ ਭੁੱਖ ਮਿਟ ਜਾਵੇ। ਹੰਕਾਰ ਨੀਵਾਂ ਕੀਤਾ ਮਜ਼ਬਾਂ ਦਾ। ਕਿਹਾ ਓਧਰ ਕਰ ਦਿਓ ਪੈਰ, ਜਿੱਧਰ ਮਹਿਰਮ ਨਹੀਂ ਰਹਿੰਦਾ। ਫਲ ਹਰੇਕ ਮਿੱਠਾ ਹੋ ਸਕਦਾ ਹੈ, ਜੇ ਰੀਝਾਂ ਦੇ ਪਾਣੀ ਨਾਲ ਸਿੰਜੋਗੇ ਤਾਂ। ਵਿਛ ਸਕਦੀ ਹੈ ਦੁਨੀਆਂ ਤੁਹਾਡੇ ਪੈਰਾਂ 'ਚ, ਠਰ ਸਕਦੀ ਹੈ ਬਲਦੀ ਧਰਤ, ਦਲੀਲ ਨਾਲ ਗੱਲ ਤਾਂ ਕਰਨੀ ਸਿੱਖੋ। ਸਮਝ ਸਕਦੀ ਹੈ ਲੁਕਾਈ, ਜੇ ਪਿਆਰ ਨਾਲ ਬੁੱਕਲ 'ਚ ਲੈ ਕੇ ਦਰਦ ਪੁੱਛੇ ਜਾਣ ਜ਼ਖਮਾਂ ਦੇ।

ਗੁੰਬਦਾਂ, ਮੀਨਾਰਾਂ ਨਾਲ ਜੇ ਅਰਸ਼ ਛੂਹੇ ਜਾਂਦੇ ਤਾਂ ਮੱਥਿਆਂ 'ਚ ਦੀਵੇ ਸਜਾਉਣ ਦੀ ਲੋੜ ਨਾ ਪੈਂਦੀ। ਨਾਨਕ ਬੋਲਦਾ। ਸੁੱਕੀਆਂ ਪੀਲੀਆਂ ਹਰੀਆਂ ਵੀ ਹੋ ਸਕਦੀਆਂ ਹਨ। ਸੁੱਚੀ ਸੋਚ ਨਾਲ ਸਿੰਜੋ ਤਾਂ ਸਹੀ ਖੇਤਾਂ-ਫਸਲਾਂ ਨੂੰ। ਬਲਦੀਆਂ ਹਿੱਕਾਂ ਦੀ ਤਪਸ਼ ਵੀ ਮਰ ਸਕਦੀ ਹੈ, ਜਰਾ ਰਲਮਿਲ ਬੈਠ ਕੇ ਵਿਚਾਰ ਕਰਨੀ ਜੇ ਕੋਈ ਸਿੱਖ ਜਾਵੇ ਤਾਂ।

ਉਹ ਵਾਰ ਵਾਰ ਕਹਿ ਰਿਹਾ ਹੈ, ਮੇਰੇ ਬਾਰੇ ਗਲਤ ਅਫਵਾਹਾਂ ਨਾ ਫੈਲਾਓ। ਅੱਜ ਤੱਕ ਵੀ ਤੁਸੀਂ ਮੈਨੂੰ ਨਹੀਂ ਜਾਣ ਸਕੇ, ਤੇ ਮੇਰਾ ਸੁਨੇਹਾ। ਮੱਕੇ ਦੇ ਲੋਕਾਂ, ਮੁੱਲਾਂ ਦੀ ਸਮਝ ਕੁਝ ਪਾਇਆ ਸੀ, ਇਹ ਸੋਧ ਸੋਚ ਨਾਲ ਕਿ ਭਾਈ ਜਿੱਧਰ ਉਹ ਨਹੀਂ ਹੈ, ਓਧਰ ਕਰ ਦਿਓ ਪੈਰ। ਉਨ੍ਹਾਂ ਨੂੰ ਹਰ ਪਾਸੇ ਹੀ ਅੱਲਾ ਦਿਸਣ ਲੱਗਾ। ਹੋਰ ਮੱਕਾ ਕੋਈ ਚੱਕ ਸੀ ਘੁਮਿਆਰ ਦਾ ਕਿ ਫੇਰਿਆ ਜਾਂਦਾ। ਹਾਂ, ਲੱਤਾਂ-ਪੈਰ ਜ਼ਰੂਰ ਘੁੰਮਾਏ ਜਾ ਸਕਦੇ ਨੇ। ਸੱਪ ਤੋਂ ਛਾਂ ਕੌਣ ਕਰਵਾ ਸਕਦਾ ਹੈ, ਜੋ ਪਹਿਲਾਂ ਡੰਗ ਮਾਰਦਾ ਹੈ। ਇਸੇ ਹੀ ਤਰ੍ਹਾਂ ਪਹਾੜ ਨੂੰ ਰੋਕਣਾ ਹੋਵੇ, ਹੈ ਕਦੇ ਸੰਭਵ! ਮੈਨੂੰ ਜਾਦੂਗਰ ਨਾ ਬਣਾਉ। ਵੱਟਾ ਤਾਂ ਕੋਈ ਮਾਰ-ਰੋਕ ਸਕਦਾ, ਪਹਾੜ ਨੂੰ ਮਾਰਨਾ-ਰੋਕਣਾ ਕਿੰਜ ਸੰਭਵ ਹੋਇਆ? ਹਸਨ ਅਬਦਾਲ ਕਿੰਨੇ ਨੇ ਖੂਹ। ਕੀ ਕੋਈ ਪਿਆਸਾ ਪਹਾੜ ਉਤੇ ਪਾਣੀ ਪੀਣ ਜਾਵੇਗਾ? ਉਪਰੋਂ ਹੇਠ ਨੂੰ ਕਈ ਥਾਂਵਾਂ 'ਤੇ ਪਾਣੀ ਆ ਰਿਹਾ ਹੁੰਦਾ ਹੈ। ਮੰਨ ਲਓ, ਕਿਸੇ ਵਲੀ ਫਕੀਰ ਕੋਲ ਪਿਆਸਾ ਭੁੱਖਾ ਪਾਣੀ ਪੀਣ ਜਾਂਦਾ ਹੈ। ਕੀ ਉਹ ਫੱਕਰ ਦੁਰਕਾਰੇਗਾ?

ਕਿਰਤੀ ਦੇ ਹੱਥਾਂ ਵਿਚ ਸਦਾ ਹੀ ਦੁੱਧ ਵਰਗੀ ਸੋਚ ਚੰਨ-ਸੂਰਜ ਵਰਗੀ ਚਮਕ ਹੁੰਦੀ ਹੈ। ਮਲਕ ਭਾਗੋ ਵਰਗੇ ਸਦਾ ਗਰੀਬ ਦਾ ਲਹੂ ਹੀ ਨਿਚੋੜਦੇ ਨੇ। ਹੋਰ ਕਦੇ ਪੂਰੀਆਂ ਨਿਚੋੜ ਲਹੂ ਕਿਉਂ ਕੱਢਵਾ ਰਹੇ ਹੋ! ਹਾਂ ਵਾਧੂ ਤੇਲ ਜ਼ਰੂਰ ਨਿਕਲ ਸਕਦਾ ਹੈ। ਗਰੀਬ, ਜੋ ਮਿਹਨਤ ਕਰਦਾ ਹੈ ਉਹ ਤਾਂ ਕੋਧਰੇ ਦੀ ਰੋਟੀ ਜਾਂ ਬਾਜਰਾ, ਜੁਆਰ ਹੀ ਖਾ ਸਕਦਾ ਹੈ ਤੇ ਨਾਨਕ ਨੇ ਖਾਧੀ ਵੀ ਹੋ ਸਕਦੀ ਹੈ। ਉਸ 'ਚ ਦੁੱਧ ਵਰਗਾ ਸੱਚ ਹੀ ਹੋਵੇਗਾ, ਹੋਰ ਕੀ ਹੋ ਸਕਦਾ ਹੈ, ਗਰੀਬ ਦੀ ਮਿਹਨਤ ਕੋਲ।

ਨਾਨਕ ਪੰਥ ਦਾ ਰੰਗ 'ਨਿਜ ਅਤੇ ਧੁਰ' ਦੀ ਰੱਖਿਆ ਪ੍ਰਤੀ ਜਾਗ੍ਰਿਤੀ ਕਹੋ। ਸ਼ਬਦ ਸੁਚੇਤ ਪੱਧਰ ਤੋਂ ਉਪਰ ਬੈਠਾ ਪਾਤਸ਼ਾਹ ਹੈ। ਸੱਚ ਦੇ ਸਫਿਆਂ ਨੂੰ ਥੱਲਣ ਵਾਲਾ ਨਿਰਾਲਾ ਜਿਹਾ ਸੰਕਲਪ। ਸਵੇਰਿਆਂ ਦਾ ਨਵਾਂ ਸੂਰਜ। ਨਵੀਂ ਪੈੜ੍ਹ ਤੇ ਸਰ੍ਹੋਂ ਦੇ ਫੁੱਲਾਂ ਜਿਹੀ ਤਾਰੀਖ ਦਾ ਪੰਨਾ। ਇਨਸਾਨੀਅਤ ਦਾ ਗੌਰਵ ਸਵੈ-ਮਾਣ। ਅੰਬਰ ਦੇ ਬਨੇਰੇ 'ਤੇ ਅਰਸ਼ ਜਿਹਾ ਸਤੰਭ ਮੀਨਾਰ। ਤਾਰੀਖ ਦੇ ਪੰਨੇ 'ਤੇ ਚਿੰਤਨ ਅਤੇ ਚੇਤਨ ਦਾ ਨਵਾਂ ਅਧਿਆਇ ਹੈ ਨਾਨਕ। ਸੁੰਨੇ ਵਿਹੜਿਆਂ ਦੀ ਰੌਣਕ, ਗੀਤ ਤੇ ਸੋਚ। ਲਤਾੜੀਆਂ ਰੂਹਾਂ ਦੀ ਪੀੜਤ ਆਤਮਾ। ਸਵੈਮਾਣ ਦਾ ਦੀਵਾ, ਕੌਮ ਦੀ ਸੁਰਤਿ ਵਿਚ ਸ਼ਬਦ ਦੀ ਉਪਾਸਨਾ। ਸੰਗਮ ਰਾਗ ਸ਼ਬਦ ਦਾ ਖਾਲਸ ਹਾਰ। ਰੰਗ ਬਿਰੰਗੇ ਤੇ ਸੁਹੀਆਂ ਫੁੱਲ ਪੱਤੀਆਂ ਦਾ ਵਿਸ਼ਵ ਇਤਿਹਾਸ ਦਾ ਲਾਸਾਨੀ ਫਿਲਾਸਫਰ। ਅਧਿਆਤਮਕ ਆਗੂ, ਅਮਰ ਸਾਹਿਤਕਾਰ ਦਰਵੇਸ਼ ਰਚਨਾਤਮਕ ਪ੍ਰਤਿਭਾ ਇਲਾਹੀ ਸ਼ਖਸੀਅਤ ਹੈ ਕੋਈ, ਬਾਬਾ ਨਾਨਕ। ਰੂਹਾਨੀ ਸੂਰਜ ਧਰਮ ਨਿਰਪੱਖਤਾ ਦਾ ਅਨੂਠਾ ਸੁਮੇਲ। ਲਾਸਾਨੀ ਸ਼ੈਲੀ ਅਕਾਲ ਉਸਤਤਿ ਦਾ ਰਚੈਤਾ। ਬ੍ਰਹਿਮੰਡ ਪਸਾਰੇ ਦੀ ਮਹਿਮਾ, ਗਾਇਣ ਵਹਿਮਾਂ-ਭਰਮਾਂ ਤੇ ਪਖੰਡਾਂ ਦਾ ਤਿੱਖਾ ਵਿਰੋਧ।




*ਇਹ ਚਿੱਤਰ ਚਿੱਤਰਕਾਰ ਰਮਨਦੀਪ ਸਿੰਘ (ਫੋਨ: 91-79738-55436) ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਿਤਰਿਆ ਹੈ।*

ਮਹਾਂਪੁਰਸ਼, ਧਰਮ ਕਰਮਵੀਰ, ਦਾਨਵੀਰ ਤੇ ਦਯਾਵੀਰ। ਕੂੜ ਦੀ ਧੁੰਦ ਮਿਟਾ ਕੇ ਜਗਿ ਚਾਨਣੁ ਕਰਨ ਵਾਲਾ ਸੂਰਜ। ਤਲਵੰਡੀ ਦੀ ਮਿੱਟੀ, ਵੇਈਂ ਦੀਆਂ ਲਹਿਰਾਂ ਦਾ ਸੰਗੀਤ। ਜਨ-ਮਾਣਸ ਨੂੰ ਕਰੁਣਾ ਦਾ ਅੰਮ੍ਰਿਤ ਜਿਹਾ ਬੋਲ। ਮਾਰਗ ਦਰਸ਼ਨ ਲੋਕਾਈ ਦਾ ਨਵੇਂ ਆਦਰਸ਼ਾਂ ਦਾ ਸੰਸਥਾਪਕ। ਸੰਸਾਰ ਨੂੰ ਗਿਆਨ ਰਿਸ਼ਮਾਂ ਵੰਡਣ ਵਾਲਾ ਜੁਗਪੁਰਸ਼। ਨਾਨਕ ਪ੍ਰਤੀਨਿਧ ਬਾਣੀ ਦਾ ਰਾਗ ਹੈ। ਸ਼ਬਦ ਦੀਪਕ, ਖੰਡਨ ਵਹਿਮਾਂ ਦਾ। ਵਿਚਾਰਧਾਰਕ ਪਰਿਪੇਖ ਦੀ ਪੇਸ਼ਕਸ਼। ਰਾਗ, ਲੈਅ ਅੰਤਰੀਵਤਾ ਕਾਵਿ ਕੌਸ਼ਲਤਾ, ਸਾਗਰਾਂ ਜਿਹੀ ਡੂੰਘਾਈ, ਨੀਝ, ਵਿਸਥਾਰ। ਸ਼ਬਦ ਸੋਚ ਵਿਸ਼ਾਲਤਾ, ਢੁਕਵੇਂ ਅਲੰਕਾਰ, ਵੱਖਰੀ ਧਾਰਾ, ਅਧਿਆਤਮਕ ਅਨੁਭਵ ਜਿਹੀ ਮੂਰਤ। ਗੁਰਮਤਿ ਵਿਚਾਰਧਾਰਾ ਦਾ ਨਿਰੰਤਰ ਅਤੇ ਸਹਿਜ ਵਿਕਾਸ, ਸਿਰਜਕ। ਮੂਲਭੂਤ ਮਾਨਵੀ ਅਧਿਕਾਰਾਂ ਲਈ ਡਟ ਕੇ ਖਲੋਣ ਵਾਲਾ। ਕੌਮ ਰਚਨਹਾਰਾ, ਰਹਿਬਰ। ਜਬਰ ਦੀ ਅਧੀਨਗੀ ਨੂੰ ਅਪ੍ਰਵਾਨਤ ਕਰਨ ਵਾਲਾ ਜਗਤ ਫੱਕਰ। ਮੰਦਿਰ-ਮਸਜਿਦ, ਪੂਜਾ ਅਤੇ ਨਮਾਜ਼ ਸੱਭ ਨੂੰ ਸਮਾਨ ਸਜਾਉਣ ਵਾਲਾ ਨਨਕਾਣਵੀ।

ਸੱਚਾਈ, ਪ੍ਰੇਮ, ਸਿਮਰਨ, ਸੇਵਾ ਤੇ ਸ਼ਕਤੀ ਦਾ ਪੁੰਜ। ਸਦੀਆਂ ਤੋਂ ਚਾਨਣ ਮੁਨਾਰਾ ਲੱਖਾਂ ਸਿਤਾਰਿਆਂ ਦਾ। ਸਰਬਕਾਲੀਨ ਮਹਾਨ ਸੰਦੇਸ਼ ਮਾਰਗ, ਗੁਰ ਪੀਰ ਜਗਤ ਗੁਰੂ। ਰਾਜਨੀਤਕ, ਸਮਾਜਕ, ਧਾਰਮਿਕ, ਆਰਥਕ ਅਤੇ ਸੱਭਿਆਚਾਰਕ ਗਿਰਾਵਟ ਵੇਲੇ ਦਾ ਜਗਿਆਸੂ, ਪੀਰ। ਮਕਸਦ ਨੂੰ ਸਨਮੁੱਖ ਰੱਖ ਅਮਲ ਕਰਨ ਵਾਲੀ ਭਾਰਤੀ ਜੀਵਨ ਦੀ ਡੂੰਘੀ ਨੀਝ। ਧਾਰਮਿਕ ਅੰਧਕਾਰ, ਸਮਾਜਕ ਗਿਰਾਵਟ ਅਤੇ ਰਾਜਸੀ ਅਨਿਆਂ ਨੂੰ ਆਪਣੀ ਬਾਣੀ ਵਿਚ ਚਿਤਰਨ ਤੇ ਕਰੜੀ ਪੜਚੋਲ ਕਰਨ ਵਾਲੀ ਸੱਚੀ ਸੋਚ ਮੁਹੱਬਤ। 'ਸਭੇ ਸਾਂਝੀਵਾਲ ਸਦਾਇਨਿ' ਧਰਮ ਦੀ ਨੀਂਹ ਰੱਖਣ ਵਾਲਾ ਇਲਾਹੀ ਨਾਦ ਦੁਨੀਆਂ ਦਾ। ਮਨੁੱਖਤਾ ਦੇ ਆਲੇ-ਦੁਆਲੇ ਖੜ੍ਹੀਆਂ ਵਲਗਣਾਂ ਨੂੰ ਖਤਮ ਕਰ ਸੁਤੰਤਰਤਾ ਦਾ ਪ੍ਰਸੰਗ ਅੰਬਰ ਛੂੰਹਦਾ ਪਰਚਮ। ਬਹੁਮੁਖੀ ਪ੍ਰਤਿਭਾ ਦਾ ਸੁਆਮੀ ਆਦਰਸ਼ ਸ਼ਖਸੀਅਤ।

ਜੀਵਨ-ਜਾਚ ਸਿਖਾਉਣ ਵਾਲਾ ਰਾਹਗੀਰ ਜੀਵਨ ਸਮੱਸਿਆਵਾਂ ਦਾ ਗਹਿਰਾ ਅਧਿਐਨ। ਸੱਚੀ ਸਿੱਖਿਆ ਦੇਣ ਵਾਲਾ ਅਧਿਆਪਕ, ਦੇਸ਼-ਦੇਸਾਂਤਰਾਂ ਦੀਆਂ ਯਾਤਰਾਵਾਂ ਕਰਨ ਵਾਲਾ ਯਾਤਰੂ। ਜਿਹਦੀਆਂ ਯਾਤਰਾਵਾਂ ਚਲਦੀਆਂ-ਫਿਰਦੀਆਂ ਪਾਠਸ਼ਾਲਾਵਾਂ, ਗਿਆਨ ਦਾ ਮੀਂਹ, ਮਹਿਕਦੀ ਪਵਨ। ਸਮੇਂ ਦੇ ਸ਼ਾਸਕਾਂ ਨੂੰ ਸੁਤੰਤਰ ਵਿਚਾਰਾਂ ਨਾਲ ਕੈਦ ਕਰਨ ਵਾਲਾ।

ਦੋਸ਼ੀਆਂ ਕੋਲੋਂ ਦੋਸ਼ ਦਾ ਦਲੀਲ ਨਾਲ ਇਕਬਾਲ ਕਰਵਾਉਣ ਵਾਲਾ ਨਿਆਰਾ ਜੱਜ। ਰਾਜਨੀਤਕ ਹਲਚਲ ਤੇ ਅਰਾਜਕਤਾ ਸਮੇਂ "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥" ਬਿਆਨਣ ਵਾਲਾ। ਖੂਨ ਦੀਆਂ ਨਦੀਆਂ ਵਹਿੰਦੀਆਂ ਦੇਖ ਬਾਬਰ ਨੂੰ ਜਾਬਰ ਕਹਿਣ ਵਾਲਾ ਸਮੇਂ ਦਾ ਬਾਗੀ "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥"

ਧਾਰਮਿਕ ਪਰਪੰਚਾਂ ਅਤੇ ਫੋਕੇ ਰੀਤੀ-ਰਿਵਾਜਾਂ ਨੂੰ ਖੋਰਨ ਵਾਲਾ, ਦਰਿਆ ਰਾਜੇ, ਧਨਵਾਨ ਅਤੇ ਸ਼ਾਸਕਾਂ ਨੂੰ ਪੁਕਾਰਨ ਵਾਲੀ ਉਚੀ ਸੁੱਚੀ ਨਿਡਰ ਆਵਾਜ਼। ਰਾਜ ਸਭਾਵਾਂ ਨ੍ਰਿਤਕਾਵਾਂ ਤੇ ਜਾਦੂਗਰਾਂ ਦੇ ਕੇਂਦਰਾਂ ਨੂੰ ਢਾਹੁਣ ਵਾਲਾ ਸੂਰਬੀਰ ਬਲਵਾਨ। ਰਾਜਿਆਂ ਦੇ ਕਾਮਵਾਸ਼ਨਾ ਵਾਲੇ ਹਰਮਾਂ ਸਤੀ ਹੋਣ ਦੇ ਆਮ ਰਿਵਾਜਾਂ ਨੂੰ ਰੋਕ ਲਾਉਣ ਵਾਲਾ ਪਰਬਤ।

ਨਾਰੀ ਦੇ ਹੱਕ ਵਿਚ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਕਹਿਣ ਵਾਲੀ ਕੁਰੀਤੀਆਂ ਵਿਰੁਧ ਬੁਲੰਦ ਹਉਕਾ ਅੰਬਰੀ ਆਵਾਜ਼ ਹੈ, ਬਾਬਾ ਨਾਨਕ। ਲੋਕਾਂ ਦੀ ਸੇਵਾ ਚੰਗੇ ਸਮਾਜ ਦਾ ਨਿਰਮਾਣ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਇਲਾਹੀ ਪ੍ਰਤੀਕ ਮਧੁਰ ਨਗਮਾ। ਸਾਂਝੀਵਾਲਤਾ, ਭਾਈਚਾਰੇ ਅਤੇ ਰਾਸ਼ਟਰੀ ਏਕਤਾ ਦਾ ਸਾਂਝਾ ਉਪਦੇਸ਼। ਹਰ ਦੇਸ਼ ਕੌਮ ਪ੍ਰਾਣੀ ਲਈ ਸੇਧ ਮਾਰਗ ਜੀਵਨ ਫਲਸਫਾ। ਸੱਚ ਦਾ ਪਾਂਧੀ, ਸ਼ਾਂਤੀ ਤੇ ਮਾਨਵ ਏਕਤਾ ਦਾ ਚਹੇਤਾ।

ਸ੍ਰਿਸਟੀ ਦਾ ਕਲਿਆਣ ਕਰਨਹਾਰਾ ਚਾਹਵਾਨ "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥" ਰਾਗ ਸ਼ਬਦ ਰਚਨਹਾਰਾ ਲੋਕਾਈ ਨੂੰ ਇੱਕ ਰੱਬ ਦਾ ਸੁਨੇਹਾ ਆਪਣੀ ਬਣਾਈ ਖਲਕਤ ਵਿਚ ਹਾਜ਼ਰ ਅਤੇ ਦਾਇਮ ਸੱਚਾਈ ਦੀ ਹਕੀਕਤ ਹੈ, ਗੁਰੂ ਨਾਨਕ।

ਬਰਾਬਰੀ, ਭਾਈਚਾਰਕ ਪਿਆਰ, ਇਤਫਾਕ, ਚੰਗਿਆਈ ਅਤੇ ਗੁਣ ਅਨੋਖਾ ਰੂਹਾਨੀ, ਸਮਾਜਕ ਤੇ ਸਿਆਸੀ ਰਾਹ ਕਰੇ। ਜਪੁਜੀ ਸਾਹਿਬ, ਆਸਾ ਦੀ ਵਾਰ ਅਤੇ ਸਿੱਧ-ਗੋਸਟਿ ਦੀ ਸੱਚੀ ਕਲਮ। ਸਿੱਖ ਮਜ਼ਹਬੀ ਯਕੀਨ ਹੁਰਮਤ, ਦਿੱਵਤਾ ਅਤੇ ਧਾਰਮਿਕ ਅਖਤਿਆਰ ਵਾਲੀ ਇਲਾਹੀ ਜੋਤ ਦਸ ਗੁਰੂਆਂ ਵਿਚ ਬੈਠਾ ਲਿਸ਼ਕਦਾ ਸੂਰਜ ਸਿੱਖੀ ਦਾ ਆਗਾਜ਼ ਮੌਲਿਕ ਯਕੀਨ, ਮੁਕੱਦਸ ਗੁਰੂ ਗ੍ਰੰਥ ਸਾਹਿਬ ਦਾ ਰਚਨਹਾਰਾ।

ਕਣਕਾਂ ਨਾਲ ਭੜੋਲੇ ਕੋਠੀਆਂ ਭਰਨ ਵਾਲਾ, ਕਰਤਾਰਪੁਰ ਦੇ ਖੇਤਾਂ ਦਾ ਸ਼ਹਿਨਸ਼ਾਹ ਬਾਦਸ਼ਾਹ, ਅੰਨ ਦਾਤਾ ਲੋਕਾਈ ਦਾ। ਅਨੋਖਾ, ਸੱਚਾ ਸੁੱਚਾ ਤੇ ਇਨਕਲਾਬੀ ਰਿਸ਼ਮਾਂ ਵਾਲਾ ਸੰਸਕਾਰ। ਤੇਰਾ ਤੇਰਾ ਕਹਿ ਲੁਟਾਉਣ ਵਾਲਾ ਅਨੋਖਾ ਹੱਟਬਾਣੀਆ। ਸਾਰੇ ਪੈਸੇ ਭੁੱਖ ਮਿਟਾਉਣ ਲਈ ਲੇਖੇ ਲਾਉਣ ਵਾਲਾ ਕਾਲੂ ਦਾ ਨਵਾਂ ਬਿਜਨਸਮੈਨ। 'ਧੁਰ ਕੀ ਬਾਣੀ' ਵਿਚ ਤਰੰਗਿਤ ਹੋ ਜਾਣ ਵਾਲਾ ਸਰਘੀ ਦਾ ਗੁਲਾਬੀ, ਸੁਗੰਧ ਵਾਲਾ ਸੰਗੀਤ ਨਗਮਾ।

###

# ਪੰਜਾਬ ਜਾਗ੍ਰਿਤੀ ਲਹਿਰ ਤੇ ਯੂਰਪੀਅਨ ਰੈਨੇਸਾਂਸ ਲਹਿਰ ਦੇ ਨਤੀਜੇ

*(ਪਿਛਲੇ ਸਫੇ ਦੀ ਬਾਕੀ)*

ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁਖ ਹੈ ਸਵਰਾਜ ਮਹਿ ਦੂਸਰ ਮਰਘਟ ਗਾਂਵ।

ਇਤਿਹਾਸ 'ਤੇ ਝਾਤ ਮਾਰਿਆਂ ਪਤਾ ਚੱਲਦਾ ਹੈ ਕਿ ਰਣਜੀਤ ਸਿੰਘ ਦੇ ਲੱਛਣ ਗੁਰੂ ਦੇ ਸਿੱਖਾਂ ਵਾਲੇ ਘੱਟ ਸਨ ਤੇ ਔਸਤਨ ਰਾਜਿਆਂ ਵਾਲੇ ਵੱਧ। ਰਣਜੀਤ ਸਿੰਘ ਬਾਰੇ ਹੇਠਾਂ ਪੇਸ਼ ਕੀਤੇ ਤੱਥ ਕੁਝ ਲਈ ਆਮ ਜਾਣਕਾਰੀ ਹੋਣਗੇ, ਪਰ ਇਹ ਇਤਿਹਾਸਕਾਰਾਂ ਤੇ ਵਿਦਵਾਨਾਂ, ਜਿਵੇਂ ਡਾ. ਇਕਬਾਲ ਸਿੰਘ ਢਿੱਲੋਂ ਤੇ ਹੋਰਨਾਂ ਦੀਆਂ ਲਿਖਤਾਂ 'ਚ ਵੀ ਲੱਭੇ ਜਾ ਸਕਦੇ ਹਨ। ਇਹ ਤੱਥ ਪੇਸ਼ ਕਰਨਾ ਰਣਜੀਤ ਸਿੰਘ ਦੇ ਬਹਾਦਰ ਹੋਣ ਨੂੰ ਚੁਣੌਤੀ ਨਹੀਂ, ਇੱਕ ਔਸਤਨ ਰਾਜੇ ਵਾਂਗ ਉਹਨੇ ਆਪਣੇ ਰਾਜ ਦੀਆਂ ਹੱਦਾਂ ਵਧਾਉਣ ਲਈ ਸਿਆਸੀ ਦਾਅ-ਪੇਚਾਂ ਤੇ ਸਾਜ਼ਿਸ਼ਾਂ ਦੀ ਵਰਤੋਂ ਕੀਤੀ। ਮਿਸਾਲ ਵਜੋਂ ਲਾਹੌਰ 'ਤੇ ਕਬਜ਼ਾ ਕਰਨ ਪਿਛੋਂ ਸਿੰਘਾਸਣ ਗ੍ਰਹਿਣ ਕਰਨ ਦੌਰਾਨ ਬ੍ਰਾਹਮਣਵਾਦ ਦੀ ਰੀਤ ਨਿਭਾਉਂਦਿਆਂ ਮੱਥੇ 'ਤੇ ਟਿੱਕਾ ਲਵਾਇਆ, ਅਭਿਸ਼ੇਕ (ਜਲ ਛਿੜਕਣ) ਤੇ ਹੋਰ ਬ੍ਰਾਹਮਣਵਾਦੀ ਰਸਮਾਂ ਨਿਭਾਈਆਂ। ਉਸ ਦੇ ਰਾਜ ਸਮੇਂ ਸਿੱਖੀ ਦੇ ਅਸਥਾਨਾਂ 'ਤੇ ਮੂਲ ਵਿਚ ਬ੍ਰਾਹਮਣਵਾਦੀ ਰੀਤਾਂ ਤੇ ਪਖੰਡ ਖੂਬ ਪ੍ਰਫੁਲਿਤ ਹੋਏ, ਜਿਨ੍ਹਾਂ ਦਾ ਗੁਰੂਆਂ ਸਮੇਤ ਪੰਜਾਬ ਜਾਗ੍ਰਿਤੀ ਲਹਿਰ ਨੇ ਵਿਰੋਧ ਕੀਤਾ ਸੀ।

ਗੁਰੂ ਸਾਹਿਬਾਨ ਵਲੋਂ ਸ਼ੁਰੂ ਕੀਤੀ ਮਾਨਵਵਾਦੀ ਲਹਿਰ ਦੇ ਮਨਸ਼ਿਆਂ ਹਿੱਤ ਜਾਂ ਲਹਿਰ ਨੂੰ ਫਿਰ ਸ਼ੁਰੂ ਕਰਨ ਲਈ ਡੱਕਾ ਭੰਨ ਕੇ ਦੋਹਰਾ ਨਾ ਕੀਤਾ। ਲੋਕਾਂ ਲਈ ਕੋਈ ਵਿਦਿਅਕ ਅਦਾਰਾ ਤਾਂ ਕੀ ਸ਼ੁਰੂ ਕਰਨਾ ਸੀ, ਗੁਰਬਾਣੀ ਜਾਂ ਗੁਰਮਤਿ ਦੀ ਸਿਖਿਆ ਤੇ ਖੋਜ ਲਈ ਵੀ ਕੋਈ ਕੇਂਦਰ ਨਾ ਖੋਲ੍ਹ ਸਕਿਆ; ਹਾਲਾਂ ਕਿ ਗੁਰੂਆਂ ਦੀ ਸਿੱਖ ਲਹਿਰ ਵਿਚ ਗਿਆਨ ਤੇ ਵਿਦਿਆ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ, ਜੋ ਗੁਰਬਾਣੀ ਵਿਚ ਹੈ; ਸਿੱਖੀ ਸ਼ਬਦ ਦਾ ਅਰਥ ਹੀ ਹੈ-ਸਿੱਖਣਾ, ਸਿਖਾਉਣਾ।

ਹੋਰ ਤਾਂ ਹੋਰ, ਉਸ ਨੇ ਪੰਜਾਬੀ ਲੋਕਾਂ ਦੀ, ਤੇ ਗੁਰਬਾਣੀ ਵਿਚ ਵਰਤੀ ਗਈ ਪੰਜਾਬੀ ਭਾਸ਼ਾ ਦਰਕਾਰ ਕੇ ਵਿਦੇਸ਼ੀ ਭਾਸ਼ਾ ਫਾਰਸੀ ਨੂੰ ਸਰਕਾਰੀ ਭਾਸ਼ਾ ਬਣਾਈ ਰੱਖਿਆ। ਔਸਤਨ ਰਾਜਿਆਂ-ਮਹਾਰਾਜਿਆਂ ਵਾਂਗ ਹੀ ਰਣਜੀਤ ਸਿੰਘ ਵੀ ਇੱਕ ਐਸ਼ਪ੍ਰਸਤ ਤੇ ਨਸ਼ਈ ਬੰਦਾ ਸੀ, ਜਿਹਦੀਆਂ ਕਈ ਔਰਤਾਂ ਸਨ, ਰਾਣੀਆਂ ਜਾਂ ਨਹੀਂ-ਰਾਣੀਆਂ। ਰਾਣੀ ਜਿੰਦਾਂ ਨਾਲ ਉਸ ਦੀ ਸ਼ਾਦੀ 1835 ਈਸਵੀ ਵਿਚ ਹੋਈ, ਜਦੋਂ ਉਹ ਪਚਵੰਜਾ ਸਾਲ ਦੀ ਉਮਰ ਨੂੰ ਢੁਕ ਚੁਕਾ ਸੀ। ਉਸ ਦੀ ਮੌਤ ਪਿਛੋਂ ਉਸ ਦੀਆਂ ਚਾਰ ਹਿੰਦੂ ਰਾਣੀਆਂ ਅਤੇ ਸੱਤ ਗੋਲੀਆਂ ਨੂੰ ਸਤੀ ਕਰਵਾਇਆ ਗਿਆ; ਉਹੀ ਸਤੀ ਪ੍ਰਥਾ ਜਿਹਦਾ ਗੁਰੂ ਸਾਹਿਬਾਨ ਸਮੇਤ ਪੰਜਾਬ ਜਾਗ੍ਰਿਤੀ ਲਹਿਰ ਨੇ ਸਖਤ ਵਿਰੋਧ ਕੀਤਾ ਸੀ। ਇਹ ਕੁਝ ਤੱਥ ਇਸ ਗੱਲ ਦਾ ਪ੍ਰਮਾਣ ਹਨ ਕਿ ਰਣਜੀਤ ਸਿੰਘ ਦਾ ਔਰਤਾਂ ਪ੍ਰਤੀ ਤੇ ਹੋਰ ਰਵੱਈਆ ਗੁਰਬਾਣੀ ਤੇ ਗੁਰੂਆਂ ਦੇ ਸੰਦੇਸ਼ ਅਤੇ ਸਿੱਖ ਲਹਿਰ ਸਣੇ ਪੰਜਾਬ ਜਾਗ੍ਰਿਤੀ ਲਹਿਰ ਦੇ ਉਲਟ ਸੀ।

ਇੰਜ ਰਣਜੀਤ ਸਿੰਘ ਪੰਜਾਬ ਦੀ ਜਾਗ੍ਰਿਤੀ ਲਹਿਰ ਪਿਛੋਂ ਪੰਜਾਬ ਨੂੰ ਆਧੁਨਿਕ ਯੁੱਗ ਵੱਲ ਧੱਕਣ ਦੀ ਥਾਂ ਇਹਨੂੰ ਮੱਧਕਾਲੀ ਯੁੱਗ ਵਿਚ ਹੀ ਪਿਛਾਂਹ ਵੱਲ ਨੂੰ ਕੂਹਣੀ-ਮੋੜ ਕੱਟਣ ਵਿਚ ਹਿੱਸਾ ਪਾਇਆ। ਪੰਜਾਬ ਜਾਗ੍ਰਿਤੀ ਲਹਿਰ ਦੇ ਨਜ਼ਰੀਏ ਤੋਂ ਫੌਜਾਂ ਤਾਂ ਉਦੋਂ ਹੀ ਹਾਰ ਗਈਆਂ ਸਨ, ਜਦੋਂ ਆਧੁਨਿਕ ਯੁੱਗ ਦੇ ਸੰਦੇਸ਼ਵਾਹਕ ਜਮਹੂਰੀਅਤ ਨੂੰ ਲਾਗੂ ਕਰਨ ਦੀ ਥਾਂ ਰਣਜੀਤ ਸਿੰਘ ਨੇ ਮੱਧਕਾਲੀ ਯੁੱਗ ਦੀ ਰਾਜ-ਕਲਗੀ ਝੁਲਾ ਦਿੱਤੀ ਸੀ।

**ਸਿੱਟੇ:** ਮੁੱਕਦੀ ਗੱਲ, ਇਸ ਲੇਖ ਵਿਚ ਅਸੀਂ ਇਸ ਤੱਥ ਦਾ ਫਾਇਦਾ ਲੈਂਦਿਆਂ ਕਿ ਪੰਜਾਬ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਲਹਿਰ ਦੇ ਤੱਤ ਤੇ ਉਦੇਸ਼ ਸਾਂਝੇ ਸਨ, ਇਨ੍ਹਾਂ ਦੋ ਲਹਿਰਾਂ ਦੇ ਤੁਲਨਾਤਮਕ ਅਧਿਅਨ ਰਾਹੀਂ ਇਨ੍ਹਾਂ ਦੀ ਜਿੱਤ ਜਾਂ ਹਾਰ ਦੇ ਮੁੱਖ ਲੱਛਣ ਨੂੰ ਪਛਾਣਿਆ ਤੇ ਜਾਂਚਿਆ। ਜਿਵੇਂ ਹਥਲੇ ਤੇ ਪਿਛਲੇ ਲੇਖ ਵਿਚ ਦਿਖਾਇਆ ਗਿਆ ਹੈ ਕਿ ਜਿਨ੍ਹਾਂ ਸਮਾਜਕ ਤੇ ਧਾਰਮਿਕ ਬੁਰਾਈਆਂ, ਲਾਹਨਤਾਂ, ਕੁਰੀਤੀਆਂ ਤੇ ਪਖੰਡਾਂ ਵਿਰੁਧ ਪੰਜਾਬ ਜਾਗ੍ਰਿਤੀ ਲਹਿਰ ਨੇ ਸੰਘਰਸ਼ ਕੀਤਾ; ਜਿਨ੍ਹਾਂ ਨੂੰ ਖਤਮ ਕਰਨ ਲਈ ਸੂਫੀਆਂ ਤੇ ਭਗਤਾਂ ਦੇ ਨਾਲ ਨਾਲ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਤੇ ਲਹਿਰ ਦੇ ਸੰਚਾਲਕੀ ਘੇਰੇ ਵਿਚ ਸੁਧਾਰ ਲਾਗੂ ਕੀਤੇ ਤੇ ਸਮਾਜ ਵਿਚ ਲਾਗੂ ਕਰਨ ਲਈ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ, ਉਹ ਕਰੀਬ ਸਾਰੀਆਂ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਬਰਕਰਾਰ ਹਨ।

ਇਹ ਪ੍ਰਤੱਖ ਰੂਪ ਵਿਚ ਪੰਜਾਬ ਜਾਗ੍ਰਿਤੀ ਲਹਿਰ ਦੀ ਹਾਰ ਦੇ ਲੱਛਣ ਹਨ ਤੇ ਰਣਜੀਤ ਸਿੰਘ ਦਾ ਲਾਹੌਰ ਜਿੱਤਣ ਪਿਛੋਂ ਪੰਜਾਬ ਵਿਚ ਜਮਹੂਰੀਅਤ ਦੀ ਥਾਂ ਰਾਜਸ਼ਾਹੀ ਦਾ ਸਥਾਪਤ ਕਰਨਾ ਵੀ ਹਾਰ ਦਾ ਸੂਚਕ ਹੈ। ਜਿਵੇਂ ਪਿਛਲੇ ਲੇਖਾਂ ਵਿਚ ਦਿਖਾਇਆ ਗਿਆ ਹੈ, ਪੰਜਾਬ ਜਾਗ੍ਰਿਤੀ ਲਹਿਰ ਮਾਨਵਵਾਦ ਦੇ ਕੁਝ ਪੱਖਾਂ ਵਿਚ ਯੂਰਪੀਅਨ ਰੈਨੇਸਾਂਸ ਤੋਂ ਵੀ ਅੱਗੇ ਸੀ। ਇੰਜ ਉਹ ਜਿੱਤ ਕੇ ਵੀ ਹਾਰ ਗਈ, ਪਰ ਇੱਥੇ ਵਿਚਾਰੇ ਇਹ ਸਭ ਹਾਰ ਦੇ ਲੱਛਣ ਹਨ, ਮੂਲ ਕਾਰਨ ਨਹੀਂ। ਹਾਰ ਦੇ ਬੀਜ ਇਤਿਹਾਸ ਵਿਚ ਪਹਿਲਾਂ ਬੀਜੇ ਜਾ ਚੁਕੇ ਸਨ।

ਹਾਰ ਦੇ ਮੂਲ ਕਾਰਨ ਲੱਭਣ ਲਈ ਸਾਨੂੰ ਇਤਿਹਾਸ ਦੀ ਫਿਲਮ ਨੂੰ ਹੋਰ ਵੀ ਪਿਛਾਂਹ ਮੋੜਨਾ ਪਵੇਗਾ, ਉਸ ਮੁਕਾਮ ਤੱਕ, ਜਿੱਥੇ ਰੈਨੇਸਾਂਸ ਲਹਿਰ ਯੂਰਪ ਨੂੰ ਆਧੁਨਿਕ ਯੁੱਗ ਨਾਲ ਜੋੜਦੀ ਹੈ। ਉਸ ਮੁਕਾਮ 'ਤੇ ਖੜ ਕੇ ਅਸੀਂ ਅੱਗੇ ਨੂੰ ਅਤੇ ਹੋਰ ਵੀ ਪਿੱਛੇ ਵੇਖ ਕੇ ਪੰਜਾਬ ਜਾਗ੍ਰਿਤੀ ਲਹਿਰ ਦੇ ਮੁੱਖ ਕਾਰਨਾਂ ਦੀ ਸ਼ਨਾਖਤ ਕਰ ਸਕਾਂਗੇ। ਫਿਰ ਅਸੀਂ ਜਾਣ ਸਕਾਂਗੇ ਕਿ ਪੰਜਾਬ ਦੇ ਇਸ 'ਰੈਨੇਸਾਂਸ ਮੈਨ' ਦਾ ਇਸ ਲੇਖ ਵਿਚ ਵਰਨਣ ਕੀਤਾ ਹਾਲ ਕਿਉਂ ਹੋਇਆ? ਇਹ ਚਰਚਾ ਅਗਲੇ ਲੇਖ ਵਿਚ ਕਰਾਂਗੇ।

*(ਚਲਦਾ)*

ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-13

# ਭੌਂਸਲਾ ਮਿਲਟਰੀ ਸਕੂਲ 'ਤੇ ਆਰ. ਐਸ. ਐਸ. ਦਾ ਕਬਜ਼ਾ

ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਅਭਿਨਵ ਭਾਰਤ ਨਾਲ ਮਿਲ ਕੇ ਹਿੰਦੂਤਵ ਦਾ ਪ੍ਰਚਾਰ ਕਰਨ ਵਾਲੇ 'ਭੌਂਸਲਾ ਮਿਲਟਰੀ ਸਕੂਲ' 'ਤੇ ਆਰ. ਐਸ. ਐਸ. ਦਾ ਕਬਜ਼ਾ ਹੋ ਜਾਣ ਦਾ ਜ਼ਿਕਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਨਾਗਪੁਰ ਦਾ ਕਾਰੋਬਾਰੀ ਅਤੇ ਆਰ. ਐਸ. ਐਸ. ਦਾ ਕਾਰਿੰਦਾ ਐਮ. ਐਨ. ਘਟਾਟੇ (ਜੋ ਗੋਲ ਮੇਜ ਕਾਨਫਰੰਸ ਸਮੇਂ ਲੰਡਨ ਵਿਚ ਸੀ ਅਤੇ ਹਿੰਦੂ ਮਹਾਂਸਭਾ ਦੇ ਆਗੂ ਡਾ. ਬੀ. ਐਸ. ਮੂੰਜੇ ਨਾਲ ਫਰਾਂਸ ਤੇ ਜਰਮਨੀ ਦੇ ਮਿਲਟਰੀ ਸਕੂਲਾਂ ਵਿਚ ਵੀ ਗਿਆ, ਤੇ ਮੂੰਜੇ ਦੇ ਇਟਲੀ ਰਵਾਨਾ ਹੋਣ ਸਮੇਂ ਉਸ ਤੋਂ ਅੱਡ ਹੋ ਗਿਆ ਸੀ), ਉਸ ਦੀ ਤਾਰੀਫ ਵਿਚ ਲਿਖਦਾ ਹੈ,

"ਗੋਲ ਮੇਜ ਕਾਨਫਰੰਸ ਤੋਂ ਵਾਪਸ ਆਉਣ ਪਿਛੋਂ ਡਾ. ਬੀ. ਐਸ. ਮੂੰਜੇ ਨੇ ਨਾਸਿਕ ਵਿਚ ਭੌਂਸਲਾ ਮਿਲਟਰੀ ਸਕੂਲ ਬਣਾਉਣ ਲਈ ਤੇਜ਼ੀ ਨਾਲ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ। ਉਹ ਹਰ ਵਕਤ ਵੱਖ-ਵੱਖ ਰਿਆਸਤਾਂ ਵਿਚ ਜਾ ਕੇ ਰਿਆਸਤਾਂ ਦੇ ਮੁਖੀਆਂ, ਮਿੱਲ ਮਾਲਕਾਂ ਅਤੇ ਐਸੇ ਹੋਰ ਲੋਕਾਂ ਤੋਂ ਦਾਨ ਇਕੱਠਾ ਕਰਨ ਲਈ ਤੁਰੇ ਰਹਿੰਦੇ। ਇਉਂ ਉਨ੍ਹਾਂ ਲੱਖਾਂ ਰੁਪਏ ਦੀ ਉਗਰਾਹੀ ਕਰ ਲਈ। ਗਵਾਲੀਅਰ ਦੇ ਮਹਾਰਾਜਾ ਅਤੇ ਅਮਲਨੇਰ ਦੇ ਪ੍ਰਤਾਪ ਸੇਠ ਨੇ ਇਕ-ਇਕ ਲੱਖ ਰੁਪਿਆ ਦਾਨ ਵਜੋਂ ਦਿੱਤਾ, ਪਰ ਵੱਧ ਅਹਿਮ ਸੀ ਭਾਰਤ ਦੇ ਵਾਇਸਰਾਏ ਅਤੇ ਕਮਾਂਡਰ-ਇਨ-ਚੀਫ ਦਾ ਹਮਦਰਦੀ ਵਾਲਾ ਰਵੱਈਆ, ਜੋ ਉਨ੍ਹਾਂ ਨੇ ਆਪਣੇ ਇਮਾਨਦਾਰ ਤੇ ਨੇਕ ਨੀਅਤੀ ਵਾਲੇ ਰਿਸ਼ਤਿਆਂ ਅਤੇ ਆਪਣੀ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਜ਼ੋਰ ਹਾਸਲ ਕੀਤਾ ਸੀ।"

ਉਂਜ, ਇਹ ਸਿਰਫ ਮੂੰਜੇ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਇਮਾਨਦਾਰ ਤੇ ਨੇਕ ਨੀਅਤ ਵਾਲੇ ਸਬੰਧ ਹੀ ਨਹੀਂ ਸਨ, ਜਿਸ ਨੇ ਇਸ ਪ੍ਰਾਜੈਕਟ ਨੂੰ ਸਿਰੇ ਲਾਉਣ ਵਿਚ ਹੱਥ ਵਟਾਇਆ। ਇਸ ਪਿੱਛੇ ਸਕੂਲ ਲਈ ਅੰਗਰੇਜ਼ਾਂ ਅਤੇ ਭਾਰਤੀ ਰਿਆਸਤਾਂ ਦੇ ਮੁਖੀਆਂ ਤੇ ਵਪਾਰੀਆਂ ਦੀ ਮਦਦ ਹਾਸਲ ਕਰਨ ਵਿਚ ਉਸ ਦੇ ਕਾਮਯਾਬ ਹੋਣ ਦੀ ਵੀ ਵੱਡੀ ਭੂਮਿਕਾ ਸੀ, ਕਿਉਂਕਿ ਹਿੰਦੂ ਮਹਾਂਸਭਾ ਦੇ ਆਗੂ ਨੇ ਉਨ੍ਹਾਂ ਦੀਆਂ ਗੁਪਤ ਇੱਛਾਵਾਂ ਦੀ ਪੂਰਤੀ ਦਾ ਵਾਅਦਾ ਕੀਤਾ ਸੀ। ਮੂੰਜੇ ਨੇ ਅੰਗਰੇਜ਼ਾਂ ਨੂੰ ਐਸੇ ਵਫਾਦਾਰ ਸਿਪਾਹੀ ਤਿਆਰ ਕਰਕੇ ਦੇਣ ਦਾ ਭਰੋਸਾ ਦਿਵਾਇਆ, ਜੋ ਸਿਰਫ 'ਰਾਜ' ਲਈ ਹੀ ਸਮਰਪਿਤ ਹੋਣਗੇ, ਦੂਜੇ ਪਾਸੇ ਫਿਰਕਾਪ੍ਰਸਤ ਵਿਚਾਰਾਂ ਵਾਲੇ ਰਜਵਾੜਿਆਂ ਅਤੇ ਵਪਾਰੀਆਂ ਨੂੰ ਉਸ ਨੇ ਪੂਰੀ ਤਰ੍ਹਾਂ ਭਰੋਸੇ ਵਿਚ ਲੈਂਦਿਅਧ ਇਕਰਾਰ ਕੀਤਾ ਕਿ ਸਕੂਲ ਦੇ ਸਥਾਪਤ ਹੋਣ ਦੀ ਦੇਰ ਹੈ, ਇਹ ਹਿੰਦੂਆਂ ਦੇ ਫੌਜੀਕਰਨ ਦਾ ਸਾਧਨ ਬਣੇਗਾ।

ਇਸ ਦੇ ਸਬੂਤ ਉਨ੍ਹਾਂ ਸਮਿਆਂ ਵਿਚ ਖਾਸ ਲੋਕਾਂ ਨਾਲ ਇਸ ਸਕੂਲ ਬਾਰੇ ਕੀਤੀ ਗੱਲਬਾਤ ਦੇ ਵੇਰਵਿਆਂ ਅਤੇ ਲਈ ਮਦਦ ਤੋਂ ਸਪਸ਼ਟ ਰੂਪ ਵਿਚ ਮਿਲਦੇ ਹਨ। ਇਸ ਦੇ ਬਹੁਤ ਸਾਰੇ ਵੇਰਵੇ ਉਸ ਦੀਆਂ ਡਾਇਰੀਆਂ ਵਿਚ ਲਿਖੇ ਹੋਏ ਹਨ। ਮਿਸਾਲ ਵਜੋਂ, ਪਹਿਲੀ ਫਰਵਰੀ 1936 ਨੂੰ ਮੂੰਜੇ ਸਕੂਲ ਲਈ ਜ਼ਮੀਨ ਹਾਸਲ ਕਰਨ ਖਾਤਰ ਲਾਰਡ ਬਰਾਬਰਨ ਨੂੰ ਮਿਲਿਆ, ਜੋ ਉਦੋਂ ਬੰਬਈ ਦਾ ਗਵਰਨਰ ਸੀ। ਗਵਰਨਰ ਨੇ ਸ਼ੁਰੂ ਵਿਚ ਇਸ ਤਜਵੀਜ਼ ਲਈ ਹਾਂ ਨਾ ਕੀਤੀ, ਕਿਉਂਕਿ ਉਸ ਨੂੰ ਖਦਸ਼ਾ ਸੀ ਕਿ ਇਥੇ ਸਿਖਲਾਈ ਲੈਣ ਵਾਲੇ ਰੰਗਰੂਟ ਭਵਿਖ ਵਿਚ ਇਨਕਲਾਬੀ ਕੌਮੀ ਅੰਦੋਲਨ ਵਿਚ ਸ਼ਾਮਲ ਨਾ ਹੋ ਜਾਣ। ਮੂੰਜੇ ਨੇ ਉਸ ਨੂੰ ਯਕੀਨ ਦਿਵਾਇਆ ਕਿ ਇਨ੍ਹਾਂ ਲੜਕਿਆਂ ਨੂੰ ਸਿਆਸਤ ਤੋਂ ਦੂਰ ਰੱਖਿਆ ਜਾਵੇਗਾ ਅਤੇ ਇਹ ਸੰਸਥਾ ਇੰਡੀਅਨ ਮਿਲਟਰੀ ਅਕਾਦਮੀ, ਦੇਹਰਾਦੂਨ ਲਈ ਰੰਗਰੂਟ ਮੁਹੱਈਆ ਕਰਨ ਵਾਲੇ ਸਕੂਲ ਦੇ ਤੌਰ 'ਤੇ ਕੰਮ ਕਰੇਗੀ। ਇਸ ਗੱਲਬਾਤ ਦੇ ਕੁਝ ਅੰਸ਼ ਇਥੇ ਦਿੱਤੇ ਜਾ ਰਹੇ ਹਨ,

"ਗਵਰਨਰ: ਤੁਸੀਂ ਸਵਾਲ ਨੂੰ ਐਨ ਸਹੀ ਤੌਰ 'ਤੇ ਲਿਆ ਹੈ, ਪਰ ਇਸ ਦਾ ਸੱਚਮੁੱਚ ਕੋਈ ਮਤਲਬ ਹੈ? (ਮੁਸਕਰਾਉਂਦਿਆਂ) ਡਾ. ਮੂੰਜੇ ਤੁਸੀਂ ਇਸ ਨੁਕਤੇ ਤੋਂ ਭੱਜ ਨਹੀਂ ਸਕਦੇ ਕਿ ਇਹ ਫਿਰਕੂ ਸੰਸਥਾ ਹੈ, ਨਾਲ ਹੀ ਇਹ ਮਿਲਟਰੀ ਸਕੂਲ ਹੈ। ਸਰਕਾਰ ਦੇ ਮੁਖੀ ਦੇ ਤੌਰ 'ਤੇ ਮੈਂ ਇਸ ਨਾਲ ਕਿਵੇਂ ਜੁੜ ਸਕਦਾ ਹਾਂ? ਕਮਾਂਡਰ-ਇਨ-ਚੀਫ ਚਾਹੇ ਤਾਂ ਇੰਜ ਕਰ ਸਕਦਾ ਹੈ, ਪਰ ਸਰਕਾਰ ਇਹ ਨਹੀਂ ਕਰ ਸਕਦੀ। ਇਹ ਕੇਂਦਰੀ ਵਿਸ਼ਾ ਹੈ। ਕੇਂਦਰ ਸਰਕਾਰ ਤੋਂ ਸਲਾਹ ਲੈਣੀ ਪਵੇਗੀ।

ਮੈਂ ਕਿਹਾ: ਇਹ ਇਕ ਤਰ੍ਹਾਂ ਨਾਲ ਇੰਡੀਅਨ ਮਿਲਟਰੀ ਅਕਾਦਮੀ ਦਾ ਫੀਡਰ ਸਕੂਲ ਹੈ। ਫੀਲਡ ਮਾਰਸ਼ਲ ਸਰ ਫਿਲਿਪ ਚੈਟਵੋਡ, ਜਿਸ ਨਾਲ ਮੈਂ ਇੰਡੀਅਨ ਮਿਲਟਰੀ ਕਾਲਜ ਕਮੇਟੀ ਵਿਚ ਕੰਮ ਕੀਤਾ ਹੈ, ਇਸ ਗੱਲੋਂ ਫਿਕਰਮੰਦ ਸੀ ਕਿ ਅਕਾਦਮੀ ਕਿਵੇਂ ਸਫਲ ਹੋਵੇਗੀ, ਜਿੰਨੀ ਦੇਰ ਤਿਆਰੀ ਲਈ ਮੁਢਲੀ ਸਿਖਲਾਈ ਨਹੀਂ ਦਿੱਤੀ ਜਾਂਦੀ। ਮੇਰੇ ਇਸ ਸਕੂਲ ਦੀ ਯੋਜਨਾ ਇਸੇ ਕਮੀ ਨੂੰ ਦੂਰ ਕਰਨ ਲਈ ਬਣਾਈ ਗਈ ਹੈ ਅਤੇ ਕਮਾਂਡਰ-ਇਨ-ਚੀਫ ਇਸ ਗੱਲੋਂ ਬਹੁਤ ਖੁਸ਼ ਸੀ, ਜਦੋਂ ਉਸ ਨੂੰ ਮੇਰੇ ਵਲੋਂ ਐਸਾ ਫੀਡਰ ਸਕੂਲ ਖੋਲ੍ਹੇ ਜਾਣ ਬਾਰੇ ਪਤਾ ਲੱਗਾ।

ਗਵਰਨਰ: ਬਿਲਕੁਲ ਸਹੀ ਹੈ। ਨਿੱਜੀ ਤੌਰ 'ਤੇ ਮੇਰੀ ਹਮਦਰਦੀ ਤੁਹਾਡੇ ਨਾਲ ਹੈ। ਮੈਨੂੰ ਇਸ ਦੇ ਲਾਭਾਂ ਦਾ ਪਤਾ ਹੈ, ਤੁਸੀਂ ਸਭ ਕੁਝ ਦੱਸ ਦਿੱਤਾ ਹੈ, ਪਰ ਅਸੀਂ ਇਹ ਨਹੀਂ ਭੁੱਲ ਸਕਦੇ ਕਿ ਇਹ ਮਿਲਟਰੀ ਸਕੂਲ ਹੈ। ਕੌਣ ਜਾਣਦਾ ਹੈ ਕਿ ਲੜਕੇ ਕਿਵੇਂ ਪੇਸ਼ ਆਉਣਗੇ?





***ਬੰਬਈ ਦਾ ਗਵਰਨਰ ਲਾਰਡ ਬਰਾਬਰਨ (ਖੱਬੇ) ਅਤੇ ਅੰਗਰੇਜ਼ ਕਮਾਂਡਰ-ਇਨ-ਚੀਫ ਫੀਲਡ ਮਾਰਸ਼ਲ ਸਰ ਫਿਲਿਪ ਚੈਟਵੋਡ (ਸੱਜੇ), ਜਿਨ੍ਹਾਂ ਨਾਲ ਭੌਂਸਲਾ ਮਿਲਟਰੀ ਸਕੂਲ ਦੇ ਸੰਸਥਾਪਕ ਡਾ. ਬੀ. ਐਸ. ਮੂੰਜੇ ਨੇ ਫੰਡਾਂ ਬਾਰੇ ਗੱਲਬਾਤ ਚਲਾਈ।***

ਮੈਂ ਕਿਹਾ: ਇਹ ਨੁਕਤਾ ਪਹਿਲਾਂ ਹੀ ਸਾਡੇ ਧਿਆਨ ਵਿਚ ਸੀ। ਅਸੀਂ ਤੈਅ ਕਰ ਲਿਆ ਹੈ ਕਿ ਸਕੂਲ ਨੂੰ ਸਿਆਸਤ ਤੋਂ ਪੂਰੀ ਤਰ੍ਹਾਂ ਨਿਰਲੇਪ ਰੱਖਣਾ ਹੈ। ਇਹ ਨਿਰੋਲ ਸਿੱਖਿਆ ਸੰਸਥਾ ਹੋਵੇਗੀ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਸਿਆਸਤ ਨਹੀਂ ਹੋਵੇਗੀ। ਜਨਾਬ ਇਸੇ ਕਰਕੇ ਮੈਂ ਕਮਾਂਡਰ-ਇਨ-ਚੀਫ ਸਾਹਿਬ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਬੰਬਈ ਅਤੇ ਦਿੱਲੀ ਦਰਮਿਆਨ ਸਫਰ ਕਰਦੇ ਵਕਤ ਕੁਝ ਆਹਲਾ ਅਫਸਰਾਂ ਵਲੋਂ ਸਾਲ 'ਚ ਇਕ ਦੋ ਵਾਰ ਇਸ ਸਕੂਲ ਦੇ ਮੁਆਇਨੇ ਲਈ ਭੇਜਣ ਦਾ ਬੰਦੋਬਸਤ ਜ਼ਰੂਰ ਕੀਤਾ ਜਾਵੇ।

ਗਵਰਨਰ: ਐਸੇ ਮੁਆਇਨੇ ਨਾਲ ਕੀ ਫਰਕ ਪਵੇਗਾ? ਤੁਹਾਡੇ ਅਤੇ ਮੇਰੇ ਇਰਾਦੇ ਨੇਕ ਹੋ ਸਕਦੇ ਹਨ, ਪਰ ਕਿਸ ਨੂੰ ਪਤਾ ਹੈ ਕਿ ਤੁਹਾਡੇ ਅਤੇ ਮੇਰੇ ਮਰ ਜਾਣ ਪਿਛੋਂ ਇਸ ਸਕੂਲ ਤੋਂ ਸਿਖਲਾਈ ਲੈਣ ਵਾਲੇ ਮੁੰਡਿਆਂ ਦਾ ਗੱਭਰੂ ਹੋ ਕੇ ਉਸ ਵਕਤ ਕੀ ਵਤੀਰਾ ਹੋਵੇਗਾ? ਕਾਂਗਰਸ ਜੇ ਸਰਕਾਰ ਖਿਲਾਫ ਇਕ ਹੋਰ ਇਨਕਲਾਬੀ ਅੰਦੋਲਨ ਵਿੱਢ ਦਿੰਦੀ ਹੈ ਤਾਂ ਇਨ੍ਹਾਂ ਮੁੰਡਿਆਂ ਦਾ ਕੀ ਵਤੀਰਾ ਹੋਵੇਗਾ? ਮੰਨ ਲਓ, ਜੇ ਤੁਹਾਡੇ ਸਕੂਲ ਵਿਚ ਹਥਿਆਰਬੰਦ ਸਿਖਲਾਈ ਲੈਣ ਵਾਲੇ ਦਸ ਹਜ਼ਾਰ ਮੁੰਡੇ ਇਸ ਅੰਦੋਲਨ ਵਿਚ ਕੁੱਦ ਪੈਣ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਹਾਲਾਤ ਕਿੰਨੇ ਗੰਭੀਰ ਹੋ ਜਾਣਗੇ! ਇਥੇ ਸਰਕਾਰ ਦੀ ਜਿੰਮੇਵਾਰੀ ਆ ਜਾਂਦੀ ਹੈ। ਹੁਣ ਤੁਸੀਂ ਮੇਰੀ ਮੁਸ਼ਕਿਲ ਨੂੰ ਚੰਗੀ ਤਰ੍ਹਾਂ ਸਮਝ ਰਹੇ ਹੋਵੋਗੇ।"

ਓੜਕ ਮੂੰਜੇ ਆਪਣੇ ਸਰਕਾਰ ਪੱਖੀ ਟਰੈਕ ਰਿਕਾਰਡ ਸਦਕਾ ਬਸਤੀਵਾਦੀ ਸਰਕਾਰ ਨੂੰ ਕਾਇਲ ਕਰਨ ਵਿਚ ਕਾਮਯਾਬ ਹੋ ਗਿਆ ਕਿ ਸਕੂਲ ਵਿਚੋਂ ਸਿਰਫ ਐਸੇ ਨੌਜਵਾਨ ਹੀ ਤਿਆਰ ਕੀਤੇ ਜਾਣਗੇ, ਜੋ ਅੰਗਰੇਜ਼ ਰਾਜ ਦੇ ਵਫਾਦਾਰ ਹੋਣ। ਉਂਜ, ਇਹੀ ਕਾਫੀ ਨਹੀਂ ਸੀ, ਉਸ ਨੂੰ ਸਕੂਲ ਦੀ ਸਥਾਪਨਾ ਲਈ ਬਹੁਤ ਸਾਰਾ ਪੈਸਾ ਵੀ ਚਾਹੀਦਾ ਸੀ, ਇਹ ਉਸ ਨੇ ਹਿੰਦੂ ਆਗੂਆਂ ਅਤੇ ਕਾਰੋਬਾਰੀਆਂ ਦੀਆਂ ਦੱਬੀਆਂ ਹਿੰਦੂ ਭਾਵਨਾਵਾਂ ਵਰਤ ਕੇ ਹਾਸਲ ਕਰ ਲਿਆ। ਉਸ ਦੀਆਂ ਡਾਇਰੀਆਂ ਵਿਚ ਦਰਜ ਇਕ ਗੁਫਤਗੂ ਵਿਚ ਡਾ. ਮੂੰਜੇ ਧਾਰ ਦੇ ਦੀਵਾਨ ਨੂੰ ਦੱਸਦਾ ਹੈ ਕਿ ਸਕੂਲ ਵਿਚ ਸਿਰਫ ਹਿੰਦੂ ਵਿਦਿਆਰਥੀ ਹੀ ਕਿਉਂ ਭਰਤੀ ਕੀਤੇ ਜਾਣਗੇ,

"ਦੀਵਾਨ ਸਾਹਿਬ: ਇਹ ਤਾਂ ਜਿਵੇਂ ਤੁਸੀਂ ਫਰਮਾਇਆ, ਠੀਕ ਹੈ; ਪਰ ਤੁਸੀਂ ਜ਼ਰੂਰ ਹੀ ਕੌਮਵਾਦੀ ਬਣੋ। ਤੁਸੀਂ ਮੁਸਲਿਮ ਲੜਕਿਆਂ ਨੂੰ ਦਾਖਲਾ ਕਿਉਂ ਨਹੀਂ ਦੇਵੋਗੇ?

ਮੈਂ ਕਿਹਾ: ਸਾਨੂੰ ਮੁਸਲਿਮ ਲੜਕਿਆਂ ਨੂੰ ਲੈਣ 'ਚ ਕੋਈ ਇਤਰਾਜ਼ ਨਹੀਂ ਹੈ, ਜੇ ਉਹ ਸਕੂਲ ਦੇ ਵਿਸ਼ੇਸ਼ ਜ਼ਾਬਤੇ ਨੂੰ ਮੰਨਦੇ ਹੋਣਗੇ; ਪਰ ਉਹ ਇਸ ਸਕੂਲ ਵਿਚ ਨਹੀਂ ਆਉਣਗੇ, ਤੇ ਜੇ ਕੁਝ ਆ ਵੀ ਜਾਂਦੇ ਹਨ, ਉਹ ਸਕੂਲ ਵਿਚ ਪੁਆੜਾ ਹੀ ਪਾਉਣਗੇ, ਜਿਵੇਂ ਉਹ ਆਮ ਹੀ ਕਰਦੇ ਹਨ। ਇਸ ਨਾਲ ਅਣਚਾਹਿਆ ਵਿਵਾਦ ਹੀ ਖੜ੍ਹਾ ਹੋਵੇਗਾ ਅਤੇ ਬਿਨਾ ਵਜ੍ਹਾ ਸਕੂਲ ਦੀ ਬਦਨਾਮੀ ਹੋਵੇਗੀ। ਇਹ ਮੁਸਲਮਾਨ ਹਮੇਸ਼ਾ ਪੁਆੜੇ ਹੀ ਪਾਉਂਦੇ ਹਨ ਅਤੇ ਅੰਗਰੇਜ਼ ਸਰਕਾਰ ਦੀ ਸ਼ਹਿ ਨਾਲ ਇਹ ਭਾਰੂ ਹੋਣਾ ਸ਼ੁਰੂ ਕਰ ਦਿੰਦੇ ਹਨ ਤੇ ਮੁਸੀਬਤ ਬਣ ਜਾਂਦੇ ਹਨ।

ਦੀਵਾਨ ਸਾਹਿਬ: ਹਾਂ, ਹਾਂ ਤੁਹਾਡੀ ਇਹ ਗੱਲ ਬਿਲਕੁਲ ਸਹੀ ਹੈ। ਉਹ ਧਾਰ ਖੇਤਰ ਵਿਚ ਵੀ ਬਿਨਾ ਵਜ੍ਹਾ ਬੇਲੋੜਾ ਝਮੇਲਾ ਖੜ੍ਹਾ ਕਰੀ ਰੱਖਦੇ ਹਨ, ਜਦਕਿ ਪਹਿਲਾਂ ਇਥੇ ਐਸੀ ਕੋਈ ਗੱਲ ਨਹੀਂ ਸੀ। ਹੁਣ ਤੱਕ ਅਸੀਂ ਭਰਾਵਾਂ ਵਾਂਗ ਰਹਿੰਦੇ ਆ ਰਹੇ ਸੀ, ਪਰ ਛੇ ਕੁ ਮਹੀਨੇ ਪਹਿਲਾਂ ਦਿੱਲੀ ਤੋਂ ਕੁਝ ਮੁਸਲਮਾਨ ਇਥੇ ਆਏ ਅਤੇ ਉਨ੍ਹਾਂ ਨੇ ਭੋਜਸ਼ਾਲਾ ਦੇ ਮਾਮਲੇ ਵਿਚ ਮੁਸੀਬਤ ਖੜ੍ਹੀ ਕਰ ਦਿੱਤੀ। ਉਹ ਕਹਿੰਦੇ ਹਨ ਕਿ ਇਹ ਮੁਸਲਮਾਨਾਂ ਦੀ ਮਸੀਤ ਹੈ, ਇਹ ਭੋਜਸ਼ਾਲਾ ਨਹੀਂ ਹੈ।

ਮੈਂ ਕਿਹਾ: ਫਿਰ ਤਾਂ ਤੁਹਾਡਾ ਮੁਸਲਮਾਨਾਂ ਦੇ ਪਾਏ ਪੁਆੜਿਆਂ ਬਾਰੇ ਨਿੱਜੀ ਤਜਰਬਾ ਹੈ। ਮੈਂ ਨਹੀਂ ਚਾਹੁੰਦਾ, ਮੇਰੇ ਸਕੂਲ ਵਿਚ ਕੋਈ ਐਸਾ ਕੋਈ ਪੁਆੜਾ ਖੜ੍ਹਾ ਹੋਵੇ।"

ਇਹ ਮਹਿਜ ਮੂੰਜੇ ਦੀ ਮੁਸਲਮਾਨਾਂ ਪ੍ਰਤੀ ਬੇਭਰੋਸਗੀ ਹੀ ਨਹੀਂ ਸੀ; ਉਸ 'ਤੇ ਇਹ ਭੂਤ ਸਵਾਰ ਸੀ ਕਿ ਮੁਸਲਮਾਨ 'ਅੰਦਰੂਨੀ ਦੁਸ਼ਮਣ' ਹਨ। ਆਰ. ਐਸ. ਐਸ. ਦਾ ਕਾਰਿੰਦਾ ਅਤੇ ਮੂੰਜੇ ਦਾ ਕਰੀਬੀ ਸਹਿਯੋਗੀ ਐਚ. ਕੇ. ਜੋਸ਼ੀ (ਜਿਸ ਨੂੰ ਅੱਪਾਰਾਓ ਵੀ ਕਿਹਾ ਜਾਂਦਾ ਹੈ) ਨੂੰ 1928 ਵਿਚ ਦਿੱਲੀ ਵਿਚ ਸਾਂਝੇ ਪ੍ਰਾਜੈਕਟ ਲਈ ਇਕੱਠੇ ਸਫਰ ਕਰਨ ਸਮੇਂ ਮੂੰਜੇ ਦੇ ਇਸ ਮੁਸਲਿਮ ਵਿਰੋਧੀ ਫਤੂਰ ਦਾ ਭਿਆਨਕ ਤਜਰਬਾ ਹੋਇਆ। ਜੋਸ਼ੀ ਲਿਖਦਾ ਹੈ, "ਮੈਂ ਮਹਾਂਰਾਸ਼ਟਰ ਲੌਜ ਵਿਚ ਠਹਿਰਿਆ ਹੋਇਆ ਸਾਂ ਅਤੇ ਡਾ. ਮੂੰਜੇ ਬਿਰਲਾ ਭਵਨ ਵਿਚ। ਨਵੰਬਰ 1928 ਨੂੰ ਸਵੇਰੇ 7:30 ਵਜੇ ਮੈਂ ਤੈਅ ਕੀਤੇ ਅਨੁਸਾਰ ਬਿਰਲਾ ਭਵਨ ਗਿਆ ਤਾਂ ਮੂੰਜੇ ਦੇ ਨੌਕਰ ਬਲੀਰਾਮ ਨੇ ਦੱਸਿਆ ਕਿ ਉਸ ਦਾ ਮਾਲਕ ਤਾਂ ਅਜੇ ਸੌਂ ਰਿਹਾ ਸੀ। ਮੈਂ ਉਸ ਨੂੰ ਦੱਸਿਆ ਕਿ ਮੇਰੇ ਨਾਲ ਇਸ ਵਕਤ ਮਿਲਣ ਦਾ ਤੈਅ ਕੀਤਾ ਗਿਆ ਸੀ, ਇਸ ਲਈ ਉਸ ਨੂੰ ਜਗਾ ਲਿਆ ਜਾਵੇ। ਉਸ ਨੇ ਐਸਾ ਕਰਨ ਤੋਂ ਨਾਂਹ ਕਰ ਦਿੱਤੀ। ਫਿਰ ਮੈਂ ਬੂਹਾ ਖੋਲ੍ਹਿਆ ਅਤੇ ਅੰਦਰ ਚਲਾ ਗਿਆ। ਮੇਰੇ ਤਾਂ ਹੋਸ਼ ਹੀ ਉਡ ਗਏ ਜਦੋਂ ਡਾਕਟਰ (ਮੂੰਜੇ) ਇਕਦਮ ਬਿਸਤਰੇ 'ਚੋਂ ਛੜੱਪਾ ਮਾਰ ਕੇ ਉਠਿਆ ਅਤੇ ਮੇਰੇ ਉਪਰ ਰਿਵਾਲਵਰ ਤਾਣ ਲਿਆ। ਮੈਂ ਉਚੀ ਆਵਾਜ਼ ਵਿਚ ਆਪਣਾ ਤੁਆਰਫ ਕਰਾਇਆ, ਜਿਸ ਨਾਲ ਉਹ ਇਕਦਮ ਸ਼ਾਂਤ ਹੋ ਕੇ ਮੈਨੂੰ ਕਹਿਣ ਲੱਗਾ, 'ਅੱਪਾ ਜੀ, ਚੰਗਾ ਕੀਤਾ ਤੁਸੀਂ ਦੱਸ ਦਿੱਤਾ; ਨਹੀਂ ਤਾਂ ਮਾੜੀ ਘਟਨਾ ਵਾਪਰ ਜਾਣੀ ਸੀ।' ਉਸ ਨੇ ਮੈਥੋਂ ਮੁਆਫੀ ਮੰਗੀ ਤਾਂ ਮੈਂ ਪੁੱਛਿਆ ਕਿ ਤੈਨੂੰ ਹਥਿਆਰਬੰਦ ਹੋਣ ਦੀ ਕੀ ਲੋੜ ਪੈ ਗਈ? ਤੇ ਨੀਂਦ ਵਿਚ ਉਹ ਕਿਹੜਾ ਸ਼ਿਕਾਰ ਭਾਲ ਰਿਹਾ ਸੀ? ਪੂਰੀ ਤਰ੍ਹਾਂ ਹੋਸ਼ ਵਿਚ ਆਉਂਦਿਆਂ ਉਹ ਖੁੱਲ੍ਹ ਕੇ ਹੱਸਿਆ ਅਤੇ ਕਿਹਾ, ਤੁਹਾਨੂੰ ਪਤਾ ਹੋਣਾ ਚਾਹੀਦਾ, ਇਹ ਦਿੱਲੀ ਏ; ਮੈਨੂੰ ਹਰ ਵਕਤ ਉਨ੍ਹਾਂ ਨਾਲ ਨਜਿੱਠਣ ਲਈ ਤਿਆਰ-ਬਰ-ਤਿਆਰ ਰਹਿਣਾ ਪੈਂਦਾ ਹੈ, ਜੋ ਲੋਕ ਮੈਨੂੰ ਆਪਣਾ ਦੁਸ਼ਮਣ ਸਮਝਦੇ ਹਨ। ਮੇਰੀ ਮੁਰਾਦ ਮੁਸਲਮਾਨਾਂ ਤੋਂ ਹੈ।"

ਇਸ ਦਾ ਕੋਈ ਸਬੂਤ ਨਹੀਂ ਕਿ ਮੂੰਜੇ ਨੂੰ ਕਦੇ ਕਿਸੇ ਮੁਸਲਮਾਨ ਤੋਂ ਧਮਕੀ ਮਿਲੀ ਹੋਵੇ, ਜਾਂ ਉਸ 'ਤੇ ਕਿਸੇ ਮੁਸਲਮਾਨ ਨੇ ਹਮਲਾ ਕੀਤਾ ਹੋਵੇ। ਫਿਰ ਵੀ ਮੁਸਲਿਮ ਵਿਰੋਧੀ ਜੋ ਨਫਰਤ ਉਸ ਦੇ ਅੰਦਰ ਘਰ ਕਰ ਚੁਕੀ ਸੀ, ਉਸ ਦੇ ਹਰ ਕਾਰ-ਵਿਹਾਰ ਵਿਚ ਸਾਫ ਨਜ਼ਰ ਆਉਂਦੀ ਸੀ; ਇਥੋਂ ਤੱਕ ਕਿ ਉਸ ਦੇ ਨਾਸਿਕ ਵਾਲੇ ਸਕੂਲ ਦੀ ਸਥਾਪਨਾ ਵਿਚ ਵੀ।

---

ਸੈਂਟਰਲ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਦੀ ਛਤਰਛਾਇਆ ਹੇਠ ਭੌਂਸਲਾ ਮਿਲਟਰੀ ਸਕੂਲ ਨਾਸਿਕ ਵਿਖੇ 1937 ਵਿਚ ਸਥਾਪਤ ਕੀਤਾ ਗਿਆ, ਜਦਕਿ ਇਸ ਦਾ ਬਾਕਾਇਦਾ ਮਹੂਰਤ 1938 ਵਿਚ ਨਵੀਂ ਇਮਾਰਤ ਵਿਚ ਬਦਲੇ ਜਾਣ 'ਤੇ ਹੀ ਕੀਤਾ ਗਿਆ। ਸਕੂਲ ਦਾ ਨਾਂ ਨਾਗਪੁਰ ਦੇ ਸ਼ਾਹੀ ਘਰਾਣੇ ਦੇ ਨਾਂ 'ਤੇ ਰੱਖਣ ਦਾ ਮੂੰਜੇ ਦਾ ਫੈਸਲਾ ਉਸ ਦੀ ਭੌਂਸਲਿਆਂ ਪ੍ਰਤੀ ਵਫਾਦਾਰੀ ਅਤੇ ਉਸ ਦੀ ਮੱਧਯੁਗੀ ਮਰਾਠਾ ਸ਼ਾਨ ਬਹਾਲ ਕਰਨ ਦੀ ਖਾਹਸ਼ ਵਿਚੋਂ ਲਿਆ ਗਿਆ ਸੀ। 1938 ਵਿਚ ਉਸ ਨੇ ਗਵਾਲੀਅਰ ਰਿਆਸਤ ਦੇ ਮਹਾਰਾਜਾ ਅਲੀਜਾਹ ਬਹਾਦਰ ਸਿੰਧੀਆ ਨੂੰ ਲਿਖਿਆ, 'ਸਾਡੇ ਪਰਿਵਾਰ ਦੀ ਨਾਗਪੁਰ ਦੇ ਸ਼ਾਹੀ ਭੌਂਸਲਾ ਘਰਾਣੇ ਪ੍ਰਤੀ ਵਫਾਦਾਰੀ ਦੀ ਰਵਾਇਤ ਰਹੀ ਹੈ, ਸਾਨੂੰ ਇਸ ਵਿਰਸੇ 'ਤੇ ਮਾਣ ਹੈ। ਮਰਾਠਾ ਰਿਆਸਤਾਂ, ਭਾਰਤ ਦੀ ਮਰਾਠਾ ਬਾਦਸ਼ਾਹਤ ਦੀਆਂ ਸ਼ਾਨਦਾਰ ਨਿਸ਼ਾਨੀਆਂ ਹਨ, ਤੇ ਇਸ ਤਰ੍ਹਾਂ ਆਪਣੇ ਪੁਰਖਿਆਂ ਦੇ ਪੁਰਾਣੇ ਗੌਰਵਮਈ ਜ਼ਮਾਨੇ ਨੂੰ ਮੁੜ ਲਿਆਉਣ ਦੀ ਕਾਮਨਾ ਕਰਨਾ ਅਤੇ ਉਸ ਪ੍ਰਤੀ ਨਿਸ਼ਕਾਮ ਘਾਲਣਾ ਸਾਡਾ ਫਰਜ਼ ਹੈ।'

ਖੁਦ ਇਕ ਬ੍ਰਾਹਮਣ ਮੂੰਜੇ, ਨਾਗਪੁਰੀ ਭੌਂਸਲਿਆਂ ਦਾ ਇਸ ਲਈ ਵੀ ਸ਼ੁਕਰਗੁਜ਼ਾਰ ਹੋਵੇਗਾ, ਕਿਉਕਿ ਉਨ੍ਹਾਂ ਨੇ ਬ੍ਰਾਹਮਣਾਂ ਦੇ ਦਾਬੇ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੂੰ ਜ਼ਮੀਨ ਦਿੱਤੀ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿਚ ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ। ਜਦੋਂ ਅੰਗਰੇਜ਼ਾਂ ਨੇ ਭੌਂਸਲਾ ਸਲਤਨਤ ਨੂੰ ਆਪਣੇ ਨਾਲ ਮਿਲਾ ਲਿਆ, ਉਦੋਂ ਤਕ ਬ੍ਰਾਹਮਣਾਂ ਦਾ ਸੁਖ-ਸਹੂਲਤਾਂ ਵਾਲਾ ਜੋ ਰੁਤਬਾ ਬਣਿਆ ਹੋਇਆ ਸੀ, ਉਸ ਨੂੰ ਖਤਰਾ ਖੜ੍ਹਾ ਹੋ ਗਿਆ। ਇਹ ਵੀ ਮਰਾਠਾ ਬ੍ਰਾਹਮਣਾਂ ਦੇ ਇਕ ਹਿੱਸੇ ਦਾ ਪੁਰਾਣੇ ਦਿਨਾਂ ਦੀ ਵਾਪਸੀ ਲਈ ਜਨੂਨ ਰਿਹਾ ਹੋਵੇਗਾ। ਭੌਂਸਲਾ ਘਰਾਣੇ ਪ੍ਰਤੀ ਮੂੰਜੇ ਦੀ ਭਗਤੀ ਭਾਵਨਾ ਐਨੀ ਵੱਧ ਸੀ ਕਿ 1946 ਦੇ ਸ਼ੁਰੂ ਵਿਚ ਜਦੋਂ ਰਾਸ਼ਟਰ, ਸੰਵਿਧਾਨਸਾਜ਼ ਅਸੈਂਬਲੀ ਦੀਆਂ ਚੋਣਾਂ ਲਈ ਕਮਰਕੱਸੇ ਕਰੀ ਬੈਠਾ ਸੀ, ਮੂੰਜੇ ਨੇ ਸਰਦਾਰ ਵਲਭ ਭਾਈ ਪਟੇਲ ਨੂੰ ਚਿੱਠੀ ਲਿਖ ਕੇ ਕਿਹਾ, 'ਰਾਜਾ ਪ੍ਰਤਾਪ ਸਿੰਘ ਰਾਓ ਨਾਗਪੁਰੀ ਭੌਂਸਲਾ ਸ਼ਾਹੀ ਘਰਾਣੇ ਦਾ ਨੁਮਾਇੰਦਾ ਹੈ ਅਤੇ ਹਿੰਦੂ ਮਹਾਂਸਭਾ ਉਸ ਖਿਲਾਫ ਆਪਣੀ ਇਸ ਭਾਵਨਾ ਤਹਿਤ ਉਮੀਦਵਾਰ ਖੜ੍ਹਾ ਨਹੀਂ ਕਰ ਰਹੀ, ਕਿਉਂਕਿ ਸਾਡੀ ਉਸ ਸ਼ਾਹੀ ਘਰਾਣੇ ਨਾਲ ਰਵਾਇਤੀ ਵਫਾਦਾਰੀ ਹੈ ਅਤੇ ਕਾਂਗਰਸ ਨੂੰ ਵੀ ਉਸ ਖਿਲਾਫ ਉਮੀਦਵਾਰ ਖੜ੍ਹਾ ਨਹੀਂ ਕਰਨਾ ਚਾਹੀਦਾ।'

ਭੌਂਸਲਾ ਮਿਲਟਰੀ ਸਕੂਲ ਦੇ ਮੋਢੀ ਨੇ ਇਸ ਨੂੰ ਸਿਰਫ ਮਿਲਟਰੀ ਸਿਖਲਾਈ ਕੇਂਦਰ ਦੇ ਤੌਰ 'ਤੇ ਹੀ ਨਹੀਂ ਲਿਆ, ਸਗੋਂ ਉਸ ਦਾ ਉਦੇਸ਼ ਇਸ ਨੂੰ ਹਿੰਦੂ ਲੜਕਿਆਂ ਨੂੰ ਸਨਾਤਨ ਧਰਮ ਅਪਨਾਉਣ ਅਤੇ ਉਸ ਦੀ ਰਾਖੀ ਕਰਨ ਦੀ ਸਿਖਲਾਈ ਦੇਣ ਵਾਲੀ ਸੰਸਥਾ ਬਣਾਉਣਾ ਵੀ ਸੀ। ਉਸ ਨੇ ਨਾਸਿਕ ਸਕੂਲ ਦੇ ਮੈਦਾਨ ਦਾ ਨਾਂ 'ਰਾਮ ਭੂਮੀ' ਤੇ ਉਸ ਦੇ ਕੈਡਟਾਂ ਨੂੰ 'ਰਾਮ ਡਾਂਡੀ' (ਰਾਮ ਦੇ ਰਾਜ ਅਧਿਕਾਰ ਦੇ ਝੰਡਾਬਰਦਾਰ) ਨਾਂ ਦਿੱਤਾ।

ਮੂੰਜੇ ਦੇ ਇਕ ਹੋਰ ਕਰੀਬੀ ਸਾਥੀ ਜੀ. ਬੀ. ਸੂਬਾਰਾਓ ਅਨੁਸਾਰ ਸਕੂਲ ਦੇ ਮੋਢੀ ਨੇ ਇਮਾਰਤ ਦਾ ਨਾਂ ਰਾਮਾਇਣ ਦੇ ਸਲੋਕ ਦੇ ਆਧਾਰ 'ਤੇ ਰੱਖਿਆ। ਉਸ ਨੇ 1972 ਵਿਚ ਲਿਖਿਆ, "ਕਿਸ਼ਕਿੰਧਾ ਕਾਂਡ ਵਿਚ ਵਾਲੀ ਦੀ ਹਾਰ ਪਿਛੋਂ ਉਸ ਅਤੇ ਰਾਮਚੰਦਰ ਵਿਚਾਲੇ ਗੱਲਬਾਤ ਹੁੰਦੀ ਹੈ, ਜਿਸ ਵਿਚ ਵਾਲੀ ਰਾਮ ਚੰਦਰ 'ਤੇ ਕਈ ਦੋਸ਼ ਲਾਉਂਦਾ ਹੈ, ਜਿਨ੍ਹਾਂ ਦਾ ਜਵਾਬ ਦਿੰਦਿਆਂ ਰਾਮ ਉਸ ਨੂੰ ਕਹਿੰਦੇ ਹਨ, 'ਇਹ ਧਰਤੀ ਭਾਰਤ ਮੇਰੀ ਹੈ, ਇਹ ਰਾਮ ਭੂਮੀ ਹੈ। ਤੁਸੀਂ ਇਸ ਦੇ ਕੁਝ ਨਹੀਂ ਲੱਗਦੇ। ਇਸ ਲਈ ਤੈਨੂੰ ਇਥੋਂ ਨਿਕਲ ਜਾਣਾ ਚਾਹੀਦਾ ਹੈ।' ਮੂੰਜੇ ਨੇ ਇਹ ਪੂਰੀ ਗੱਲਬਾਤ ਸੁਣਾ ਕੇ ਮੈਨੂੰ ਦੱਸਿਆ ਕਿ ਇਸੇ ਨੇ ਉਸ ਮੈਦਾਨ ਦਾ ਨਾਂ ਰਾਮ ਭੂਮੀ ਰੱਖਣ ਲਈ ਉਸ ਨੂੰ ਪ੍ਰੇਰਿਆ ਹੈ। ਇਹ ਸਿਰਫ ਰਾਮ ਡਾਂਡੀ ਸਿਖਾਂਦਰੂਆਂ ਲਈ ਹੀ ਅਹਿਮ ਨਹੀਂ, ਜਿਨ੍ਹਾਂ ਦਾ ਉਦੇਸ਼ ਜ਼ਰੂਰ ਹੀ ਆਖਿਰਕਾਰ ਰਾਮ-ਰਾਜ ਦੀ ਸਥਾਪਨਾ ਕਰਨਾ ਹੋਣਾ ਚਾਹੀਦਾ ਹੈ, ਸਗੋਂ ਉਨ੍ਹਾਂ ਪਰਾਏ ਲੋਕਾਂ ਲਈ ਵੀ ਇਹ ਅਹਿਮ ਹੈ, ਜਿਨ੍ਹਾਂ ਨੂੰ ਇਥੋਂ ਚਲੇ ਜਾਣਾ ਪਵੇਗਾ, ਜਿਵੇਂ 1947 ਵਿਚ ਅੰਗਰੇਜ਼ ਚਲੇ ਗਏ।"

ਨਾ ਮੂੰਜੇ ਅਤੇ ਨਾ ਹੀ ਸੂਬਾਰਾਓ ਨੇ ਇਨ੍ਹਾਂ 'ਪਰਾਇਆਂ' ਦੀ ਪਛਾਣ ਕੀਤੀ, ਜਿਵੇਂ ਹਿੰਦੂ ਫਿਰਕਾਪ੍ਰਸਤਾਂ ਵਲੋਂ 'ਅੰਦਰੂਨੀ ਦੁਸ਼ਮਣਾਂ' ਨੂੰ ਸਾਫ ਪਰਿਭਾਸ਼ਤ ਨਹੀਂ ਕੀਤਾ ਗਿਆ। ਇਸ ਲਈ

*(ਬਾਕੀ ਅਗਲੇ ਸਫੇ 'ਤੇ)*


ਮੂੰਜੇ ਦਾ ਸਕੂਲ ਹਿੰਦੂਆਂ ਨੂੰ ਸਮਰਪਿਤ ਸੀ ਅਤੇ ਗੁੱਝੇ ਤੌਰ 'ਤੇ ਗੈਰ ਹਿੰਦੂਆਂ ਦੇ ਖ਼ਿਲਾਫ ਸੀ।

ਸਕੂਲ ਤੇਜ਼ੀ ਨਾਲ ਵਧਿਆ-ਫੁੱਲਿਆ, ਥੋੜ੍ਹੇ ਚਿਰ ਵਿਚ ਹੀ ਇਸ ਨੇ ਹਿੰਦੂਆਂ 'ਚ ਵਾਹਵਾ ਨਾਂ ਬਣਾ ਲਿਆ, ਖਾਸ ਕਰਕੇ ਉਚ ਜਾਤੀ ਹਿੰਦੂਆਂ ਵਿਚ। ਮੂੰਜੇ ਨੇ ਸਕੂਲ ਕੈਂਪਸ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਉਹ ਕਸ਼ੱਤਰੀਆਂ ਦੀ ਤਰਜ਼ 'ਤੇ ਘੋੜੇ ਉਤੇ ਸਵਾਰ ਹੋ ਕੇ ਕੈਂਪਸ ਦੇ ਵਿਚ ਗੇੜਾ ਮਾਰਦਾ। ਫੰਡ ਉਗਰਾਹੁਣ ਲਈ ਉਹ ਲਗਾਤਾਰ ਜੁਟਿਆ ਰਿਹਾ। 30 ਅਗਸਤ 1938 ਨੂੰ ਉਸ ਨੇ ਗਵਾਲੀਅਰ ਦੇ ਮਹਾਰਾਜਾ ਅਲੀਜਾਹ ਬਹਾਦਰ ਸਿੰਧੀਆ ਨੂੰ ਲਿਖਿਆ, "ਭੌਸਲਾ ਮਿਲਟਰੀ ਸਕੂਲ ਆਪਣੀਆਂ ਸਰਗਰਮੀਆਂ ਦਾ ਵਾਧਾ-ਪਸਾਰਾ ਕਰ ਰਿਹਾ ਹੈ, ਇਸ ਲਈ ਸਕੂਲ ਵਿਚ ਰਿਹਾਇਸ਼ ਦੀ ਮੰਗ ਵੀ ਵਧ ਰਹੀ ਹੈ। ਸਾਨੂੰ ਇਨ੍ਹਾਂ ਫੌਰੀ ਅਤੇ ਜ਼ਰੂਰੀ ਲੋੜਾਂ ਨੂੰ ਪੂਰਾ ਕਰਨਾ ਪਵੇਗਾ, ਨਹੀਂ ਤਾਂ ਸਕੂਲ ਨੇ ਥੋੜ੍ਹੇ ਚਿਰ ਵਿਚ ਹੀ ਜੋ ਨਾਂ ਕਮਾ ਲਿਆ ਹੈ, ਉਹ ਮਿੱਟੀ ਵਿਚ ਮਿਲ ਜਾਵੇਗਾ। ਇਹ ਸਾਰਾ ਪੈਸੇ ਦਾ ਮਸਲਾ ਹੈ। ਮੇਰੇ ਲਈ ਪੈਸੇ ਦਾ ਇਕੋ-ਇਕ ਸਰੋਤ ਦਾਨ ਮੰਗਣਾ ਹੈ ਅਤੇ ਉਹ ਮੈਂ ਪੂਰਾ ਤਾਣ ਤੇ ਤਾਕਤ ਲਾ ਕੇ ਕਰ ਰਿਹਾ ਹਾਂ, ਪਰ ਦਾਨ ਮੰਗਣਾ ਆਮਦਨ ਦਾ ਜ਼ੋਖਮ ਵਾਲਾ ਸਰੋਤ ਹੈ। ਇਸੇ ਕਰਕੇ ਹੁਣ ਮੈਂ ਆਮਦਨ ਲਈ ਲਾਟਰੀ ਸ਼ੁਰੂ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹਾਂ। ਜੇ ਇਸ ਨੂੰ ਸਹੀ ਤਰੀਕੇ ਅਤੇ ਮੁਹਾਰਤ ਨਾਲ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਸਾਲਾਨਾ ਲੱਖ ਰੁਪਏ ਆਮਦਨ ਦਾ ਸਾਧਨ ਬਣ ਸਕਦੀ ਹੈ। ਲਾਟਰੀ ਦਾ ਉਦੇਸ਼ ਆਰਥਕ ਮਦਦ ਨਾਲ ਭੌਸਲਾ ਮਿਲਟਰੀ ਸਕੂਲ ਦਾ ਵਿਸਤਾਰ ਪਹਿਲਾਂ ਕਾਲਜ ਦੇ ਰੂਪ ਵਿਚ ਕਰਨਾ ਅਤੇ ਪਿਛੋਂ ਇਸ ਨੂੰ 'ਆਲ ਇੰਡੀਆ ਮਿਲਟਰੀ ਟਰੇਨਿੰਗ ਸੰਸਥਾ' ਵਿਚ ਬਦਲਨਾ ਹੋਵੇਗਾ।"

ਇਕ ਦਹਾਕਾ ਇਹ ਸਕੂਲ ਸਹੀ ਤਰੀਕੇ ਨਾਲ ਚੱਲਦਾ ਰਿਹਾ। ਮੂੰਜੇ ਦੀ ਇਸ ਪ੍ਰਤੀ ਸਮਰਪਣ ਭਾਵਨਾ ਕਾਰਨ ਵਿਦਿਆਰਥੀਆਂ ਅਤੇ ਫੰਡਾਂ ਦੀ ਆਮਦ ਲਗਾਤਾਰ ਬਣੀ ਰਹੀ, ਪਰ 30 ਜਨਵਰੀ 1948 ਨੂੰ ਨੱਥੂ ਰਾਮ ਗੋਡਸੇ ਵਲੋਂ ਮਹਾਤਮਾ ਗਾਂਧੀ ਦੇ ਕਤਲ ਪਿਛੋਂ ਇਹ ਕਰੀਬ ਠੱਪ ਹੋ ਗਈ, ਕਿਉਂਕਿ ਲੋਕਾਂ ਵਿਚ ਹਿੰਦੂ ਮਹਾਂਸਭਾ ਵਿਰੁਧ ਗੁੱਸੇ ਦੀ ਲਹਿਰ ਸੀ। ਮਹਾਰਾਸ਼ਟਰ ਅਤੇ ਕੇਂਦਰੀ ਸੂਬਿਆਂ 'ਚ ਗੁੱਸੇ ਨਾਲ ਭੜਕੇ ਹਜੂਮ ਵਲੋਂ ਹਿੰਦੂ ਮਹਾਂਸਭਾ ਦੇ ਮੁੱਖ ਆਗੂਆਂ 'ਤੇ ਹਿੰਸਕ ਹਮਲੇ ਆਮ ਹੀ ਸ਼ੁਰੂ ਹੋ ਗਏ। ਇਨ੍ਹਾਂ ਹਮਲਿਆਂ ਦਾ ਬਹੁਤਾ ਸ਼ਿਕਾਰ ਬ੍ਰਾਹਮਣ ਹੋਏ, ਕਿਉਂ ਜੁ ਹਿੰਦੂ ਮਹਾਂਸਭਾ ਅਤੇ ਆਰ. ਐਸ. ਐਸ. ਵਿਚ ਉਨ੍ਹਾਂ ਦੀ ਨੁਮਾਇੰਦਗੀ ਵੱਧ ਸੀ। ਇਸ ਸਕੂਲ ਨੂੰ ਉਨ੍ਹਾਂ ਹਮਲਿਆਂ ਤੋਂ ਬਚਾਉਣ ਲਈ ਮੂੰਜੇ ਬਹੁਤਾ ਕੁਝ ਨਾ ਕਰ ਸਕਿਆ। ਰੋਹ ਭਰੇ ਪ੍ਰਦਰਸ਼ਨਾਂ ਕਾਰਨ ਉਹ ਖੁਦ ਵੀ ਸਕੂਲ ਕੈਂਪਸ ਵਿਚੋਂ ਬਾਹਰ ਨਾ ਨਿਕਲਦਾ। ਘੋਰ ਨਿਰਾਸ਼ਾ ਦੇ ਆਲਮ ਵਿਚ ਗਾਂਧੀ ਦੇ ਕਤਲ ਤੋਂ ਥੋੜ੍ਹੇ ਹਫਤੇ ਬਾਅਦ ਹੀ 4 ਮਾਰਚ 1948 ਨੂੰ ਉਹ ਚਲਾਣਾ ਕਰ ਗਿਆ।

---

ਮੂੰਜੇ ਦੀ ਮੌਤ ਪਿਛੋਂ ਭੌਸਲਾ ਮਿਲਟਰੀ ਸਕੂਲ ਵਹਿੰਦੀਆਂ ਕਲਾਂ ਵਲ ਜਾਣਾ ਸ਼ੁਰੂ ਹੋ ਗਿਆ। ਅਸਲ ਵਿਚ ਆਰ. ਐਸ. ਐਸ. ਨੇ 1940 ਵਿਚ ਐਮ. ਐਸ. ਗੋਲਵਾਲਕਰ ਦੇ ਸੰਘ ਮੁਖੀ



**ਆਰ. ਐਸ. ਐਸ. ਦੇ ਦੂਜੇ ਮੁਖੀ ਐਸ. ਐਸ. ਗੋਲਵਾਲਕਰ, ਜਿਸ ਦੀ ਭੌਸਲਾ ਮਿਲਟਰੀ ਸਕੂਲ ਦੇ ਸੰਸਥਾਪਕ ਡਾ. ਬੀ. ਐਸ. ਮੂੰਜੇ ਨਾਲ ਕਦੀ ਨਹੀਂ ਬਣੀ।**

ਬਣਨ ਤੋਂ ਬਾਅਦ ਮੂੰਜੇ ਦੇ ਸਕੂਲ ਅਤੇ ਹਿੰਦੂ ਮਹਾਂਸਭਾ ਤੋਂ ਦੂਰੀ ਬਣਾ ਲਈ ਸੀ। ਮੂੰਜੇ ਅਤੇ ਆਰ. ਐਸ. ਐਸ. ਦੇ ਰਸਤੇ ਉਦੋਂ ਹੀ ਸਾਫ ਤੌਰ 'ਤੇ ਵੱਖੋ-ਵੱਖਰੇ ਨਜ਼ਰ ਆਉਣੇ ਸ਼ੁਰੂ ਹੋ ਗਏ, ਜਦੋਂ ਹੇਡਗੇਵਾਰ ਦਾ ਜਾਨਸ਼ੀਨ ਬਣਨ ਤੋਂ ਕੁਝ ਮਹੀਨਿਆਂ ਪਿਛੋਂ ਹੀ ਗੋਲਵਾਲਕਰ ਨੇ ਮਹਾਂਸਭਾ ਆਗੂਆਂ ਦਾ ਉਹ ਸੱਦਾ ਠੁਕਰਾ ਦਿੱਤਾ, ਜਿਨ੍ਹਾਂ ਨੇ ਸੰਘ ਦੇ ਸੋਇਮਸੇਵਕਾਂ ਨੂੰ ਭੌਸਲਾ ਮਿਲਟਰੀ ਸਕੂਲ ਵਲੋਂ ਛਾਪਾਮਾਰ ਯੁੱਧਕਲਾ ਦੀ ਸਿਖਲਾਈ ਲਈ ਜਮਾਤਾਂ ਲਾਉਣ ਲਈ ਕਿਹਾ ਸੀ।

ਮੂੰਜੇ ਦੀ ਮੌਤ ਤੋਂ ਕੁਝ ਸਮੇਂ ਬਾਅਦ ਤੱਕ ਘਚੋਲੇ ਵਾਲੀ ਹਾਲਤ ਬਣੀ ਰਹੀ। ਸਕੂਲ ਦੀ ਦੇਖਭਾਲ ਕਰਨ ਵਾਲਾ ਵੀ ਕੋਈ ਨਹੀਂ ਸੀ। ਗਾਂਧੀ ਦੇ ਕਤਲ ਪਿਛੋਂ ਆਰ. ਐਸ. ਐਸ. 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਹਿੰਦੂ ਮਹਾਂ ਸਭਾ ਅਪਾਹਜ ਹੋ ਗਈ, ਪਰ ਜਦੋਂ 1949 ਵਿਚ ਪਾਬੰਦੀ ਹਟਾਈ ਗਈ ਤਾਂ ਆਰ. ਐਸ. ਐਸ. ਨੇ ਅੱਗੇ ਵਧਣ ਦੇ ਢੰਗ-ਤਰੀਕੇ ਲੱਭਣੇ ਸ਼ੁਰੂ ਕਰ ਦਿੱਤੇ। ਭੌਸਲਾ ਮਿਲਟਰੀ ਸਕੂਲ ਭਾਵੇਂ ਡੂੰਘੇ ਵਿੱਤੀ ਸੰਕਟ ਵਿਚ ਘਿਰਿਆ ਹੋਇਆ ਸੀ, ਪਰ ਹਿੰਦੂਤਵੀ ਫਿਕਾਪ੍ਰਸਤਾਂ ਦੇ ਨਜ਼ਰੀਏ ਤੋਂ ਇਹ ਬਹੁਤ ਸੰਭਾਵਨਾਵਾਂ ਵਾਲੀ ਹੋਣਹਾਰ ਸੰਸਥਾ ਸੀ। ਹੁਣ ਗੋਲਵਾਲਕਰ ਨੇ ਇਸ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਆਰ. ਐਸ. ਐਸ. ਦਾ ਕਾਰਿੰਦਾ ਐਮ. ਐਨ. ਘਟਾਟੇ, ਜੋ ਹੁਣ ਗੋਲਵਾਲਕਰ ਦਾ ਪੱਕਾ ਵਿਸ਼ਵਾਸਪਾਤਰ ਬਣ ਗਿਆ ਸੀ, ਨੇ ਮੂੰਜੇ ਦੇ ਸਕੂਲ 'ਤੇ ਆਰ. ਐਸ. ਐਸ. ਦੇ ਕਾਬਜ਼ ਹੋਣ ਵਿਚ ਸਰਗਰਮ ਭੂਮਿਕਾ ਨਿਭਾਈ।

ਘਟਾਟੇ ਅਨੁਸਾਰ 1953 ਤੱਕ ਵਿਦਿਆਰਥੀਆਂ ਦੀ ਗਿਣਤੀ 50 ਰਹਿ ਗਈ ਸੀ ਅਤੇ ਮੀਡੀਆ ਵਿਚ ਇਹ ਰਿਪੋਰਟਾਂ ਆ ਰਹੀਆਂ ਸਨ ਕਿ ਇਹ ਸਕੂਲ ਫੰਡਾਂ ਅਤੇ ਦਾਖਲਾ ਲੈਣ ਵਾਲਿਆਂ ਦੀ ਘਾਟ ਕਾਰਨ ਛੇਤੀ ਹੀ ਬੰਦ ਹੋਣ ਵਾਲਾ ਹੈ। ਉਹ ਲਿਖਦਾ ਹੈ, "ਇਸ ਪੜਾਅ 'ਤੇ ਮੈਂ ਅੱਗੇ ਆਇਆ। ਪ੍ਰਬੰਧਕੀ ਕਮੇਟੀ ਨੂੰ ਬੇਨਤੀ ਕੀਤੀ ਕਿ ਸਕੂਲ ਬੰਦ ਹੋਣ ਅਤੇ ਸਾਰੀ ਜਾਇਦਾਦ ਸਰਕਾਰ ਦੇ ਸਪੁਰਦ ਕਰਨ ਤੋਂ ਪਹਿਲਾਂ ਉਸ ਨੂੰ ਅਜਮਾਇਸ਼ ਦੇ ਤੌਰ 'ਤੇ ਦੋ ਸਾਲ ਦੀ ਮੋਹਲਤ ਦਿੱਤੀ ਜਾਵੇ। ਪ੍ਰਬੰਧਕ ਰਜ਼ਾਮੰਦ ਹੋ ਗਏ। ਮੈਂ ਹਰ ਪਾਸੇ ਭੱਜ-ਨੱਠ ਕੀਤੀ, ਖਾਸ ਕਰਕੇ ਬਿਹਾਰ, ਉਤਰ ਪ੍ਰਦੇਸ਼, ਹੈਦਰਾਬਾਦ ਅਤੇ ਹੋਰ ਬਹੁਤ ਸਾਰੀਆਂ ਥਾਂਵਾਂ ਤੋਂ ਵਿਦਿਆਰਥੀ ਲੱਭ ਕੇ ਸਕੂਲ ਵਿਚ ਦਾਖਲ ਕਰਵਾਏ। 1955 ਤੱਕ ਵਿਦਿਆਰਥੀਆਂ ਦੀ ਗਿਣਤੀ 150 ਹੋ ਗਈ। ਸਿੱਖਿਆ ਮਹਿਕਮੇ ਵਲੋਂ ਪ੍ਰਬੰਧਕੀ ਗਰਾਂਟ ਜਾਰੀ ਕਰ ਦਿੱਤੀ ਗਈ। ਮੂੰਜੇ ਵਲੋਂ ਬੜੇ ਸ਼ੌਕ ਨਾਲ ਲਾਈ ਪਨੀਰੀ ਨੂੰ ਇਸ ਖਾਦ ਨਾਲ ਤਾਕਤ ਮਿਲਣੀ ਸ਼ੁਰੂ ਹੋ ਗਈ ਅਤੇ ਇਹ ਵਿਕਸਿਤ ਹੋ ਕੇ ਉਸ ਮੁਕਾਮ 'ਤੇ ਪਹੁੰਚ ਗਿਆ, ਜੋ ਅੱਜ ਅਸੀਂ ਦੇਖਦੇ ਹਾਂ।"

ਇਉਂ ਭੌਸਲਾ ਮਿਲਟਰੀ ਸਕੂਲ ਮੁੜ ਜਿਉਂਦਾ ਹੋ ਗਿਆ, ਪਰ ਇਹ ਮੁੜ-ਸੁਰਜੀਤੀ ਮੁੱਲ ਤਾਰ ਕੇ ਹੀ ਸੰਭਵ ਹੋਈ। ਘਟਾਟੇ ਇਹ ਸਮੁੱਚੀ ਕਵਾਇਦ ਨਾਗਪੁਰ ਦੇ ਮੁੱਖ ਸਹਿਯੋਗੀ ਦੇ ਤੌਰ 'ਤੇ ਕਰ ਰਿਹਾ ਸੀ। ਇਉਂ ਮੂੰਜੇ ਦੇ ਸਕੂਲ ਦੀ ਪ੍ਰਬੰਧਕੀ ਕਮੇਟੀ 'ਤੇ ਆਰ. ਐਸ. ਐਸ. ਦੇ ਆਦਮੀ ਚੁੱਪ-ਚੁਪੀਤੇ ਕਾਬਜ਼ ਹੋ ਗਏ। ਮੇਜਰ (ਰਿਟਾਇਰਡ) ਪ੍ਰਭਾਕਰ ਬਲਵੰਤ ਕੁਲਕਰਨੀ ਇਸ ਸਕੂਲ ਨਾਲ 1956 ਤੋਂ 2003 ਤੱਕ ਵੱਖ-ਵੱਖ ਹੈਸੀਅਤ ਵਿਚ ਜੁੜਿਆ ਰਿਹਾ, ਉਸ ਨੇ ਨਾਸਿਕ ਵਿਚ ਦਿੱਤੀ ਇੰਟਰਵਿਊ ਵਿਚ ਦੱਸਿਆ, 'ਇਹ ਸਾਰੀ ਰੱਦੋਬਦਲ 1953 ਤੇ 1956 ਦਰਮਿਆਨ ਹੋਈ।'

ਕੁਲਕਰਨੀ 1930ਵਿਆਂ ਦੇ ਅਖੀਰ ਤੋਂ ਆਰ. ਐਸ. ਐਸ. ਦੇ ਸਰਗਰਮ ਕਾਰਕੁਨ ਵਜੋਂ ਕੰਮ ਕਰ ਰਿਹਾ ਸੀ। 1961 ਵਿਚ ਉਸ ਨੇ ਸਾਰੇ ਜ਼ਰੂਰੀ ਟੈਸਟ ਪਾਸ ਕਰਕੇ ਟੈਰੀਟੋਰੀਅਲ ਆਰਮੀ ਵਿਚ ਕਮਿਸ਼ਨ ਹਾਸਲ ਕਰ ਲਿਆ। ਟੈਰੀਟੋਰੀਅਲ ਆਰਮੀ ਭਾਰਤੀ ਫੌਜ ਦੀ ਗੈਰ ਪੇਸ਼ੇਵਾਰਾਨਾ ਸ਼ਾਖਾ ਹੈ। ਇਸ ਦੇ ਵਾਲੰਟੀਅਰਾਂ ਨੂੰ ਥੋੜ੍ਹੇ-ਥੋੜ੍ਹੇ ਅਰਸੇ ਪਿਛੋਂ ਫੌਜੀ ਸਿਖਲਾਈ ਮਿਲਦੀ ਰਹਿੰਦੀ ਹੈ ਤਾਂ ਜੋ ਐਮਰਜੈਂਸੀ ਦੀ ਸੂਰਤ ਵਿਚ ਉਨ੍ਹਾਂ ਦੀਆਂ ਸੇਵਾਵਾਂ

**ਭੌਸਲਾ ਮਿਲਟਰੀ ਸਕੂਲ, ਨਾਸਿਕ ਦਾ ਲੋਗੋ**

ਲਈਆਂ ਜਾ ਸਕਣ। ਕੁਲਕਰਨੀ ਨੇ ਦੱਸਿਆ, 'ਟੈਰੀਟੋਰੀਅਲ ਆਰਮੀ ਲੋਕ ਫੌਜ ਹੈ, ਇਸੇ ਕਾਰਨ ਮੈਂ ਇਸ ਵਿਚ ਸ਼ਾਮਲ ਹੋ ਗਿਆ ਅਤੇ ਸੰਘ ਦਾ ਮੈਂਬਰ ਵੀ ਰਿਹਾ।'

1962 ਦੀ ਭਾਰਤ-ਚੀਨ ਅਤੇ 1965 ਦੀ ਭਾਰਤ-ਪਾਕਿ ਜੰਗ ਸਮੇਂ ਦੋ ਵਾਰ ਉਸ ਨੂੰ ਜੰਗ ਵਿਚ ਭੇਜਿਆ ਗਿਆ ਤੇ ਉਹ ਮੇਜਰ ਬਣ ਕੇ ਸੇਵਾ ਮੁਕਤ ਹੋਇਆ। 2008 ਦੇ ਮਾਲੇਗਾਉਂ ਬੰਬ ਧਮਾਕਿਆਂ ਬਾਰੇ ਮਹਾਰਾਸ਼ਟਰ ਏ. ਟੀ. ਐਸ. ਵਲੋਂ ਪੁੱਛਗਿੱਛ ਲਈ ਬੁਲਾਏ ਜਾਣ ਕਾਰਨ ਉਹ ਕਾਫੀ ਸਮਾਂ ਸੁਰਖੀਆਂ ਵਿਚ ਰਿਹਾ, ਪਰ ਪੁੱਛਗਿੱਛ ਪਿਛੋਂ ਉਸ ਨੂੰ ਛੱਡ ਦਿੱਤਾ ਗਿਆ।

ਕੁਲਕਰਨੀ ਸੈਂਟਰਲ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਦਾ ਜੀਵਨ-ਮੈਂਬਰ ਹੈ। ਉਹ ਦੱਸਦਾ ਹੈ, "ਭੌਸਲਾ ਮਿਲਟਰੀ ਸਕੂਲ ਦੀ ਗਵਰਨਿੰਗ ਬਾਡੀ ਦੀ ਚੋਣ ਸੈਂਟਰਲ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਦੇ ਜੀਵਨ-ਮੈਂਬਰ ਕਰਦੇ ਸਨ। ਸਕੂਲ ਦੀ ਮੁੜ ਬਹਾਲੀ ਨਾਲ ਸੁਸਾਇਟੀ ਦੇ ਜੀਵਨ-ਮੈਂਬਰਾਂ ਦੀ ਬਣਤਰ ਵੀ ਬਦਲਦੀ ਗਈ। ਜੋ ਨਵੇਂ ਮੈਂਬਰ ਬਣੇ, ਉਹ ਸਾਰੇ ਆਰ. ਐਸ. ਐਸ. ਦੇ ਆਦਮੀ ਸਨ।"

ਕੁਲਕਰਨੀ ਦੀਆਂ ਨਜ਼ਰਾਂ ਵਿਚ ਇਹ ਰੱਦੋਬਦਲ ਜਾਇਜ਼ ਸੀ, ਕਿਉਂਕਿ ਆਰ. ਐਸ. ਐਸ. ਨੇ ਹੀ ਇਸ ਸਕੂਲ ਨੂੰ ਮੁੜ ਸੁਰਜੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਸ ਅਨੁਸਾਰ, 'ਇਹ ਮੁੜ ਸੁਰਜੀਤੀ ਸੰਭਵ ਨਹੀਂ ਸੀ ਹੋ ਸਕਦੀ, ਜੇ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਸੰਘ ਦੇ ਕਾਰਿੰਦੇ ਆਪਣੇ ਲੜਕਿਆਂ ਨੂੰ ਸਕੂਲ ਵਿਚ ਨਾ ਘੱਲਦੇ।'

ਅਸਲ ਵਿਚ ਜਾਪਦਾ ਹੈ ਕਿ ਸਕੂਲ ਨਾਲ ਕੁਲਕਰਨੀ ਦਾ ਸਬੰਧ ਆਰ. ਐਸ. ਐਸ. ਵਲੋਂ ਇਸ ਨੂੰ ਆਪਣੇ ਕਬਜ਼ੇ ਵਿਚ ਲੈਣ ਦੇ ਵੱਡੇ ਮਨਸੂਬੇ ਦਾ ਹਿੱਸਾ ਸੀ। ਉਸ ਅਨੁਸਾਰ '1956 ਦੇ ਸ਼ੁਰੂ ਵਿਚ ਇਕ ਦਿਨ ਗੁਰੂ ਜੀ (ਗੋਲਵਾਲਕਰ ਨੂੰ ਆਰ. ਐਸ. ਐਸ. ਕਾਰਿੰਦੇ ਮੋਹ ਨਾਲ ਇਸ ਤਰ੍ਹਾਂ ਹੀ ਸੰਬੋਧਨ ਕਰਦੇ ਸਨ) ਅਤੇ ਬਾਬਾ ਸਾਹਿਬ ਘਟਾਟੇ ਨੇ ਮੀਟਿੰਗ ਲਈ ਬੁਲਾਇਆ ਤੇ ਫਿਰ ਮੈਨੂੰ ਭੌਸਲਾ ਮਿਲਟਰੀ ਸਕੂਲ ਵਿਚ ਹਾਜ਼ਰ ਹੋਣ ਲਈ ਕਿਹਾ। ਮੈਂ ਸਹਿਮਤ ਹੋ ਗਿਆ ਅਤੇ 12 ਜੂਨ 1956 ਨੂੰ ਸਕੂਲ ਵਿਚ ਬਤੌਰ ਇੰਸਟ੍ਰਕਟਰ ਹਾਜ਼ਰ ਹੋ ਗਿਆ। 12 ਜੂਨ 1956 ਤੋਂ 31 ਮਈ 1988 ਤੱਕ ਮੈਂ ਸਕੂਲ ਲਈ ਕੰਮ ਕੀਤਾ। ਇਸ ਸਮੇਂ ਦੌਰਾਨ ਮੈਂ ਕਈ ਅਹੁਦਿਆਂ 'ਤੇ ਕੰਮ ਕੀਤਾ, ਜਿਵੇਂ ਇੰਸਟ੍ਰਕਟਰ, ਸੁਪਰਵਾਈਜ਼ਰ, ਪ੍ਰਿੰਸੀਪਲ ਅਤੇ ਕਮਾਂਡੈਂਟ ਵਜੋਂ। 1998 ਤੋਂ 2003 ਤੱਕ 5 ਸਾਲ ਮੈਂ ਸੈਂਟਰਲ ਹਿੰਦੂ ਮਿਲਟਰੀ ਐਜੂਕੇਸ਼ਨ ਸੁਸਾਇਟੀ ਦੇ ਸਕੱਤਰ ਦੇ ਤੌਰ 'ਤੇ ਸੇਵਾਵਾਂ ਦਿੱਤੀਆਂ।'

1950 ਦੇ ਅਖੀਰ ਤੱਕ ਗੋਲਵਾਲਕਰ, ਜਿਸ ਦੀ ਕਦੇ ਵੀ ਮੂੰਜੇ ਨਾਲ ਨਹੀਂ ਬਣੀ, ਉਸ ਦੇ ਸਥਾਪਤ ਕੀਤੇ ਸਕੂਲ 'ਤੇ ਕਾਬਜ਼ ਹੋ ਗਿਆ। ਘਟਾਟੇ, ਜਿਸ ਨੇ ਅਜਿਹਾ ਕਰਨ ਵਿਚ ਹੱਥ ਵਟਾਇਆ, ਇਸ ਦੇ ਪਸਾਰ ਲਈ ਬਹੁਤ ਮਦਦਗਾਰ ਸਾਬਤ ਹੋਇਆ। ਜੂਨ 1996 ਵਿਚ ਉਸ ਨੇ ਇਸ ਸਕੂਲ ਦੀ ਸ਼ਾਖਾ ਨਾਗਪੁਰ ਵਿਖੇ ਖੋਲ੍ਹਣ ਵਿਚ ਅਹਿਮ ਯੋਗਦਾਨ ਪਾਇਆ। ਨਾਸਿਕ ਅਤੇ ਨਾਗਪੁਰ ਦੇ ਸਕੂਲਾਂ ਦਾ ਸੰਚਾਲਨ ਕਰਨ ਲਈ ਦੋ ਖੇਤਰੀ ਕਮੇਟੀਆਂ ਬਣਾਈਆਂ ਗਈਆਂ। ਨਾਸਿਕ ਦਾ ਸਕੂਲ 160 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਨਾਗਪੁਰ ਦੇ ਸਕੂਲ ਕੋਲ ਵੀ 30 ਏਕੜ ਜ਼ਮੀਨ ਹੈ।

ਆਰ. ਐਸ. ਐਸ. ਦਾ ਮੈਂਬਰ ਅਤੇ ਕਾਲਜ ਦਾ ਪਹਿਲਾ ਰੰਗਰੂਟ ਡਾ. ਵਿਵੇਕ ਰਾਜੇ ਕਹਿੰਦਾ ਹੈ, '1985 ਵਿਚ ਬਾਬਾ ਸਾਹਿਬ ਘਟਾਟੇ ਨੇ ਫੈਸਲਾ ਕੀਤਾ ਕਿ ਸਕੂਲ ਨੂੰ ਹੁਣ ਕਾਲਜ ਵਿਚ ਬਦਲਣਾ ਹੈ। ਉਸੇ ਸਾਲ ਭਾਜਪਾ ਆਗੂ ਰਾਜਮਾਤਾ ਵਿਜੈ ਰਾਜੇ ਸਿੰਧੀਆ ਨੇ ਕਾਲਜ ਦਾ ਨੀਂਹ ਪੱਥਰ ਰੱਖਿਆ ਅਤੇ 1986 ਵਿਚ ਕਾਲਜ ਰਸਮੀ ਤੌਰ 'ਤੇ ਸ਼ੁਰੂ ਹੋ ਗਿਆ। ਪਹਿਲੇ ਦੋ ਸਾਲ ਇਹ ਕੰਮ ਨਾ ਕਰ ਸਕਿਆ, ਕਿਉਂਕਿ ਪੁਣੇ ਯੂਨੀਵਰਸਿਟੀ ਨੂੰ ਇਸ ਕਾਲਜ ਵਿਚ ਮਿਲਟਰੀ ਸਿਖਲਾਈ ਦਿੱਤੇ ਜਾਣ ਬਾਰੇ ਕੁਝ ਇਤਰਾਜ਼ ਹੋਣ ਕਾਰਨ ਉਸ ਵਲੋਂ ਮਾਨਤਾ ਰੋਕ ਦਿੱਤੀ ਗਈ ਸੀ। ਆਖਿਰਕਾਰ 1988 ਵਿਚ ਕਾਲਜ ਨੂੰ ਮਾਨਤਾ ਮਿਲ ਗਈ ਅਤੇ ਇਸ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ਇਸ ਕਾਲਜ ਵਿਚ 1989 ਵਿਚ ਦਾਖਲਾ ਲਿਆ।'

ਆਪਣੇ ਉਤਰਾਅ-ਚੜ੍ਹਾਅ ਵਾਲੇ ਵਿਕਾਸ ਦੇ ਬਾਵਜੂਦ ਭੌਸਲਾ ਮਿਲਟਰੀ ਸਕੂਲ ਨੇ ਆਪਣੀ ਵਿਚਾਰਧਾਰਾ ਬਰਕਰਾਰ ਰੱਖੀ। ਇਹ ਅੱਜ ਵੀ ਉਸੇ ਤਰ੍ਹਾਂ ਹਿੰਦੂਆਂ ਲਈ ਸਕੂਲ ਹੈ, ਜਿਵੇਂ ਨੀਂਹ ਰੱਖਣ ਸਮੇਂ ਸੀ। ਇਸ ਦਾ ਪਾਠਕ੍ਰਮ ਅੱਜ ਵੀ ਵਿਦਿਆਰਥੀਆਂ ਦੇ ਮਨਾਂ ਵਿਚ ਹਿੰਦੂ ਧਾਰਮਿਕ ਸਿੱਖਿਆਵਾਂ, ਖਾਸ ਕਰਕੇ ਭਗਵਾਨ ਰਾਮ ਦੇ ਰਾਜ ਦੀਆਂ 'ਚੰਗਿਆਈਆਂ' ਭਰਨ ਦਾ ਸਾਧਨ ਹੈ। ਕਾਗਜ਼ਾਂ ਵਿਚ ਮੁਸਲਮਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਲੈਣ 'ਤੇ ਪਾਬੰਦੀ ਨਹੀਂ, ਪਰ ਡਾ. ਵਿਵੇਕ ਰਾਜੇ ਸਾਫ ਕਹਿੰਦਾ ਹੈ, 'ਸਕੂਲ ਵਿਚ ਮੁਸਲਿਮ ਫਿਰਕੇ ਦਾ ਇਕ ਵੀ ਅਧਿਆਪਕ ਨਹੀਂ ਹੈ। ਵਿਦਿਆਰਥੀਆਂ ਵਿਚ ਵੀ ਤੁਹਾਨੂੰ ਸ਼ਾਇਦ ਹੀ ਕੋਈ ਉਸ ਫਿਰਕੇ 'ਚੋਂ ਮਿਲੇਗਾ।'

(ਚਲਦਾ)

# 'ਨਾਨਕ ਬਾਣੀ ਦਾ ਮੂਲ ਸਰੋਕਾਰ'

## ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ ਅੰਕ 45 ਵਿਚ ਅਮਰਜੀਤ ਗਰੇਵਾਲ ਦਾ ਲੇਖ 'ਨਾਨਕ ਬਾਣੀ ਦਾ ਮੂਲ ਸਰੋਕਾਰ' ਪੜ੍ਹਿਆ। ਉਨ੍ਹਾਂ ਨਾਨਕ ਬਾਣੀ ਦੇ ਹਵਾਲੇ ਨਾਲ ਤਰਕ, ਧਰਮ, ਨੈਤਿਕਤਾ ਅਤੇ ਮਨੁੱਖ ਦੇ ਆਪਸੀ ਸਬੰਧਾਂ ਦੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਕਈ ਵਾਰ ਪੜ੍ਹਨ 'ਤੇ ਵੀ ਇਹ ਨਹੀਂ ਪਤਾ ਲੱਗ ਰਿਹਾ ਕਿ ਉਸ ਕਿਸ ਸੂਤਰ ਦੀ ਪੈਰਵਾਈ ਕਰ ਰਹੇ ਹਨ। ਉਨ੍ਹਾਂ ਲਿਖਿਆ ਹੈ, "ਗੁਰੂ ਸਾਹਿਬ ਦ੍ਰਿੜ ਕਰਵਾਉਂਦੇ ਹਨ ਕਿ ਪਰਮਾਤਮਾ ਹੀ ਇੱਕੋ ਇੱਕ ਅਸਲੀ ਮਾਲਕ, ਸਤਿਗੁਰੂ, ਪਰਮਪਿਤਾ, ਪਤੀ-ਪਰਮੇਸ਼ਵਰ ਅਤੇ ਸੱਚਾ ਪਾਤਸ਼ਾਹ ਹੈ। ਸਭ ਦਾ ਮਾਲਕ ਉਹੀ ਹੈ। ਉਸ ਤੋਂ ਬਿਨਾ ਕਿਸੇ ਹੋਰ ਦੀ ਅਥਾਰਿਟੀ ਨਹੀਂ ਮੰਨਣੀ।"

ਇਸ ਬਾਰੇ ਕੋਈ ਰੌਲਾ ਨਹੀਂ, ਕੋਈ ਵੀ ਬੰਦਾ ਇਸ ਧਾਰਨਾ ਦਾ ਕਾਇਲ ਹੋ ਸਕਦਾ ਹੈ। ਆਪਣੇ ਲੇਖ ਦੇ ਸਿਰਲੇਖ ਵਿਚ ਉਹ ਬਾਬੇ ਨਾਨਕ ਨਾਲ 'ਗੁਰੂ' ਦੀ ਉਪਾਧੀ ਜੋੜ ਕੇ ਆਪਣੀ ਇਸ ਧਾਰਨਾ ਦਾ ਆਪ ਹੀ ਖੰਡਨ ਕਰ ਦਿੰਦੇ ਹਨ। ਜੇ 'ਪਰਮਾਤਮਾ' ਹੀ ਗੁਰੂ ਹੈ ਤਾਂ ਕੋਈ ਹੋਰ ਗੁਰੂ ਕਿਵੇਂ ਹੋ ਸਕਦੈ? ਜਾਂ ਇਸ ਦੀ ਥਾਂ ਮੁੱਖ ਗੁਰੂ ਜਾਂ ਉਪ-ਗੁਰੂ ਵਰਗੀਆਂ ਉਪਾਧੀਆਂ ਦੀ ਵਰਤੋਂ ਕਰਨੀ ਸੀ।

ਅਜਿਹੀ ਹੀ ਸੰਗਤੀ ਦੇ ਦਰਸ਼ਨ ਅਗਲੇ ਪਹਿਰਿਆਂ ਵਿਚ ਹੁੰਦੇ ਹਨ। ਉਕਤ ਧਾਰਨਾ ਵਿਚ ਪਰਮਾਤਮਾ ਦੀ ਸਰਬਸ਼ਕਤੀਮਾਨਤਾ ਅਤੇ ਅਥਾਰਟੀ ਪੇਸ਼ ਕੀਤੀ ਗਈ ਹੈ, ਪਰ ਛੇਕੜਲੇ ਪਹਿਰਿਆਂ ਵਿਚ ਲਿਖਦੇ ਹਨ, "ਸਪਸ਼ਟ ਹੈ ਕਿ ਆਪਣੇ ਸੰਸਾਰ, ਉਸ ਦੀ ਨੈਤਿਕਤਾ ਦਾ ਬੰਦਾ ਆਪ ਹੀ ਲਿਖਾਰੀ ਹੈ। ਨਿਸ਼ਚਿਤ ਤੌਰ 'ਤੇ ਉਸ ਨੂੰ ਆਪਣੀ ਉਸ ਲਿਖਤ ਲਈ ਜ਼ਿੰਮੇਵਾਰ ਹੋਣਾ ਪਵੇਗਾ।"

ਨਿੱਜੀ ਤੌਰ 'ਤੇ ਮੇਰੀ ਵੀ ਇਹੀ ਧਾਰਨਾ ਹੈ, ਪਰ ਮੇਰਾ ਉਜ਼ਰ ਇਹ ਹੈ ਕਿ ਸ. ਗਰੇਵਾਲ ਦੀ ਇਹ ਗੁਰਬੰਦੀ ਪਹਿਲੀ ਧਾਰਨਾ ਦਾ ਖੰਡਨ ਕਰਦੀ ਹੈ। ਪ੍ਰਭੂਸੱਤਾ ਰਾਜੇ, ਪਿਉ ਜਾਂ ਪਰਮਾਤਮਾ ਕਿਸੇ ਦੀ ਹੋਵੇ, ਉਹ ਆਪਣੇ ਅਧੀਨ ਕਿਸੇ ਦੇ ਵੀ ਸਵੈ-ਨਿਰਣੇ ਦੇ ਹੱਕ ਨੂੰ ਸਵੀਕਾਰ ਨਹੀਂ ਕਰੇਗੀ। ਇਹ ਤਾਂ ਸਿੱਧੀ ਉਸ ਦੀ 'ਪ੍ਰਭੂਸੱਤਾ' ਨੂੰ ਚੁਣੌਤੀ ਹੈ। ਅਮਲ ਵਿਚ ਇਹੀ ਦਿਸਦਾ ਹੈ ਕਿ ਜਿਸ ਕੋਲ ਸੱਤਾ ਹੈ, ਆਪਣੇ ਅਧੀਨ ਕਿਸੇ ਨੂੰ ਵੀ ਉਹ ਕੁਸਕਣ ਨਹੀਂ ਦਿੰਦਾ। ਰਾਜੇ, ਬ੍ਰਾਹਮਣ ਦੀ ਥਾਂ ਜਦੋਂ ਪਰਮਾਤਮਾ ਲੈ ਲੈਂਦਾ ਹੈ ਤਾਂ ਬੰਦੇ ਦੇ ਸਟੇਟਸ ਵਿਚ ਫਰਕ ਨਹੀਂ ਪੈਂਦਾ, ਉਹ ਅਧੀਨ ਹੀ ਰਹਿੰਦਾ ਹੈ। ਪਹਿਲਾਂ ਉਹ ਦੇਹਧਾਰੀ ਸੱਤਾ ਦਾ ਗੁਲਾਮ ਸੀ; ਫਿਰ ਦੇਹਹੀਣ ਸੱਤਾ ਦਾ ਗੁਲਾਮ ਹੋ ਜਾਂਦਾ ਹੈ। ਗੁਲਾਮ ਬੰਦਾ ਆਪਣੀ ਲਿਖਤ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

ਸ. ਗਰੇਵਾਲ ਲਿਖਦੇ ਹਨ, "ਜਪੁਜੀ ਸਾਹਿਬ ਦੀ ਪਹਿਲੀ ਪੌੜੀ ਹੀ ਸਪਸ਼ਟ ਕਰ ਦਿੰਦੀ ਹੈ ਕਿ ਕਿਸੇ ਵੀ ਧਰਮ, ਸਿਧਾਂਤ ਜਾਂ ਤਰਕ ਨੂੰ ਨੈਤਿਕਤਾ ਦਾ ਸੋਮਾ ਨਹੀਂ ਮੰਨਿਆ ਜਾ ਸਕਦਾ। ਕੋਈ ਵੀ ਨੈਤਿਕ ਕਦਰਾਂ-ਕੀਮਤਾਂ ਸਥਿਰ, ਸਥਾਈ ਸੁਨਿਸ਼ਚਿਤ ਅਤੇ ਤਬਦੀਲੀ ਰਹਿਤ ਨਹੀਂ ਹੋ ਸਕਦੀਆਂ।" ਇਸ ਧਾਰਨਾ 'ਤੇ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ। ਇਹ ਗੱਲ ਆਮ ਜ਼ਿੰਦਗੀ ਦਾ ਖਾਸ ਸੱਚ ਹੈ, ਪਰ ਹੋਰ ਧਰਮਾਂ ਵਾਂਗ ਸਿੱਖ ਧਰਮ ਦੇ ਬਾਕੀ ਵਿਦਵਾਨ ਅਤੇ ਪ੍ਰਚਾਰਕ ਇਸ ਧਾਰਨਾ ਨਾਲ ਬਰ ਨਹੀਂ ਮੇਲ ਰਹੇ। ਉਹ ਤਾਂ ਕਹਿ ਰਹੇ ਹਨ ਕਿ ਸਿੱਖ ਧਰਮ ਦੀਆਂ ਸਿਖਿਆਵਾਂ ਅਤੇ ਨੈਤਿਕਤਾ ਸਰਬਕਾਲੀ ਅਤੇ ਸਰਬਵਿਆਪੀ ਹਨ। ਉਹ ਸ਼ਾਇਦ ਸ. ਗਰੇਵਾਲ ਦੀ ਇਹ ਗੱਲ ਮੰਨਣ ਨੂੰ ਤਿਆਰ ਨਾ ਹੋਣ ਕਿ (ਸਿੱਖ) ਧਰਮ ਨੈਤਕਿਤਾ ਦਾ ਸੋਮਾ ਨਹੀਂ?

ਇਕ ਪੈਰੇ ਵਿਚ ਉਹ ਤਰਕ ਵਿਰੁਧ ਤਰਕ ਕਰਦੇ ਹਨ। "ਪਛੜੇ ਮੁਲਕਾਂ ਦੇ ਸਾਰੇ ਵਿਦਵਾਨਾਂ ਦੀ ਇਹ ਸਮੱਸਿਆ ਹੈ, ਜੋ ਤਰਕ ਆਧਾਰਿਤ ਤਕਨੀਕ ਰਾਹੀਂ ਪੈਦਾ ਹੋਈਆਂ ਸਹੂਲਤਾਂ ਦਾ ਸਭ ਤੋਂ ਵਧ ਲਾਹਾ ਲੈਂਦੇ ਹਨ, ਨਾਲ ਦੀ ਨਾਲ ਇਸ ਨੂੰ ਛੱਜ 'ਚ ਪਾ ਕੇ ਛੱਟਦੇ ਵੀ ਹਨ। ਸ. ਗਰੇਵਾਲ ਲਿਖਦੇ ਹਨ, "ਪੈਦਾਵਾਰ ਅਤੇ ਖਪਤ ਨਾਲ ਜੁੜਵੀਂ ਤਰਕ-ਆਧਾਰਿਤ ਆਧੁਨਿਕ ਨੈਤਿਕਤਾ ਸਾਡਾ ਉਸੇ ਤਰ੍ਹਾਂ ਸਰਬਨਾਸ਼ ਕਰ ਰਹੀ ਹੈ, ਜਿਵੇਂ ਵਰਣ ਆਸ਼ਰਮ ਦੇ ਮਹਾਂਭਾਰਤ ਵਿਚ ਕੁਰੂ ਪਰਿਵਾਰ ਨਾਲ ਕੀਤਾ ਸੀ।" ਵਰਣ-ਆਸ਼ਰਮ ਇਕ ਦਾਰਸ਼ਨਿਕ ਮੱਤ ਹੈ, ਜਦੋਂ ਕਿ ਤਰਕ ਵਿਧੀ ਹੈ। ਤਰਕ ਆਪਣੇ ਆਪ ਵਿਚ ਕੋਈ ਮੱਤ ਨਹੀਂ ਹੁੰਦਾ, ਇਹ ਤਾਂ ਕਿਸੇ ਮੱਤ ਦੀ ਪੁਣਛਾਣ ਕਰਨ ਲਈ ਵਰਤਿਆ ਜਾਂਦਾ ਹੈ। ਜਿਸ ਨੈਤਿਕਤਾ ਦਾ ਉਹ ਹਵਾਲਾ ਦੇ ਰਹੇ ਹਨ, ਉਹ ਅਸਲ ਵਿਚ ਤਰਕ ਆਧਾਰਿਤ ਨੈਤਿਕਤਾ ਨਹੀਂ, ਸਗੋਂ ਪੂੰਜੀਵਾਦੀ ਨੈਤਿਕਤਾ ਹੈ। ਪੂੰਜੀਵਾਦ ਅਤੇ ਖੁੱਲ੍ਹੀ ਮੰਡੀ ਖਿਲਾਫ ਬੋਲਣੋਂ ਡਰਦਿਆਂ ਵਿਚਾਰੇ ਤਰਕ ਦੇ ਮਗਰ ਪੈ ਗਏ। ਅਸਿੱਧੇ ਤੌਰ 'ਤੇ ਉਹ ਅਤਰਕਹੀਣਤਾ, ਪਿਛਲੱਗਤਾ ਅਤੇ ਲਾਈਲੱਗਤਾ ਦੇ ਹੱਕ ਵਿਚ ਭੁਗਤ ਗਏ ਹਨ। ਕੀ ਸਾਨੂੰ ਜ਼ਿੰਦਗੀ ਵਿਚੋਂ ਤਰਕ, ਸੋਚ ਵਿਚਾਰ, ਵਿਵੇਕ ਕੱਢ ਦੇਣਾ ਚਾਹੀਦਾ ਹੈ?

-ਅਵਤਾਰ ਗੋਂਦਾਰਾ
ਫੋਨ: 559-375-2589

## ਮੈਂ ਪੰਜਾਬੀ ਬੋਲੀ ਹਾਂ

ਨਾ ਮੈਂ ਮਰਨਾ, ਨਾ ਮੈਂ ਮਿਟਣਾ
ਮੈਂ ਪੰਜਾਬੀ ਬੋਲੀ ਹਾਂ।
ਗੁਰੂਆਂ-ਭਗਤਾਂ ਦੀ ਬੇਟੀ ਮੈਂ
ਉਨ੍ਹਾਂ ਜ਼ੁਬਾਨੋਂ ਬੋਲੀ ਹਾਂ।

ਉਸ ਕੌਮ ਦੀ ਹਾਂ ਮੈਂ ਬੋਲੀ
ਉਨ੍ਹਾਂ ਦਾ ਇਤਿਹਾਸ ਪੜ੍ਹੋ।
ਜਿਨ੍ਹਾਂ ਨੂੰ ਲੋਕੀਂ ਕਹਿਣ ਪੰਜਾਬੀ
ਉਗੀ ਆਂ ਮੈਂ ਉਸ ਜੜ੍ਹੋਂ।
ਪੰਜਾਬੀਆਂ ਦੇ ਦੁੱਖ-ਸੁੱਖ 'ਚ ਸਾਂਝੀ
ਪੰਜਾਬੀਆਂ ਦੀ ਹਮਜੋਲੀ ਹਾਂ...।

ਬਾਬੂ ਰਜਬ ਅਲੀ ਜਿਹੇ ਹੀਰੇ
ਹੀਰੇ ਵਾਰਿਸ ਸ਼ਾਹ ਵਰਗੇ।
ਸ਼ਿਵ ਤੇ ਪਾਸ਼ ਜਿਹੇ ਨੇ ਵੀਰੇ
ਲਾਲ ਚੰਦ ਯਮਲੇ ਘਰ ਦੇ।
ਨਾਨਕ ਸਿੰਘ ਤੇ ਕੰਵਲ ਦੇ ਕਲਮੀ
ਸ਼ਬਦਾਂ ਦੇ ਵਿਚ ਘੋਲੀ ਹਾਂ...।

ਸ਼ਾਇਰ ਲਿਖ ਲਿਖ ਗਾਵਣ ਮੈਨੂੰ
ਮੈਂ ਵਧਦੀ ਫਲਦੀ ਜਾਵਾਂ।
ਗਾਇਕਾਂ ਦੀਆਂ ਮਿੱਠੀਆਂ ਆਵਾਜ਼ਾਂ
ਵਿਚ ਤਰੰਨਮ ਮੈਂ ਗਾਵਾਂ।
ਮਾਂ ਸਕੀ ਹਾਂ ਮੈਂ ਪੰਜਾਬੀ
ਨਾ ਮਾਸੀ ਨਾ ਗੋਲੀ ਹਾਂ...।

ਸੁਣ 'ਸੁਖਵਿੰਦਰ ਬੋਦਲਾਂ ਵਾਲਿਆ'
ਮਿਠਾਸ ਮੇਰੇ ਸ਼ਬਦਾਂ ਘੋਲੀ।
ਓ ਤੂੰ ਪੰਜਾਬੀ ਮਾਂ ਬੋਲੀ 'ਚ
ਕਦੇ ਨਾ ਮਾੜਾ ਬੋਲ ਬੋਲੀਂ।
ਜਾਤਾਂ, ਧਰਮਾਂ ਦੀ ਮੈਂ ਸਾਂਝੀ
ਮੈਂ ਵਿਸਾਖੀ, ਹੋਲੀ ਹਾਂ...।
ਗੁਰੂਆਂ-ਭਗਤਾਂ ਦੀ ਬੇਟੀ ਮੈਂ
ਉਨ੍ਹਾਂ ਜ਼ੁਬਾਨੋਂ ਬੋਲੀ ਹਾਂ।

-ਸੁਖਵਿੰਦਰ ਸਿੰਘ ਬੋਦਲਾਂਵਾਲਾ
ਫੋਨ: 360-281-2624

# ਪਹਿਲੇ ਤਵੇ ਵਾਲੀ ਗੌਹਰ ਜਾਨ

***ਗੌਹਰ ਜਾਨ (26 ਜੂਨ 1873-17 ਜਨਵਰੀ 1930) ਨੇ ਆਪਣੀ ਗਾਇਕੀ ਤੇ ਨ੍ਰਿਤ ਦਾ ਜਲਵਾ ਪਹਿਲੀ ਵਾਰ 1887 ਵਿਚ ਦਰਭੰਗਾ ਰਿਆਸਤ ਦੇ ਦਰਬਾਰ ਵਿਚ ਦਿਖਾਇਆ ਅਤੇ ਉਹ ਦਰਬਾਰੀ ਗਾਇਕਾ ਥਾਪ ਦਿੱਤੀ ਗਈ। ਉਹਨੇ ਬਨਾਰਸ ਦੇ ਇਕ ਮਸ਼ਹੂਰ ਉਸਤਾਦ ਤੋਂ ਗਾਇਕੀ ਅਤੇ ਨ੍ਰਿਤ ਦੀ ਸਿਖਲਾਈ ਜਾਰੀ ਰੱਖੀ। 1896 ਵਿਚ ਉਹਨੇ ਫੇਰ ਕਲਕੱਤੇ ਨੂੰ ਹੀ ਟਿਕਾਣਾ ਬਣਾ ਲਿਆ...ਜਦੋਂ ਉਹ ਆਪਣੇ ਟਿਕਾਣੇ ਤੋਂ ਬਾਹਰ ਕਿਤੇ ਜਾ ਕੇ ਮੁਜਰਾ ਕਰਨਾ ਕਬੂਲ ਕਰਦੀ ਸੀ, 101 ਮੋਹਰਾਂ ਪੇਸ਼ਗੀ ਰਖਵਾ ਲੈਂਦੀ ਸੀ।...ਇਸ ਮਿਸਾਲੀ ਗਾਇਕਾ ਬਾਰੇ ਚਰਚਾ ਉਘੇ ਪੰਜਾਬੀ ਲੇਖਕ ਗੁਰਬਚਨ ਸਿੰਘ ਭੁੱਲਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***



ਗੌਹਰ ਜਾਨ ਦੀ ਜਵਾਨੀ ਵੇਲੇ ਦੀ ਤਸਵੀਰ।

ਗੌਹਰ ਜਾਨ ਹਿੰਦੁਸਤਾਨ ਦੀ ਪਹਿਲੀ ਗਾਇਕਾ ਸੀ, ਜਿਸ ਦਾ ਭਰਿਆ ਤਵਾ ਵਿਕਰੀ ਲਈ ਬਾਜ਼ਾਰ ਵਿਚ ਆਇਆ। ਲੰਡਨ ਤੋਂ ਆਏ 'ਦਿ ਗਰਾਮੋਫੋਨ ਐਂਡ ਟਾਈਪਰਾਈਟਰ ਕੰਪਨੀ' ਦੇ ਰਿਕਾਰਡਿੰਗ ਇੰਜੀਨੀਅਰ ਫਰੈਡਰਿਕ ਵਿਲੀਅਮ ਗਾਇਸਬਰਗ ਨੇ ਨਵੀਆਂ ਕੁੜੀਆਂ ਸਸ਼ੀ ਮੁਖੀ ਤੇ ਫਨੀ ਬਾਲਾ ਦੀਆਂ ਆਵਾਜ਼ਾਂ ਪਸੰਦ ਨਾ ਆਈਆਂ ਹੋਣ ਕਾਰਨ, ਅਨੁਭਵੀ ਗਾਇਕਾਂ ਵੱਲ ਰੁਖ ਕੀਤਾ। ਉਹਨੇ ਚਰਚਿਤ ਤਵਾਇਫਾਂ ਨੂੰ ਮਿਲਣ ਦਾ ਫੈਸਲਾ ਕਰ ਲਿਆ ਜਿਨ੍ਹਾਂ ਦੀ ਗਾਇਕੀ ਦੀਆਂ ਗੱਲਾਂ ਦੂਰ ਦੂਰ ਤੱਕ ਹੁੰਦੀਆਂ ਸਨ। ਉਹਨੂੰ ਪਰ ਇਕ ਅਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਜਿਸ ਦੀ ਕਲਪਨਾ ਵੀ ਨਹੀਂ ਸੀ ਹੋ ਸਕਦੀ। ਤਵਾਇਫਾਂ ਲਈ ਲੋਹੇ ਦੀ ਮਸ਼ੀਨ ਵਾਸਤੇ ਗਾਉਣਾ ਬੇਸੁਰਾ ਵਿਚਾਰ ਅਤੇ ਕੁਫਰ ਸੀ। ਆਖਰ ਉਹਨੇ



ਗੁਰਬਚਨ ਸਿੰਘ ਭੁੱਲਰ
ਫੋਨ: 011-42502364

ਗੌਹਰ ਜਾਨ ਦਾ ਬੂਹਾ ਜਾ ਖੜਕਾਇਆ, ਜਿਸ ਬਾਰੇ ਉਹਨੂੰ ਦੱਸਿਆ ਗਿਆ ਕਿ ਉਹ ਅਜਿਹੇ ਫਜ਼ੂਲ ਵਹਿਮਾਂ-ਭਰਮਾਂ ਵਿਚ ਤਾਂ ਨਹੀਂ ਪੈਂਦੀ, ਪਰ ਉਹਦੇ ਨਾਲ ਗਾਉਣ ਦੀ ਗੱਲ ਤੈਅ ਕਰਨਾ ਵੀ ਏਨਾ ਸੌਖਾ ਤੇ ਸਸਤਾ ਨਹੀਂ!

ਗੌਹਰ ਜਾਨ ਦੇ ਨਾਂ ਤੋਂ ਇਉਂ ਲਗਦਾ ਹੈ, ਜਿਵੇਂ ਉਹ ਜੱਦੀ-ਪੁਸ਼ਤੀ ਮੁਸਲਮਾਨ ਹੋਣ ਦੇ ਬਾਵਜੂਦ ਪੁਰਾਣੀਆਂ ਹੱਦਾਂ ਉਲੰਘਣ ਵਾਲੀ ਹੋਵੇ ਤੇ ਆਪਣੇ ਸਮੇਂ ਤੋਂ ਬਹੁਤ ਅੱਗੇ ਜਿਉਂਦੀ ਹੋਵੇ। ਅਸਲ ਵਿਚ ਉਹ ਕਈ ਧਰਮਾਂ ਤੇ ਸਭਿਆਚਾਰਾਂ ਦੀ ਮਿੱਸੀ ਪੈਦਾਵਾਰ ਸੀ, ਜਿਸ ਦੀ ਮਾਂ ਨੇ ਹਾਲਾਤ ਕਾਰਨ ਇਸਲਾਮ ਅਪਨਾਇਆ। ਰੁਕਮਣੀ ਨਾਂ ਦੀ ਉਹਦੀ ਨਾਨੀ ਹਿੰਦੂ ਸੀ, ਜਿਸ ਨੇ ਇਕ ਅੰਗਰੇਜ਼ ਹਾਰਡੀ ਹੈਮਿੰਗਜ਼ ਨਾਲ ਵਿਆਹ ਕਰਵਾਇਆ। ਉਨ੍ਹਾਂ ਨੇ ਧੀ ਦਾ ਨਾਂ ਵਿਕਟੋਰੀਆ ਹੈਮਿੰਗਜ਼ ਰੱਖਿਆ ਅਤੇ ਉਹਨੂੰ ਸੰਗੀਤ ਤੇ ਨ੍ਰਿਤ ਦੀ ਬਾਕਾਇਦਾ ਸਿਖਿਆ ਦੁਆਈ। ਵਿਕਟੋਰੀਆ, ਜੋ ਭਵਿਖ ਵਿਚ 'ਬੜੀ ਮਲਕਾ ਜਾਨ' ਬਣੀ, ਦਾ ਵਿਆਹ 1872 ਵਿਚ ਰਾਬਰਟ ਵਿਲੀਅਮ ਯਿਓਵਾਰਡ ਨਾਂ ਦੇ ਆਰਮੇਨੀਅਨ ਈਸਾਈ ਨਾਲ ਹੋਇਆ, ਜੋ ਆਜ਼ਮਗੜ੍ਹ ਦੀ ਇਕ ਫੈਕਟਰੀ ਵਿਚ ਇੰਜੀਨੀਅਰ ਲੱਗਾ ਹੋਇਆ ਸੀ। ਉਨ੍ਹਾਂ ਨੇ 26 ਜੂਨ 1873 ਨੂੰ ਜਨਮੀ ਪਲੇਠੀ ਧੀ ਦਾ ਨਾਂ ਇਲੀਨ ਏਂਜਲੀਨਾ ਯਿਓਵਾਰਡ ਰੱਖਿਆ, ਜੋ ਭਵਿਖੀ ਗੌਹਰ ਜਾਨ ਸੀ।

ਬਦਕਿਸਮਤੀ ਨੂੰ ਛੇ-ਸੱਤ ਸਾਲ ਪਿਛੋਂ, 1879 ਵਿਚ ਰਾਬਰਟ ਵਿਲੀਅਮ ਵਿਆਹ ਤੋੜ ਕੇ ਅਤੇ ਪਤਨੀ ਤੇ ਬੱਚੀ ਨੂੰ ਬੇਸਹਾਰਾ ਛੱਡ ਕੇ ਚਲਦਾ ਬਣਿਆ। ਵਿਕਟੋਰੀਆ ਲਈ ਇਹ ਬਹੁਤ ਤੰਗੀ ਦੇ ਦਿਨ ਸਨ। ਉਹ ਆਪਣੀ ਕਲਾ ਦੇ ਦਿਲੀ ਪ੍ਰਸ਼ੰਸਕ ਖੁਰਸ਼ੀਦ ਨਾਂ ਦੇ ਇਕ ਮੁਸਲਮਾਨ ਰਈਸ ਦੇ ਨੇੜੇ ਹੋ ਗਈ। ਉਸ ਨਾਲ ਉਹ ਬਨਾਰਸ ਪਹੁੰਚ ਗਈ, ਜੋ ਉਸ ਸਮੇਂ ਤਵਾਇਫਾਂ ਦਾ ਤੇ ਕੋਠੇਵਾਲੀਆਂ ਦਾ ਵੱਡਾ ਕੇਂਦਰ ਸੀ। ਛੇਤੀ ਹੀ ਉਹਨੇ ਇਸਲਾਮ ਕਬੂਲ ਕਰ ਲਿਆ ਅਤੇ ਆਪਣੀ ਕਲਾ ਦੇ ਸਹਾਰੇ 'ਬੜੀ ਮਲਕਾ ਜਾਨ' ਦੇ ਨਾਂ ਨਾਲ ਪ੍ਰਮੁੱਖ ਤਵਾਇਫ ਵਜੋਂ ਜਾਣੀ ਜਾਣ ਲੱਗੀ। 'ਬੜੀ' ਇਸ ਲਈ ਕਿਉਂਕਿ ਉਸ ਸਮੇਂ ਤਿੰਨ ਹੋਰ ਮਲਕਾ ਜਾਨ ਵੀ ਚੰਗੀ ਖਾਸੀ ਪ੍ਰਸਿੱਧੀ ਕਮਾ ਚੁਕੀਆਂ ਸਨ, ਪਰ ਉਹ ਉਮਰੋਂ ਇਹਤੋਂ ਛੋਟੀਆਂ ਸਨ। ਮਾਂ ਵਿਕਟੋਰੀਆ ਜਦੋਂ ਮਲਕਾ ਬਣੀ, ਕੁਦਰਤੀ ਹੀ ਇਲੀਨ ਵੀ ਗੌਹਰ ਹੋ ਗਈ।

1883 ਵਿਚ ਮਲਕਾ ਜਾਨ ਕਲਕੱਤੇ ਪਹੁੰਚ ਗਈ। ਉਥੇ ਉਹ ਨਵਾਬ ਵਾਜਿਦ ਅਲੀ ਸ਼ਾਹ (30 ਜੁਲਾਈ 1822-1 ਸਤੰਬਰ 1887) ਦੀ ਨਜ਼ਰ ਚੜ੍ਹ ਗਈ, ਜਿਸ ਨੂੰ 11 ਫਰਵਰੀ 1856 ਨੂੰ ਅੰਗਰੇਜ਼ਾਂ ਨੇ ਅਵਧ ਦੀ ਗੱਦੀ ਤੋਂ ਲਾਹ ਕੇ ਤੇ ਖੁੱਲ੍ਹੀ ਪੈਨਸ਼ਨ ਦੇ ਕੇ ਕਲਕੱਤੇ ਦੇ ਇਕ ਉਪਨਗਰ ਵਿਚ ਜਲਾਵਤਨ ਕਰ ਦਿੱਤਾ ਸੀ। ਮਲਕਾ ਜਾਨ ਗੀਤ-ਸੰਗੀਤ ਦੇ ਨਾਲ ਨਾਲ ਨ੍ਰਿਤ ਦੀ, ਖਾਸ ਕਰਕੇ ਕੱਥਕ ਦੀ ਪ੍ਰਬੀਨ ਕਲਾਕਾਰ ਸੀ। ਨਵਾਬ ਵਾਜਿਦ ਅਲੀ ਸ਼ਾਹ ਮੰਨਿਆ ਹੋਇਆ ਕਵੀ, ਨਾਟਕਕਾਰ, ਨ੍ਰਿਤਕਾਰ ਤੇ ਕਲਾ-ਸਰਪ੍ਰਸਤ ਸੀ। ਕਿਹਾ ਜਾਂਦਾ ਹੈ ਕਿ ਕਾਫੀ ਸਮੇਂ ਤੋਂ ਆਪਣੀ ਥਾਂ ਗੁਆ ਚੁਕੇ ਕੱਥਕ ਨੂੰ ਤਾਂ ਸੁਰਜੀਤ ਹੀ ਵਾਜਿਦ ਅਲੀ ਸ਼ਾਹ ਨੇ ਕੀਤਾ ਸੀ। ਉਹ ਮਲਕਾ ਜਾਨ ਉਤੇ ਏਨਾ ਮਿਹਰਬਾਨ ਸੀ ਕਿ ਮਲਕਾ ਨੇ ਤਿੰਨ ਸਾਲਾਂ ਵਿਚ ਹੀ ਕਲਕੱਤੇ ਦੇ ਚਿਤਪੁਰ ਮਾਰਗ ਉਤੇ 40,000 ਹਜ਼ਾਰ ਰੁਪਏ ਵਿਚ ਘਰ ਖਰੀਦ ਲਿਆ। ਚਿਤਪੁਰ ਮਾਰਗ ਨੂੰ ਹੁਣ ਰਾਬਿੰਦਰ ਸਾਰਨੀ ਕਿਹਾ ਜਾਂਦਾ ਹੈ। ਇਸ ਘਰ ਵਿਚ ਹੀ ਗੌਹਰ ਦੀ ਸਿਖਲਾਈ ਸ਼ੁਰੂ ਹੋਈ।

ਗੌਹਰ ਨੇ ਕਲਾਸੀਕਲ ਸੰਗੀਤ ਤੇ ਸੁਗਮ ਸੰਗੀਤ ਦੀ ਸਿਖਲਾਈ ਪਟਿਆਲਾ ਘਰਾਣੇ ਦੇ ਉਸਤਾਦਾਂ ਤੋਂ ਅਤੇ ਕੱਥਕ ਦੀ ਸਿਖਲਾਈ ਬਿਰਜੂ ਮਹਾਰਾਜ ਦੇ ਦਾਦੇ ਦੇ ਭਰਾ, ਚੋਟੀ ਦੇ ਨ੍ਰਿਤ-ਗੁਰੂ ਬ੍ਰਿੰਦਾਦੀਨ ਮਹਾਰਾਜ ਤੋਂ ਲੈਣ ਤੋਂ ਇਲਾਵਾ ਵੱਖ ਵੱਖ ਉਸਤਾਦਾਂ ਤੋਂ ਧਰੁਪਦ ਧਮਾਰ, ਬੰਗਾਲੀ ਕੀਰਤਨ ਤੇ ਰਾਬਿੰਦਰ ਸੰਗੀਤ ਵੀ ਸਿੱਖੇ। ਇਸ ਸਭ ਦੇ ਨਾਲ ਨਾਲ ਉਹਨੇ ਅਨੇਕ ਬੋਲੀਆਂ ਵੀ ਸਿੱਖੀਆਂ। ਉਹਨੇ 'ਹਮਦਮ' ਦੇ ਕਲਮੀ ਨਾਂ ਨਾਲ ਗ਼ਜ਼ਲਾਂ, ਗੀਤ ਤੇ ਭਜਨ ਵੀ ਲਿਖੇ। ਇਹ ਸਾਹਿਤਕ ਪ੍ਰਤਿਭਾ ਤਾਂ ਉਹਨੂੰ ਮਾਂ ਦੇ ਦੁੱਧ ਵਿਚੋਂ ਹੀ ਮਿਲ ਗਈ ਸੀ। ਮਾਂ-ਧੀ, ਦੋਵੇਂ ਵਧੀਆ ਕਵਿੱਤਰੀਆਂ ਸਨ। ਉਹ ਅਕਸਰ ਆਪਣੀਆਂ ਰਚਨਾਵਾਂ ਹੀ ਗਾਉਂਦੀਆਂ। ਗੀਤ-ਸੰਗੀਤ ਤੇ ਨਾਚ ਸਿੱਖਣ ਪੱਖੋਂ ਗੌਹਰ ਬੜੀ ਹੋਣਹਾਰ ਸੀ। ਛੇਤੀ ਹੀ ਉਹ ਮੁਜਰਿਆਂ ਵਿਚ ਮਾਂ ਨੂੰ ਸੰਗਤ ਦੇਣ ਲੱਗ ਪਈ। ਸਮੇਂ ਨਾਲ ਉਹ ਠੁਮਰੀ, ਦਾਦਰਾ, ਕਜਰੀ, ਚੈਤੀ, ਤਰਾਨਾ, ਭਜਨ, ਗਜ਼ਲ ਆਦਿ ਗਾਉਣ ਵਿਚ ਨਿਪੁੰਨ ਹੋ ਗਈ। ਉਹਦੀ ਇਕ ਸਿਫਤ ਹਿੰਦੁਸਤਾਨੀ ਕਲਾਸੀਕਲ ਸ਼ੈਲੀ ਦੀ ਸੰਗੀਤ ਰਚਨਾ ਨੂੰ ਰਿਕਾਰਡ ਦੀ ਲੋੜ ਅਨੁਸਾਰ ਸਾਢੇ ਤਿੰਨ ਮਿੰਟ ਵਿਚ ਸਮੇਟ ਦੇਣ ਦੀ ਉਹਦੀ ਤਕਨੀਕ ਸੀ।

ਗੌਹਰ ਜਾਨ ਨੇ ਗਾਇਕੀ ਤੇ ਨ੍ਰਿਤ ਦਾ ਜਲਵਾ ਪਹਿਲੀ ਵਾਰ 1887 ਵਿਚ ਦਰਭੰਗਾ ਰਿਆਸਤ ਦੇ ਦਰਬਾਰ ਵਿਚ ਦਿਖਾਇਆ ਅਤੇ ਉਹ ਦਰਬਾਰੀ ਗਾਇਕਾ ਥਾਪ ਦਿੱਤੀ ਗਈ। ਉਹਨੇ ਬਨਾਰਸ ਦੇ ਇਕ ਮਸ਼ਹੂਰ ਉਸਤਾਦ ਤੋਂ ਗਾਇਕੀ ਅਤੇ ਨ੍ਰਿਤ ਦੀ ਸਿਖਲਾਈ ਜਾਰੀ ਰੱਖੀ। 1896 ਵਿਚ ਉਹਨੇ ਕਲਕੱਤੇ ਨੂੰ ਹੀ ਟਿਕਾਣਾ ਬਣਾ ਲਿਆ। ਉਹ ਗੁਣਵੰਤੀ ਗਾਇਕਾ ਤਾਂ ਸੀ ਹੀ, ਉਹਨੂੰ ਆਪਣੇ ਗੁਣਵੰਤੀ ਗਾਇਕਾ ਹੋਣ ਦਾ ਅਹਿਸਾਸ ਤੇ ਮਾਣ ਵੀ ਸੀ। ਨਤੀਜੇ ਵਜੋਂ ਉਹ ਸਵੈਮਾਨੀ, ਦਬੰਗ ਤੇ ਪੁਰਾਣੀਆਂ ਸੀਮਾਵਾਂ ਤੋੜ ਕੇ ਆਪਣੀਆਂ ਸੀਮਾਵਾਂ ਆਪ ਮਿਥਣ ਵਾਲੀ ਮੜਕਦਾਰ ਔਰਤ ਵਜੋਂ ਜਾਣੀ ਜਾਣ ਲੱਗੀ।

ਹੋਰ ਗਾਇਕਾਂ ਦੇ ਵਹਿਮਾਂ-ਭਰਮਾਂ ਦੇ ਉਲਟ ਗਾਇਸਬਰਗ ਦੀ ਸਾਰੀ ਗੱਲ ਸੁਣ-ਸਮਝ ਕੇ ਉਹਨੇ ਮਸ਼ੀਨ ਦੀ ਵੰਗਾਰ ਪ੍ਰਵਾਨ ਕੀਤੀ, ਪਰ ਇਕ ਬੈਠਕ ਦੇ ਤਿੰਨ ਹਜ਼ਾਰ ਰੁਪਏ ਮੰਗੇ। ਗਾਇਸਬਰਗ ਨੇ ਕਿਸੇ ਜੇ-ਜੱਕ ਤੋਂ ਬਿਨਾ ਬਟੂਆ ਕੱਢਿਆ ਤੇ ਉਹਦੀ ਦੱਸੀ ਰਕਮ ਪੇਸ਼ ਕਰ ਦਿੱਤੀ। ਇਹ ਅੰਕੜਾ ਮੁਕੰਮਲ ਸੱਚ ਹੋਣ ਦੇ ਬਾਵਜੂਦ ਹੈਰਾਨ ਕਰ ਦਿੰਦਾ ਹੈ। 1902 ਦੇ ਤਿੰਨ ਹਜ਼ਾਰ ਰੁਪਏ ਸਰਕਾਰੀ ਲੇਖੇ ਅਨੁਸਾਰ 1500 ਗੁਣਾ ਹੋ ਕੇ ਅੱਜ ਦੇ ਪੰਤਾਲੀ ਲੱਖ ਰੁਪਏ ਬਣਦੇ ਹਨ! ਜੇ ਇਕ ਬੈਠਕ ਵਿਚ ਕਈ ਗੀਤ ਰਿਕਾਰਡ ਹੋਏ ਮੰਨ ਲਈਏ, ਤਾਂ ਵੀ ਗੌਹਰ ਜਾਨ ਦੇ ਗਾਏ ਇਕ ਗੀਤ ਦੀ ਰਕਮ ਕਈ ਲੱਖ ਰੁਪਏ ਹੋ ਗਈ! ਦਸਦੇ ਹਨ, ਪਹਿਲੀ ਰਿਕਾਰਡਿੰਗ ਪਿਛੋਂ ਉਹਨੇ ਆਪਣੇ ਨੇੜਲਿਆਂ ਨੂੰ ਇਹ ਦੂਰਦਰਸ਼ੀ ਪ੍ਰਭਾਵ ਦਿੱਤਾ ਕਿ ਦੁਨੀਆਂ ਦੀ ਗਾਇਕੀ ਦੇ ਭਵਿੱਖ ਵਿਚ ਰਿਕਾਰਡਾਂ ਦੀ ਪ੍ਰਮੁੱਖ ਭੂਮਿਕਾ ਹੋਵੇਗੀ।

ਇਸ ਰਕਮ ਦਾ ਹੈਰਾਨ ਕਰਨ ਵਾਲੀ ਹੋਣਾ ਇਕ ਮਿਸਾਲ ਸਮਝਿਆ ਜਾ ਸਕਦਾ ਹੈ। 1977 ਵਿਚ, ਭਾਵ ਗੌਹਰ ਜਾਨ ਦੇ ਤਿੰਨ ਹਜ਼ਾਰ, ਅਰਥਾਤ 45 ਲੱਖ ਰੁਪਈਆਂ ਤੋਂ 75 ਸਾਲ ਪਿਛੋਂ, ਐਕਟਰ ਜਤਿੰਦਰ ਦੀ ਬਣਾਈ ਫਿਲਮ 'ਦੀਦਾਰ-ਏ-ਯਾਰ' ਵਾਸਤੇ ਇਕ ਇਕ ਗੀਤ ਗਾਉਣ ਲਈ ਸਮਕਾਲ ਦੇ ਚੋਟੀ ਦੇ ਗਾਇਕਾਂ, ਮੁਹੰਮਦ ਰਫੀ ਤੇ ਕਿਸ਼ੋਰ ਕੁਮਾਰ ਨੇ ਚਾਰ-ਚਾਰ ਹਜ਼ਾਰ ਰੁਪਏ ਲਏ। ਕੁਝ ਕਾਰਨਾਂ ਕਰ ਕੇ ਫਿਲਮ ਵਿਚੇ ਅਟਕ ਗਈ ਤੇ ਮੁੜ 1980 ਵਿਚ ਹੀ ਸ਼ੁਰੂ ਹੋ ਸਕੀ। ਉਹਨੇ ਫੇਰ ਉਨ੍ਹਾਂ ਹੀ ਦੋਹਾਂ ਗਾਇਕਾਂ ਨੂੰ ਇਕ ਇਕ ਗੀਤ ਗਾਉਣ ਲਈ ਕਿਹਾ। ਕਿਸ਼ੋਰ ਕੁਮਾਰ ਨੇ ਆਪਣੀ ਹੁਣ ਦੀ ਫੀਸ ਵੀਹ ਹਜ਼ਾਰ ਦੱਸੀ, ਜੋ ਜਤਿੰਦਰ ਨੇ ਦੇ ਦਿੱਤੀ। ਉਹਨੇ ਇਸੇ ਹਿਸਾਬ ਨੋਟਾਂ ਦੀ ਦੱਥੀ ਰਫੀ ਸਾਹਿਬ ਦੇ ਘਰ ਭੇਜ ਦਿੱਤੀ। ਉਨ੍ਹਾਂ ਨੇ ਫੋਨ ਕੀਤਾ, "ਇਹ ਐਨੇ ਪੈਸੇ ਕਿਉਂ ਭੇਜ ਦਿੱਤੇ?" ਜਤਿੰਦਰ ਨੇ ਸਾਰਾ ਮਾਜਰਾ ਕਹਿ ਸੁਣਾਇਆ, ਪਰ ਰਫੀ ਸਾਹਿਬ ਬੋਲੇ, "ਪਹਿਲਾਂ ਚਾਰ ਹਜ਼ਾਰ ਲੈ ਕੇ ਹੁਣ ਉਸੇ ਫਿਲਮ ਦੇ ਦੂਜੇ ਗੀਤ ਲਈ ਵੱਧ ਪੈਸਿਆਂ ਦੀ ਕੀ ਤੁਕ ਹੈ?" ਤੇ ਉਨ੍ਹਾਂ ਨੇ ਸੋਲਾਂ ਹਜ਼ਾਰ ਵਾਪਸ ਭੇਜ ਦਿੱਤੇ। ਇਸ ਸੂਰਤ ਵਿਚ ਗੌਹਰ ਜਾਨ ਦੀ ਮੰਗ ਤੇ ਗਾਇਸਬਰਗ ਦੀ ਮੰਗ-ਪੂਰਤੀ ਨੇ ਹੈਰਾਨ ਤਾਂ ਕਰਨਾ ਹੀ ਹੋਇਆ। 1977 ਵਿਚ ਰਫੀ ਜਿਹੇ ਅਲੋਕਾਰ ਗਾਇਕ ਨੂੰ ਇਕ ਗੀਤ ਦੇ ਚਾਰ ਹਜ਼ਾਰ ਤੇ 1902 ਵਿਚ ਗੌਹਰ ਜਾਨ ਨੂੰ ਇਕ ਗੀਤ ਦੇ ਕਈ ਲੱਖ!

ਇਸ ਬੈਠਕ ਵਿਚ ਗੌਹਰ ਜਾਨ ਨੇ ਪਹਿਲੀ ਰਿਕਾਰਡਿੰਗ ਰਾਗ ਜੋਗੀਆ ਵਿਚ ਇਕ ਖਿਆਲ ਦੀ ਕਰਵਾਈ। ਲੋਹੇ ਦੀ ਮਸ਼ੀਨ ਵਿਚ ਗਾਉਣ ਨੂੰ ਕੁਫਰ ਸਮਝੇ ਜਾਣ ਦੀ ਵਰਜਨਾ ਨੂੰ ਉਹਦਾ ਤੋੜਨਾ ਸੀ ਕਿ ਹੋਰ ਗਾਇਕਾਂ ਵੀ ਤਿਆਰ ਹੋ ਗਈਆਂ। 8 ਨਵੰਬਰ 1902 ਨੂੰ ਸ਼ੁਰੂ ਹੋਈਆਂ ਰਿਕਾਰਡਿੰਗ ਦੀਆਂ ਬੈਠਕਾਂ ਛੇ ਹਫਤੇ ਚੱਲੀਆਂ। ਇਨ੍ਹਾਂ ਵਿਚ ਸਥਾਨਕ ਕਲਾਕਾਰਾਂ ਦੇ 500 ਤੋਂ ਵੱਧ ਗੀਤ ਭਰੇ ਗਏ, ਜੋ ਅਪਰੈਲ 1903 ਵਿਚ ਜਰਮਨੀ ਤੋਂ ਤਵੇ ਬਣ ਕੇ ਆਏ। ਉਨ੍ਹਾਂ ਨੂੰ ਬਾਜ਼ਾਰ ਵਿਚ ਭਾਰੀ ਸਫਲਤਾ ਮਿਲੀ। ਗੌਹਰ ਜਾਨ ਦੇ ਰਿਕਾਰਡ ਤਾਂ ਖਾਸ ਕਰ ਕੇ ਹੱਥੋ-ਹੱਥ ਵਿਕ ਗਏ। ਨਤੀਜੇ ਵਜੋਂ ਗਰਾਮੋਫੋਨ ਕੰਪਨੀ ਨੇ 1908 ਤੱਕ ਦੋ ਵਾਰ ਹੋਰ ਕਲਕੱਤੇ ਆ ਕੇ ਰਿਕਾਰਡਿੰਗ ਕੀਤੀ। ਇਨ੍ਹਾਂ ਤਿੰਨਾਂ ਵਾਰੀਆਂ ਵਿਚ ਕੋਈ ਪੰਜ ਹਜ਼ਾਰ ਗੀਤ ਤਵਿਆਂ ਵਿਚ ਸਾਂਭ ਲਏ ਗਏ।

ਗੌਹਰ ਜਾਨ ਨੇ 1902 ਤੋਂ ਸ਼ੁਰੂ ਕਰ ਕੇ 1920 ਤੱਕ ਬੰਗਾਲੀ, ਹਿੰਦੁਸਤਾਨੀ, ਗੁਜਰਾਤੀ, ਤਾਮਿਲ, ਮਰਾਠੀ, ਅਰਬੀ, ਫਾਰਸੀ, ਪਸ਼ਤੋ, ਫਰਾਂਸੀਸੀ ਤੇ ਅੰਗਰੇਜ਼ੀ ਸਮੇਤ ਦਰਜਨ ਤੋਂ ਵੱਧ ਬੋਲੀਆਂ ਵਿਚ ਕੋਈ 600 ਤੋਂ ਵੱਧ ਗੀਤ ਰਿਕਾਰਡ ਕਰਵਾਏ। ਯਾਦ ਰਹੇ, 1930-31 ਵਿਚ ਇਸੇ ਕਾਢ ਨੇ ਹਿੰਦੁਸਤਾਨੀ ਚੁੱਪ ਫਿਲਮਾਂ ਨੂੰ ਆਵਾਜ਼ ਦੇ ਕੇ ਇਕ ਨਵੇਂ ਸੁਨਹਿਰੀ ਯੁੱਗ ਦਾ ਅਰੰਭ ਕੀਤਾ। ਦਸਦੇ ਹਨ, ਬੇਗਮ ਅਖਤਰ ਪਹਿਲਾਂ-ਪਹਿਲ ਹਿੰਦੁਸਤਾਨੀ ਫਿਲਮਾਂ ਵਿਚ ਨਾਂ ਕਮਾਉਣ ਲਈ ਉਤਾਵਲੀ ਸੀ, ਪਰ ਬੜੀ ਮਲਕਾ ਜਾਨ ਤੇ ਗੌਹਰ ਜਾਨ ਦੀ ਗਾਇਕੀ ਸੁਣ ਕੇ ਉਹਨੇ ਫਿਲਮਾਂ ਵਿਚ ਜਾਣ ਦਾ ਇਰਾਦਾ ਇਕ-ਵਾਢਿਉਂ ਹੀ ਰੱਦ ਕਰ ਦਿੱਤਾ ਅਤੇ ਆਪਣਾ ਜੀਵਨ ਹਿੰਦੁਸਤਾਨੀ ਕਲਾਸੀਕਲ ਸੰਗੀਤ ਦੇ ਲੇਖੇ ਲਾ ਦਿੱਤਾ। ਇਹ ਤੱਥ ਦਿਲਚਸਪ ਹੈ ਕਿ ਉਹਨੇ ਉਨ੍ਹਾਂ ਮਾਂ-ਧੀ ਦੇ ਸਾਰੰਗੀਵਾਦਕ ਉਸਤਾਦ ਇਮਦਾਦ ਖਾਂ ਨੂੰ ਗੁਰੂ ਧਾਰਿਆ।

ਗੌਹਰ ਜਾਨ ਪਹਿਲਾਂ ਬਨਾਰਸ ਦੇ ਕੋਠਿਆਂ ਵਿਚ ਤੇ ਫੇਰ ਕਲਕੱਤੇ ਦੀਆਂ ਬਾੜੀਆਂ ਵਿਚ ਸਭ ਤੋਂ ਮਹਿੰਗੀ ਤਵਾਇਫ ਮੰਨੀ ਜਾਂਦੀ ਸੀ। ਉਹਦੇ ਮੁਜਰੇ ਦਾ ਵੀ ਇਕ ਕਿੱਸਾ ਸੁਣ ਲਵੋ। ਇਹ ਮਸ਼ਹੂਰ ਲੇਖਿਕਾ ਤੇ ਪੱਤਰਕਾਰ ਮ੍ਰਿਣਾਲ ਪਾਂਡੇ ਨੇ 27 ਜਨਵਰੀ 2018 ਨੂੰ ਸਾਬਰਮਤੀ ਆਸ਼ਰਮ ਵਿਚ ਔਰਤਾਂ ਦੇ ਮਸਲਿਆਂ ਬਾਰੇ ਬੋਲਦਿਆਂ ਸੁਣਾਇਆ ਸੀ। ਇਕ ਵਾਰ ਮਹਾਤਮਾ ਗਾਂਧੀ ਨੇ ਗੌਹਰ ਜਾਨ ਤੱਕ ਪਹੁੰਚ ਕੀਤੀ ਕਿ ਉਹ ਸਵਰਾਜ ਲਹਿਰ ਲਈ ਮਾਇਆ ਜੁਟਾਉਣ ਵਿਚ ਮਦਦ ਕਰੇ। ਗੌਹਰ ਨੇ ਕਿਹਾ, "ਠੀਕ ਹੈ, ਮੈਂ ਇਕ ਮੁਜਰਾ ਕਰਾਂਗੀ ਤੇ ਇਕੱਠੀ ਹੋਣ ਵਾਲੀ ਸਾਰੀ ਦੀ ਸਾਰੀ ਰਕਮ ਸਵਰਾਜ ਲਹਿਰ ਨੂੰ ਦੇ ਦਿਆਂਗੀ, ਪਰ ਮੇਰੀ ਇਕ ਸ਼ਰਤ ਹੈ, ਬਾਪੂ ਮੁਜਰਾ ਦੇਖਣ-ਸੁਣਨ ਆਉਣ!" ਗਾਂਧੀ ਮੁਜਰੇ ਵਿਚ ਨਾ ਪਹੁੰਚੇ। ਗੌਹਰ ਜਾਨ ਗਾਂਧੀ ਕੋਲ ਗਈ ਤੇ ਬੋਲੀ, "ਬਾਪੂ, ਵੀਹ ਹਜ਼ਾਰ ਇਕੱਠੇ ਹੋਏ ਸਨ, ਔਹ ਲਵੋ ਦਸ ਹਜ਼ਾਰ। ਮੈਂ ਪੂਰੇ ਦੀ ਥਾਂ ਵਾਅਦਾ ਅੱਧਾ ਇਸ ਲਈ ਨਿਭਾ ਰਹੀ ਹਾਂ ਕਿਉਂਕਿ ਤੁਸੀਂ ਮੇਰੇ ਮੁਜਰੇ ਵਿਚ ਨਹੀਂ ਆਏ।"

ਗੌਹਰ ਦੀ ਗਾਇਕੀ ਦਾ ਵੱਡਾ ਗੁਣ ਸੰਗੀਤਕ ਪਰਖ ਵਿਚ ਪੂਰੀ ਉਤਰਨ ਦੇ ਨਾਲ ਨਾਲ ਸ਼ਬਦਾਂ ਨੂੰ ਅਨੁਸਾਰੀ ਅਦਾ ਨਾਲ ਪੇਸ਼ ਕਰਨਾ ਸੀ। ਜਦੋਂ ਉਹ "ਰਸੀਲੀ ਤੋਰੀ ਅੱਖੀਆਂ ਸਾਂਵਰੀਆ" ਜਾਂ "ਜਬ ਸੇ ਤੁਝ ਸੇ ਆਂਖ ਸਿਤਮਗਰ ਲਗੀ ਹੈ" ਜਾਂ "ਰਸ ਕੇ ਭਰੇ ਤੋਰੇ ਨੈਨ" ਗਾਉਂਦੀ ਤਾਂ ਵਾਸਨਾਈ ਅਦਾ ਨਾਲ ਮਿਲ ਕੇ ਉਹਦਾ ਨਖਰਾ ਕਹਿਰ ਕਮਾਉਂਦਾ ਤੇ ਜਦੋਂ ਉਹ ਸ਼ਾਂਤ-ਸਹਿਜ ਚਿਹਰੇ ਨਾਲ "ਰਾਧੇ ਕ੍ਰਿਸ਼ਨ ਬੋਲ ਮੁੱਖ ਸੇ" ਜਾਂ "ਕ੍ਰਿਸ਼ਨ ਮੁਰਾਰੀ ਬਿਨਤ ਕਰਤ" ਗਾਉਂਦੀ ਤਾਂ ਇਉਂ ਲਗਦਾ ਜਿਵੇਂ ਕੋਈ ਪੁਜਾਰਨ ਮੰਦਿਰ ਵਿਚ ਪੂਜਾ ਕਰ ਰਹੀ ਹੋਵੇ!

ਤਵਿਆਂ ਦੀ ਸ਼ੁਰੂਆਤ ਦੇ ਸਮੇਂ ਦੀਆਂ ਗਾਇਕਾਵਾਂ ਦਾ ਸੰਗੀਤ ਦੇ ਇਤਿਹਾਸ ਵਿਚ ਉਨ੍ਹਾਂ ਦੀ ਵੱਡੀ ਭੂਮਿਕਾ ਦੇ ਬਾਵਜੂਦ ਆਪਣਾ ਕੋਈ ਇਤਿਹਾਸ ਨਹੀਂ ਮਿਲਦਾ। ਇਸ ਅਣਦੇਖੀ ਦਾ ਇਕ ਕਾਰਨ ਇਨ੍ਹਾਂ ਗਾਇਕਾਵਾਂ ਦਾ ਕਥਿਤ ਕੋਠਿਆਂ ਵਾਲੀਆਂ, ਭਾਵ ਤਵਾਇਫਾਂ ਹੋਣਾ ਸੀ। ਕਲਾ ਦੀਆਂ ਗੁਣਵੰਤੀਆਂ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨੀਵੇਂ ਥਾਂ ਹੀ ਰੱਖਿਆ ਜਾਂਦਾ ਸੀ, ਪਰ ਗੌਹਰ ਜਾਨ ਜਿਉਂਦੇ-ਜੀਅ ਹੀ ਮਿੱਥ ਬਣ ਚੁਕੀ ਸੀ। ਉਹਦੇ ਨਾਂ ਨਾਲ ਅਜੀਬ ਘਟਨਾਵਾਂ ਤੇ ਦਿਲਚਸਪ ਟੋਟਕੇ ਜੋੜੇ ਜਾਂਦੇ ਸਨ। ਮਿਸਾਲ ਵਜੋਂ ਇਕ ਬਹੁਤ ਪ੍ਰਚਲਿਤ ਕਹਾਣੀ ਅਨੁਸਾਰ ਉਹਨੇ ਆਪਣੀ ਬਿੱਲੀ ਦੇ ਬਲੂੰਗੜੇ ਜੰਮਣ ਦੀ ਖੁਸ਼ੀ ਮਨਾਉਣ ਲਈ ਵੀਹ ਹਜ਼ਾਰ ਰੁਪਏ ਖਰਚ ਦਿੱਤੇ। ਉਦੋਂ ਦੇ ਵੀਹ ਹਜ਼ਾਰ ਅੱਜ ਦੇ ਕਰੋੜਾਂ ਬਣ ਜਾਂਦੇ ਹਨ। ਏਨੇ ਹੀ ਮਸ਼ਹੂਰ ਰਾਜਿਆਂ-ਰਈਸਾਂ ਨਾਲ ਉਹਦੇ ਇਸ਼ਕਾਂ ਦੇ ਕਿੱਸੇ ਸਨ। ਜੇ ਇਹ ਕਿੱਸੇ-ਕਹਾਣੀਆਂ ਇਕ ਪਾਸੇ ਵੀ ਛੱਡ ਦੇਈਏ, ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਉਹ ਮੂੰਹ-ਮੰਗਿਆ ਕਮਾਉਣ ਵਾਲੀ ਤੇ ਜੀਅ ਭਰ ਕੇ ਉਡਾਉਣ ਵਾਲੀ ਸ਼ਾਹ-ਖਰਚ ਵਜੋਂ ਜਾਣੀ ਜਾਂਦੀ ਸੀ।

ਜਦੋਂ ਉਹ ਆਪਣੇ ਟਿਕਾਣੇ ਤੋਂ ਬਾਹਰ ਕਿਤੇ ਜਾ ਕੇ ਮੁਜਰਾ ਕਰਨਾ ਕਬੂਲ ਕਰਦੀ, 101 ਮੋਹਰਾਂ ਪੇਸ਼ਗੀ ਰਖਵਾ ਲੈਂਦੀ। ਉਦੋਂ ਸੋਨੇ ਦਾ ਭਾਅ, ਹੁਣ ਦੇ ਉਲਟ, ਕਈ ਕਈ ਸਾਲ ਦੋ-ਚਾਰ ਪੈਸਿਆਂ ਦੇ ਫਰਕ ਨਾਲ ਟਿਕਿਆ ਰਹਿੰਦਾ ਸੀ। ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਇਹ 19 ਰੁਪਏ ਤੋਲੇ ਦੇ ਕਰੀਬ ਰਿਹਾ। ਜੇ ਮੋਹਰ ਇਕ ਤੋਲੇ ਦੀ ਮੰਨ ਲਈਏ, ਉਹਦੀ ਪੇਸ਼ਗੀ 1919 ਰੁਪਏ ਬਣ ਗਈ। ਹੁਣ ਦੇ ਭਾਅ ਤੋਲੇ ਦੀ ਥਾਂ ਉਸ ਤੋਂ ਛੋਟੀ, ਦਸ ਗਰਾਮ ਦੀ ਮੋਹਰ ਮੰਨਿਆਂ 101 ਮੋਹਰਾਂ 40 ਲੱਖ ਰੁਪਏ ਦੀਆਂ ਬਣਨਗੀਆਂ। ਅਜਿਹੀ ਸੀ ਸ਼ਾਨ ਗੌਹਰ ਜਾਨ ਦੀ!

ਉਹਦੀ ਪ੍ਰਸਿੱਧੀ ਪੂਰੇ ਮੁਲਕ ਵਿਚ ਫੈਲ ਗਈ। 1910 ਵਿਚ ਉਹਨੂੰ ਮਦਰਾਸ ਦੇ ਪਬਲਿਕ

(ਬਾਕੀ ਅਗਲੇ ਸਫੇ 'ਤੇ)



ਆਪਣੇ ਰੰਗ ਅਤੇ ਰੋਹਬ ਵਿਚ ਗੌਹਰ ਜਾਨ।

# ਪਹਿਲੇ ਤਵੇ ਵਾਲੀ...

*(ਪਿਛਲੇ ਸਫੇ ਦੀ ਬਾਕੀ)*

ਵਿਕਟੋਰੀਆ ਹਾਲ ਵਿਚ ਪ੍ਰੋਗਰਾਮ ਦਿੱਤਾ। ਅਗਲੇ ਸਾਲ 1911 ਦੇ ਦਸੰਬਰ ਵਿਚ ਉਹਨੂੰ ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਸਮੇਂ ਹੋਏ ਦਿੱਲੀ ਦਰਬਾਰ ਵਿਚ ਗਾਉਣ ਲਈ ਸੱਦਿਆ ਗਿਆ, ਜੋ ਉਨ੍ਹੀਂ ਦਿਨੀਂ ਸੱਚਮੁੱਚ ਹੀ ਬਹੁਤ ਵੱਡੇ ਮਾਣ ਵਾਲੀ ਗੱਲ ਸੀ। ਉਥੇ ਉਹਨੇ ਅਲਾਹਾਬਾਦ ਦੀ ਜਾਨਕੀਬਾਈ ਨਾਲ ਮਿਲ ਕੇ ਦੁਗਾਣਾ "ਯਿਹ ਹੈ ਤਾਜਪੋਸ਼ੀ ਕਾ ਜਲਸਾ, ਮੁਬਾਰਕ ਹੋ, ਮੁਬਾਰਕ ਹੋ" ਪੇਸ਼ ਕੀਤਾ। 1926 ਵਿਚ ਰਾਮਪੁਰ ਦੇ ਰਾਜ-ਮਹਿਲ ਵਿਚ ਉਹਨੇ ਲਾਰਡ ਇਰਵਿਨ ਲਈ ਗਾਇਆ। ਉਹਦੀ ਮਸ਼ਹੂਰੀ ਤਾਂ ਦੇਸੋਂ ਬਾਹਰ ਵੀ ਪਹੁੰਚ ਗਈ ਜਦੋਂਕਿ ਉਦੋਂ ਨਾ ਅੱਜ ਵਾਲਾ ਮੀਡੀਆ ਸੀ ਤੇ ਨਾ ਅੱਜ ਵਾਲੇ ਪ੍ਰਚਾਰ-ਸਾਧਨ ਸਨ। ਇਹਦਾ ਇਕ ਸਬੂਤ ਆਸਟਰੀਆ ਦੀ ਇਕ ਮਾਚਿਸ ਕੰਪਨੀ ਵਲੋਂ ਤੇ ਫੇਰ ਚੈਕੋਸਲੋਵਾਕੀਆ ਦੀ ਇਕ ਮਾਚਿਸ ਕੰਪਨੀ ਵਲੋਂ ਡੱਬੀ ਉਤੇ ਉਹਦੀ ਤਸਵੀਰ ਛਾਪੇ ਜਾਣਾ ਹੈ।

ਉਦੋਂ ਵੀ ਪ੍ਰਸਿੱਧ ਹਸਤੀਆਂ ਦੀਆਂ ਉਸੇ ਆਕਾਰ ਦੀਆਂ ਤਸਵੀਰਾਂ ਪੁੱਠੇ ਪਾਸਿਉਂ ਪੋਸਟਕਾਰਡ ਵਾਂਗ ਛਾਪੀਆਂ ਜਾਂਦੀਆਂ ਸਨ ਜਿਥੇ ਅੱਧੀ ਥਾਂ ਟਿਕਟ ਤੇ ਸਿਰਨਾਵੇਂ ਵਾਸਤੇ ਅਤੇ ਅੱਧੀ ਥਾਂ ਚਿੱਠੀ ਲਿਖਣ ਵਾਸਤੇ ਹੁੰਦੀ ਸੀ। ਇਨ੍ਹਾਂ ਕਾਰਡਾਂ ਨੂੰ ਲੋਕ ਡਾਕ-ਟਿਕਟਾਂ ਚੇਪ ਕੇ ਨਿਸ਼ਾਨੀ ਵਜੋਂ ਇਕ ਦੂਜੇ ਨੂੰ ਭੇਜਦੇ ਸਨ। ਗੌਹਰ ਜਾਨ ਦੀ ਤਸਵੀਰ ਦੇ ਇਕ ਕਾਰਡ ਨੇ ਤਾਂ ਪਰਦੇਸ ਪਹੁੰਚ ਕੇ ਬਖੇੜਾ ਹੀ ਖੜ੍ਹਾ ਕਰ ਦਿੱਤਾ। ਉਸ ਉਤੇ ਮੋਹਿਤ ਹੋਏ ਇਕ ਅੰਗਰੇਜ਼ ਗੱਭਰੂ ਨੇ ਇੰਗਲੈਂਡ ਬੈਠੀ ਮਾਂ ਨੂੰ ਇਹ ਕਾਰਡ ਤਾਂ ਭੇਜਿਆ ਹੀ, ਨਾਲ ਇਹ ਵੀ ਲਿਖ ਦਿੱਤਾ, "ਮਾਂ, ਮੈਂ ਇਸ ਹਿੰਦੁਸਤਾਨੀ ਸੁੰਦਰੀ ਨੂੰ ਦਿਲ ਦੇ ਬੈਠਾ ਹਾਂ!" ਇਹ ਪੜ੍ਹ ਕੇ ਮਾਂ ਅੱਗ-ਭਬੂਕਾ ਹੋ ਗਈ ਤੇ ਉਹਨੇ ਉਹ ਕਾਰਡ ਆਪਣੇ ਕੋਲ ਰੱਖਣ ਦੀ ਥਾਂ ਕਿਸੇ ਚਾਹਵਾਨ ਨੂੰ ਵੇਚ ਦਿੱਤਾ। ਕਾਰਡ ਅੱਗੇ ਦੀ ਅੱਗੇ ਵਿਕਦਾ ਸਵਿਟਜ਼ਰਲੈਂਡ ਜਾ ਪਹੁੰਚਿਆ, ਜਿਥੋਂ ਕੋਈ ਉਹਨੂੰ ਫੇਰ ਉਹਦੇ ਮੂਲ ਦੇਸ਼ ਲੈ ਆਇਆ। ਇਥੇ ਅਖੀਰ ਨੂੰ ਉਹ ਅੱਗੇ ਚੱਲ ਕੇ ਉਹਦੀ ਜੀਵਨੀ ਲਿਖਣ ਵਾਲੇ ਲੇਖਕ ਵਿਕਰਮ ਸੰਪਤ ਦੀ ਨਜ਼ਰ ਪੈ ਗਿਆ। ਉਹਨੇ ਇਸ ਕਾਰਡ ਦੀ ਇਤਿਹਾਸਕਤਾ ਪਛਾਣਦਿਆਂ ਇਹਨੂੰ ਆਪਣੀ ਪੁਸਤਕ ਦੇ ਕਵਰ ਉਤੇ ਸਜਾ ਲਿਆ।

2010 ਵਿਚ ਵਿਕਰਮ ਸੰਪਤ ਨੇ ਅੰਗਰੇਜ਼ੀ ਵਿਚ ਉਹਦੀ ਜੀਵਨੀ 'ਮਾਈ ਨੇਮ ਇਜ਼ ਗੌਹਰ ਜਾਨ: ਦਿ ਲਾਈਫ ਐਂਡ ਟਾਈਮਜ਼ ਆਫ ਏ ਮਿਊਜ਼ੀਸ਼ਨ' (ਮੇਰਾ ਨਾਂ ਹੈ ਗੌਹਰ ਜਾਨ: ਇਕ ਸੰਗੀਤਕਾਰ ਦਾ ਜੀਵਨ ਤੇ ਸਮਾਂ) ਲਿਖੀ। ਇਹ 8 ਅਪਰੈਲ 2010 ਨੂੰ ਨਵੀਂ ਦਿੱਲੀ ਵਿਖੇ ਤਤਕਾਲੀ ਉਪ-ਰਾਸ਼ਟਰਪਤੀ ਹਾਮਿਦ ਅਨਸਾਰੀ ਨੇ ਰਿਲੀਜ਼ ਕੀਤੀ। ਵਿਕਰਮ ਦੀ ਪੁਸਤਕ ਦਾ ਇਹ ਨਾਂ ਇਸ ਤੱਥ ਵਿਚੋਂ ਉਪਜਿਆ ਹੈ ਕਿ ਉਹ ਹਰ ਤਵੇ ਦੇ ਅੰਤ ਵਿਚ ਬੋਲਦੀ ਸੀ, "ਮਾਈ ਨੇਮ ਇਜ਼ ਗੌਹਰ ਜਾਨ"। ਬਹੁਤੇ ਲੋਕ ਇਹਨੂੰ ਉਹਦੀ ਹਉਂ ਆਖਦੇ ਹਨ, ਪਰ ਸੱਚ ਇਹ ਹੈ ਕਿ ਉਦੋਂ ਸਭ ਗਾਇਕਾਂ ਨੂੰ ਗੀਤ ਦੇ ਅੰਤ ਉਤੇ ਇਉਂ ਹੀ ਆਪਣਾ ਨਾਂ ਲੈਣਾ ਪੈਂਦਾ ਸੀ। ਕਲਕੱਤੇ ਦਾ ਭਰਿਆ ਮੂਲ ਕੱਚਾ ਰਿਕਾਰਡ ਜਰਮਨੀ ਦੇ ਸ਼ਹਿਰ ਹੈਨੋਵਰ ਭੇਜਿਆ ਜਾਂਦਾ ਸੀ, ਜਿਥੋਂ ਉਹਦੇ ਪੱਕੇ ਤਵੇ ਬਣ ਕੇ ਆਉਂਦੇ ਸਨ। ਗਾਇਕ ਵਲੋਂ ਆਪਣਾ ਨਾਂ ਤਵਿਆਂ ਉਤੇ ਲੇਬਲ ਲਾਉਣ ਵਾਲਿਆਂ ਦੀ ਸਹੂਲਤ ਲਈ ਬੋਲਿਆ ਜਾਂਦਾ ਸੀ ਤਾਂ ਜੋ ਉਹ ਕਿਸੇ ਹੋਰ ਦੇ ਤਵੇ ਉਤੇ ਕਿਸੇ ਹੋਰ ਦਾ ਲੇਬਲ ਹੀ ਨਾ ਲਾ ਦੇਣ।

ਇਥੇ ਇਕ ਭਰਮ-ਭੁਲੇਖਾ ਸਾਫ ਕਰਨਾ ਵੀ ਜ਼ਰੂਰੀ ਹੈ। ਆਮ ਲੋਕ ਤਵਾਇਫਾਂ ਭਾਵ ਬਾਈਆਂ ਤੇ ਜਾਨਾਂ ਨੂੰ ਵੀ ਦੇਹ-ਵਪਾਰੀ ਔਰਤਾਂ ਸਮਝਦੇ ਹਨ ਤੇ ਉਨ੍ਹਾਂ ਨੂੰ ਵੇਸਵਾ ਵਾਲੇ ਖਾਨੇ ਵਿਚ ਹੀ ਰਖਦੇ ਹਨ, ਪਰ ਇਹ ਗੱਲ ਸੱਚ ਤੋਂ ਬਹੁਤ ਦੂਰ ਹੈ। ਵੇਸਵਾਵਾਂ ਦੇ ਉਲਟ ਤਵਾਇਫਾਂ ਮਹਿਫਿਲ ਸਜਾ ਕੇ ਗਾਹਕਾਂ ਨੂੰ ਗਾਇਕੀ ਤੇ ਨ੍ਰਿਤ ਹੀ ਪਰੋਸਦੀਆਂ ਸਨ, ਦੇਹ ਨਹੀਂ। ਧਨਾਢ, ਰਈਸ, ਜ਼ਿਮੀਂਦਾਰ, ਇਥੋਂ ਤੱਕ ਕਿ ਰਾਜੇ-ਨਵਾਬ ਉਨ੍ਹਾਂ ਦੀ ਕਲਾ ਦੇ, ਤੇ ਕਈ ਵਾਰ ਉਨ੍ਹਾਂ ਦੇ ਵੀ ਕਦਰਦਾਨ ਹੁੰਦੇ ਸਨ। ਉਹ ਰਿਸ਼ਤਾ ਜਤੇਂਦੀਆਂ ਸਨ ਤਾਂ ਇਸ਼ਕ ਦਾ ਨਾਂ ਦੇ ਕੇ ਆਪਣੀ ਕਲਾ ਦੇ ਦੀਵਾਨੇ ਕਿਸੇ ਕਹਿੰਦੇ-ਕਹਾਉਂਦੇ ਮਾਲਦਾਰ ਨਾਲ ਤੇ ਉਹ ਵੀ ਇਕ ਸਮੇਂ ਕਿਸੇ ਇਕੋ ਨਾਲ! ਦੇਹ-ਵਪਾਰੀ ਔਰਤਾਂ ਭਾਵ ਵੇਸਵਾਵਾਂ ਦਾ ਸੰਗੀਤ ਤੇ ਨ੍ਰਿਤ ਨਾਲ ਕੋਈ ਨਾਤਾ ਨਹੀਂ ਸੀ ਹੁੰਦਾ, ਕਿਉਂਕਿ ਇਨ੍ਹਾਂ ਤੱਕ ਉਨ੍ਹਾਂ ਦੀ ਪਹੁੰਚ ਹੀ ਸੰਭਵ ਨਹੀਂ ਸੀ ਤੇ ਨਾ ਹੀ ਉਹ ਕੋਈ ਮਹਿਫਿਲ ਸਜਾਉਂਦੀਆਂ ਸਨ, ਜਿਸ ਵਿਚ ਗਾਇਕੀ ਤੇ ਨ੍ਰਿਤ ਦੀ ਲੋੜ ਪਵੇ। ਉਨ੍ਹਾਂ ਕੋਲ ਆਉਂਦੇ ਮਰਦ ਵੀ ਗੀਤ-ਸੰਗੀਤ ਸੁਣਨ ਤੇ ਨਾਚ ਦੇਖਣ ਦੀ ਇੱਛਾ ਨਾਲ ਨਹੀਂ ਸਨ ਆਉਂਦੇ।

ਇਹਦੇ ਉਲਟ ਤਵਾਇਫਾਂ ਸ਼ਾਇਰੀ, ਜ਼ਬਾਨ, ਸੰਗੀਤ ਤੇ ਨ੍ਰਿਤ ਦੀਆਂ ਚੰਗੀਆਂ ਜਾਣਕਾਰ ਤਾਂ ਹੁੰਦੀਆਂ ਹੀ ਸਨ, ਉਨ੍ਹਾਂ ਦੇ ਸੁਚੱਜ, ਸਲੀਕੇ ਤੇ ਅਦਬ-ਆਦਾਬ ਦਾ ਵੀ ਕੋਈ ਜਵਾਬ ਨਹੀਂ ਸੀ। ਇਥੋਂ ਤੱਕ ਕਿ ਆਪਣੇ ਆਪ ਨੂੰ ਵਡੇਰਾਸ਼ਾਹੀ ਦਾ ਅੰਗ ਸਮਝਣ ਵਾਲੇ ਲੋਕ ਆਪਣੇ ਬੇਟਿਆਂ ਨੂੰ ਅਦਬ-ਆਦਾਬ, ਭਾਵ ਸਾਊ-ਸ਼ਰੀਫ ਤੇ ਸਭਿਅਕ ਆਦਤਾਂ ਸਿੱਖਣ ਵਾਸਤੇ ਤਵਾਇਫਾਂ ਕੋਲ ਭੇਜਦੇ ਸਨ। ਤਵਾਇਫ ਨੂੰ ਆਮ ਕਰ ਕੇ ਬਾਈ ਕਿਹਾ



*ਗੌਹਰ ਜਾਨ ਦੀ ਇਕ ਹੋਰ ਦੁਰਲੱਭ ਤਸਵੀਰ।*

ਜਾਂਦਾ ਸੀ। ਜਦੋਂ ਕੋਈ ਬਾਈ ਆਪਣੇ ਇਨ੍ਹਾਂ ਗੁਣਾਂ ਵਿਚ ਨਿਪੁੰਨਤਾ ਨੂੰ ਜਾ ਪਹੁੰਚਦੀ ਸੀ ਤੇ ਬਹੁਤ ਪ੍ਰਸਿੱਧੀ ਪਾ ਲੈਂਦੀ ਸੀ, ਫਿਰ ਹੀ ਉਹ ਜਾਨ ਕਹਾਉਣ ਦੀ ਹੱਕਦਾਰ ਹੁੰਦੀ ਸੀ। ਗੌਹਰ ਜਾਨ ਤੇ ਉਹਦੀ ਮਾਂ ਮਲਕਾ ਜਾਨ ਤਾਂ ਕਲਕੱਤੇ ਦੀਆਂ ਨਾਮੀ ਸਮਾਜਕ ਹਸਤੀਆਂ ਵਿਚ ਗਿਣੀਆਂ ਜਾਣ ਲੱਗੀਆਂ ਸਨ। ਹੁਣ ਤਾਂ ਤਵਾਇਫਾਂ ਇਤਿਹਾਸ ਦਾ ਪੰਨਾ ਬਣ ਚੁਕੀਆਂ ਹਨ, ਪਰ ਜੇ ਕਿਸੇ ਨੇ ਤਵਾਇਫ ਦੇ ਦਰਸ਼ਨ ਕਰਨੇ ਹੋਣ ਤਾਂ ਫਿਲਮ 'ਉਮਰਾਓ ਜਾਨ' ਵਿਚ ਰੇਖਾ ਨੇ ਉਸ ਨਾਮੀ ਤਵਾਇਫ ਨੂੰ ਪਰਦੇ ਉਤੇ ਸਾਕਾਰ ਕਰਦਿਆਂ ਕਮਾਲ ਕਰ ਦਿਖਾਇਆ ਹੈ।

ਗੌਹਰ ਜਾਨ ਬਾਰੇ ਪੁਸਤਕ ਲਿਖਣ ਦਾ ਤਾਂ ਵਿਕਰਮ ਸੰਪਤ ਨੇ ਕਦੀ ਸੁਫਨੇ ਵਿਚ ਵੀ ਨਹੀਂ ਸੀ ਸੋਚਿਆ। ਉਹ ਤਾਂ ਮੈਸੂਰ ਰਿਆਸਤ ਦੇ ਰਾਜ-ਘਰਾਣੇ ਬਾਰੇ 2008 ਵਿਚ ਪ੍ਰਕਾਸ਼ਿਤ ਹੋਈ ਆਪਣੀ ਪੁਸਤਕ 'ਸਪਲੈਂਡਰਜ਼ ਆਫ ਰਾਇਲ ਮੈਸੂਰ: ਦਿ ਅਨਟੋਲਡ ਸਟੋਰੀ ਆਫ ਦਿ ਵਾਡਿਆਰਜ਼' (ਸ਼ਾਹੀ ਮੈਸੂਰ ਦਾ ਜਲੌਅ: ਵਾਡਿਆਰ ਰਾਜ-ਘਰਾਣੇ ਦੀ ਅਣਕਹੀ ਕਹਾਣੀ) ਲਈ ਮਹਿਲ ਦਾ ਲਿਖਤ-ਭੰਡਾਰ ਹੰਘਾਲਣ ਲੱਗਾ ਹੋਇਆ ਸੀ ਕਿ ਸਬੱਬੀਂ ਉਹਦੀ ਨਜ਼ਰ ਗੌਹਰ ਜਾਨ ਨਾਲ ਸਬੰਧਿਤ ਕੁਝ ਲਿਖਤਾਂ ਉਤੇ ਪੈ ਗਈ। ਗੌਹਰ ਨੇ ਆਪਣੀ ਜ਼ਿੰਦਗੀ ਦੇ ਆਖਰੀ ਡੇਢ-ਦੋ ਸਾਲ ਕਲਕੱਤੇ ਤੋਂ ਆ ਕੇ ਦਰਬਾਰੀ ਗਾਇਕਾ ਵਜੋਂ ਮੈਸੂਰ ਵਿਚ ਹੀ ਬਿਤਾਏ ਸਨ। ਕ੍ਰਿਸ਼ਨ ਰਾਜਾ ਵਾਡਿਆਰ ਚੌਥੇ ਦੇ ਸੱਦੇ ਉਤੇ ਉਹ 1928 ਵਿਚ ਮੈਸੂਰ ਪਹੁੰਚੀ ਅਤੇ 'ਦਰਬਾਰੀ ਸੰਗੀਤਕਾਰ' ਥਾਪ ਦਿੱਤੀ ਗਈ। ਡੇਢ ਕੁ ਸਾਲ ਪਿਛੋਂ ਹੀ ਉਹ ਪੂਰੀ ਹੋ ਗਈ।

ਵਿਕਰਮ ਨੇ ਉਚੀ ਪੜ੍ਹਾਈ ਤਾਂ ਇੰਜੀਨੀਅਰੀ, ਗਣਿਤ ਤੇ ਫਾਈਨੈਂਸ ਦੀ ਕੀਤੀ ਹੋਈ ਹੈ, ਪਰ ਉਹ ਲੇਖਕ ਵੀ ਹੈ ਤੇ ਕਰਨਾਟਕ ਸੰਗੀਤ ਦਾ ਸਿਖਲਾਈ ਪ੍ਰਾਪਤ ਗਾਇਕ ਵੀ। ਇਸੇ ਕਰਕੇ ਗੌਹਰ ਜਾਨ ਜਿਹੀ ਬੀਤੇ ਕੱਲ੍ਹ ਦੀ ਪ੍ਰਮੁੱਖ ਗਾਇਕਾ ਦੇ ਜ਼ਿਕਰ ਨਾਲ ਉਹਦੀ ਦਿਲਚਸਪੀ ਜਾਗਣੀ ਕੁਦਰਤੀ ਸੀ, ਖਾਸ ਕਰਕੇ ਇਸ ਲਈ ਕਿ ਉਹਨੂੰ ਰਿਕਾਰਡਾਂ ਦੀ ਪਹਿਲੀ ਗਾਇਕਾ ਵਜੋਂ ਜਾਣਿਆ ਜਾਂਦਾ ਸੀ। ਇਹ ਗੱਲ ਧਿਆਨ ਵਿਚ ਰਖਦਿਆਂ ਵਿਕਰਮ ਦੀ ਮਿਹਨਤ ਹੋਰ ਵੀ ਕਦਰਯੋਗ ਹੈ ਕਿ ਕਰਨਾਟਕ ਸੰਗੀਤ ਦਾ, ਜਿਸ ਦੀ ਉਹਨੇ ਸਿੱਖਿਆ ਲਈ, ਉਤਰੀ ਭਾਰਤੀ ਕਲਾਸੀਕਲ ਸੰਗੀਤ ਦੀਆਂ ਪਰੰਪਰਾਵਾਂ ਨਾਲ ਕੁਝ ਵੀ ਸਾਂਝਾ ਨਹੀਂ।

ਉਹਨੇ ਮੈਸੂਰ ਰਾਜ-ਘਰਾਣੇ ਵਾਲੀ ਪੁਸਤਕ ਪਿਛੋਂ ਕਰਨਾਟਕ ਸੰਗੀਤ ਦੇ ਉਦੈ ਤੇ ਵਿਕਾਸ ਦੇ ਇਤਿਹਾਸਕ ਪੱਖ ਬਾਰੇ ਪੁਸਤਕ ਲਿਖਣ ਦੀ ਵਿਉਂਤ ਬਣਾਈ ਹੋਈ ਸੀ। ਉਹ ਕਹਿੰਦਾ ਹੈ, ਵਿਚ-ਵਿਚਾਲੇ ਗੌਹਰ ਜਾਨ ਨੇ ਆ ਕੇ ਮੇਰਾ ਧਿਆਨ 'ਹਾਈਜੈਕ' ਕਰ ਲਿਆ। ਉਹ ਪੁਸਤਕ ਵਿਚ ਲਿਖਦਾ ਹੈ, ਗੌਹਰ ਜਾਨ ਬਾਰੇ ਪੁਸਤਕ ਲਿਖਣ ਦੀ "ਇਸ ਲੰਮੀ ਤੇ ਦਿਲਚਸਪ ਯਾਤਰਾ ਦੌਰਾਨ ਮਾਤਾ-ਪਿਤਾ ਮੇਰੇ ਇਸ ਜਨੂਨ ਦੇ ਖਾਮੋਸ਼ ਦਰਸ਼ਕ ਬਣੇ ਰਹੇ।... ਸ਼ਾਇਦ ਕੋਈ ਵੀ ਮਾਂ ਨਹੀਂ ਹੋਵੇਗੀ, ਜੋ ਆਪਣੇ ਨੌਜਵਾਨ ਤੇ ਕੰਵਾਰੇ ਪੁੱਤਰ ਦਾ ਇਕ ਤਵਾਇਫ ਲਈ ਅਜਿਹਾ ਖਬਤ ਦੇਖ ਕੇ ਸਹਿਜ ਮਹਿਸੂਸ ਕਰੇ!" ਗੌਹਰ ਜਾਨ ਨਾਲ ਸਬੰਧਿਤ ਇਕ ਇਕ ਜਾਣਕਾਰੀ, ਇਕ ਇਕ ਚੀਜ਼ ਹਾਸਲ ਕਰਨ ਦੇ ਵਿਕਰਮ ਦੇ ਸਿਰੜ ਨੇ ਉਸ ਦੇ ਗਾਏ 25 ਖਿਆਲ, ਠੁਮਰੀਆਂ ਤੇ ਦਾਦਰੇ ਉਹਦਾ ਹਾਸਲ ਬਣਾ ਦਿੱਤੇ। ਉਨ੍ਹਾਂ ਨੂੰ ਆਪਣੇ ਤੱਕ ਰੱਖਣ ਦੀ ਥਾਂ ਉਹਨੇ ਸੀ. ਡੀ. ਬਣਾ ਕੇ ਪੁਸਤਕ ਵਿਚ ਟਾਂਕਣ ਦਾ ਸੁਚੱਜਾ ਕੰਮ ਕਰ ਦਿੱਤਾ। ਹੁਣ ਤਾਂ ਪ੍ਰਸ਼ੰਸਕਾਂ ਦੇ ਸਾਂਝੇ ਹੋਏ ਉਹਦੇ ਕੋਈ ਡੇਢ ਸੌ ਤਵੇ ਸਾਹਮਣੇ ਆ ਚੁਕੇ ਦੱਸੇ ਜਾਂਦੇ ਹਨ।

ਆਪਣੇ ਮੈਨੇਜਰ ਨਾਲ ਰਹਿਣ ਲੱਗਣਾ ਉਹਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗਲਤੀ ਮੰਨਿਆ ਜਾਂਦਾ ਹੈ। ਉਹਨੇ ਲੁੱਟ-ਪੱਟ ਕੇ ਗੌਹਰ ਜਾਨ ਨੂੰ ਬਰਬਾਦ ਕਰ ਦਿੱਤਾ। ਇਸੇ ਕਰਕੇ ਉਹਦੇ ਜੀਵਨੀ-ਲੇਖਕ ਵਿਕਰਮ ਸੰਪਤ ਨੂੰ ਮੈਸੂਰ ਦੇ ਰਾਜ-ਮਹਿਲ ਦੇ ਕਾਗਜ਼ ਫਰੋਲਦਿਆਂ ਰਾਜੇ ਦੇ ਨਾਂ ਲਿਖੀਆਂ ਹੋਈਆਂ ਉਹਦੀਆਂ ਮਾਸਕ ਰਕਮ ਵਧਾਉਣ ਦੀਆਂ ਕਈ ਅਰਜ਼ੀਆਂ ਮਿਲੀਆਂ। ਆਖਰ ਉਹ ਡਿਪਰੈਸ਼ਨ ਦੀ ਸ਼ਿਕਾਰ ਹੋ ਗਈ। ਉਹਦੀ ਸਿਹਤ ਤੇਜ਼ੀ ਨਾਲ ਡਿੱਗਣ ਲੱਗੀ। ਮੈਸੂਰ ਦੇ ਹਸਪਤਾਲ ਵਿਚ 17 ਜਨਵਰੀ 1930 ਨੂੰ 57 ਸਾਲ ਦੀ ਉਮਰ ਵਿਚ ਜਦੋਂ ਉਹਦਾ ਅੰਤ ਹੋਇਆ, ਉਥੇ ਸਿਰਫ ਉਹਦੀ ਸੇਵਿਕਾ ਤੇ ਇਕ ਹੋਰ ਨੌਕਰ ਹੀ ਹਾਜ਼ਰ ਸਨ। ਵਿਕਰਮ ਸੰਪਤ ਦਾ ਕਹਿਣਾ ਹੈ ਕਿ ਉਹਦੀ ਕਬਰ ਦਾ ਕੋਈ ਥਹੁ-ਪਤਾ ਨਹੀਂ ਲਗਦਾ। ਇਹ ਜਾਣਕਾਰੀ ਵੀ ਨਹੀਂ ਮਿਲਦੀ ਕਿ ਉਹਨੂੰ ਮੈਸੂਰ ਵਿਚ ਦਫਨਾਇਆ ਗਿਆ ਜਾਂ ਉਹਦੇ ਘਰ ਵਾਲੇ ਸ਼ਹਿਰ ਕਲਕੱਤੇ ਲਿਜਾਇਆ ਗਿਆ! ਉਹਦੀ ਔਲਾਦ ਬਾਰੇ ਵੀ ਕਿਸੇ ਨੂੰ ਕੋਈ ਜਾਣਕਾਰੀ ਨਹੀਂ, ਭਾਵੇਂ ਲੋਇਲਾ ਜਾਨ ਨਾਂ ਦੀ ਉਹਦੀ ਇਕ ਧੀ ਦਾ ਜ਼ਿਕਰ ਉਹਦੇ ਕੁਝ ਨੇੜਲਿਆਂ ਨੇ ਆਪਣੀਆਂ ਲਿਖਤਾਂ ਵਿਚ ਕੀਤਾ ਹੋਇਆ ਹੈ।

2011 ਵਿਚ ਭੱਦਰ ਬਾਸੂ ਨੇ ਗੌਹਰ ਜਾਨ ਦੀ ਜੀਵਨ-ਕਹਾਣੀ ਲੈ ਕੇ ਨਾਟਕ 'ਜਾਨ-ਏ-ਕਲਕੱਤਾ' ਪੇਸ਼ ਕੀਤਾ। 2016 ਵਿਚ ਪ੍ਰਸਿੱਧ ਰੰਗਕਰਮੀ ਲਿਲਿਟ ਦੂਬੇ ਨੇ ਮਹੇਸ਼ ਦੱਤਾਨੀ ਦਾ ਲਿਖਿਆ ਨਾਟਕ 'ਗੌਹਰ' ਨਿਰਦੇਸ਼ਿਤ ਕੀਤਾ। ਉਹਦੀ 145ਵੀਂ ਵਰ੍ਹੇਗੰਢ, 26 ਜੂਨ 2018 ਨੂੰ ਗੂਗਲ ਨੇ ਡੂਡਲ ਰਾਹੀਂ ਉਹਨੂੰ ਸਤਿਕਾਰ ਭੇਟ ਕੀਤਾ ਅਤੇ ਲਿਖਿਆ, "ਗੌਹਰ ਜਾਨ, ਜੋ 20ਵੀਂ ਸਦੀ ਦੀ ਸ਼ੁਰੂਆਤ ਸਮੇਂ ਸਾਹਮਣੇ ਆਈ ਅਤੇ ਆਪਣੀ ਗਾਇਕੀ ਤੇ ਨ੍ਰਿਤ ਸਦਕਾ ਹਰਮਨਪਿਆਰੀ ਬਣੀ। ਉਹ ਇਸ ਭਾਰਤੀ ਕਲਾ ਦਾ ਭਵਿਖ ਮਿਥਦੀ ਰਹੇਗੀ।" ਹੁਣ ਪ੍ਰਸਿੱਧ ਫਿਲਮ ਨਿਰਮਾਤਾ, ਨਿਰਦੇਸ਼ਕ, ਲੇਖਕ ਤੇ ਐਕਟਰ ਆਸ਼ੂਤੋਸ਼ ਗੋਵਰੀਕਰ ਉਸ ਦੀ ਜੀਵਨ-ਕਹਾਣੀ ਨੂੰ ਫਿਲਮ 'ਚ ਢਾਲਣ ਦੀ ਵਿਉਂਤ ਬਣਾ ਰਿਹਾ ਹੈ।

# ਬਾਤ ਕਰਾਮਾਤ ਹੈ

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਬਾਤਚੀਤ ਦੇ ਢੰਗ ਦੀ ਮਹਿਮਾ ਇਸ ਤਰ੍ਹਾਂ ਕਰਦੇ ਹਨ:

ਬਾਤ ਸਾਧਧਾ ਅਹੋ ਕਰਾਮਾਤੈ।  
ਪਰ ਜੇ ਜਾਣੈ ਕਰਿ ਕੋਊ ਭਾਂਤੈ।  
ਬਾਤ ਮੋਮ ਪਹਾਨ ਕੋ ਕਰਿ ਹੈ।  
ਕੂਰ ਭਈ ਕਰਿ ਸਾਚ ਦਿਖਤ ਹੈ।  
ਬਾਤ ਸਤ੍ਰ ਕੋ ਮਿਤ੍ਰ ਕਰੈ ਹੈ।  
ਮਨ ਤਨ ਧਨ ਬਾਤਨ ਸੋਂ ਲੈ ਹੈ।  
ਬੇਸਯਾ ਬਾਤਨ ਹੀ ਮੇ ਮੋਹੈ।  
ਲਾਜ ਧਰਮ ਧਨ ਸਭਿ ਹੀ ਖੋਹੈ।

ਸਟੇਜ 'ਤੇ ਉਹ ਨਿਧੜਕ ਬੋਲ ਸਕਦਾ ਹੈ, ਜੋ ਸੱਚਾ ਹੋਵੇ। ਝੂਠੇ ਦੇ ਪੈਰ ਨਹੀਂ ਹੁੰਦੇ। ਭੈੜੇ ਚਾਲ ਚਲਨ ਵਾਲੇ ਜੇ ਸਟੇਜ ਤੋਂ ਸਿਖਿਆ ਦੇਣ ਤਾਂ ਲੋਕ ਉਨ੍ਹਾਂ 'ਤੇ ਹੱਸਦੇ ਹਨ।

ਜੇ ਕੋਈ ਚੰਗਾ ਬੁਲਾਰਾ ਨਾ ਵੀ ਹੋਵੇ,



ਵਾਸਦੇਵ ਸਿੰਘ ਪਰਹਾਰ  
ਫੋਨ: 206-434-1155

ਪਰ ਸੱਚਾ ਹੋਵੇ, ਲੋਕ ਉਸ ਦੀ ਆਵਾਜ਼ ਸੁਣਨ ਨੂੰ ਤਿਆਰ ਹੋ ਜਾਂਦੇ ਹਨ। ਜੇ ਕਿਸੇ ਨੂੰ ਸਟੇਜ 'ਤੇ ਬੋਲਣ ਦੀ ਸਿਖਿਆ ਦੇਣੀ ਹੋਵੇ, ਤੇ ਉਹ ਸ਼ਰਮੀਲੇ ਸੁਭਾਅ ਦਾ ਹੋਵੇ ਤਾਂ ਤੁਸੀਂ ਉਸ ਦੇ ਇਕ ਥੱਪੜ ਬਿਨਾ ਕਾਰਨ ਮਾਰ ਦਿਓ, ਦੇਖੋ ਉਹ ਤੁਹਾਨੂੰ ਗਾਲ੍ਹਾਂ ਕਿਸ ਰਵਾਨੀ ਨਾਲ ਕੱਢਦਾ ਹੈ। ਇਹ ਗਾਲ੍ਹਾਂ ਉਸ ਦੇ ਦਿਲ ਦੀ ਆਵਾਜ਼ ਹੈ। ਸੋ ਬੁਲਾਰੇ ਦੇ ਦਿਲ ਦੀ ਆਵਾਜ਼ ਕੱਢਣ ਲਈ ਉਸ ਨੂੰ ਕੋਈ ਡਰ ਨਹੀਂ ਹੁੰਦਾ, ਕੋਈ ਝਿਜਕ ਨਹੀਂ ਹੁੰਦੀ ਕਿ ਉਸ ਨੂੰ ਕਿੰਨੇ ਕੁ ਆਦਮੀ ਸੁਣ ਰਹੇ ਹਨ। ਉਸ ਦੀ ਸਭ ਝਿਜਕ, ਡਰ ਤੇ ਸ਼ਰਮ ਖਤਮ ਹੋ ਜਾਂਦੀ ਹੈ।

ਕਈ ਵਾਰੀ ਬੁਲਾਰਿਆਂ ਨੂੰ ਉਨ੍ਹਾਂ ਦੀ ਨਾ ਬੋਲਣ ਦੀ ਇੱਛਾ ਹੋਣ ਦੇ ਬਾਵਜੂਦ ਬੋਲਣਾ ਪੈਂਦਾ ਹੈ। ਅਜਿਹੇ ਮੌਕੇ ਇਹ ਤੁਕ ਪੜ੍ਹਨੀ ਬਣਦੀ ਹੈ:

ਜੇ ਬੋਲਾਂ ਮਾਰੀ ਜਾਏ।  
ਨਾ ਬੋਲਾਂ ਬਾਪ ਕੁੱਤਾ ਖਾਏ।

ਇਕ ਕਹਾਣੀ ਹੈ ਕਿ ਸ਼ਿਕਾਰੀ ਨੇ ਕੋਈ ਜੀਵ ਮਾਰ ਕੇ ਘਰ ਲਿਆਂਦਾ ਤੇ ਆਪਣੀ ਪਤਨੀ ਨੂੰ ਬਣਾਉਣ ਲਈ ਦਿੱਤਾ। ਉਹ ਬੰਦਾ ਬੜੇ ਕੁਰੱਖਤ ਸੁਭਾਅ ਦਾ ਸੀ ਤੇ ਮਾੜੀ-ਮਾੜੀ ਗੱਲ 'ਤੇ ਪਤਨੀ ਨੂੰ ਮਾਰਦਾ-ਕੁਟਦਾ ਰਹਿੰਦਾ ਸੀ। ਉਹ ਮਾਸ ਉਸ ਔਰਤ ਨੇ ਸਾਫ ਕਰਕੇ ਥਾਲੀ ਵਿਚ ਰੱਖਿਆ ਅਤੇ ਪਿਆਜ਼, ਅਦਰਕ ਵਗੈਰਾ ਚੀਰ ਰਹੀ ਸੀ। ਉਸ ਦਾ ਧਿਆਨ ਕਿਸੇ ਹੋਰ ਪਾਸੇ ਹੋਇਆ ਤਾਂ ਕੁੱਤਾ ਮਾਸ ਖਾ ਗਿਆ। ਜਨਾਨੀ ਨੂੰ ਆਪਣੇ ਪਤੀ ਦੀ ਮਾਰ ਦਾ ਡਰ ਸੀ ਤੇ ਉਸ ਨੇ ਕੁਹਾੜੀ ਮਾਰ ਕੇ ਉਹੀ ਕੁੱਤਾ ਮਾਰ ਕੇ ਉਸ ਦਾ ਮਾਸ ਹੀ ਰਿੰਨ੍ਹ ਲਿਆ। ਉਸ ਦਾ ਪੰਜ ਕੁ ਸਾਲ ਦਾ ਲੜਕਾ ਇਹ ਸਭ ਕੁਝ ਦੇਖਦਾ ਰਿਹਾ। ਸ਼ਾਮ ਨੂੰ ਸ਼ਿਕਾਰੀ ਘਰ ਆਇਆ ਤਾਂ ਉਸ ਦੀ ਪਤਨੀ ਨੇ ਕੁੱਤੇ ਦਾ ਮਾਸ ਉਸ ਅੱਗੇ ਰੱਖ ਦਿੱਤਾ। ਉਸ ਬੱਚੇ, ਜਿਸ ਨੇ ਇਹ ਸਾਰਾ ਦ੍ਰਿਸ਼ ਦੇਖਿਆ ਸੀ, ਦੇ ਦਿਲ ਦੀ ਆਵਾਜ਼ ਬਾਰੇ ਕਿਸੇ ਨੇ ਠੀਕ ਹੀ ਲਿਖਿਆ ਹੈ:

ਜੇ ਬੋਲਾਂ ਮਾਂ ਮਾਰੀ ਜਾਏ।  
ਨਾ ਬੋਲਾਂ ਬਾਪ ਕੁੱਤਾ ਖਾਏ।

ਇਸੇ ਤਰ੍ਹਾਂ ਇਕ ਹੋਰ ਕਹਾਣੀ ਹੈ ਕਿ ਕਿਸੇ ਜੰਗਲ ਵਿਚ ਸ਼ੇਰ ਅਤੇ ਸ਼ੇਰਨੀ ਰਹਿੰਦੇ ਸਨ। ਸ਼ੇਰ ਆਖੇ ਕਿ ਪਾਲਾ ਪੋਹ ਮਹੀਨੇ ਵੱਧ ਹੁੰਦਾ ਹੈ, ਸ਼ੇਰਨੀ ਆਖੇ ਕਿ ਮਾਘ ਮਹੀਨੇ ਪਾਲਾ ਵੱਧ ਹੁੰਦਾ ਹੈ। ਦੋਹਾਂ ਨੇ ਫੈਸਲਾ ਕੀਤਾ ਕਿ ਚਲੋ ਗਿੱਦੜ ਤੋਂ ਫੈਸਲਾ ਕਰਵਾ ਲਈਏ ਕਿ ਪਾਲਾ ਕਿਸ ਮਹੀਨੇ ਵੱਧ ਹੁੰਦਾ ਹੈ। ਜਾਨਵਰਾਂ ਵਿਚੋਂ ਗਿੱਦੜ ਡਰਪੋਕ ਤਾਂ ਹੈ, ਪਰ ਚਲਾਕ ਬਹੁਤ ਹੈ। ਜਦੋਂ ਉਸ ਕੋਲੋਂ ਪੁੱਛਿਆ ਗਿਆ ਤਾਂ ਉਹ ਸੋਚੀਂ ਪੈ ਗਿਆ ਕਿ ਜੇ ਮੈਂ ਦੋਹਾਂ ਵਿਚੋਂ ਕਿਸੇ ਦੀ ਵੀ ਗੱਲ ਰੱਦ ਕੀਤੀ ਤਾਂ ਮੇਰੀ ਜਾਨ ਦੀ ਖੈਰ ਨਹੀਂ। ਉਸ ਨੇ ਬਹੁਤ ਸੋਚ-ਵਿਚਾਰ ਕੇ ਕਿਹਾ,

ਪਾਲਾ ਨਾ ਪੋਹ ਹੋਏ ਨਾ ਮਾਘ ਹੋਏ।  
ਪਾਲਾ ਪੌਣ ਵਗੀ 'ਤੇ ਹੋਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਮਰਹੂਮ ਗੁਰਚਰਨ ਸਿੰਘ ਟੌਹੜਾ ਦਾ ਇਕ ਚੇਲਾ ਬੀਰ ਦਵਿੰਦਰ ਸਰਹਿੰਦ ਵਾਲਾ ਉਨ੍ਹਾਂ ਦਾ ਗੜਵਈ ਰਿਹਾ। ਇਹ ਬਹੁਤ ਚੁਸਤ ਅਤੇ ਸਿਆਸੀ ਪੈਂਤੜੇਬਾਜ਼ ਹੈ। ਸੱਤਾ ਖਾਤਿਰ ਗਿਆਨੀ ਜ਼ੈਲ ਸਿੰਘ ਦੀ ਛਤਰੀ 'ਤੇ ਜਾ ਬੈਠਾ। ਇਕ ਚੋਣ ਜਲਸੇ ਵਿਚ ਜਥੇਦਾਰ ਟੌਹੜਾ ਬਾਰੇ ਸਰੋਤਿਆਂ ਨੂੰ ਕਹਿੰਦਾ, ਜਿਹਨੇ ਪੱਟ 'ਤੇ ਮੋਰਨੀ ਪਾਈ, ਨੀ ਅੱਖ ਮੇਰੇ ਵਿਚ ਰੱਖਦਾ। ਤੁਸੀਂ ਆਪ ਹੀ ਦੱਸੋ, ਜਿਸ ਬੰਦੇ ਦੇ ਪੱਟ 'ਤੇ ਮੋਰਨੀ ਹੋਵੇ, ਉਹ ਕਿਹੋ ਜਿਹਾ ਹੋਵੇਗਾ।... ਇਹ ਗੱਲ ਬੀਰ ਦਵਿੰਦਰ ਜਾਣਦਾ ਸੀ ਕਿ ਜਥੇਦਾਰ ਟੌਹੜਾ ਨੇ ਵੀ ਜੁਆਨੀ ਵਿਚ ਜਦੋਂ ਉਹ ਸ਼ਾਇਦ ਸਿੰਘ ਨਹੀਂ ਸਜੇ ਸਨ, ਪੱਟ 'ਤੇ ਮੋਰਨੀ ਪੁਆ ਲਈ ਹੋਵੇ, ਜਿਸ ਤਰ੍ਹਾਂ ਉਸ ਸਮੇਂ ਦੇ ਆਮ ਸ਼ੁਕੀਨ ਗੱਭਰੂ ਕਰਦੇ ਸਨ, ਪਰ ਦੇਖੋ ਇਕ ਬੋਲੀ ਦਾ ਸਰੋਤਿਆਂ 'ਤੇ ਕੀ ਅਸਰ ਹੋਇਆ ਹੋਵੇਗਾ ਤੇ ਅਖਬਾਰ ਵਾਲਿਆਂ ਨੇ ਜੇ ਇਹ ਖਬਰ ਨਾ ਵੀ ਲਾਉਣੀ ਸੀ, ਪਰ ਪੜ੍ਹਨ ਵਾਲਿਆਂ ਦੀ ਦਿਲਚਸਪੀ ਲਈ ਲਾ ਦਿੱਤੀ।

ਬੀਬੀ ਜਾਗੀਰ ਕੌਰ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਥਾਪ ਦਿੱਤਾ। ਬੀਬੀ ਨੂੰ ਤਾਂ ਪਰ ਨਿਕਲ ਆਏ। ਬੜੀਆਂ ਧੂੰਆਂਧਾਰ ਤਕਰੀਰਾਂ ਕਰੇ ਕਿ ਜਥੇਦਾਰ ਟੌਹੜਾ ਨੇ ਆਹ ਹੇਰਾ-ਫੇਰੀ ਕੀਤੀ, ਅਹੁ ਘੁਟਾਲਾ ਕੀਤਾ ਹੈ, ਉਨ੍ਹਾਂ ਵਿਰੁਧ ਫੌਜਦਾਰੀ ਮੁਕੱਦਮਾ ਦਰਜ ਕਰਵਾਇਆ ਜਾਵੇਗਾ। ਜਵਾਬ ਵਿਚ ਜਥੇਦਾਰ ਟੌਹੜਾ ਨੇ ਇਕ ਜਲਸੇ ਵਿਚ ਬੋਲੀ ਸੁਣਾਈ,

ਚੁੱਕੀ ਹੋਈ ਲੰਬੜਾਂ ਦੀ  
ਠਾਣੇਦਾਰ ਦੇ ਬਰਾਬਰ ਬੋਲੇ।

ਇਹ ਬੋਲੀ ਸੁਣ ਕੇ ਸਰੋਤਿਆਂ ਨੇ ਤਾੜੀਆਂ ਵਜਾ ਦਿੱਤੀਆਂ। ਅਖਬਾਰ 'ਚ ਖਬਰ ਪੜ੍ਹ ਕੇ ਮੇਰਾ ਇਕ ਦੋਸਤ ਕਹਿਣ ਲੱਗਾ, ਜਥੇਦਾਰ ਟੌਹੜਾ ਨੂੰ ਇਸ ਬੋਲੀ ਦੀ ਥਾਂ ਇਹ ਚੋਟ ਲਾਉਣੀ ਚਾਹੀਦੀ ਸੀ,

ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ,  
ਤੇਰੇ 'ਚ ਤੇਰਾ ਯਾਰ ਬੋਲਦਾ।

ਇਨ੍ਹਾਂ ਮਿਸਾਲਾਂ ਤੋਂ ਦੇਖਿਆ ਜਾ ਸਕਦਾ ਹੈ ਕਿ ਬੁਲਾਰੇ ਲਈ ਉਚੀ-ਉਚੀ ਬਾਹਾਂ ਉਲਾਰ ਕੇ ਦੇਸ਼ ਦੀ ਏਕਤਾ ਔਰ ਅਖੰਡਤਾ ਦਾ ਵਾਸਤਾ ਪਾਉਣ ਨਾਲੋਂ ਸਾਡੀ ਆਪਣੀ ਜ਼ੁਬਾਨ ਤੋਂ ਠੀਕ ਸਮੇਂ, ਠੀਕ ਜਗ੍ਹਾ ਸੁਣਾਈਆਂ ਬੋਲੀਆਂ ਦਾ ਸਰੋਤਿਆਂ 'ਤੇ ਕਿੰਨਾ ਅਸਰ ਹੁੰਦਾ ਹੈ।

ਪ੍ਰਤਾਪ ਸਿੰਘ ਕੈਰੋਂ ਜਦੋਂ ਪੰਜਾਬ ਦਾ ਮੁਖ ਮੰਤਰੀ ਸੀ, ਉਸ ਨੂੰ ਇਕ ਜਲਸੇ ਵਿਚ ਇਹ ਅਖਾਣ ਵਰਤਦਿਆਂ ਤਾਂ ਮੈਂ ਆਪ ਸੁਣਿਆ ਹੋਇਆ ਹੈ, "ਜੱਟ ਤਾਂ ਸੁਹਾਗੇ 'ਤੇ ਚੜ੍ਹਿਆ ਨ੍ਹੀਂ ਮਾਣ ਹੁੰਦਾ, ਮੈਂ ਤਾਂ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਾ ਹਾਂ।"

ਚੋਣ ਪ੍ਰਚਾਰ ਦੇ ਦਿਨਾਂ ਵਿਚ ਸਿਆਸੀ ਲੀਡਰਾਂ ਅਤੇ ਵਰਕਰਾਂ ਨੂੰ ਥਾਂ-ਥਾਂ ਭਾਸ਼ਣ ਕਰਨੇ ਪੈਂਦੇ ਹਨ। ਉਨ੍ਹਾਂ ਭਾਸ਼ਣਾਂ ਵਿਚ ਉਨ੍ਹਾਂ ਆਪਣੀ ਵਿਰੋਧੀ ਪਾਰਟੀ ਦੀ ਹਰ ਤਰ੍ਹਾਂ ਨੁਕਤਾਚੀਨੀ ਕਰਨੀ ਹੁੰਦੀ ਹੈ। ਜੇ ਕੁਝ ਸ਼ਿਅਰਾਂ ਜਾਂ ਬੋਲੀਆਂ ਦੀ ਢੁਕਵੀਂ ਵਰਤੋਂ ਕੀਤੀ ਜਾਵੇ ਤਾਂ ਸਰੋਤੇ ਕੀਲੇ ਜਾਂਦੇ ਹਨ। ਜਿਹੜੇ ਬੈਠੇ-ਬੈਠੇ ਉਕਤਾ ਗਏ ਹੋਣ, ਉਹ ਵੀ ਉਠ ਕੇ ਜਾਣ ਦੀ ਥਾਂ ਬੈਠੇ ਸੁਣਦੇ ਰਹਿੰਦੇ ਹਨ,

ਖੁਦਾ ਬਚਾਏ ਦੇਸ਼ ਕੋ ਗੰਦੀ ਸਿਆਸਤ ਸੇ,  
ਸ਼ਰਾਬੀ ਦੇਵਰੋਂ ਕੇ ਬੀਚ ਭਰਜਾਈ ਬੈਠੀ ਹੈ।

## ਚਲਦੇ-ਚਲਦੇ

ਭਾਰਤ ਵਿਚ ਪਾਰਟੀਆਂ ਦੀ ਮਿਲੀ-ਜੁਲੀ ਸਰਕਾਰ ਬਣਦੀ ਹੈ। ਵੱਡੀ ਪਾਰਟੀ ਵਾਲੇ ਜੋ ਕੇਵਲ ਆਪਣੀ ਇਕੱਲੀ ਪਾਰਟੀ ਦੀ ਸਰਕਾਰ ਬਣਾਉਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਦੇ ਇਕ ਲੀਡਰ ਨੇ ਕਿਸੇ ਚੋਣ ਜਲਸੇ ਵਿਚ ਇਹ ਕਹਾਣੀ ਸੁਣਾਈ,

ਪੁਰਾਣੇ ਸਮੇਂ ਵਿਚ ਇਕ ਸਿਆਣੇ ਆਦਮੀ ਨੇ ਦਰਿਆ ਪਾਰ ਕਰਨ ਲਈ ਬੇੜੀ 'ਤੇ ਚੜ੍ਹਨਾ ਸੀ, ਪਰ ਜੋ ਬੇੜੀ ਤਿਆਰ ਖੜ੍ਹੀ ਸੀ, ਉਸ ਵਿਚ ਇਕ ਅੰਨ੍ਹਾ ਡੰਗੋਰੀ ਫੜੀ, ਇਕ ਮਦਾਰੀ ਆਪਣੇ ਬਾਂਦਰ ਸਮੇਤ ਅਤੇ ਇਕ ਊਠ ਵੀ ਵਿਚਕਾਰ ਬੇੜੀ ਵਿਚ ਖੜ੍ਹਾ ਸੀ। ਸਰਸਰੀ ਨਿਗ੍ਹਾ ਬੇੜੀ ਦੇ ਮੁਸਾਫਰਾਂ 'ਤੇ ਮਾਰ ਕੇ ਸਿਆਣਾ ਮੁਸਾਫਿਰ ਬੇੜੀ ਵਿਚ ਨਾ ਚੜ੍ਹਿਆ। ਮਲਾਹਾਂ ਨੇ ਕਿਹਾ, "ਆ ਜਾਹ ਭਾਈ, ਆ ਜਾਹ।"

ਸਿਆਣੇ ਮੁਸਾਫਿਰ ਨੇ ਕਿਹਾ, "ਮੈਨੂੰ ਲਗਦਾ ਏ ਤੁਹਾਡੀ ਬੇੜੀ ਡੁੱਬ ਜਾਣੀ ਏ।" ਉਸ ਦਾ ਜਵਾਬ ਸੁਣ ਕੇ ਮਲਾਹਾਂ ਨੇ ਉਸ ਦਾ ਮਖੌਲ ਉਡਾਇਆ ਤੇ ਬੇੜੀ ਤੋਰ ਲਈ। ਥੋੜ੍ਹੀ ਦੂਰ ਹੀ ਗਏ ਸੀ ਕਿ ਅੰਨ੍ਹੇ ਦੀ ਡੰਗੋਰੀ ਅਚਾਨਕ ਬਾਂਦਰ ਦੇ ਲੱਗ ਗਈ। ਬਾਂਦਰ ਤ੍ਰਬਕ ਕੇ ਊਠ 'ਤੇ ਜਾ ਚੜ੍ਹਿਆ ਅਤੇ ਊਠ ਡਰ ਕੇ ਬੇੜੀ ਦੇ ਵਿਚਕਾਰੋਂ ਇਕ ਪਾਸੇ ਨੂੰ ਹੋ ਗਿਆ। ਇਕ ਪਾਸੇ ਜ਼ਿਆਦਾ ਭਾਰ ਪੈਣ ਨਾਲ ਬੇੜੀ ਉਲਟ ਗਈ। ਮਲਾਹ ਤੈਰ ਕੇ ਵਾਪਸ ਕੰਢੇ 'ਤੇ ਆ ਕੇ ਉਸ ਸਿਆਣੇ ਮੁਸਾਫਿਰ ਦੇ ਪੈਰੀਂ ਪੈ ਕੇ ਪੁੱਛਣ ਲੱਗਾ, "ਤੁਸੀਂ ਕਿਸ ਤਰ੍ਹਾਂ ਜਾਣ ਲਿਆ ਸੀ ਕਿ ਇਹ ਬੇੜੀ ਡੁੱਬ ਜਾਣੀ ਏ।"

ਸਿਆਣੇ ਮੁਸਾਫਿਰ ਨੇ ਕਿਹਾ, "ਇਹ ਤਾਂ ਆਮ ਸਮਝ ਵਾਲੀ ਗੱਲ ਸੀ ਕਿ ਬੇੜੀ ਵਿਚ ਮੁਸਾਫਿਰ ਕਿਸ ਤਰ੍ਹਾਂ ਦੇ ਸਨ।"

ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

# ਡਰੀਏ ਪਿੱਸੂ ਤੋਂ

ਪਿੱਸੂ ਤੇ ਇਸ ਪ੍ਰਜਾਤੀ ਦੇ ਹੋਰ ਅਨੇਕਾਂ ਕੀਟ ਥਣਧਾਰੀ ਜਾਨਵਰਾਂ ਅਤੇ ਪੰਛੀਆਂ ਜਿਵੇਂ ਕੁੱਤੇ, ਬਿੱਲੀਆਂ, ਖਰਗੋਸ਼, ਮਨੁੱਖ ਅਤੇ ਚਾਮਚੜਿੱਕ ਆਦਿ ਦੇ ਸਰੀਰ 'ਤੇ ਸਵਾਰ ਹੋ ਕੇ ਆਪਣਾ ਜੀਵਨ ਬਸਰ ਕਰਦੇ ਹਨ। ਇਹ ਪਰਜੀਵੀ ਆਪਣੇ ਸ਼ਿਕਾਰ ਜਾਨਵਰਾਂ ਦੇ ਵਾਲਾਂ ਜਾਂ ਖੰਭਾਂ ਵਿਚ ਚੁੰਬੜ ਕੇ ਉਨ੍ਹਾਂ ਦਾ ਖੂਬ ਲਹੂ ਪੀਂਦੇ ਹਨ। ਪਿੱਸੂ ਖੰਭਹੀਣ ਹੁੰਦਾ ਹੈ, ਭਾਵੇਂ 'ਮਹਾਨ ਕੋਸ਼' ਨੇ ਇਸ ਨੂੰ ਉਡਣ ਵਾਲਾ ਜੀਵ ਬਿਆਨਿਆ ਹੈ। ਇਹ ਕਰੀਬ ਤਿੰਨ ਮਿਲੀਮੀਟਰ ਲੰਬਾ ਹੁੰਦਾ ਹੈ। ਇਸ ਦਾ ਰੰਗ ਭੂਰਾ ਜਿਹਾ ਅਤੇ ਇਹ ਪਾਸਿਆਂ ਤੋਂ ਚਪਟਾ ਹੁੰਦਾ ਹੈ, ਜਿਸ ਕਰਕੇ ਇਹ ਵਾਲਾਂ ਜਾਂ ਖੰਭਾਂ ਵਿਚ ਅਛੋਪਲੇ ਹੀ ਟਪੂਸੀਆਂ ਮਾਰਦਾ ਭੱਜਿਆ ਫਿਰਦਾ ਹੈ। ਇਹ ਆਪਣੀਆਂ ਮਜ਼ਬੂਤ ਨਹੁੰਦਰਾਂ ਨਾਲ ਆਪਣੇ ਸਵਾਰ ਦੇ ਸਰੀਰ ਨੂੰ ਜਕੜ ਕੇ ਉਸ ਵਿਚੋਂ ਲਹੂ ਚੂਸਦਾ ਰਹਿੰਦਾ ਹੈ। ਇਸ ਦੀਆਂ ਪਿਛਲੀਆਂ ਲੱਤਾਂ ਕਾਫੀ ਲੰਮੀਆਂ ਹੁੰਦੀਆਂ ਹਨ, ਜਿਸ ਕਰਕੇ ਇਹ ਆਪਣੇ ਆਕਾਰ ਤੋਂ ਪੰਜਾਹ ਗੁਣਾਂ ਵੱਧ ਲੰਮੀ ਛਾਲ ਮਾਰ ਸਕਦਾ ਹੈ। ਇਸ ਨੂੰ ਬਹੁਤ ਫੁਰਤੀਲਾ ਤੇ ਆਪਣੇ ਆਕਾਰ ਦੇ ਲਿਹਾਜ ਨਾਲ ਸਭ ਤੋਂ ਲੰਮੀਆਂ ਛਾਲਾਂ ਮਾਰਨ ਵਾਲਾ ਜੀਵ ਸਮਝਿਆ ਜਾਂਦਾ ਹੈ।

ਵੱਖ ਵੱਖ ਜਾਨਵਰਾਂ ਦੇ ਸਰੀਰ ਤੇ ਚਿੰਬੜਨ ਵਾਲੇ ਪਿੱਸੂ ਵੱਖ ਵੱਖ ਗੁਣਾਂ ਵਾਲੇ ਵਸ਼ਿਸ਼ਟ ਜੀਵ ਹੋ ਸਕਦੇ ਹਨ। ਕਾਲੇ ਚੂਹਿਆਂ ਦੇ ਸਰੀਰ ਦੇ ਸ਼ਿਕਾਰੀ ਇਹ ਤੁੱਛ ਜਿਹੇ ਪਿੱਸੂ ਪਲੇਗ ਤਕ ਫੈਲਾ ਦਿੰਦੇ ਹਨ, ਕਿਉਂਕਿ ਇਹ ਖੁਦ ਪਲੇਗ ਵਾਲੇ ਬੈਕਟੀਰੀਆ ਤੋਂ ਗ੍ਰਸਤ ਹੁੰਦੇ ਹਨ। ਇਤਿਹਾਸ ਵਿਚ ਪਲੇਗ ਦੀਆਂ ਅਨੇਕਾਂ ਮਹਾਮਾਰੀਆਂ ਦਾ ਜ਼ਿਕਰ ਮਿਲਦਾ ਹੈ। 1885 ਵਿਚ ਭਾਰਤ ਅਤੇ ਚੀਨ ਵਿਚ ਪਈ ਪਲੇਗ ਦੀ ਮਹਾਮਾਰੀ ਨਾਲ ਕੋਈ ਸਵਾ ਕਰੋੜ ਲੋਕ ਮਰ ਗਏ ਸਨ। ਹਾਲ ਹੀ ਵਿਚ 1994 ਦੌਰਾਨ ਦੱਖਣੀ ਭਾਰਤ ਵਿਚ ਪਈ ਪਲੇਗ ਨਾਲ ਕੋਈ 56 ਵਿਅਕਤੀ ਮੌਤ ਦੇ ਮੂੰਹ ਪੈ ਗਏ ਸਨ।

ਪਿੱਸੂ ਦੇ ਡੰਗਣ ਨਾਲ ਪੋਸ਼ਕ ਜਾਨਵਰ ਨੂੰ ਝੈਰ ਮਹਿਸੂਸ ਹੁੰਦੀ ਹੈ, ਜਿਸ ਕਰਕੇ ਉਹ ਖਾਜ ਕਰ ਕਰ ਇਸ ਨੂੰ ਮਾਰਨ ਦੀ ਕੋਸ਼ਿਸ਼ ਕਰਦਾ ਹੈ। ਪਿੱਸੂਆਂ ਦੇ ਡੰਗੇ ਕੁੱਤੇ-ਬਿੱਲੀਆਂ ਚਿੜਚਿੜੇ ਹੋ ਜਾਂਦੇ ਹਨ, ਵਾਰ ਵਾਰ ਖਾਜ ਕਰਨ ਨਾਲ ਉਨ੍ਹਾਂ ਦੀ ਚਮੜੀ ਵੀ ਖਰਸਖਾਧੀ ਹੋ ਸਕਦੀ ਹੈ। ਨਿੱਕਾ ਜਿਹਾ ਪਿੱਸੂ ਦੇਖ ਕੇ ਬਹਾਦਰ ਤੋਂ ਬਹਾਦਰ ਆਦਮੀ ਦੇ ਵੀ ਪਸੀਨੇ ਛੁੱਟ ਜਾਂਦੇ ਹਨ। 'ਪਿੱਸੂ ਪੈਣਾ' ਮੁਹਾਵਰੇ ਤੋਂ ਪਿੱਸੂਆਂ ਕਾਰਨ ਮਨੁੱਖੀ ਮਿਜਾਜ਼ ਵਿਚ ਆਈ ਬੇਚੈਨ ਤਬਦੀਲੀ ਸਮਝ ਸਕਦੇ ਹਾਂ। ਕਸ਼ਮੀਰ ਵਿਚ ਚੰਦਨਵਾੜੀ ਤੋਂ ਅਮਰਨਾਥ ਤੱਕ ਦੀ ਯਾਤਰਾ ਦੌਰਾਨ ਰਾਹ ਵਿਚ ਇਕ ਸਿੱਧੀ ਚੜ੍ਹਾਈ ਵਾਲੀ ਔਖੀ ਘਾਟੀ ਆਉਂਦੀ ਹੈ, ਜਿਸ ਦਾ ਨਾਂ ਪਿੱਸੂ ਘਾਟੀ ਹੈ। ਕਹਿੰਦੇ ਹਨ, ਇਸ ਦਾ ਇਹ ਨਾਂ ਇਸ ਲਈ ਪਿਆ ਕਿ ਇਹ ਪਿੱਸੂ ਵਾਂਗ ਯਾਤਰੂ ਨੂੰ ਚੁੰਬੜ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਿਵ ਜੀ ਮਹਾਰਾਜ ਪਿੱਸੂ ਜਿਹੇ ਵਿਸ਼ੈਲੇ ਜੀਵਾਂ ਦਾ ਦੇਵਤਾ ਹੈ, ਜੋ ਉਸ ਦੀ ਦੇਹ ਨਾਲ ਚੁੰਬੜੇ ਰਹਿੰਦੇ ਸਨ ਤੇ ਪਿੱਸੂ ਚੋਟੀ 'ਤੇ ਆ ਕੇ ਉਨ੍ਹਾਂ ਪਿੱਸੂਆਂ ਨੂੰ ਤਿਆਗਿਆ ਸੀ।



*ਪਿੱਸੂ*



*ਸੀਲੀਅਮ ਦੇ ਬੀਜ*

ਕੁਝ ਮਗਜ਼ ਮਾਰਨ 'ਤੇ ਪਤਾ ਲੱਗਾ ਕਿ ਪਿੱਸੂ ਸ਼ਬਦ ਦੇ ਸਜਾਤੀ ਤਾਂ ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵਿਦਮਾਨ ਹਨ। ਇਸ ਦਾ ਭਾਰੋਪੀ ਮੂਲ 'Plou' ਮੰਨਿਆ ਗਿਆ ਹੈ, ਜਿਸ ਦਾ ਅਰਥ ਵੀ ਪਿੱਸੂ ਹੀ ਹੈ। ਸਲਾਵਿਕ ਭਾਸ਼ਾਵਾਂ ਵਿਚ 'ਪ' ਧੁਨੀ ਦੇ ਟਾਕਰੇ 'ਤੇ 'ਬ' ਆਉਂਦੀ ਹੈ, ਇਸ ਲਈ ਰੂਸੀ ਵਿਚ ਬਲੋਖਾ, ਬੁਲਗਾਰੀਅਨ ਵਿਚ ਬੁਲਖਾ ਅਤੇ ਬੇਲਾਰੂਸੀ ਵਿਚ ਬਲਿਚਾ ਜਿਹੇ ਸ਼ਬਦ ਬਣੇ। ਇਸ ਤੋਂ ਲਾਤੀਨੀ ਵਿਚ Pulex ਅਤੇ ਗਰੀਕ ਵਿਚ Psyllia ਸ਼ਬਦ ਬਣੇ ਹਨ। ਲਾਤੀਨੀ ਦੇ ਇਸ ਸ਼ਬਦ ਤੋਂ ਇੱਕ ਹੋਰ ਸ਼ਬਦ ਬਣਿਆ ਹੈ Pulicide, ਜੋ ਪਿੱਸੂ-ਮਾਰ ਦਵਾਈ ਲਈ ਵਰਤਿਆ ਜਾਂਦਾ ਹੈ। ਰੋਮਾਂਸ ਭਾਸ਼ਾਵਾਂ ਵਿਚ ਪਿੱਸੂ ਲਈ ਉਪਲਭਦ ਸ਼ਬਦ ਲਾਤੀਨੀ ਤੋਂ ਗਏ ਹਨ। ਮਿਸਾਲ ਵਜੋਂ ਸਪੈਨਿਸ਼ ਵਿਚ ਪੁਲਗਾ, ਰੋਮਾਨੀਅਨ ਵਿਚ ਪੁਰੀਚੈ ਅਤੇ ਫਰਾਂਸੀਸੀ ਵਿਚ ਪਿਊਸ ਹੈ। ਅਠਾਰਵੀਂ ਸਦੀ ਫਰਾਂਸ ਵਿਚ ਪਿੱਸੂ ਦੇ ਖੂਨ ਤੋਂ ਬਿਸਤਰਿਆਂ 'ਤੇ ਪੈਂਦੇ ਧੱਬਿਆਂ ਵਾਲੇ ਭੂਰਾ-ਜਾਮਨੀ ਰੰਗ ਦਾ ਬੜਾ ਰਿਵਾਜ ਪੈ ਗਿਆ ਸੀ। ਮਹਾਰਾਣੀ ਮੈਰੀ ਦਾ ਤਾਂ ਇਹ ਮਨਪਸੰਦ ਰੰਗ ਬਣ ਗਿਆ ਸੀ। ਇਸ ਲਈ ਇਸ ਰੰਗ ਦਾ ਨਾਂ ਹੀ ਪਿਊਸ ਪੈ ਗਿਆ ਸੀ। ਇਹ ਸ਼ਬਦ ਅੰਗਰੇਜ਼ੀ ਵਿਚ ਵੀ ਚਲਾ ਗਿਆ ਤੇ ਅੱਜ ਕਲ੍ਹ ਵੀ ਖੂਬ ਚਲਦਾ ਹੈ। ਅਸੀਂ ਇਸ ਨੂੰ ਪਿੱਸੂ ਰੰਗ ਕਹਿ ਸਕਦੇ ਹਾਂ। ਪਿੱਸੂ ਅਤੇ ਮਨੁੱਖ ਦਾ ਰਿਸ਼ਤਾ ਬੜਾ ਪੁਰਾਣਾ ਅਤੇ ਅਟੁੱਟ ਹੈ।

ਜਰਮੈਨਿਕ ਭਾਸ਼ਾਵਾਂ ਵਿਚ 'ਪ' ਧੁਨੀ ਦੇ ਸਮਾਨ 'ਫ' ਧੁਨੀ ਆਉਂਦੀ ਹੈ, ਜਿਸ ਦਾ ਜ਼ਿਕਰ ਕਈ ਵਾਰ ਹੋ ਚੁਕਾ ਹੈ। ਮਿਸਾਲ ਵਜੋਂ ਲਾਤੀਨੀ, ਸੰਸਕ੍ਰਿਤ ਦੇ ਕ੍ਰਮਵਾਰ ਪਾਦਰ ਅਤੇ ਪਿਤਰ ਸ਼ਬਦਾਂ ਦੇ ਟਾਕਰੇ 'ਤੇ ਜਰਮੈਨਿਕ ਭਾਸ਼ਾਵਾਂ ਵਿਚ ਫਾਦਰ ਜਿਹਾ ਸ਼ਬਦ ਆਉਂਦਾ ਹੈ। ਇਸ ਤਰ੍ਹਾਂ ਲਾਤੀਨੀ Pulex ਦੇ ਮੁਕਾਬਲੇ ਪ੍ਰਾਕ-ਜਰਮੈਨਿਕ ਵਿਚ Flauhaz ਸ਼ਬਦ ਮਿਲਦਾ ਹੈ, ਜਿਸ ਤੋਂ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਮਿਲਦੇ-ਜੁਲਦੇ ਸ਼ਬਦ ਬਣੇ। ਕੁਝ ਗਿਣ ਲਈਏ। ਪੁਰਾਣੀ ਨੋਰਸ ਵਿਚ ਇਸ ਲਈ ਸ਼ਬਦ ਹੈ, Flo; ਅਜੋਕੀਆਂ ਨੋਰਸ ਭਾਸ਼ਾਵਾਂ ਜਿਵੇਂ ਸਵੀਡਿਸ਼, ਡੈਨਿਸ਼ ਵਿਚ ਆ ਕੇ 'ਫ' ਧੁਨੀ ਅਲੋਪ ਹੋ ਗਈ ਤੇ ਸ਼ਬਦ Loppe ਜਿਹੇ ਰਹਿ ਗਏ, ਜਦ ਕਿ ਜਰਮਨ ਵਿਚ Floh ਹੈ। ਅੰਗਰੇਜ਼ੀ ਵਿਚ ਆ ਕੇ ਪਿੱਸੂ ਲਈ Flea ਸ਼ਬਦ ਪ੍ਰਚਲਿਤ ਹੋਇਆ। ਬਹੁਤ ਸਾਰੇ ਲੋਕਾਂ ਨੇ ਫਲੀਅ-ਮਾਰਕਿਟ ਦੇਖੀ ਹੋਵੇਗੀ ਤੇ ਉਥੇ ਵਿਕਦੀਆਂ ਸਸਤੀਆਂ ਸੈਕੰਡ-ਹੈਂਡ ਚੀਜ਼ਾਂ ਖਰੀਦੀਆਂ ਹੋਣਗੀਆਂ।

ਫਲੀਅ-ਮਾਰਕਿਟ ਸ਼ਬਦ ਫਰਾਂਸੀਸੀ ਉਕਤੀ Marché aux puces ਦਾ ਸਿੱਧਾ ਅਨੁਵਾਦ ਹੈ। ਅਜਿਹੀਆਂ ਮਾਰਕਿਟਾਂ ਕਿਸੇ ਵੇਲੇ ਪੈਰਿਸ ਦੇ ਬਾਜ਼ਾਰਾਂ ਵਿਚ ਲਗਦੀਆਂ ਸਨ, ਜਿਨ੍ਹਾਂ ਵਿਚ ਵਿਕਦੇ ਪੁਰਾਣੇ ਫਰਨੀਚਰ, ਗਲੀਚੇ ਆਦਿ ਪਿੱਸੂਆਂ ਨਾਲ ਭਰੇ ਹੁੰਦੇ ਸਨ। ਕਿਸੇ ਵੇਲੇ ਅਮਰੀਕਾ ਵਿਚ ਪਿਸੂਆਂ ਦੀ ਸਰਕਸ ਵੀ ਮਸ਼ਹੂਰ ਹੋ ਗਈ ਸੀ, ਜਿਸ ਨੂੰ ਫਲੀਅ ਸਰਕਸ ਕਿਹਾ ਜਾਂਦਾ ਸੀ। ਇਸ ਵਿਚ ਸਚਮੁੱਚ ਦੇ ਪਿੱਸੂਆਂ ਦੀਆਂ ਲੱਤਾਂ ਨਾਲ ਭਾਰੀ ਚੀਜ਼ਾਂ ਬੰਨ ਕੇ ਇਨ੍ਹਾਂ ਨੂੰ ਦੌੜਾਇਆ ਤੇ ਹੋਰ ਖੇਲ ਕਰਾਏ ਜਾਂਦੇ ਸਨ।

ਸਾਡਾ ਪਿੱਸੂ ਸ਼ਬਦ ਵੀ ਉਪਰੋਕਤ ਸ਼ਬਦਾਂ ਦਾ ਭਾਈਵੰਦ ਹੈ। ਇਸ ਲਈ ਸੰਸਕ੍ਰਿਤ ਸ਼ਬਦ ਪਲੁਸ਼ਿ ਹੈ। ਫਾਰਸੀ ਵਿਚ ਫਸ਼ਸ਼ਹ ਤੇ ਕਸ਼ਮੀਰੀ ਵਿਚ ਫਿਊਸ਼ ਸ਼ਬਦ ਮਿਲਦੇ ਹਨ। ਸੰਸਕ੍ਰਿਤ ਵਿਚ ਪਰੁਚਿ, ਪਰੁਸਿ, ਪਰਿਸੂ ਜਿਹੇ ਸ਼ਬਦ ਵੀ ਹਨ। ਟਰਨਰ ਦਾ ਵਿਚਾਰ ਹੈ ਕਿ ਇਸ ਸ਼ਬਦ ਦੇ ਇੰਨੇ ਰੂਪਾਂਤਰਾਂ ਦੇ ਪ੍ਰਚਲਿਤ ਹੋਣ ਦਾ ਕਾਰਨ ਇਹ ਹੈ ਕਿ ਇਸ ਜ਼ਹਿਰੀਲੇ ਕੀਟ ਦਾ ਨਾਂ ਲੈਣ ਤੋਂ ਵੀ ਲੋਕ ਡਰਦੇ ਸਨ, ਮਤਾ ਬੋਲਣ ਨਾਲ ਹੀ ਇਹ ਪ੍ਰਗਟ ਨਾ ਹੋ ਜਾਵੇ। ਇਸ ਲਈ ਉਹ ਇਸ ਨੂੰ ਵਿਗਾੜ ਕੇ ਬੋਲਣ ਲੱਗ ਪਏ। ਯਾਦ ਰਹੇ, ਇਸੇ ਡਰੋਂ ਲੋਕ ਸੱਪ ਨੂੰ ਕੀੜਾ ਜਾਂ ਬਾਬਾ ਕਹਿੰਦੇ ਹਨ। ਪ੍ਰਾਕ੍ਰਿਤ ਵਿਚ ਇਸ ਲਈ ਸ਼ਬਦ ਪਿਸੁਆ ਹੈ। ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਇਸ ਲਈ ਪਿੱਸੂ ਤੋਂ ਇਲਾਵਾ ਪਰਿਸੁ, ਪਰਿਜੁ, ਪਿਉਸੁ, ਪਰਿਊ ਜਿਹੇ ਸ਼ਬਦ ਹਨ। ਲਹਿੰਦੇ ਪਾਸੇ ਪਿਹੂ ਅਤੇ ਹਿੰਦੀ ਵਿਚ ਪੀਹੂ ਸ਼ਬਦ ਵੀ ਹਨ।

ਪਿਛਲੇ ਹਫਤੇ ਅਸੀਂ ਈਸਬਗੋਲ ਦੀ ਫੱਕ ਮਾਰੀ ਸੀ ਤਾਂ ਸਿੱਟੇ ਵਜੋਂ ਜੁਲਾਬ ਵਿਚ ਇੱਕ ਤੱਤ ਪਿੱਸੂ ਵੀ ਨਿਕਲ ਆਇਆ ਸੀ, ਪਰ ਅਸੀਂ ਇਸ ਦਾ ਜ਼ਿਕਰ ਕਰਨਾ ਮੁਨਾਸਬ ਨਹੀਂ ਸਮਝਿਆ। ਇਸ ਦਾ ਕਾਰਨ ਇਹ ਸੀ ਕਿ ਪਿੱਸੂ ਸ਼ਬਦ ਦਾ ਈਸਬਗੋਲ ਨਾਲ ਕੋਈ ਨਿਰੁਕਤਕ ਸਬੰਧ ਤਾਂ ਨਹੀਂ, ਪਰ ਕੋਈ ਸਬੰਧ ਹੈ ਜ਼ਰੂਰ। ਗੱਲ ਕੁਝ ਘੁਮਾ ਕੇ ਕਰਨੀ ਪਵੇਗੀ। ਦਰਅਸਲ ਈਸਬਗੋਲ ਲਈ ਢੁਕਦਾ ਅੰਗਰੇਜ਼ੀ ਸ਼ਬਦ ਸਿਲੀਅਮ (Psyllium) ਹੈ। ਈਸਬਗੋਲ ਤੇ ਸਿਲੀਅਮ ਵਿਚ ਫਰਕ ਸਿਰਫ ਇੰਨਾ ਹੈ ਕਿ ਈਸਬਗੋਲ ਦੇ ਬੀਜ ਚਿੱਟੇ ਰੰਗ ਦੇ ਹੁੰਦੇ ਹਨ ਤੇ ਸੀਲੀਅਮ ਦੇ ਕਾਲੇ। ਉਂਜ ਮਾਰਕਿਟ ਵਿਚ ਦੋਹਾਂ ਵਿਚਾਲੇ ਕੋਈ ਫਰਕ ਪਾਇਆ ਨਹੀਂ ਮਿਲਦਾ। ਇਸ ਨੂੰ ਅੰਗਰੇਜ਼ੀ ਵਿਚ ਸਿਲੀਅਮ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਸ ਦੇ ਬੀਜ ਪਿੱਸੂ ਵਾਂਗ ਛੋਟੇ ਜਿਹੇ ਹੁੰਦੇ ਹਨ ਤੇ ਇਨ੍ਹਾਂ ਦੀ ਸ਼ਕਲ ਵੀ ਪਿੱਸੂ ਵਾਂਗ ਅੰਡਾਕਾਰ ਹੁੰਦੀ ਹੈ, ਜਦ ਕਿ ਸਿਲੀਅਮ ਸ਼ਬਦ ਪਿੱਸੂ ਲਈ ਉਪਰ ਵਰਣਿਤ ਗਰੀਕ ਸ਼ਬਦ Psyllia ਤੋਂ ਬਣਿਆ ਹੈ।

ਗਰੀਕ ਵਿਚ ਇਹ ਸਿਲੀਅਨ ਜਿਹਾ ਤੇ ਨਵ-ਲਾਤੀਨੀ ਵਿਚ ਜਾ ਕੇ ਸਿਲੀਅਮ ਬਣਿਆ। ਅੰਗਰੇਜ਼ੀ ਨੇ ਇਹੀ ਸ਼ਬਦ ਚੁੱਕ ਲਿਆ। ਗਰੀਕ ਭਾਸ਼ਾ ਵਿਚ ps ਧੁਨੀਆਂ ਨਾਲ ਸ਼ੁਰੂ ਹੁੰਦੇ ਸ਼ਬਦਾਂ ਵਿਚ 'ਪ' ਧੁਨੀ ਬੋਲੀ ਜਾਂਦੀ ਸੀ, ਪਰ ਕਿਉਂਕਿ ਅੰਗਰੇਜ਼ੀ ਖਾਸ ਵਿਚ ਇਸ ਜੁੱਟ ਧੁਨੀ ਨਾਲ ਬਣਦੇ ਕੋਈ ਸ਼ਬਦ ਮੌਜੂਦ ਨਹੀਂ ਹਨ, ਇਸ ਲਈ ਇਸ ਭਾਸ਼ਾ ਵਿਚ 'ਪ' ਧੁਨੀ ਅਲੋਪ ਹੀ ਹੋ ਗਈ। ਇਥੇ ਇਹ ਦੱਸਣਾ ਥਾਂ-ਸਿਰ ਹੈ ਕਿ ਅੰਗਰੇਜ਼ੀ ਵਿਚ ਈਸਬਗੋਲ/ਸਿਲੀਅਮ ਲਈ ਆਪਣਾ ਸ਼ਬਦ Fleawort ਵੀ ਚਲਦਾ ਹੈ। ਇਸ ਵਿਚ ਪਿੱਸੂ ਦੇ ਅਰਥਾਂ ਵਾਲਾ ਫਲੀਅ ਸ਼ਬਦ ਸਪੱਸ਼ਟ ਝਲਕਦਾ ਹੈ, ਵਰਟ ਪਿਛੇਤਰ ਪੌਦੇ ਦਾ ਸੂਚਕ ਹੈ, ਮਤਲਬ ਬਣਿਆ ਪਿੱਸੂ-ਪੌਦਾ।

# ਮੋਹਨ ਸਿੰਘ (ਮਾਹਿਰ) ਯਾਦਗਾਰੀ ਮੇਲਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

'ਸਾਵੇ ਪੱਤਰ' ਵਾਲੇ ਪ੍ਰੋ. ਮੋਹਨ ਸਿੰਘ ਨੂੰ ਸਵਰਗ ਸਿਧਾਇਆਂ ਚਾਰ ਦਹਾਕੇ ਹੋ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ਉਨ੍ਹਾਂ ਦੇ ਮੱਦਾਹ ਜਗਦੇਵ ਸਿੰਘ ਜੱਸੋਵਾਲ ਨੇ ਲੁਧਿਆਣਾ ਵਿਖੇ ਉਨ੍ਹਾਂ ਦੀ ਯਾਦ ਵਿਚ ਸਭਿਆਚਾਰਕ ਮੇਲਾ ਮਨਾਉਣ ਦੀ ਪਿਰਤ ਪਾਈ, ਜੋ ਹੁਣ ਲੁਧਿਆਣੇ ਦੀਆਂ ਹੱਦਾਂ ਪਾਰ ਕਰਕੇ ਨਾਲ ਲਗਦੇ ਕਸਬਿਆਂ ਤੇ ਸ਼ਹਿਰਾਂ ਵਿਚ ਪ੍ਰਵੇਸ਼ ਕਰ ਚੁਕੀ ਹੈ। ਇਹ ਮੇਲਾ ਪੰਜਾਬ ਦਿਵਸ ਦੇ ਨੇੜੇ-ਤੇੜੇ ਮਨਾਇਆ



*ਪ੍ਰੋ. ਮੋਹਨ ਸਿੰਘ*

ਜਾਂਦਾ ਹੈ। ਇਸ ਵਾਰੀ ਇਸ ਦਾ ਪ੍ਰਬੰਧ ਗੁਰੂ ਹਰਿਕ੍ਰਿਸ਼ਨ ਗਰਲਜ਼ ਕਾਲਜ, ਫੱਲੇਵਾਲ ਖੁਰਦ (ਸੰਗਰੂਰ) ਨੇ ਕੀਤਾ, ਜਿੱਥੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ ਕੁਲਪਤੀ ਬੀ. ਐਸ. ਘੁੰਮਣ ਤੇ ਜੱਸੋਵਾਲ ਦਾ ਛੋਟਾ ਭਾਈ ਇੰਦਰਜੀਤ ਸਿੰਘ, ਪਰਗਟ ਸਿੰਘ ਗਰੇਵਾਲ ਤੇ ਕਈ ਹੋਰ ਬੜੇ ਉਚੇਚ ਨਾਲ ਪਹੁੰਚੇ। ਦੋ ਦਿਨ ਚੱਲੇ ਇਸ ਮੇਲੇ ਵਿਚ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਲੋਂ 'ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਵਰਤਮਾਨ' ਵਿਸ਼ੇ 'ਤੇ ਸੈਮੀਨਾਰ ਰਚਾਇਆ ਗਿਆ ਤੇ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਥੱਲੇ ਵੱਡਾ ਕਵੀ ਦਰਬਾਰ, ਜਿਸ ਵਿਚ ਜਸਵੰਤ ਢਿੱਲੋਂ (ਯੂ. ਐਸ. ਏ.), ਲਖਵਿੰਦਰ ਜੌਹਲ, ਗੁਰਭਜਨ ਗਿੱਲ, ਜਸਵੰਤ ਜ਼ਫਰ, ਗੁਰਚਰਨ ਕੌਰ ਕੋਛੜ, ਜਗਵਿੰਦਰ ਜੋਧਾ, ਸੁਸ਼ੀਲ ਦੁਸਾਂਝ ਤੇ ਹੋਰਨਾਂ ਨੇ ਕਵਿਤਾਵਾਂ ਪੇਸ਼ ਕੀਤੀਆਂ।

ਦੂਜੇ ਦਿਨ ਕਾਲਜ ਅਤੇ ਸਕੂਲ ਦੇ ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਲੋਕ ਨਾਚ, ਕਵੀਸ਼ਰੀ ਤੇ ਲੋਕ ਗੀਤਾਂ ਦੀ ਛਹਿਬਰ ਲਾਈ। ਇਸ ਮੌਕੇ ਹੰਸਾ ਸਿੰਘ ਦੀ ਢਾਡੀ ਟੋਲੀ ਹੀ ਨਹੀਂ, ਰੋਡਿਆਂ ਵਾਲੇ ਸੋਮ ਨਾਥ ਦੇ ਕਵੀਸ਼ਰੀ ਜਥੇ ਨੇ ਵੀ ਖੂਬ ਰੰਗ ਬੰਨ੍ਹਿਆ। ਇਥੇ ਹੀ ਬਸ ਨਹੀਂ, ਇਸ ਮੇਲੇ 'ਤੇ ਕੁਝ ਚੋਣਵੇਂ ਵਿਅਕਤੀਆਂ ਦਾ ਸਨਮਾਨ ਵੀ ਕੀਤਾ ਗਿਆ। ਇਹ ਸਨਮਾਨ ਭਾਈ ਮਰਦਾਨਾ, ਐਮ. ਐਸ. ਰੰਧਾਵਾ, ਅੰਮ੍ਰਿਤਾ ਪ੍ਰੀਤਮ ਜਗਦੇਵ ਸਿੰਘ ਜੱਸੋਵਾਲ ਵਰਗੇ ਮਹਾਰਥੀਆਂ ਨੂੰ ਸਮਰਪਤ ਸਨ। ਪ੍ਰਾਪਤ ਕਰਨ ਵਾਲਿਆਂ ਵਿਚ ਮੁਹੰਮਦ ਸਦੀਕ, ਬਲਬੀਰ ਮਾਧੋਪੁਰੀ, ਸਾਂਵਲ ਧਾਮੀ ਤੇ ਨਵਦੀਪ ਗਿੱਲ ਤੋਂ ਇਲਾਵਾ ਮੈਂ ਵੀ ਸਾਂ। ਇਸ ਵਾਰ ਦਾ ਮੇਲਾ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਸੀ। ਇਸ ਮੌਕੇ ਮੋਹਨ ਸਿੰਘ ਰਚਿੱਤ 'ਨਾਨਕਾਇਣ' ਦਾ ਪੰਜਾਬੀ ਯੂਨੀਵਰਸਿਟੀ ਵਲੋਂ ਪ੍ਰਕਾਸ਼ਿਤ ਨਵਾਂ ਐਡੀਸ਼ਨ ਵੀ ਜਾਰੀ ਕੀਤਾ ਗਿਆ। ਇਹ ਮੇਲਾ ਇਸ ਲੜੀ ਦਾ 41ਵਾਂ ਸੀ। ਕੁੱਲ ਮਿਲਾ ਕੇ ਬੜਾ ਸਫਲ ਰਿਹਾ, ਸਿਵਾਏ ਇਸ ਦੇ ਕਿ ਸੱਦਾ ਪੱਤਰ ਵਿਚ ਪਹੁੰਚਣ ਵਾਲੀ ਥਾਂ (ਫੱਲੇਵਾਲ ਖੁਰਦ) ਦਾ ਨਕਸ਼ਾ ਜਾਂ ਪਹੁੰਚ ਮਾਰਗ ਨਾ ਦਿੱਤਾ ਹੋਣ ਕਾਰਨ ਬਹੁਤ ਸਾਰੇ ਬੁਲਾਰੇ ਬੜੇ ਔਖੇ ਤੇ ਦੇਰੀ ਨਾਲ ਪਹੁੰਚੇ। ਪੰਜਾਬੀ ਸਭਿਆਚਾਰ ਦਾ ਦਿਲਦਾਰ ਹਰਵਿੰਦਰ ਸਿੰਘ ਹੰਸਪਾਲ ਤਾਂ ਸਮਾਪਤੀ ਸਮੇਂ ਹੀ ਪਹੁੰਚਿਆ।

**550 ਦਾ ਚਾਨਣ-ਮੇਰਾ ਵੀ ਨਾਂ ਬੋਲੇ:** ਮੇਰੇ ਦੋਖੀ ਮੈਨੂੰ ਸਾਰੀ ਉਮਰ ਇਹੀਓ ਚਿਤਾਰਦੇ ਰਹੇ ਹਨ ਕਿ ਮੇਰੀ ਵੁੱਕਤ ਨਾ ਤਿੰਨਾਂ 'ਚ ਹੈ, ਨਾ ਤੇਰਾਂ 'ਚ। ਇਹ ਕੋਈ ਝੂਠ ਨਹੀਂ ਸੀ। ਹੁਣ ਪੰਜਾਬ




ਸਰਕਾਰ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਉਤਸਵ ਦੇ ਪ੍ਰਸੰਗ ਵਿਚ ਜਿਨ੍ਹਾਂ 550 ਬੰਦਿਆਂ ਨੂੰ ਚੇਤੇ ਕੀਤਾ, ਉਨ੍ਹਾਂ 'ਚ ਮੇਰਾ ਨਾਂ ਵੀ ਬੋਲਦਾ ਹੈ। ਬਾਬੇ ਨਾਨਕ ਨੇ ਏਨਾ ਤਾਰਿਆ ਹੈ ਕਿ ਮੈਨੂੰ ਤਿੰਨਾਂ ਜਾਂ ਤੇਰਾਂ 'ਚ ਨਾ ਹੋਣਾ ਉਕਾ ਭੁੱਲ ਗਿਆ ਹੈ। ਜੇ ਕਦੀ ਯਾਦ ਵੀ ਆ ਗਿਆ ਤਾਂ ਮੈਂ ਇਸ ਦਾ ਟਾਕਰਾ ਨਵੇਂ ਚਾਨਣ ਨਾਲ ਕਰ ਸਕਦਾ ਹਾਂ।

**1984 ਦਾ ਸਿੱਖ ਕਤਲੇਆਮ ਤੇ ਮੇਰਾ ਹਮ ਉਮਰ ਮਾਮਾ:** ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਉਪਰੰਤ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਸੌ ਤੋਂ ਵਧ ਸ਼ਹਿਰਾਂ ਵਿਚ ਪੰਜ-ਸੱਤ ਹਜਾਰ ਸਿੱਖਾਂ ਦੇ ਕਤਲ ਨੂੰ 35 ਵਰ੍ਹੇ ਹੋ ਗਏ ਹਨ। ਮੇਰੀ ਮਾਂ ਦਾ ਚਚੇਰਾ ਭਰਾ ਤੇ ਮੇਰਾ ਹਾਣੀ ਮਾਮਾ ਸ਼ਮਸ਼ੇਰ ਸਿੰਘ ਉਨ੍ਹਾਂ ਵਿਚੋਂ ਇੱਕ ਸੀ। ਉਨ੍ਹੀਂ ਦਿਨੀਂ ਮੈਂ ਭਾਰਤ ਸਰਕਾਰ ਦੀ ਨੌਕਰੀ ਛੱਡ ਕੇ ਟ੍ਰਿਬਿਊਨ ਟਰਸਟ ਦੀ ਨੌਕਰੀ 'ਤੇ ਹਾਜ਼ਰ ਹੋਣ ਦੀ ਤਿਆਰੀ ਕਰ ਰਿਹਾ ਸਾਂ ਤੇ ਸ਼ਮਸ਼ੇਰ ਯਮੁਨਾ ਪਾਰ ਦੇ ਪਿੰਡ ਗਾਮੜੀ ਰਹਿ ਕੇ ਟੈਕਸੀ ਚਲਾਉਂਦਾ ਸੀ।

ਕਤਲੋਗਾਰਤ ਸ਼ੁਰੂ ਹੋਈ ਤਾਂ ਉਹ ਪਿੰਡ ਦੇ ਗੁਰਦੁਆਰੇ ਵਿਚ ਪਾਠ ਸੁਣ ਰਹੇ ਸ਼ਰਧਾਲੂਆਂ ਨੂੰ ਚੌਕਸ ਕਰਨ ਗਿਆ ਤਾਂ ਕਾਤਲਾਂ ਨੇ ਸੋਚੀ ਸਮਝੀ ਕਾਰਵਾਈ ਅਰੰਭ ਦਿੱਤੀ। ਸ਼ਮਸ਼ੇਰ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਉਸ ਦੀ ਪਤਨੀ ਦੀ ਬੇਨਤੀ 'ਤੇ ਕੋਈ ਟੈਕਸੀ ਵਾਲਾ ਸ਼ਮਸ਼ੇਰ ਤੇ ਉਸ ਦੀ ਪਤਨੀ ਨੂੰ ਹਸਪਤਾਲ ਦਾਖਲ ਕਰਾਉਣ ਤੁਰ ਗਿਆ। ਸ਼ਮਸ਼ੇਰ ਹਸਪਤਾਲ ਵਿਚ ਹੀ ਦਮ ਤੋੜ ਗਿਆ। ਪਤਨੀ ਲਾਸ਼ ਲੈ ਕੇ ਘਰ ਪਹੁੰਚੀ ਤਾਂ ਪਤਾ ਲੱਗਾ ਕਿ ਉਸ ਦੇ ਤਿੰਨ ਪੁੱਤਰਾਂ ਵਿਚੋਂ ਛੋਟੇ ਦੋ ਘਰ ਨੂੰ ਲਾਈ ਗਈ ਅੱਗ ਵਿਚ ਝੁਲਸੇ ਗਏ ਸਨ, ਪਰ ਵੱਡਾ ਬੇਟਾ ਸੱਤਾ (ਸਤਿਬੀਰ) ਘਰ ਦੀ ਛੱਤ 'ਤੇ ਚੜ੍ਹ ਕੇ ਕੋਠਿਓਂ ਕੋਠੇ ਟਪਦਾ ਕਿਸੇ ਹਿੰਦੂ ਪਰਿਵਾਰ ਦੇ ਘਰ ਜਾ ਕੁੱਦਿਆ, ਜਿਨ੍ਹਾਂ ਨੇ ਉਸ ਦੇ ਵਾਲਾਂ ਦੀ ਗੁੱਤ ਕਰਕੇ ਉਸ ਨੂੰ ਬਚਾ ਲਿਆ। ਮੈਨੂੰ ਇਸ ਤ੍ਰਾਸਦੀ ਦੀ ਖਬਰ ਉਦੋਂ ਮਿਲੀ, ਜਦੋਂ ਮੈਂ ਚੰਡੀਗੜ੍ਹ ਪਹੁੰਚਣ ਲਈ ਤਿਆਰ ਹੋ ਰਿਹਾ ਸਾਂ।

ਮੇਰਾ ਜਨਮ ਆਪਣੇ ਨਾਨਕੇ ਪਿੰਡ ਦਾ ਹੈ, ਜਿੱਥੇ ਸ਼ਮਸ਼ੇਰ ਤੇ ਮੈਂ ਪਿੰਡ ਦੇ ਗ੍ਰੰਥੀ ਕੋਲ ਪੜ੍ਹਦੇ ਰਹੇ ਸਾਂ। ਸੱਤੇ ਨੂੰ ਉਸ ਦੀ ਜੀਵਤ ਮਾਂ ਨੇ ਕਿਵੇਂ ਪਾਲ ਕੇ ਵੱਡਾ ਕੀਤਾ ਤੇ ਉਸ ਸਮੇਂ ਵਿਧਵਾ ਹੋਈਆਂ ਹੋਰ ਔਰਤਾਂ ਨਾਲ ਮਿਲ ਕੇ ਆਪਣਾ ਕੇਸ ਲੜਿਆ ਤੇ ਥੋੜ੍ਹੀ ਬਹੁਤ ਮਾਲੀ ਮਦਦ ਪ੍ਰਾਪਤ ਕੀਤੀ, ਬੜੀ ਲੰਮੀ ਤੇ ਦੁੱਖ ਭਰੀ ਕਹਾਣੀ ਹੈ। ਹੁਣ ਏਨੇ ਵਰ੍ਹੇ ਲੰਘਣ ਪਿੱਛੋਂ ਮੈਂ ਆਪਣੇ ਨਾਨਕੀਂ ਗਿਆ ਤਾਂ ਪਤਾ ਲੱਗਾ ਕਿ ਸੱਤਾ ਯਮਨਾ ਪਾਰ ਦੀ ਭਜਨਪੁਰਾ ਕਾਲੋਨੀ ਵਿਚ ਰਹਿੰਦਾ ਹੈ। ਉਹ ਵੀ ਟੈਕਸੀਆਂ ਦੇ ਕੰਮ ਵਿਚ ਪੈ ਚੁਕਾ ਹੈ। ਉਸ ਦੀ ਬੀਵੀ ਕੈਥਲ ਤੋਂ ਹੈ ਤੇ ਇਕ ਬੇਟੇ ਦਾ ਬਾਪ ਹੈ। ਬੇਟਾ ਪੜ੍ਹਦਾ ਹੈ ਤੇ ਸੱਤਾ ਹਰ ਪੱਖ ਤੋਂ ਆਪਣੇ ਪੈਰਾਂ 'ਤੇ ਖੜੇ ਹੋਣ ਵਿਚ ਸਫਲ ਹੈ। ਚੰਗਾ ਲੱਗਾ!

**ਅੰਤਿਕਾ: ਮੋਹਨ ਸਿੰਘ ਮਾਹਿਰ**

ਲਕੜੀ ਟੁੱਟਿਆਂ ਕਿੜ ਕਿੜ ਹੋਵੇ
ਸ਼ੀਸ਼ਾ ਟੁੱਟਿਆਂ ਤੜ ਤੜ।
ਲੋਹਾ ਟੁੱਟਿਆਂ ਕੜ ਕੜ ਹੋਵੇ
ਪੱਥਰ ਟੁੱਟਿਆਂ ਖੜ ਖੜ।
ਮਾਹਿਰ ਲੱਖ ਸ਼ਾਬਾਸ ਇਸ ਦਿਲ ਨੂੰ
ਸ਼ਾਲਾ! ਰਹੇ ਸਲਾਮਤ,
ਇਸ ਦੇ ਟੁੱਟਿਆਂ 'ਵਾਜ਼ ਨਾ ਨਿਕਲੇ
ਨਾ ਕਿੜ ਕਿੜ ਨਾ ਤੜ ਤੜ।

# Satwant Singh Insurance Services

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

## ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਾਰੇ ਸਿੱਖ ਜਗਤ ਨੂੰ

# ਲੱਖ ਲੱਖ ਵਧਾਈ ਹੋਵੇ

*We serve all over California*

**Auto, Home, Life, Business, Workers Comp.**



Satwant Singh, CLCS, MBA
*(CA Lic # 0H11256)*

*See how much you can save. Get free quote for Auto, Home, Life and Business.*

*Compare Auto, Home quotes online at our website:*
*www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Call today for your FREE, no-obligation quote:**

**1-408-771-2438**

satwant@satwantins.com

2774 Aborn Road, San Jose, CA 95121

# ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ

ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬੱਤ ਦਾ ਭਲਾ॥

## ਸਮੂਹ ਗੁਰੂ ਨਾਨਕ ਨਾਮ ਲੇਵਾ ਸਾਧ ਸੰਗਤ ਨੂੰ ਜਗਤ ਗੁਰੂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ

# ਲੱਖ ਲੱਖ ਵਧਾਈ





ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲ੍ਹਵਾਉਣ ਲਈ ਪਾਏ ਗਏ ਨਿਸ਼ਕਾਮ ਯੋਗਦਾਨ ਲਈ ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਵੱਲੋਂ ਜਨਾਬ ਇਮਰਾਨ ਖਾਨ ਅਤੇ ਸ. ਨਵਜੋਤ ਸਿੰਘ ਸਿੱਧੂ ਦਾ

# ਕੋਟਾਨਿ-ਕੋਟਿ ਧੰਨਵਾਦ

ਸ਼ਾਲਾ! ਕੰਡਿਆਲੀ ਤਾਰ ਦੇ ਉਪਰੋਂ ਉਸਰਿਆ ਦੋਸਤੀ ਦਾ ਪੁਲ ਸੰਗਤਾਂ ਲਈ ਜੁਗਾਂ ਜੁਗਾਂਤਰਾਂ ਤੱਕ ਖੁੱਲ੍ਹਾ ਰਹੇ। ਬਾਬੇ ਨਾਨਕ ਦਾ ਉਪਦੇਸ਼ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਸੰਗਤ ਦੇ ਹਿਰਦੇ ਵਿਚ ਵਸਿਆ ਰਹੇ। ਦੁਨੀਆਂ ਵਿਚੋਂ ਵਹਿਮਾਂ-ਭਰਮਾਂ, ਜਾਤੀਵਾਦ ਦਾ ਨਾਸ ਹੋਵੇ। ਸਿੱਖ ਸੰਗਤ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੀ ਹੀ ਹੈ, ਉਥੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਆਪਣੇ ਹਿਰਦੇ ਵਿਚ ਵਸਾਵੇ।



## ਜਾਰੀ ਕਰਤਾ

ਮੈਂਬਰ ਸਾਹਿਬਾਨ ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ, ਫਰਿਜ਼ਨੋ: ਰਾਜਿੰਦਰ ਸਿੰਘ ਬਰਾੜ, ਭਰਪੂਰ ਸਿੰਘ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਸੰਤੋਖ ਸਿੰਘ ਢਿੱਲੋਂ, ਪੁਸ਼ਪਿੰਦਰ ਪਾਤੜਾਂ, ਹੈਰੀ ਮਾਨ, ਰਣਜੀਤ ਸਿੰਘ ਗਿੱਲ, ਨਿਰਮਲ ਸਿੰਘ ਧਨੌਲਾ, ਮਨਜੀਤ ਸਿੰਘ ਕੁਲਾਰ, ਸਾਧੂ ਸਿੰਘ ਸੰਘਾ, ਜਗੀਰ ਸਿੰਘ ਗਿੱਲ, ਮਨਧੀਰ ਸਿੰਘ ਤੁੰਗ, ਬਿਕਰਮ ਸਿੰਘ ਕਾਹਲੋਂ, ਗੁਰਰੀਤ ਸਿੰਘ ਬਰਾੜ।

**Page sponsored by: Jagir Singh Gill (Gill Carriers's, Fresno)**
**Jaswinder Singh (New India Sweets & Spices, Fresno)**

# ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ

# ਕੋਟਾਨਿ ਕੋਟਿ ਵਧਾਈ



*ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ*

**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

**Fresh Sweets, Snacks & Food**
**Catering with Portable Tandoor for up to 10000 guests**
**Lunch - Dinner - Take Out - Banquets**

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
**1-866-FOR-RAJA** (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including
  table cloth, napkins, chairs etc.

## Paradise Ballrooms

4100 Peralta Blvd. Fremont, CA 94536
**(510) 900-6319**
info@paradiseballrooms.com
www.paradiseballrooms.com

ਪ੍ਰਥਮ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਕੁੱਲ ਲੋਕਾਈ ਨੂੰ ਲੱਖ ਲੱਖ ਵਧਾਈ ਹੋਵੇ ਜੀ

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 32 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

***Selling Homes from Gilroy to Sacramento, CA***

***Call us before visiting new model homes to save big time.***

***Time to buy new home in Tracy, Manteca, Lothrop and Stockton***

## Lot For Sale

Ready to built lot for sale 34552 Karina Ct., Hayward, CA. Gated community with great view. Asking Price: $459k

Pinnacle Award Winner 2014, 2015, 2016 & 2017
Grand Master Award Winner 2012, 2013 & 2018



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

*Call for Listing Special 2019*

**Ph: 510-304-9292 or 408-666-8279**

Fremont Office:
86 Pilgrim Loop, Fremont CA 94539
Tel: 510-440-9292

E-mail: jassi@jassigill.com or
Visit us @ www.jassigill.com for hot listings

***Follow us on zillow.com and trulia.com***

## Recent Sales

1. 3544 Rollingside Dr., San Jose, CA 95148
2. 3827-3835 Railroad Ave, Pittsburg, CA 94565
3. 65 Belize Ct., Tracy, CA 95377
4. 5290 Theresa Way, Livermore, CA 94550
5. 8026 Galaxy Way, Dublin, CA 94568
6. 4207 Comet Circle, Union City, CA 94587
7. 7922 Agate Way, Dublin, CA 94568
8. 2832 Dorset Ln., Tracy, CA 95377
9. 38623 Cherry Ln #154 Fremont, CA 94536
10. 24580 Karina Ct., Hayward, CA 94542

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Purchase Loan and Refinance

15 & 30 Yr Fixed Rates Are Still Better!!! 5/1, 7/1 ARM are also attractive Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095